Published in Punjabi & English
Distributed in Toronto, Calgary, Vancouver and Online Worldwide.
Sarokaran Di Awaz
Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com
ਸਾਲ-10, ਅੰਕ-3, ਮਾਰਚ 2020
Website: www.ppapmg.com
HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

### ਕੌੜੀ ਹਕੀਕਤ

## ਸੰਵਿਧਾਨ ਦੀਆਂ ਨਾਗਰਿਕਤਾ ਧਾਰਾਵਾਂ ਅੰਦਰ ਮੌਜੂਦ ਹੈ ਵਿਤਕਰੇਬਾਜ਼ੀ, ਫ਼ਿਰਕਾਪ੍ਰਸਤੀ ਤੇ ਜ਼ੋਰ ਜ਼ਬਰਦਸਤੀ

**- ਸੁਦੀਪ ਸਿੰਘ**

ਯੂਪੀ ਅਤੇ ਮੁਲਕ ਦੇ ਹੋਰਨਾਂ ਹਿਸਿਆਂ ਅੰਦਰ ਪੁਲਸ ਬਲ ਇਕ ਫਿਰਕੂ ਟੋਲਾ ਬਣ ਕੇ ਮੁਸਲਮਾਨਾਂ ਤੇ ਝਪਟੇ ਹਨ; ਮੁਲਕ ਅੰਦਰ 24 ਜਾਨਾਂ ਜਾ ਚੁੱਕੀਆਂ ਹਨ, ਜਮਹੂਰੀਅਤ ਦੀਆਂ ਤੀਜੀਆਂ ਚੌਥੀਆਂ ਸਾਰੀਆਂ ਥੰਮੀਆਂ ਹਕੂਮਤ ਦੀ ਐਲਾਨੀਆ ਫਿਰਕੂ ਨੀਤੀ ਨਾਲ ਕਦਮਤਾਲ ਕਰ ਰਹੀਆਂ ਹਨ।




ਸੜਕਾਂ ਤੇ ਜੋ ਇਹ ਸਭ ਵਾਪਰਿਆ ਹੈ, ਉਹ ਸੰਵਿਧਾਨ ਤੋਂ ਲੈਕੇ ਹੁਣ ਤੱਕ ਦੇ ਨਾਗਰਿਕਤਾ ਕਾਨੂੰਨਾਂ ਅੰਦਰ ਸ਼ਬਦਾਂ ਦੇ ਜਾਲ 'ਚ ਲੁਕਾ ਕੇ ਰੱਖੀ ਰਾਜਕੀ ਫਿਰਕਾਪ੍ਰਸਤੀ ਤੇ ਵਿਤਕਰੇਬਾਜ਼ੀ ਦੀ ਨੀਤੀ ਦਾ ਖੁੱਲ੍ਹੇ ਮੰਚ ਤੇ ਆਗਮਨ ਹੈ। ਜੇ ਧਰਮ ਦੇ ਵਖਰੇਵੇਂ ਦੇ ਅਧਾਰ 'ਤੇ ਨਾਗਰਿਕਤਾ ਤੈਅ ਕਰਨ ਦਾ ਕਾਨੂੰਨ, ਫਾਸ਼ੀਵਾਦੀ ਅਮਲ ਦਾ ਪ੍ਰਤੀਕ ਹੈ ਤਾਂ ਇਹ ਮੁੱਢ ਤੋਂ ਸਵਿਧਾਨ ਤੇ ਕਾਨੂੰਨ ਦਾ ਹਿੱਸਾ ਹੈ। ਜੋ ਕੁਝ ਨਾਗਰਿਕਤਾ ਸੋਧ ਕਾਨੂੰਨ 2019 ਨੇ ਸਾਹਮਣੇ ਲਿਆਂਦਾ ਹੈ, ਉਸਦਾ ਮੂਲ ਸਵਿਧਾਨ ਦੀਆਂ ਧਾਰਾਵਾਂ 6,7, 10 ਤੇ 11 ਵਿਚ ਮੌਜੂਦ ਹੈ। ਬੱਜਰ ਤੱਥਾਂ ਤੇ ਬੇਰਹਿਮ ਹਕੀਕਤ ਤੋਂ ਮੂੰਹ ਭੁਆ ਕੇ ਖਰੇ ਸੈਕੂਲਰਵਾਦ; ਨਾਗਰਿਕਤਾ ਸਬੰਧੀ ਅਤੇ ਕਾਨੂੰਨ ਸਾਹਮਣੇ ਸਭ ਦੀ ਬਰਾਬਰਤਾ; ਧਰਮ ਦੇ ਅਧਾਰ ਤੇ ਵਿਤਕਰੇ ਦੇ ਖਾਤਮੇ ਦੀ ਲੜਾਈ ਨਹੀਂ ਲੜੀ ਜਾ ਸਕੇਗੀ। ਇਤਿਹਾਸਕ ਮਹਤੱਤਾ ਦੇ ਕਿਸੇ ਵੀ ਅੰਦੋਲਨ ਨੂੰ ਖਰੇ ਧਰਾਤਲ 'ਤੇ ਉਸਾਰਨ ਵਾਸਤੇ ਇਤਿਹਾਸਕ ਹਕੀਕਤਾਂ ਨਾਲ ਰਾਬਤਾ ਬੇਹੱਦ ਜ਼ਰੂਰੀ ਹੈ, ਚਾਹੇ ਇਹ ਹਕੀਕਤਾਂ ਕਿੰਨੀਆਂ ਵੀ ਕੁਰਖਤ ਕਿਉਂ ਨਾ ਹੋਣ।

26 ਜਨਵਰੀ 1950 ਨੂੰ ਭਾਰਤ ਦਾ ਸਵਿਧਾਨ ਇਸ ਮੁਢਲੇ ਐਲਾਨ ਨਾਲ ਸ਼ੁਰੂ ਹੁੰਦਾ ਹੈ ਕਿ ਭਾਰਤੀ ਰਾਜ ਸੈਕੂਲਰ (ਧਰਮ ਨਿਰਲੇਪ) ਤੇ ਜਮਹੂਰੀ ਰਿਪਬਲਿਕ ਹੋਵੇਗਾ। 1948 ਅੰਦਰ ਭਾਰਤ ਨੇ ਯੂ ਐਨ ਦੇ ਮਨੁੱਖੀ ਅਧਿਕਾਰਾਂ ਦੇ ਚਾਰਟਰ ਤੇ ਵੀ ਹਸਤਾਖਰ ਕੀਤੇ। ਭਾਰਤੀ ਰਾਜ ਨੇ ਖੁਦ ਨੂੰ ਲੋਕਾਂ ਅਤੇ ਦੁਨੀਆਂ ਸਾਹਮਣੇ ਇਸ ਦੰਭੀ ਐਲਾਨ ਨਾਲ ਪੇਸ਼ ਕੀਤਾ ਕਿ ਇਹ ਅਜ਼ਾਦੀ ਅੰਦੋਲਨ ਦੀਆਂ ਮਾਨਤਾਵਾਂ, ਇਛਾਵਾਂ ਦਾ ਪ੍ਰਤੀਕ ਹੈ ਅਤੇ ਇਹ ਕਿ ਫਿਰਕਾਪ੍ਰਸਤੀ ਦੇ ਹਵਾਲੇ ਤੋਂ ਇਹ ਕਾਨੂੰਨ ਸਾਹਮਣੇ ਸਭ ਦੀ ਬਰਾਬਰਤਾ ਨੂੰ ਮੰਨਦਾ ਹੈ ਅਤੇ ਧਾਰਮਕ ਵਿਤਕਰੇ ਨੂੰ ਰੱਦ ਕਰਦਾ ਹੈ। ਸਗੋਂ ਇਹਨਾਂ ਦਾਅਵਿਆਂ ਦੇ ਅਧਾਰ 'ਤੇ ਭਾਰਤ ਨੇ ਖੁਦ ਨੂੰ ਪਾਕਿਸਤਾਨ ਨਾਲੋਂ ਸੰਕਲਪੀ ਤੌਰ 'ਤੇ ਜੁਦਾ ਪੇਸ਼ ਕੀਤਾ।

ਜੇ ਇਹਨਾਂ ਦਾਅਵਿਆਂ ਦੇ ਅਧਾਰ 'ਤੇ ਫਿਰਕਾਪ੍ਰਸਤੀ ਦੇ ਹਵਾਲੇ ਨਾਲ ਸਵਿਧਾਨ ਅੰਦਰ ਨਾਗਰਿਕਤਾ ਕਾਨੂੰਨ ਨੂੰ ਦੇਖੀਏ ਤਾਂ ਉਸ ਸਮੇਂ ਦੀ ਸਥਿਤੀ 'ਚ ਮੋਟੇ ਤੌਰ 'ਤੇ ਲੋਕਾਂ ਦੇ ਤਿੰਨ ਤਰ੍ਹਾਂ ਦੇ ਗਰੁੱਪ ਸੀ ਜਿਹਨਾਂ ਨਾਲ ਸਬੰਧਤ ਨਾਗਰਿਕਤਾ ਦਾ ਫੈਸਲਾ ਕੀਤਾ ਜਾਣਾ ਸੀ। ਪਹਿਲਾ ਗਰੁੱਪ, ਭਾਰਤ ਅੰਦਰ ਰਹੇ ਹਿੰਦੂ-ਸਿੱਖ ਅਤੇ ਮੁਸਲਮਾਨ ਲੋਕਾਂ ਦਾ ਸੀ। ਦੂਸਰਾ ਪਾਕਿਸਤਾਨ (ਉਦੋਂ ਸਮੇਤ ਬੰਗਲਾਦੇਸ਼) ਤੋਂ ਖਦੇੜੇ ਗਏ ਤੇ ਭਾਰਤ ਅੰਦਰ ਧੱਕ ਦਿੱਤੇ ਗਏ ਹਿੰਦੂ-ਸਿੱਖਾਂ ਦਾ ਸੀ, ਤੀਸਰਾ ਗਰੁੱਪ ਭਾਰਤ ਅੰਦਰੋਂ ਜਬਰਦਸਤੀ ਖਦੇੜ ਕੇ ਪਾਕਿਸਤਾਨ ਭਜਾ ਦਿੱਤੇ ਗਏ ਮੁਸਲਮਾਨਾਂ ਦਾ ਸੀ।

ਜੇ ਭਾਰਤ ਆਪਣੇ ਵਲੋਂ ਕੀਤੇ ਦਾਅਵਿਆਂ ਅਨੁਸਾਰ ਧਰਮ ਨਿਰਲੇਪ ਤੇ ਜਮਹੂਰੀ ਕਾਨੂੰਨੀ ਅਧਾਰਾਂ ਤੇ ਉਸਾਰਿਆ ਜਾ ਰਿਹਾ ਸੀ ਤਾਂ ਤਵਕੋ ਇਹ ਬਣਦੀ ਹੈ ਕਿ ਪਹਿਲਾ, ਇਸਦਾ ਸਵਿਧਾਨ ਭਾਰਤ ਅੰਦਰ ਰਹਿ ਰਹੇ ਸਾਰੇ ਲੋਕਾਂ ਨੂੰ ਬਿਨਾਂ ਵਿਤਕਰਾ ਨਾਗਰਿਕਤਾ ਦੇਵੇ ਤੇ ਇਹ ਸੁਨਿਸ਼ਚਤ ਕਰੇ ਕਿ ਨਾਗਰਿਕਤਾ ਨੂੰ ਕਿਸੇ ਵੀ ਕਾਨੂੰਨ ਤਹਿਤ ਖੋਹਿਆ ਨਹੀਂ ਜਾ ਸਕਦਾ। ਦੂਸਰਾ, ਤਕਸੀਮ ਕਾਰਣ ਪਾਕਿਸਤਾਨ 'ਚੋਂ ਖਦੇੜ ਕੇ ਆਏ ਹਿੰਦੂ ਸਿਖਾਂ ਨੂੰ ਸ਼ਰਣ ਦੇਵੇ ਤੇ ਨਾਗਰਿਕਤਾ ਦੇਵੇ। (ਇਕਜੁਟ ਭਾਰਤ ਦੇ ਇਕ ਹਿਸੇ ਨੇ ਪਾਕਿਸਤਾਨ ਬਣਾਕੇ ਧਰਮ ਦੇ ਅਧਾਰ

(ਬਾਕੀ ਸਫ਼ਾ 15 'ਤੇ)

CONGRATULATIONS
TEAM OVER 550 REALTORS
HomeLife Silvercity Realty Inc., Brokerage
905-913-8500
11775 Bramalea Rd # 201, Brampton
GARCHA BROTHERS

Super Visa Insurance
With all the BENEFITS & REQUIREMENTS
Life Insurance, Critical illness Insurance, Disability Insurance, RRSP, RESP Etc.
For More Information Call
Harcharan Singh Parhar
403-681-8689

CAMBRIDGE
Call Rani - 403-612-7881
Amar - 403-470-2627

Call for your home BUYING & SELLING needs
BALJINDER SANGHA
REALTOR
(Certified Condominium Specialist)
403-680-3212
baljindersangha@urban-realty.ca
REALTOR MLS urban Real Estate Services Ltd.

ਹਰ ਤਰਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical Illness
• Disability Insurance
• Car Loans
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
215-2323 32 Ave NE Calgary AB T2E 6Z3

Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way Burnaby, B.C. V5J 3H4

For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010

# FIVE STAR INSURANCE

Save up to 51%

• Auto • Home • Business

Get the best rates with us!

FIVE STAR INSURANCE BROKERS LIMITED

*We work with 15 major insurance companies& can get you the best prices guaranteed!*

www.fivestarinsurance.ca

*With qualified discounts

Call: Harman Pandher

270 Orenda Rd., Unit # 200 Brampton, ON L6T 4X6

905.459.0555



Tiwana Real Estate Team

LIST WITH US FOR GUARANTEED RESULTS

MEET THE TEAM:


MaVinder Tiwana


Harman Tiwana


Ajitpal Gill




- Professional Services
- Free Home Evaluation
- Digital Marketing & Social Media
- Top Dollars in your Pocket
- Superb Negotiation Skills
- Team of 3 Realtors With Full Time Office Staff

ROYAL LEPAGE 100 YEARS

Call: 403-830-5152

Visit: www.TiwanaTeam.com

Email: tiwanateam@gmail.com

Address: 110-7220 Fisher St SE, Calgary, AB T2H 2H8

www.TiwanaTeam.com





SECURELIFE INSURANCE AGENCY INC.

# NOW HIRING !!!

NEW & EXPERIENCED ADVISORS

Ravinderjit Basra

416-845-6232

www.securelifeinsurance.ca



# Reliance Immigration

Reliance Immigration Inc

K.P. Singh
RCIC




#205 - 13737 72 Ave
Surrey, BC, V3W 2P2
kp@relianceimmigration.ca

Off. : 604-597-0440
Fax : 604-597-2332

**SARO KARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton
(Ontario)
416-209-6363
deephsingh@gmail.com

**Sub Editor**
Randeep Singh
(India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794

**Graphic Desinger**
Baljinder Singh
+91-92167-29598
akashdeep.1064@gmail.com

**Honorary Advisory Board**

Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Harcharan Singh Parhar
Calgary

Malkit Singh
Abbotsford (BC)

Narbhinder Singh (India)
(Punjab)
935-443-0211

Buta Singh Nawan Shahr
(Punjab)
946-347-4342
atoozed@gmail.com

Jaswant Zirakh (India)
(Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਅੰਤਰਰਾਸ਼ਟਰੀ ਵਿਦਿਆਰਥੀਆਂ ਤੇ ਵਰਕ ਪਰਮਿਟ ਹੋਲਡਰਾਂ ਦੇ ਸੋਸ਼ਣ ਖਿਲਾਫ ਪਟੀਸ਼ਨ ਕਨੇਡਾ ਦੇ ਸਾਰੇ ਐਮ ਪੀਜ਼ ਤੇ ਅਲ਼ਬਰਟਾ, ਬੀਸੀ, ਓਨਟੇਰੀਓ, ਮੈਨੀਟੋਬਾ ਦੇ ਐਮ ਐਲ ਏਜ਼ ਨੂੰ ਕਾਰਵਾਈ ਕਰਨ ਤੇ ਕਨੂੰਨ ਬਦਲਣ ਲਈ ਭੇਜੀ ਗਈ



ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਇੰਟਰੈਸ਼ਨਲ (ਕੈਲਗਰੀ) ਵਲੋਂ ਪਿਛਲ਼ੇ ਕੁਝ ਮਹੀਨਿਆਂ ਤੋਂ ਅੰਤਰ ਰਾਸ਼ਟਰੀ ਵਿਦਿਆਰਥੀਆਂ ਤੇ ਵਰਕ ਪਰਮਿਟ ਹੋਲਡਰਾਂ ਨਾਲ ਹੋਰ ਰਹੇ ਧੱਕਿਆਂ ਖਿਲਾਫ ਜੋ ਮੁਹਿੰਮ ਸ਼ੁਰੂ ਕੀਤੀ ਗਈ ਸੀ। ਉਸ ਵਿੱਚ ਹੁਣ ਤੱਕ ਕੈਲਗਰੀ (ਅਲਬਰਟਾ) ਤੋਂ ਇਲਾਵਾ ਵੈਨਕੂਵਰ (ਬੀ. ਸੀ.), ਵਿਨੀਪੈਗ (ਮੈਨੀਟੋਬਾ) ਤੇ ਟਰਾਂਟੋ (ਓਨਟੇਰੀਓ) ਤੋਂ 20 ਦੇ ਕਰੀਬ ਸੰਸਥਾਵਾਂ ਨੇ ਸਹਿਯੋਗ ਲਈ ਸਹਿਮਤੀ ਪ੍ਰਗਟ ਕੀਤੀ ਹੈ। ਇਸ ਸਬੰਧੀ ਕੁਝ ਵਕੀਲਾਂ ਤੇ ਇਮੀਗ੍ਰੇਸ਼ਨ ਕੰਸਲਟੈਂਟ ਦੇ ਸਹਿਯੋਗ ਨਾਲ ਤਿਆਰ ਕੀਤੀ ਪਟੀਸ਼ਨ 2 ਫਰਵਰੀ ਨੂੰ 13 ਸੰਸਥਾਵਾਂ ਵਲੋਂ ਜਾਰੀ ਕੀਤੀ ਗਈ ਸੀ। ਹੁਣ ਇਹ ਪਟੀਸ਼ਨ ਕਨੇਡਾ ਦੇ ਸਾਰੇ 338 ਐਮ ਪੀਜ਼ ਤੇ 105 ਸੈਨੇਟਰਾਂ ਤੋਂ ਇਲਾਵਾ ਵੱਖ-ਵੱਖ ਸੂਬਿਆਂ (ਅਲਬਰਟਾ, ਬੀ ਸੀ, ਮੈਨੀਟੋਬਾ, ਓਨਟਰੇਰੀਓ) ਐਮ ਐਲ ਏਜ਼ ਨੂੰ ਈ ਮੇਲ ਰਾਹੀਂ ਭੇਜੀ ਗਈ ਹੈ ਤਾਂ ਕਿ ਫੈਡਰਲ ਸਰਕਾਰ ਤੇ ਸੁਬਾਈ ਸਰਕਾਰਾਂ ਅਜਿਹੇ ਕਨੂੰਨ ਬਣਾਉਣ, ਜਿਸ ਨਾਲ ਅੰਤਰ ਰਾਸ਼ਟਰੀ ਵਿਦਿਆਰਥੀਆਂ ਤੇ ਵਰਕ ਪਰਮਿਟ ਹੋਲਡਰਾਂ ਨਾਲ ਹੋ ਰਹੇ ਧੱਕਿਆਂ ਤੇ ਬੇਇਨਿਸਾਫੀਆਂ ਨੂੰ ਰੋਕਿਆ ਜਾ ਸਕੇ। ਇਸਦੇ ਨਾਲ ਹੀ ਕਨੂੰਨ ਦੀਆਂ ਉਨ੍ਹਾਂ ਚੋਰ ਮੋਰੀਆਂ ਨੂੰ ਬੰਦ ਕੀਤਾ ਜਾ ਸਕੇ, ਜਿਸ ਦਾ ਲਾਭ ਉਠਾ ਕੇ ਕੁਝ ਬਿਜਨੈਸਮੈਨ ਅੰਤਰਰਾਸ਼ਟਰੀ ਵਿਦਿਆਰਥੀਆਂ ਤੇ ਵਰਕ ਪਰਮਿਟ ਹੋਲਡਰਾਂ ਨੂੰ ਐਲ ਐਮ ਆਈ ਏ ਵੱਡੀਆਂ ਰਕਮਾਂ ਲੈ ਕੇ ਵੇਚਦੇ ਹਨ ਤੇ ਉਨ੍ਹਾਂ ਦਾ ਸਰੀਰਕ ਤੇ ਆਰਥਿਕ ਸੋਸ਼ਣ ਕਰਦੇ ਹਨ। ਅਸੀਂ ਕਨੇਡਾ ਦੀਆਂ ਸਾਰੀਆਂ ਸਮਾਜਿਕ, ਧਾਰਮਿਕ, ਰਾਜਨੀਤਕ, ਸਾਹਿਤਕ ਆਦਿ ਲੋਕ ਪੱਖੀ ਸੰਸਥਾਵਾਂ ਜਾਂ ਜਥੇਬੰਦੀਆਂ ਨੂੰ ਵੀ ਇਸ ਮੁਹਿੰਮ ਵਿੱਚ ਸ਼ਾਮਿਲ ਹੋਣ ਦਾ ਖੁੱਲ੍ਹਾ ਸੱਦਾ ਦਿੰਦੇ ਹਾਂ ਤਾਂ ਕਿ ਸਾਰੇ ਰਲ਼-ਮਿਲ ਕੇ ਕਨੇਡਾ ਵਰਗੇ ਵਧੀਆ ਦੇਸ਼ ਵਿੱਚ ਫੈਲਾਈ ਜਾ ਰਹੀ ਕੁਰੱਪਸ਼ਨ ਤੇ ਸੋਸ਼ਣ ਨੂੰ ਠੱਲ ਪਾ ਸਕੀਏ। ਅਸੀਂ ਸਾਰੇ ਮੀਡੀਆ ਅਦਾਰਿਆਂ ਤੋਂ ਵੀ ਇਸ ਮੁਹਿੰਮ ਨੂੰ ਵੱਧ ਤੋਂ ਵੱਧ ਲੋਕਾਂ ਤੇ ਸਰਕਾਰਾਂ ਤੱਕ ਲਿਜਾਣ ਲਈ ਸਹਿਯੋਗ ਦੀ ਮੰਗ ਕਰਦੇ ਹਾਂ। ਅਸੀਂ ਅੰਤਰ ਰਾਸ਼ਟਰੀ ਵਿਦਿਆਰਥੀਆਂ, ਵਰਕ ਪਰਮਿਟ ਹੋਲਡਰਾਂ ਤੇ ਉਨ੍ਹਾਂ ਨਾਲ ਸਬੰਧਤ ਜਥੇਬੰਦੀਆਂ ਨੂੰ ਵੀ ਸਹਿਯੋਗ ਕਰਨ ਤੇ ਆਪਣੇ ਸੁਝਾਅ ਦੇਣ ਦੀ ਅਪੀਲ ਕਰਦੇ ਹਾਂ। ਤੁਸੀ ਇਸ ਪਟੀਸ਼ਨ ਦੀ ਕਾਪੀ ਸਾਡੇ ਤੋਂ ਮੰਗਵਾ ਕੇ ਆਪਣੇ ਨਾਮ ਹੇਠ ਜਾਂ ਆਪਣੀ ਕਿਸੇ ਸੰਸਥਾ ਦੇ ਨਾਮ ਹੇਠ ਆਪਣੇ ਇਲਾਕੇ ਦੇ ਐਮ ਐਲ ਏ, ਐਮ ਪੀ ਜਾਂ ਮਨਿਸਟਰ ਨੂੰ ਵਫਦ ਰੂਪ ਵਿੱਚ ਦੇ ਕੇ ਇਸ ਮੁਹਿੰਮ ਦਾ ਹਿੱਸਾ ਬਣ ਸਕਦੇ ਹੋ। ਤੁਸੀਂ ਇਸ ਮੁਹਿੰਮ ਵਿੱਚ ਸ਼ਾਮਿਲ ਹੋਣ ਜਾਂ ਕਿਸੇ ਵੀ ਤਰ੍ਹਾਂ ਦਾ ਸਹਿਯੋਗ ਕਰਨ ਲਈ ਹੇਠ ਦਿੱਤੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ।

ਮਾਸਟਰ ਭਜਨ ਸਿੰਘ 403-455-4220
ਜਾਂ ਹਰਚਰਨ ਸਿੰਘ ਪਰਹਾਰ
403-681-8689
progressivecultural@gmail.com

## ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ ਸੋਹਨ ਮਾਨ ਯਾਦਗਾਰੀ

## 11ਵਾਂ ਸਲਾਨਾ ਨਾਟਕ ਸਮਾਗਮ

ਸਿਟੀ ਹਾਲ ਮਗਰ ਬਣੀ ਨਵੀਂ ਕੈਲਗਰੀ
ਪਬਲਿਕ ਲਾਇਬ੍ਰੇਰੀ ਦੇ ਥੀਏਟਰ ਵਿੱਚ
11 ਜੁਲਾਈ 2020 ਦਿਨ ਸ਼ਨੀਵਾਰ ਨੂੰ
ਦੁਪਹਿਰ 2 ਵਜੇ ਤੋਂ 5 ਵਜੇ ਤੱਕ ਹੋਵੇਗਾ।

ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਲੇਖਕ ਅਤੇ ਡਾਇਰੈਕਟਰ ਰਾਕੇਸ਼ ਚੌਧਰੀ ਵਿਸ਼ੇਸ਼ ਤੌਰ 'ਤੇ ਪੁੱਜ ਰਹੇ ਹਨ।

ਸਾਰੇ ਦਰਸ਼ਕਾਂ ਤੇ ਸਭਾ ਸੁਸਾਇਟੀਆਂ ਨੂੰ ਬੇਨਤੀ ਹੈ ਕਿ ਦਿਨ, ਤਾਰੀਖ ਤੇ ਸਥਾਨ ਨੋਟ ਕਰ ਲੈਣ। ਵਧੇਰੇ ਜਾਣਕਾਰੀ ਅਗਲੇ ਅੰਕਾਂ ਵਿੱਚ ਦਿੱਤੀ ਜਾਂਦੀ ਰਹੇਗੀ।

ਵਿਸ਼ੇਸ਼ ਸਹਿਯੋਗ : ਸਿੱਖ ਵਿਰਸਾ ਇੰਟਰਨੈਸ਼ਨਲ

ਹੋਰ ਜਾਣਕਾਰੀ ਲਈ
**ਮਾਸਟਰ ਭਜਨ ਸਿੰਘ ਨਾਲ 403-455-4220**
'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਦਸ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ। ਅਖ਼ਬਾਰ ਈਮੇਲ 'ਤੇ ਮੰਗਵਾਉਣ ਲਈ ਜਾਂ ਕਾਪੀ ਪ੍ਰਾਪਤ ਕਰਨ ਲਈ ਸਾਡੀ ਟੀਮ ਨਾਲ ਸੰਪਰਕ ਕਰੋ।



ਹਰਬੰਸ ਸਿੰਘ (ਟੋਰਾਂਟੋ) 416-817-7142



ਦੇਵਿੰਦਰ ਤੂਰ (ਟੋਰਾਂਟੋ) 416 902 9372



ਮਾਸਟਰ ਭਜਨ (ਕੈਲਗਰੀ) 403-455-4220



ਪਰਮਿੰਦਰ ਕੌਰ ਸਵੈਚ (ਵੈਨਕੂਵਰ) 604 760 4794
pswaich@hotmail.com

HALL FOR RENT IN NE
For Kids Birthday Parties, Family Dinners,
Meetings, Small Parties etc.
Maximum Capacity: 50 people
For more info:
Ph: 403-681-8689 or
Email: hp8689@gmail.com



MYBROKERS.CA
We provide following insurance services:
AUTO | HOME | BUSINESS
COMMERCIAL AUTO | COMMERCIAL PROPERTY
RENTAL PROPERTY LIABILITY | TRUCKING etc.
#208, 4656 Westwinds Dr. NE Calgary AB (UPSTAIRS)
For quotation please Call: 403-681-8689

# ਸਿੱਖੀ ਵਿੱਚ ਪੁਜਾਰੀਵਾਦ ਖਿਲਾਫ ਸੰਘਰਸ਼ ਬਨਾਮ ਢੱਡਰੀਵਾਲਾ !



ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਦੁਨੀਆਂ ਵਿੱਚ ਪਿਛਲੇ 5 ਹਜ਼ਾਰ ਸਾਲਾਂ ਵਿੱਚ ਸਥਾਪਿਤ ਹੋਏ 10-15 ਵੱਡੇ ਜਥੇਬੰਦਕ ਧਾਰਮਿਕ ਫਿਰਕੇ ਤੇ ਅੱਗੇ ਇਨ੍ਹਾਂ ਵਿੱਚੋਂ ਨਿਕਲੇ 1000-15000 ਛੋਟੇ-ਛੋਟੇ ਫਿਰਕੇ ਥੋੜੇ ਬਹੁਤੇ ਫਰਕ ਨਾਲ ਪੁਜਾਰੀਵਾਦ ਦੇ ਕੰਟਰੋਲ ਵਿੱਚ ਹਨ। ਮੇਰਾ ਇਹ ਮੰਨਣਾ ਹੈ ਕਿ ਸਾਰੇ ਜਥੇਬੰਦਕ ਧਾਰਮਿਕ ਫਿਰਕੇ ਦੇਖਣ ਨੂੰ ਭਾਵੇਂ ਪੁਜਾਰੀਆਂ ਵਲੋਂ ਚਲਾਏ ਜਾਂਦੇ ਹਨ, ਪਰ ਅਸਲ ਵਿੱਚ ਇਨ੍ਹਾਂ ਦਾ ਕੰਟਰੋਲ ਸਿਆਸਤਦਾਨਾਂ ਤੇ ਸਰਮਾਏਦਾਰਾਂ ਦੇ ਕੋਲ ਹੈ।ਹੁਣ ਤਾਂ ਹਾਲਾਤ ਇਹ ਹਨ ਕਿ ਸਿਆਸਤਦਾਨਾਂ ਦੀ ਡੋਰ ਵੀ ਸਰਮਾਏਦਾਰਾਂ ਦੇ ਹੱਥ ਹੋਣ ਕਰਕੇ ਸਰਮਾਏਦਾਰੀ ਨਿਜ਼ਾਮ ਹੀ ਸਾਰੀ ਦੁਨੀਆਂ ਨੂੰ ਚਲਾ ਰਿਹਾ ਹੈ। ਅੱਜ ਤਕਰੀਬਨ ਸਾਰੇ ਦੇਸ਼ਾਂ ਦੀਆਂ ਸਰਕਾਰਾਂ ਅਤੇ ਧਰਮਾਂ ਦੇ ਪੁਜਾਰੀਆਂ ਦੀਆਂ ਨੀਤੀਆਂ ਸਰਮਾਏਦਾਰੀ ਨਿਜ਼ਾਮ ਦੇ ਹਿੱਤਾਂ ਅਨੁਸਾਰ ਹੀ ਬਣਾਈਆਂ ਤੇ ਲਾਗੂ ਕੀਤੀਆਂ ਜਾਂਦੀਆਂ ਹਨ। ਜੇ ਸਾਰੇ ਜਥੇਬੰਦਕ ਧਾਰਮਿਕ ਫਿਰਕਿਆਂ ਦੇ ਮੋਢੀ ਆਗੂਆਂ, ਗੁਰੂਆਂ, ਪੈਗੰਬਰਾਂ, ਸੰਤਾਂ, ਮਹਾਂਪੁਰਸ਼ਾਂ ਦੇ ਜੀਵਨ ਸੰਘਰਸ਼ ਦੇਖੀਏ ਤਾਂ ਉਹ ਸਾਰੇ ਇਨਕਲਾਬੀ ਪੁਰਸ਼ ਸਨ, ਜਿਨ੍ਹਾਂ ਨੇ ਆਪਣੇ ਸਮਿਆਂ ਵਿੱਚ ਲੋਕਾਂ ਨੂੰ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੇ ਗੱਠਜੋੜ ਖਿਲਾਫ ਲਾਮਬੰਦ ਕੀਤਾ, ਸੰਘਰਸ਼ ਕੀਤਾ, ਕੁਰਬਾਨੀਆਂ ਕੀਤੀਆਂ, ਆਪਣੀ ਨਵੀਂ ਮਨੁੱਖਤਾਵਾਦੀ ਵਿਚਾਰਧਾਰਾ ਦਿੱਤੀ। ਪਰ ਅਜਿਹੇ ਇਨਕਲਬੀ ਰਹਿਬਰਾਂ ਦੇ ਦੁਨੀਆਂ ਤੋਂ ਚਲੇ ਜਾਣ ਤੋਂ ਬਾਅਦ ਇਹ ਤਿੱਕੜੀ ਨਵੇਂ ਰੂਪ ਤੇ ਨਵੇਂ ਪਹਿਰਾਵੇ ਵਿੱਚ ਉਸ ਵਿਚਾਰਧਾਰਾ ਨੂੰ ਆਪਣੇ ਰੰਗ ਵਿੱਚ ਰੰਗ ਕੇ ਨਵੇਂ ਫਿਰਕੇ ਤੇ ਕਾਬਿਜ ਹੁੰਦੀ ਰਹੀ ਹੈ। ਸਿੱਖ ਗੁਰੂਆਂ ਤੋਂ ਪਹਿਲਾਂ ਵਾਲੇ ਤਕਰੀਬਨ ਸਾਰੇ ਧਰਮਾਂ ਵਿੱਚ ਵੱਖ-ਵੱਖ ਧਾਰਮਿਕ ਰਹਿਬਰ ਆਪਣੀ ਵਿਚਾਰਧਾਰਾ ਨੂੰ ਆਪਣੇ ਸਮੇ ਵਿੱਚ ਪ੍ਰਚਾਰਦੇ ਤੇ ਰਹੇ, ਪਰ ਆਪਣੇ ਹੱਥੀਂ ਲਿਖਤੀ ਰੂਪ ਨਹੀਂ ਦੇ ਸਕੇ। ਜਿਸਦਾ ਨਤੀਜਾ ਇਹ ਨਿਕਲਿਆ ਕਿ ਸਾਰੇ ਧਰਮਾਂ ਦੇ ਧਰਮ ਗ੍ਰੰਥ ਉਨ੍ਹਾਂ ਰਹਿਬਰਾਂ ਦੇ ਸੰਸਾਰ ਵਿੱਚੋਂ ਜਾਣ ਤੋਂ ਸੈਂਕੜੇ ਸਾਲ ਬਾਅਦ ਪੁਜਾਰੀਆਂ ਜਾਂ ਵਿਦਵਾਨਾਂ ਵਲੋਂ ਆਪਣੀ ਮਰਜੀ ਜਾਂ ਆਪਣੇ ਹਿੱਤਾਂ ਅਨੁਸਾਰ ਲਿਖੇ ਗਏ, ਜਿਨ੍ਹਾਂ ਵਿੱਚ ਉਹ ਪ੍ਰਿੰਟਿੰਗ ਮਸ਼ੀਨਾਂ ਆਉਣ ਤੱਕ ਹੱਥ ਲਿਖਤਾਂ ਰਾਹੀਂ ਸਮੇਂ ਸਮੇਂ ਬਦਲਾਅ ਕਰਦੇ ਰਹੇ ਹਨ। ਪੁਰਾਣੇ ਤਕਰੀਬਨ ਸਾਰੇ ਗ੍ਰੰਥਾਂ ਵਿੱਚ ਤੁਹਾਨੂੰ ਅਸਲੀ ਇਨਕਲਾਬੀ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਦੇ ਕੁਝ ਅੰਸ਼ ਤਾਂ ਜਰੂਰ ਮਿਲਣਗੇ, ਪਰ ਭਾਰੂ ਪੱਖ ਪੁਜਾਰੀਆਂ ਵਲੋਂ ਘੜੀਆਂ ਨਕਲੀ ਕਥਾ ਕਹਾਣੀਆਂ, ਗੱਪਾਂ, ਗੈਰ ਵਿਗਿਆਨਕ ਮਨੌਤਾਂ, ਕਰਾਮਾਤੀ ਸਾਖੀਆਂ ਆਦਿ ਹਨ। ਪੁਜਾਰੀਆਂ ਨੇ ਆਪਣੇ ਫਿਰਕੇ ਦੇ ਸ਼ਰਧਾਲੂਆਂ ਦੀ ਸਦੀਵੀ ਲੁੱਟ ਨੂੰ ਕਾਇਮ ਰੱਖਣ ਲਈ ਗ੍ਰੰਥਾਂ ਰਾਹੀਂ ਅਜਿਹੀ ਮਾਨਸਿਕ ਘਾੜਤ ਘੜੀ ਹੋਈ ਹੈ ਕਿ ਵਿਗਿਆਨਕ ਯੁੱਗ ਵਿੱਚ ਪਹੁੰਚ ਕੇ ਵੀ ਮਨੁੱਖ ਉਨ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋ ਰਿਹਾ ਹੈ। ਉਸਦੇ ਸਾਹਮਣੇ ਸਭ ਕੁਝ ਵਾਪਰ ਰਿਹਾ ਹੁੰਦਾ ਹੈ, ਫਿਰ ਵੀ ਉਸਨੂੰ ਪੁਜਾਰੀਆਂ ਵਲੋਂ ਦਿੱਤੀ ਮਾਨਸਿਕਤਾ ਅਧੀਨ ਕੁਝ ਕਰਾਮਾਤੀ ਵਾਪਰਨ ਦਾ ਭਰਮ ਬਣਿਆ ਰਹਿੰਦਾ ਹੈ ਤੇ ਮਨੁੱਖ ਉਨ੍ਹਾਂ ਹੱਥੋਂ ਆਪਣੀ ਲੁੱਟ ਕਰਾਉਂਦਾ ਰਹਿੰਦਾ ਹੈ।

ਸਿੱਖ ਧਰਮ ਹੋਰਨਾਂ ਵੱਡੇ ਧਰਮਾਂ ਦੇ ਮੁਕਾਬਲੇ ਕਾਫੀ ਨਵਾਂ ਹੈ।ਗੁਰੂਆਂ ਕੋਲ ਪੁਰਾਣੇ ਧਰਮਾਂ, ਧਰਮ ਗੁਰੂਆਂ, ਧਰਮ ਗ੍ਰੰਥਾਂ ਦਾ ਤਜ਼ਰਬਾ ਮੌਜੂਦ ਸੀ। ਇਸ ਲਈ ਉਨ੍ਹਾਂ ਨੇ ਆਪਣੀ ਤੇ ਆਪਣੇ ਸਮੇਂ ਤੋਂ ਪਹਿਲੇ ਇਨਕਲਾਬੀ ਮਹਾਂਪੁਰਸ਼ਾਂ ਦੀ ਹੱਥ ਲਿਖਤ ਬਾਣੀ ਨੂੰ ਇਕੱਤਰ ਕਰਕੇ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਇਸ ਢੰਗ ਨਾਲ ਸ਼ਾਮਿਲ ਕਰ ਦਿੱਤਾ ਕਿ ਉਸ ਵਿੱਚ ਕੋਈ ਤਬਦੀਲੀ ਨਾ ਹੋ ਸਕੇ। ਵਿਰੋਧੀ ਜਮਾਤਾਂ ਲਈ ਇਹ ਵੱਡਾ ਚੈਲਿੰਜ ਸੀ, ਗੁਰੂ ਅਰਜਨ ਸਾਹਿਬ ਜੀ ਨੂੰ ਸ਼ਹੀਦ ਕਰਨ ਦੇ ਹੋਰ ਕਾਰਨਾਂ ਦੇ ਨਾਲ ਇਹ ਵੀ ਇੱਕ ਵੱਡਾ ਕਾਰਨ ਸੀ, ਉਨ੍ਹਾਂ ਵਲੋਂ ਰਚੇ 'ਆਦਿ ਗ੍ਰੰਥ' ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ ਜਾਵੇ। ਇਹੀ ਕਾਰਨ ਹੈ ਕਿ ਗੁਰੂ ਅਰਜਨ ਸਾਹਿਬ ਜੀ ਤੋਂ ਬਾਅਦ ਦਸਵੇਂ ਗੁਰੂ ਜੀ ਤੱਕ 'ਆਦਿ ਗ੍ਰੰਥ' ਬਾਰੇ ਕੋਈ ਜ਼ਿਕਰ ਨਹੀਂ ਮਿਲਦਾ ਕਿਉਂਕਿ ਉਨ੍ਹਾਂ ਨੇ ਇਸਨੂੰ ਕਿਸੇ ਸੁਰੱਖਿਅਤ ਥਾਂ ਤੇ ਸੰਭਾਲ ਕੇ ਰੱਖ ਲਿਆ ਸੀ।ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ ਵਿੱਚ ਜਿਥੇ ਆਪਣੀ ਬਾਣੀ ਰਾਹੀਂ ਭਾਰਤ ਵਿੱਚ ਪ੍ਰਚਲਤ ਪੁਜਾਰੀਆਂ ਅਧਾਰਿਤ ਫਿਰਕਿਆਂ ਹਿੰਦੂ, ਬੋਧੀ, ਜੈਨੀ, ਜੋਗੀ, ਸਨਿਆਸੀ, ਇਸਲਾਮ ਆਦਿ ਦੀਆਂ ਪ੍ਰੰਪਰਾਵਾਂ, ਮਨੌਤਾਂ, ਮਰਿਯਾਦਾਵਾਂ ਨੂੰ ਤਰਕ, ਦਲੀਲ, ਬਿਬੇਕ, ਵਿਚਾਰ ਰਾਹੀਂ ਚੈਲਿੰਜ ਸ਼ੁਰੂ ਕੀਤਾ, ਉਥੇ ਸਮੇਂ ਦੇ ਬਾਬਰਾਂ ਤੇ ਮਲਕ ਭਾਗੋਆਂ ਨਾਲ ਵੀ ਟੱਕਰ ਲੈਣੀ ਸ਼ੁਰੂ ਕਰ ਦਿੱਤੀ। ਜਿਸਦੇ ਨਤੀਜੇ ਵਜੋਂ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਵੱਖ-ਵੱਖ ਧਰਮਾਂ ਦੇ ਪੁਜਾਰੀਆਂ ਤੇ ਖਾਸਕਰ ਬ੍ਰਾਹਮਣ ਪੁਜਾਰੀਆਂ ਨੇ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਦਾ ਵਿਰੋਧ ਸ਼ੁਰੂ ਕਰ ਦਿੱਤਾ ਸੀ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਸਾਰੇ ਗੁਰੂਆਂ ਦੇ ਬੱਚਿਆਂ ਤੇ ਪਰਿਵਾਰਾਂ ਨੂੰ ਹੀ ਗੁਰੂਆਂ ਦੇ ਖਿਲਾਫ ਖੜਾ ਕਰ ਲਿਆ ਸੀ। ਇਥੋਂ ਤੱਕ ਕਿ ਗੁਰੂ ਨਾਨਕ ਸਾਹਿਬ ਦੇ ਵੱਡੇ ਪੁੱਤਰ ਸ੍ਰੀ ਚੰਦ ਰਾਹੀਂ ਗੁਰੂਆਂ ਦੀ ਲਹਿਰ ਦੇ ਮੁਕਾਬਲੇ ਤੇ ਸਮਾਂਤਰ ਉਦਾਸੀ ਮੱਤ ਚਲਾ ਦਿੱਤਾ ਸੀ। ਗੁਰੂਆਂ ਦੇ ਮੌਕੇ ਦੀਆਂ ਹਕੂਮਤਾਂ ਨਾਲ ਟਕਰਾਅ ਦੇ ਬਹੁਤ ਸਾਰੇ ਕਾਰਨਾਂ ਵਿੱਚੋਂ ਇੱਕ ਕਾਰਨ ਬ੍ਰਾਹਮਣ ਪੁਜਾਰੀਆਂ ਤੇ ਗੁਰੂਆਂ ਦੇ ਪਰਿਵਾਰਾਂ ਵਲੋਂ ਨਿਭਾਈ ਵਿਰੋਧੀ ਭੂਮਿਕਾ ਵੀ ਸੀ। ਜਿਥੇ ਪੁਜਾਰੀਆਂ ਤੇ ਵਿਰੋਧੀਆਂ ਵਲੋਂ ਗੁਰੂਆਂ ਖਿਲਾਫ ਬੜੇ ਔਖੇ ਹਾਲਾਤ ਬਣਾ ਦਿੱਤੇ ਗਏ ਸਨ, ਉਥੇ ਉਨ੍ਹਾਂ ਨੇ ਗੁਰੂਆਂ ਦੇ ਸਮਿਆਂ ਵਿੱਚ ਹੀ ਕਈ ਅਜਿਹੇ ਗ੍ਰੰਥ ਲਿਖਣੇ ਸ਼ੁਰੂ ਕਰ ਦਿੱਤੇ ਸਨ, ਜਿਨ੍ਹਾਂ ਨੂੰ ਬਾਅਦ ਵਿੱਚ ਸਿੱਖੀ ਨੂੰ ਪੁਜਾਰੀਵਾਦ ਦੀ ਝੋਲੀ ਪਾਉਣ ਲਈ ਵਰਤਿਆ ਜਾਣਾ ਸੀ। ਜਿਉਂ ਹੀ ਗੁਰੂ ਗੋਬਿੰਦ ਸਿੰਘ ਦਾ ਸਮਾਂ ਖਤਮ ਹੁੰਦਾ ਹੈ, ਇਹ ਸਾਰੀਆਂ ਗੁਰੂ ਘਰ ਵਿਰੋਧੀ ਤਾਕਤਾਂ ਸਿੱਖੀ ਤੇ ਕਾਬਿਜ ਹੋਣੀਆਂ ਸ਼ੁਰੂ ਹੋ ਗਈਆਂ ਸਨ। ਗੁਰੂ ਸਾਹਿਬ ਵਲੋਂ ਆਪਣੇ ਆਖਰੀ



ਸਮੇਂ ਵਿੱਚ ਪੰਜਾਬ ਭੇਜੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਹੀਦ ਕਰਾਉਣ ਵਿੱਚ ਇਨ੍ਹਾਂ ਤਾਕਤਾਂ ਦੀ ਮੁੱਖ ਭੂਮਿਕਾ ਸੀ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਿੱਖ ਜਾਂ ਖਾਲਸੇ ਆਪਣਾ ਅਗਲਾ ਗੁਰੂ ਨਾ ਮੰਨ ਲੈਣ। ਉਹ ਖਾਲਸਾ ਪੰਥ ਨੂੰ ਲੀਡਰਲੈਸ ਕਰਨ ਲਈ ਹਰ ਯਤਨ ਕਰਦੇ ਰਹੇ ਤੇ ਜਦੋਂ ਹੀ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਮੁਗਲੀਆਂ ਹਕੂਮਤ ਨਾਲ ਖਾਲਸੇ ਦੀ ਸਿੱਧੀ ਟੱਕਰ ਹੋ ਗਈ ਤੇ ਖਾਲਸੇ ਨੂੰ ਜੰਗਲਾਂ ਪਹਾੜਾਂ ਤੇ ਰਾਜਸਥਾਨ ਦੇ ਮਾਰੂਥਲਾਂ ਵਿੱਚ ਜਾਣਾ ਪਿਆ ਤਾਂ ਇਹ ਤਾਕਤਾਂ ਨਿਰਮਲਿਆਂ, ਉਦਾਸੀ ਮਹੰਤਾਂ, ਧੀਰਮੱਲੀਆਂ, ਰਾਮਰਾਈਆਂ, ਨਿਰੰਜਣੀਆਂ ਆਦਿ ਦੇ ਰੂਪ ਵਿੱਚ ਆ ਕਾਬਿਜ ਹੋਈਆਂ। ਇਹੀ ਉਹ 85 ਸਾਲ ਦਾ ਸਮਾਂ ਸੀ, ਜਦੋਂ 1716 (ਬੰਦਾ ਸਿੰਘ ਬਹਾਦਰ ਦੀ ਸ਼ਹਾਦਤ) ਤੋਂ 1801 (ਮਹਾਰਾਜਾ ਰਣਜੀਤ ਸਿੰਘ ਵਲੋਂ ਖਾਲਸਾ ਰਾਜ ਦੀ ਸਥਾਪਨਾ) ਤੱਕ ਇਨ੍ਹਾਂ ਨਿਰਮਲੇ ਵਿਦਵਾਨਾਂ ਤੇ ਉਦਾਸੀ ਮਹੰਤਾਂ ਨੇ ਅਨੇਕਾਂ ਗ੍ਰੰਥ ਲਿਖੇ ਤੇ ਉਨ੍ਹਾਂ ਦਾ ਪ੍ਰਚਾਰ ਸਿੱਖਾਂ ਵਿੱਚ ਸ਼ੁਰੂ ਕੀਤਾ। ਇਨ੍ਹਾਂ ਗ੍ਰੰਥਾਂ ਨੂੰ ਲਿਖਣ ਦਾ ਮੁੱਖ ਮਕਸਦ ਇਹੀ ਸੀ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਉਹ ਤਬਦੀਲੀ ਕਰ ਨਹੀਂ ਸਕਦੇ ਸਨ ਤੇ ਹੋਰ ਗ੍ਰੰਥ ਇਤਨੇ ਖੜ੍ਹੇ ਕਰ ਦਿੱਤੇ ਜਾਣ ਕੇ ਗੁਰੂ ਗ੍ਰੰਥ ਸਾਹਿਬ ਇਨ੍ਹਾਂ ਵਿੱਚੋਂ ਇੱਕ ਗ੍ਰੰਥ ਬਣ ਜਾਵੇ। ਦੂਜਾ ਕੰਮ ਉਨ੍ਹਾਂ ਇਹ ਕੀਤਾ ਕਿ ਗੁਰੂ ਗ੍ਰੰਥ ਸਾਹਿਬ ਨੂੰ ਮੱਥੇ ਟਿਕਾਉਣ, ਪੈਸੇ ਇਕੱਠੇ ਕਰਨ ਤੇ ਹੁਣ ਪਾਠਾਂ ਰਾਹੀਂ ਇਨਕਮ ਦਾ ਸਾਧਨ ਬਣਾ ਦਿੱਤਾ ਤੇ ਕਥਾ ਗੁਰਦੁਆਰਿਆਂ ਵਿੱਚ ਇਨ੍ਹਾਂ ਗ੍ਰੰਥਾਂ ਦੀ ਪ੍ਰਚਲਤ ਕਰ ਦਿੱਤੀ। ਇਨ੍ਹਾਂ ਗ੍ਰੰਥਾਂ ਵਿੱਚੋਂ ਮੁੱਖ ਭਾਈ ਬਾਲੇ ਵਾਲੀ ਜਨਮ ਸਾਖੀ, ਵਲਾਇਤ ਵਾਲੀ ਜਨਮ ਸਾਖੀ, ਮਿਹਰਬਾਨ ਵਾਲੀ ਹਨਮ ਸਾਖੀ, ਜਨਮ ਸਾਖੀ ਗੁਰੂ ਨਾਨਕ ਸ਼ਾਹ ਕੀ, ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਗੁਰ ਬਿਲਾਸ ਪਾਤਸ਼ਾਹੀ ਦਸਵੀਂ, ਗੁਰੂਆਂ ਦੇ ਨਾਮ ਤੇ ਹੁਕਮਨਾਮੇ ਤੇ ਗੁਰੂਆਂ ਦੇ ਪ੍ਰਮੁੱਖ ਸਿੱਖਾਂ ਦੇ ਨਾਮ ਤੇ ਰਹਿਤਨਾਮੇ, ਵਾਰ ਪਾਤਸ਼ਾਹੀ ਦਸਵੀਂ ਕੀ, ਵਿਦਿਆ ਸਾਗਰ ਗ੍ਰੰਥ, ਸੌ ਸਾਖੀਆਂ (ਭਵਿੱਖ ਬਾਣੀਆਂ), ਸ੍ਰੀ ਗੁਰ ਸੋਭਾ, ਮਹਿਮਾ ਪ੍ਰਕਾਸ਼, ਜਨਮ ਸਾਖੀ ਭਾਈ ਮਨੀ ਸਿੰਘ, ਗੁਰੂ ਕੀਆਂ ਸਾਖੀਆਂ, ਗੁਰ ਪਰਨਾਲੀ, ਗੋਸ਼ਟੀ ਬਾਬਾ ਨਾਨਕ, ਗੋਸ਼ਟੀਆਂ ਮੇਹਰਬਾਨ ਜੀ ਕੀਆਂ, ਭਗਤ ਰਤਨਾਵਲੀ, ਬੰਸਾਵਲੀਨਾਮਾ ਦਸ ਪਾਤਸ਼ਾਹੀਆਂ ਕਾ, ਅਮਰਨਾਮਾ, ਸ਼ਸਤਰਨਾਮ ਮਾਲ਼ਾ, ਬਚਿੱਤਰ ਨਾਟਕ, ਦਸਮ ਗ੍ਰੰਥ (ਜਿਸ ਵਿੱਚ ਵੱਖ-ਵੱਖ ਕਵੀਆਂ ਦੀਆਂ ਰਚਨਾਵਾਂ ਸ਼ਾਮਿਲ ਹਨ) ਆਦਿ ਹਨ। ਫਿਰ ਇਨ੍ਹਾਂ ਗ੍ਰੰਥਾਂ ਦੇ ਆਧਾਰ ਤੇ ਸੂਰਜ ਪ੍ਰਕਾਸ਼ ਗ੍ਰੰਥ (ਕਵੀ ਸੰਤੋਖ ਸਿੰਘ), ਪ੍ਰਾਚੀਨ ਪੰਥ ਪ੍ਰਕਾਸ਼ (ਕਵੀ ਰਤਨ ਸਿੰਘ ਭੰਗੂ), ਗੁਰੂ ਨਾਨਕ ਚਮਤਕਾਰ ਤੇ ਦਸਮ ਚਮਤਕਾਰ (ਭਾਈ ਵੀਰ ਸਿੰਘ) ਨੇ ਲਿਖੇ ਸਨ। ਇਸ ਤੋਂ ਬਾਅਦ 1801-1839 (ਸਿੱਖ ਰਾਜ) ਦੌਰਾਨ ਮਹਾਰਾਜਾ ਰਣਜੀਤ ਸਿੰਘ ਨੇ ਗੁਰੂਆਂ ਜਾਂ ਸਿੱਖ ਇਤਿਹਾਸ ਨਾਲ ਸਬੰਧਤ ਸਥਾਨਾਂ ਨੂੰ ਵੱਡੀਆਂ-ਵੱਡੀਆਂ ਜਮੀਨਾਂ ਤੇ ਪੈਸਾ ਦਿੱਤਾ, ਜਿਸ ਨਾਲ ਇਥੇ ਕਾਬਜ ਉਦਾਸੀ ਮਹੰਤ ਤੇ ਨਿਰਮਲੇ ਸੰਤ ਬਹੁਤ ਮਜਬੂਤ ਹੋ ਗਏ ਤੇ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਨੇ ਸਿੱਖਾਂ ਨੂੰ ਕਾਬੂ ਕਰਨ ਲਈ ਇਨ੍ਹਾਂ ਸੰਤਾਂ ਤੇ ਮਹੰਤਾਂ ਨੂੰ ਕਾਬੂ ਕਰ ਲਿਆ। ਬਹੁਤ ਸਾਰੇ ਗ੍ਰੰਥ ਤੇ ਪ੍ਰੰਪਰਾਵਾਂ ਅੰਗਰੇਜਾਂ ਵਲੋਂ ਵੀ ਚਲਾਈਆਂ ਗਈਆਂ। ਇਥੇ ਇਹ ਵਰਨਣਯੋਗ ਹੈ ਕਿ ਗੁਰੂ ਨਾਨਕ ਸਾਹਿਬ ਦੇ ਪੁੱਤਰ ਸ੍ਰੀ ਚੰਦ ਰਾਹੀਂ ਸ਼ੁਰੂ ਕੀਤੀ ਗਈ ਉਦਾਸੀ ਲਹਿਰ ਵਿੱਚ ਗੁਰੂ ਕਾਲ ਦੌਰਾਨ ਗੁਰੂ ਪਰਿਵਾਰਾਂ ਵਿਚਲੇ ਵਿਰੋਧੀ (ਧੀਰਮੱਲੀਏ, ਰਾਮਰਾਈਏ, ਸੋਢੀ, ਭੱਲੇ, ਮੀਣੇ, ਮਸੰਦ, ਨਿਰੰਜਣੀਏ ਆਦਿ) ਰਲ਼ਦੇ ਗਏ ਤੇ ਗੁਰੂ ਕਾਲ ਤੋਂ ਬਾਅਦ ਇਨ੍ਹਾਂ ਦਾ ਕੰਟਰੋਲ ਹਰਿਦੁਆਰ ਤੋਂ ਆਏ ਪੰਡਤਾਂ ਨੇ ਕਰ ਲਿਆ। ਇਸਦੇ ਨਾਲ ਹੀ ਬ੍ਰਾਹਮਣ (ਵਿਦਵਾਨ) ਪੁਜਾਰੀ ਜੋ ਲੰਬੇ ਸਮੇਂ ਤੋਂ ਸਿੱਖੀ ਲਹਿਰ ਨੂੰ ਖਤਮ ਕਰਨ ਦੀ ਤਾਕ ਵਿੱਚ ਸੀ, ਕਾਂਸ਼ੀ ਤੋਂ ਨਿਰਮਲੇ ਸੰਤਾਂ ਦੇ ਰੂਪ ਵਿੱਚ ਵਿਦਵਾਨ ਬਣ ਕੇ ਆ ਪ੍ਰਗਟ ਹੋਇਆ। ਸਾਡੀ ਸਮਝ ਤੇ ਇਤਿਹਾਸਕ ਖੋਜ ਅਨੁਸਾਰ, ਅੱਜ ਦੀ ਸਿੱਖੀ ਵਿੱਚ ਪ੍ਰਚਲਤ ਸਾਰੀਆਂ ਗੁਰਮਤਿ ਵਿਰੋਧੀ ਮਰਿਯਾਦਾਵਾਂ, ਪ੍ਰੰਪਰਾਵਾਂ, ਮਨੌਤਾਂ ਆਦਿ ਉਦਾਸੀ ਮਹੰਤਾਂ (ਹਰਿਦੁਆਰ ਦੇ ਬ੍ਰਾਹਮਣ ਪੁਜਾਰੀਆਂ) ਅਤੇ ਉਪਰ ਦੱਸੇ ਸਾਰੇ ਗ੍ਰੰਥ ਨਿਰਮਲੇ ਸੰਤਾਂ (ਕਾਂਸ਼ੀ ਦੇ ਬ੍ਰਾਹਮਣ ਵਿਦਵਾਨਾਂ) ਵਲੋਂ ਲਿਖੇ ਹੋਏ ਹਨ। ਇਸ ਲਈ ਮੌਜੂਦਾ ਸਿੱਖੀ ਵਿੱਚੋਂ ਥੋੜੇ ਜਿਹੇ (10 ਕੁ ਪ੍ਰਤੀਸ਼ਤ) ਅੰਸ਼ ਗੁਰੂਆਂ ਦੀ ਵਿਚਾਰਧਾਰਾ ਵਾਲੇ ਹਨ ਅਤੇ ਬਾਕੀ 90% ਸਿੱਖੀ ਤੇ ਮਰਿਯਾਦਾਵਾਂ ਗੁਰੂਆਂ ਦੀ ਵਿਚਾਰਧਾਰਾ ਤੋਂ ਉਲਟ ਉਦਾਸੀਆਂ ਤੇ ਨਿਰਮਲਿਆਂ ਦੀ ਪ੍ਰਚਾਰੀ ਤੇ ਬਣਾਈ ਹੋਈ ਸਿੱਖੀ ਅਧਾਰਿਤ ਹਨ।

19ਵੀਂ ਸਦੀ ਦੇ ਆਖਰੀ ਦੋ ਦਹਾਕਿਆਂ ਵਿੱਚ 'ਸਿੰਘ ਸਭਾ ਲਹਿਰ' ਰਾਹੀਂ ਸਿੱਖੀ ਦੀ ਪੁਨਰ ਜਾਗਰਤੀ ਲਹਿਰ ਸ਼ੁਰੂ ਹੋਈ, ਜਿਸਦੇ ਅਸਰ ਨਾਲ 20ਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਇਨ੍ਹਾਂ ਸੰਤਾਂ-ਮਹੰਤਾਂ ਕੋਲੋਂ ਸਿੱਖਾਂ ਨੇ ਗੁਰਦੁਆਰੇ ਅਜ਼ਾਦ ਕਰਾਏ ਤੇ ਸ਼੍ਰੋਮਣੀ ਕਮੇਟੀ ਹੋਂਦ ਵਿੱਚ ਆਈ। ਇਸ ਤੋਂ ਪਹਿਲਾਂ ਕਿ ਇਨ੍ਹਾਂ ਆਜ਼ਾਦ ਕਰਾਏ ਗੁਰਦੁਆਰਿਆਂ ਤੇ ਸਿੱਖ ਕੰਟਰੋਲ ਕਰਕੇ ਗੁਰੂਆਂ ਦੀ ਸਿੱਖੀ ਬਹਾਲ ਕਰਦੇ, ਰਾਜਨੀਤਕ ਲੋਕ ਦੁਬਾਰਾ ਸ਼੍ਰੋਮਣੀ ਕਮੇਟੀ ਤੇ ਉਨ੍ਹਾਂ ਹੀ ਨਿਰਮਲਿਆਂ (ਦਮਦਮੀ ਟਕਸਾਲ ਵੀ ਨਿਰਮਲਿਆਂ ਦਾ ਹੀ ਇੱਕ ਡੇਰਾ ਸੀ) ਰਾਹੀਂ ਫਿਰ ਕਾਬਿਜ ਹੋ ਗਏ। ਪਿਛਲੀ ਸਦੀ ਦੇ ਆਖਰੀ ਦੋ ਦਹਾਕਿਆਂ ਵਿੱਚ (ਸਿੰਘ ਸਭਾ ਲਹਿਰ ਦੇ 100 ਸਾਲ ਬਾਅਦ) ਮਿਸ਼ਨਰੀ ਸਿੱਖਾਂ ਨੇ ਕਿਤਾਬਾਂ ਲਿਖ ਕੇ ਸਿੱਖ ਜਾਗਰਤੀ ਦੀ ਨਵੀਂ ਲਹਿਰ ਚਲਾਈ, ਫਿਰ ਇਸ ਸਦੀ ਦੇ ਸ਼ੁਰੂ ਵਿੱਚ 'ਗੁਰਮਤਿ ਗਿਆਨ ਮਿਸ਼ਨਰੀ ਕਾਲਿਜ' ਨੇ ਆਪਣੇ ਪ੍ਰਚਾਰਕ ਤਿਆਰ ਕਰਕੇ ਲਹਿਰ ਨੂੰ ਅੱਗੇ ਵਧਾਇਆ।ਇਸੇ ਸਮੇਂ ਦੌਰਾਨ ਪਿਛਲੇ 20-25 ਸਾਲਾਂ ਵਿੱਚ ਇਹ ਲਹਿਰ ਪ੍ਰਚੰਡ ਹੋਈ, ਜਿਸਦਾ ਵਿਰੋਧ ਉਸ ਸਮੇਂ ਤੋਂ ਕਾਬਿਜ ਤੇ ਹਮਲਾਵਰ ਧਿਰਾਂ ਵਲੋਂ ਅਕਾਲ ਤਖਤ ਦੇ ਪੁਜਾਰੀਆਂ ਰਾਹੀਂ ਜਾਰੀ ਹੈ। ਇਸ ਸਮੇਂ ਦੌਰਾਨ ਅਨੇਕਾਂ ਵਿਦਵਾਨਾਂ ਤੇ ਪ੍ਰਚਾਰਕਾਂ ਨੂੰ ਜ਼ਲੀਲ ਕਰਕੇ, ਡਰਾ ਕੇ, ਜਾਨੋਂ ਮਾਰ ਕੇ, ਪੰਥ ਵਿੱਚੋਂ ਛੇਕ ਕੇ, ਪੁਜਾਰੀਵਾਦ ਖਿਲਾਫ ਲਹਿਰ ਨੂੰ ਦਬਾਉਣ ਦੇ ਯਤਨ ਜਾਰੀ ਹਨ। ਪਿਛਲੇ 5-6 ਸਾਲਾਂ ਤੋਂ ਪੁਜਾਰੀ ਸ਼੍ਰੇਣੀ ਜਾਂ ਸਾਧ ਸ਼੍ਰੇਣੀ ਵਿੱਚੋਂ ਨਿਕਲ ਕੇ ਬੇਬਾਕੀ ਨਾਲ ਪੁਜਾਰੀਵਾਦ ਅਤੇ ਉਦਾਸੀਆਂ ਤੇ ਨਿਰਮਲਿਆਂ ਦੀ ਸਿੱਖੀ ਖਿਲਾਫ ਖੁੱਲ੍ਹ ਕੇ ਪ੍ਰਚਾਰ ਕਰ ਰਹੇ ਭਾਈ ਰਣਜੀਤ ਸਿੰਘ ਢੱਡਰੀਵਾਲਾ ਹੁਣ ਉਨ੍ਹਾਂ ਦੇ ਮੁੱਖ ਨਿਸ਼ਾਨੇ ਤੇ ਹੈ।ਉਸਦੇ ਵਿਰੋਧ ਦਾ ਵੱਡਾ ਕਾਰਨ ਇਹ ਵੀ ਹੈ ਕਿ ਉਸ ਮਗਰ ਲੱਖਾਂ ਲੋਕ ਹਨ। ਹੋਰ ਵਿਦਵਾਨਾਂ ਜਾਂ ਮਿਸ਼ਨਰੀਆਂ ਨੂੰ ਉਹ ਉਠਦੇ ਸਾਰ ਹੀ ਦਬੋਚ ਲੈਂਦੇ ਸਨ। ਪਰ ਢੱਡਰੀਵਾਲਾ ਨੂੰ ਹੱਥ ਪਾਉਣ ਲਈ ਡਰਦੇ ਹਨ ਕਿਉਂਕਿ ਪੁਜਾਰੀਆਂ ਦੇ ਮਾਲਕ, ਸਿਆਸੀ ਲੋਕ ਆਪਣੀਆਂ ਸਿਆਸੀ ਗਿਣਤੀਆਂ ਮਿਣਤੀਆਂ ਵੀ ਕਰਦੇ ਹਨ।ਬੇਸ਼ਕ ਇਸ ਲਹਿਰ ਨੂੰ ਸ਼ੁਰੂ ਕਰਨ ਵਾਲੇ ਮਿਸ਼ਨਰੀ, ਜਾਗਰੂਕ, ਜਾਗਰੂਕ ਵਿਦਵਾਨ ਆਦਿ ਇਸ ਔਖੇ ਸਮੇਂ ਵਿੱਚ ਛੋਟੇ ਵਿਰੋਧਾਂ, ਨਿੱਜੀ ਰੰਜ਼ਸ਼ਾਂ, ਈਰਖਾ ਤੇ ਅਗਿਆਨਤਾ ਵੱਸ ਭਾਈ ਰਣਜੀਤ ਸਿੰਘ ਤੋਂ ਪੈਰ ਪਿਛਾਂਹ ਖਿੱਚ ਰਹੇ ਹਨ। ਪਰ ਇਹੀ ਸਮਾਂ ਹੈ ਕਿ ਪੁਜਾਰੀਵਾਦ ਵਿਰੋਧੀ ਧਿਰ ਆਪਣੇ ਮੱਤਭੇਦ ਭੁਲਾ ਕੇ ਇਕੱਠੇ ਹੋ ਕੇ ਇਹ ਸੰਘਰਸ਼ ਹੋਰ ਤੇਜ ਕਰ ਸਕਦੀ ਹੈ।ਕਿਸੇ ਸਮੇਂ ਕਾਲਾ ਅਫਗਾਨਾ, ਮਿਸ਼ਨਰੀ ਪ੍ਰਚਾਰਕ, ਸਿੰਘ ਸਭਾ ਕਨੇਡਾ, ਸਪੋਕਸਮੈਨ, ਪ੍ਰੋ ਦਰਸ਼ਨ ਸਿੰਘ, ਭਾਈ ਘੱਗਾ, ਭਾਈ ਧੁੰਦਾ ਤੇ ਹੋਰ ਅਨੇਕਾਂ ਵਿਦਵਾਨਾਂ ਦੀ ਟੀਮ ਇਸ ਸੰਘਰਸ਼ ਨੂੰ ਕਾਫੀ ਅੱਗੇ ਲੈ ਗਈ ਸੀ ਅਤੇ ਪੁਜਾਰੀਵਾਦ ਤੇ ਡੇਰਵਾਦ ਨੂੰ ਭਾਜੜਾਂ ਪੁਆ ਦਿੱਤੀਆਂ ਸਨ। ਪਰ ਉਹ ਆਪਣੀ ਏਕਤਾ ਬਹੁਤਾ ਚਿਰ ਕਾਇਮ ਨਾ ਰੱਖ ਸਕੇ ਤੇ ਕਈ ਧੜਿਆਂ ਵਿੱਚ ਵੰਡੇ ਗਏ।ਹੁਣ ਭਾਈ ਰਣਜੀਤ ਸਿੰਘ ਇਸ ਲਹਿਰ ਦੀ ਅਗਵਾਈ ਕਰ ਰਹੇ ਹਨ ਤਾਂ ਉਨ੍ਹਾਂ ਧੜਿਆਂ ਵਲੋਂ ਵਿਰੋਧ ਹੋਣਾ ਮੰਦਭਾਗਾ ਹੈ। ਜੇ ਉਹ ਸਾਥ ਨਹੀਂ ਦੇ ਸਕਦੇ ਤਾਂ ਚੁੱਪ ਤਾਂ ਰਹਿ ਹੀ ਸਕਦੇ ਹਨ। ਜੇ ਇਸ ਵਾਰ ਭਾਈ ਰਣਜੀਤ ਸਿੰਘ ਪਿਛੇ ਹਟ ਜਾਂਦੇ ਹਨ ਜਾਂ ਉਨ੍ਹਾਂ ਨੂੰ ਪੁਜਾਰੀ ਲਾਣੇ ਵਲੋਂ ਚੁੱਪ ਕਰਾ ਦਿੱਤਾ ਜਾਂਦਾ ਹੈ ਤਾਂ ਇਹ ਲਹਿਰ 20-25 ਸਾਲ ਪਿਛੇ ਪੈ ਸਕਦੀ ਹੈ। ਸਾਡਾ ਮੰਨਣਾ ਹੈ ਕਿ ਇਹ ਸੰਘਰਸ਼ ਤਾਂ ਜਾਰੀ ਰਹਿਣਾ ਹੀ ਹੈ। ਭਾਈ ਰਣਜੀਤ ਸਿੰਘ ਅਗਵਾਈ ਕਰੇ ਜਾਂ ਕੋਈ ਹੋਰ ਕਰੇ। ਇਸ ਲਈ ਸਭ ਨੂੰ ਰਲ਼ ਕੇ ਗੁਰੂ ਨਾਨਕ ਸਾਹਿਬ ਦੀ ਇਨਕਲਾਬੀ ਤੇ ਸਰਬੱਤ ਦੇ ਭਲੇ ਦੀ ਵਿਚਾਰਧਾਰਾ ਨੂੰ ਬਚਾਉਣ ਲਈ ਆਪਣਾ ਆਪਣਾ ਯੋਗਦਾਨ ਪਾਉਣ ਦੀ ਲੋੜ ਹੈ।



Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸੰਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਦੇਸ਼ ਵਿਆਪੀ ਵਿਰੋਧ ਲਹਿਰ: ਮਜ਼ਬੂਤੀਆਂ ਤੇ ਚੁਣੌਤੀਆਂ

**ਪਾਵੇਲ ਕੁੱਸਾ**

ਭਾਜਪਾ ਹਕੂਮਤ ਦੇ ਫ਼ਿਰਕੂ-ਫਾਸ਼ੀ ਹੱਲੇ ਨੂੰ ਆਖ਼ਰਕਾਰ ਦੇਸ਼-ਵਿਆਪੀ ਚਣੌਤੀ ਮਿਲ ਗਈ ਹੈ। ਵਰ੍ਹਿਆਂ ਤੋਂ ਜਮ੍ਹਾਂ ਹੋ ਰਿਹਾ ਰੋਹ ਆਖਰ ਨਾਗਰਿਕਤਾ ਦੇ ਹੱਕ 'ਤੇ ਹੋਏ ਹਮਲੇ ਖ਼ਿਲਾਫ਼ ਫੁੱਟ ਪਿਆ। ਮੁਲਕ ਭਰ 'ਚਲੂ ਨਵੇਂ ਨਾਗਰਿਕਤਾ ਕਾਨੂੰਨ ਖ਼ਿਲਾਫ਼ ਜ਼ੋਰਦਾਰ ਰੋਸ ਲਹਿਰ ਉੱਠੀ ਹੋਈ ਹੈ। ਰੋਸ ਲਹਿਰ ਦਾ ਫੌਰੀ ਪ੍ਰਸੰਗ ਚਾਹੇ ਨਾਗਰਿਕਤਾ ਹੱਕਾਂ 'ਤੇ ਹਮਲੇ ਦਾ ਹੈ ਪਰ ਇਹ ਬੁੱਝਣਾ ਮੁਸ਼ਕਿਲ ਨਹੀਂ ਕਿ ਜ਼ਿੰਦਗੀ ਦੀਆਂ ਬੇਅੰਤ ਦੁਸ਼ਵਾਰੀਆਂ ਹੰਢਾਉਂਦੇ ਲੋਕਾਂ ਦੇ ਕੁਝ ਹਿੱਸਿਆਂ ਨੂੰ ਤਾਂ ਵੇਲੇ ਦੀ ਸੱਤਾ ਦੇ ਫਾਸ਼ੀ... ਅਮਲਾਂ ਨੇ ਏਨਾ ਜਿੱਚ ਕਰ ਦਿੱਤਾ ਹੈ ਕਿ ਉਨ੍ਹਾਂ ਨੂੰ ਪਾਣੀ ਸਿਰ ਤੋਂ ਲੰਘਦਾ ਜਾਪਿਆ ਹੈ। ਇਉਂ ਸੋਚਿਆਂ ਇਸ ਲਹਿਰ ਦੀ ਤਹਿ ਹੇਠ ਪਏ ਸਮੁੱਚੇ ਲੋਕ ਰੋਹ ਨੂੰ ਔਖਾ ਮੁਸ਼ਕਿਲ ਨਹੀਂ।

ਆਪ ਮੁਹਾਰੇ ਕਿਰਦਾਰ ਵਾਲੀ ਇਸ ਲਹਿਰ 'ਚ ਕਈ ਹਾਂਦਰੂ ਪਹਿਲੂ ਸ਼ਾਮਿਲ ਹਨ, ਜੋ ਫ਼ਿਰਕੂ-ਫਾਸ਼ੀ ਸਿਆਸਤ ਦੇ ਅਸਰਦਾਰ ਤੇ ਜਚਵੇਂ ਲੋਕ ਟਾਕਰੇ ਵਾਲੀ ਲੋਕ ਸ਼ਕਤੀ ਦੀ ਉਸਾਰੀ ਹੋ ਸਕਣ ਦੀਆਂ ਸੰਭਾਵਨਾਵਾਂ 'ਤੇ ਝਾਤ ਪਵਾਉਂਦੇ ਹਨ। ਇਸ ਵਿਰੋਧ ਲਹਿਰ ਦਾ ਸਭ ਤੋਂ ਉਭਰਵਾਂ ਪਹਿਲੂ ਧਰਮ ਨਿਰਪੱਖਤਾ ਦੇ ਆਧਾਰ 'ਤੇ ਜ਼ਾਹਰ ਹੋ ਰਹੀ ਲੋਕ ਏਕਤਾ ਹੈ, ਜਿਹੜੀ ਫ਼ਿਰਕੂ ਸਿਆਸਤ ਦੇ ਅਸਰਦਾਰ ਵਿਰੋਧ ਲਈ ਬੁਨਿਆਦੀ ਨੁਕਤਾ ਬਣਦੀ ਹੈ। ਇਸ ਕਾਨੂੰਨ ਤੇ ਐਨਆਰਸੀ ਰਾਹੀਂ ਆਇਆ ਨਵਾਂ ਹਮਲਾ ਬਹੁ-ਧਾਰੀ ਹੈ, ਜੋ ਸੱਤਾਧਾਰੀ ਪਾਰਟੀ ਦੇ ਫ਼ਿਰਕੂ-ਰਾਸ਼ਟਰਵਾਦੀ ਮਿਸ਼ਨ ਤਹਿਤ ਇਸ ਦੀ ਫ਼ਿਰਕੂ ਧਾਰ ਨੂੰ ਹੋਰ ਤਿੱਖਾ ਕਰਨ ਦਾ ਯਤਨ ਹੈ। ਅਜਿਹਾ ਮੁਸਲਿਮ ਆਬਾਦੀ ਨੂੰ ਨਾਗਰਿਕਤਾ ਦੇ ਹੱਕ ਤੋਂ ਵਾਂਝੇ ਕਰਨ ਦਾ ਨਿਸ਼ਾਨਾ ਬਣਾ ਕੇ ਕੀਤਾ ਜਾ ਰਿਹਾ ਹੈ। ਇਸ ਕਦਮ ਰਾਹੀਂ ਲੋਕਾਂ 'ਚ ਫ਼ਿਰਕੂ ਪਾਟਕ ਡੂੰਘੇ ਕਰਨ ਤੇ ਪਿਛਾਖੜੀ ਲਾਮਬੰਦੀਆਂ ਦੇ ਫੌਰੀ ਅਤੇ ਹਿੰਦੂ ਰਾਸ਼ਟਰ ਉਸਾਰੀ ਦੇ ਲੰਮੇ ਦਾਅ ਦੇ ਨਾਪਾਕ ਮਕਸਦ ਸ਼ਾਮਲ ਹਨ। ਇਸ ਸੱਜਰੇ ਹਮਲੇ ਨਾਲ ਮੁਸਲਿਮ ਭਾਈਚਾਰੇ ਦਾ ਵਰ੍ਹਿਆਂ ਤੋਂ ਜਮ੍ਹਾਂ ਗੁੱਸਾ ਸਮੂਹਿਕ ਰੂਪ 'ਚ ਫੁੱਟ ਤੁਰਿਆ। ਉਨ੍ਹਾਂ 'ਚ ਵਰ੍ਹਿਆਂ ਤੋਂ ਪੈਰ ਪਸਾਰ ਰਿਹਾ ਖ਼ੌਫ਼ ਅਜਿਹੇ ਮੋੜ 'ਤੇ ਗਿਆ ਕਿ ਹੁਣ ਉਹ ਆਪਣੀ ਹਸਤੀ ਦੀ ਰਾਖੀ ਲਈ ਨੰਗੇ ਧੜ ਮੈਦਾਨ 'ਚ ਹਨ, ਪਰ ਨਾਲ ਹੀ ਇਸ ਰੋਸ ਲਹਿਰ ਦਾ ਅਹਿਮ ਪਹਿਲੂ ਇਹ ਹੈ ਕਿ ਇਹ ਸਿਰਫ ਮੁਸਲਮਾਨ ਭਾਈਚਾਰੇ ਤੱਕ ਮਹਿਦੂਦ ਨਹੀਂ, ਸਗੋਂ ਹੋਰਨਾਂ ਧਰਮਾਂ ਦੇ ਲੋਕ ਇਸ ਦਾ ਅੰਗ ਹਨ ਤੇ ਫ਼ਿਰਕੂ ਏਕਤਾ ਦਾ ਨਾਅਰਾ ਇਸ ਅੰਦੋਲਨ ਦੀ ਹੇਕ ਬਣ ਕੇ ਉੱਠਿਆ ਹੈ, ਜਿਸ ਦੀ ਡਾਢੀ ਲੋੜ ਸੀ।

ਉਂਝ ਹਕੂਮਤ ਵੱਲੋਂ ਇਸ ਰੋਸ ਨੂੰ ਫ਼ਿਰਕੂ ਰੰਗਤ ਦੇਣ ਦੇ ਜ਼ੋਰਦਾਰ ਯਤਨ ਕਰਦਿਆਂ ਇਸ ਨੂੰ ਮੋੜਵੇਂ ਰੂਪ 'ਚ ਫ਼ਿਰਕੂ ਪਾਲਾਬੰਦੀ ਦਾ ਹੱਥਾ ਬਣਾਉਣ ਦਾ ਯਤਨ ਕੀਤਾ ਗਿਆ। ਮੁਲਕ ਪੱਧਰ 'ਤੇ ਜ਼ਹਿਰੀਲੇ ਪ੍ਰਚਾਰ ਦੀ ਮੁਹਿੰਮ ਤੇ ਨਾਲ ਹੀ ਯੂਪੀ 'ਚ ਖ਼ਾਸਕਰ ਫ਼ਿਰਕੂ ਜਨੂੰਨੀ ਗਰੋਹਾਂ ਤੇ ਪੁਲੀਸ ਮਸ਼ੀਨਰੀ ਵੱਲੋਂ ਮੁਸਲਮਾਨ ਭਾਈਚਾਰੇ 'ਤੇ ਜ਼ੁਲਮ ਦਾ ਕਹਿਰ ਵਰਸਾਇਆ ਗਿਆ। ਇਨ੍ਹਾਂ ਹਮਲਿਆਂ ਰਾਹੀਂ ਮੋੜਵੇਂ ਫ਼ਿਰਕੂ ਪ੍ਰਤੀਕਰਮ ਲਈ ਉਕਸਾਉਣ ਦਾ ਯਤਨ ਕੀਤਾ ਗਿਆ। ਮਗਰੋਂ ਦਿੱਲੀ ਵਿਧਾਨ ਸਭਾ ਚੋਣਾਂ ਦੇ ਮਾਹੌਲ 'ਚ ਤਾਂ ਭਾਜਪਾ ਦੀ ਪਿਛਾਖੜੀ ਸਿਆਸਤ ਸਭ ਹੱਦਾਂ ਪਾਰ ਕਰ ਗਈ ਹੈ। ਸ਼ਾਹੀਨ ਬਾਗ ਵਰਗੀਆਂ ਜਮਹੂਰੀ ਹੱਕ ਜਤਲਾਈ ਦੀਆਂ ਥਾਵਾਂ ਨੂੰ ਪਾਕਿਸਤਾਨ ਕਰਾਰ ਦੇ ਕੇ ਚੋਣਾਂ ਨੂੰ ਪਾਕਿਸਤਾਨ ਤੇ ਭਾਰਤ ਦੀ ਜੰਗ ਦੱਸਿਆ ਜਾ ਰਿਹਾ ਹੈ। ਸ਼ਾਹੀਨ ਬਾਗ ਦੇ ਮੁਜ਼ਾਹਰਾਕਾਰੀਆਂ 'ਤੇ ਜ਼ੁਲਮ ਢਾਹੁਣ ਦੇ ਨਾਅਰੇ ਦੁਆਲੇ ਚੋਣਾਂ ਲੜੀਆਂ ਜਾ ਰਹੀਆਂ ਹਨ, ਸੰਘਰਸ਼ ਦੇ ਮੈਦਾਨ 'ਚ ਨਿੱਤਰੇ ਲੋਕਾਂ ਨੂੰ ਖੌਫਜ਼ਦਾ ਕਰਨ ਲਈ ਨੌਜਵਾਨਾਂ ਵੱਲੋਂ ਗੋਲੀਆਂ ਚਲਾਉਣਾ ਸਭ ਹੱਦਾਂ ਟੱਪ ਜਾਣ ਨੂੰ ਦਰਸਾਉਂਦਾ ਹੈ।



ਸਾਰੇ ਪਾਟਕਪਾਊ ਫ਼ਿਰਕੂ ਹਥਕੰਡਿਆਂ ਦੇ ਬਾਵਜੂਦ ਸਰਕਾਰ ਮੁਸਲਮਾਨ ਭਾਈਚਾਰੇ ਨੂੰ ਮੋੜਵੇਂ ਫ਼ਿਰਕੂ ਪ੍ਰਤੀਕਰਮ 'ਤੇ ਧੱਕਣ ਤੋਂ ਨਾਕਾਮ ਰਹੀ ਹੈ। ਮੁਸਲਿਮ ਭਾਈਚਾਰੇ ਦੀ ਜਮਹੂਰੀ ਪੈਂਤੜੇ ਤੋਂ ਹੋ ਰਹੀ ਲਾਮਬੰਦੀ 'ਚ ਇੱਕ ਅਹਿਮ ਕਾਰਨ ਜਮਹੂਰੀ ਤੇ ਬੁੱਧੀਜੀਵੀ ਹਲਕਿਆਂ ਦੀ ਜ਼ੋਰਦਾਰ ਆਵਾਜ਼ ਦੀ ਮੌਜੂਦਗੀ ਹੈ, ਜੋ ਬੀਤੇ ਸਾਲਾਂ ਦੌਰਾਨ ਇਨ੍ਹਾਂ ਫ਼ਿਰਕੂ-ਫਾਸ਼ੀ ਅਮਲਾਂ ਖ਼ਿਲਾਫ਼ ਬੇਖ਼ੌਫ ਗੂੰਜਦੀ ਰਹੀ। ਇਸ ਪਿਛਾਖੜੀ ਸਿਆਸਤ ਖ਼ਿਲਾਫ਼ ਮੁਲਕ ਦੇ ਬੁੱਧੀਜੀਵੀ ਤੇ ਜਮਹੂਰੀ ਹਲਕਿਆਂ ਨੇ ਆਪਣਾ ਰੋਲ ਪਛਾਣਿਆ ਤੇ ਪੂਰੀ ਤਰ੍ਹਾਂ ਨਿਭਾਇਆ। ਗੌਰੀ ਲੰਕੇਸ਼ ਵਰਗਿਆਂ ਨੇ ਸ਼ਹਾਦਤਾਂ ਦਿੱਤੀਆਂ ਤੇ ਫ਼ਿਰਕੂ ਤਾਕਤਾਂ ਦੇ ਹਰ ਕਦਮ ਨੂੰ ਚਣੌਤੀ ਦਿੱਤੀ ਗਈ ਹੈ। ਇਸ ਜ਼ੋਰਦਾਰ ਤੇ ਅਸਰਦਾਰ ਆਵਾਜ਼ ਨੇ ਮੁਸਲਮਾਨ ਭਾਈਚਾਰੇ ਨੂੰ ਡਟਣ ਦਾ ਹੌਸਲਾ ਵੀ ਦਿੱਤਾ ਤੇ ਧਰਮ ਨਿਰਪੱਖ-ਜਮਹੂਰੀ ਵਿਰੋਧ ਚੌਖਟਾ ਵੀ ਮੁਹੱਈਆ ਕਰਵਾਇਆ।

ਇਸ ਜਮਹੂਰੀ ਆਵਾਜ਼ ਦਾ ਇੱਕ ਅਹਿਮ ਅੰਗ ਵਿਦਿਆਰਥੀ ਹਨ, ਜਿਨ੍ਹਾਂ ਨੂੰ ਰਾਜਕੀ ਤੇ ਗੈਰਸਰਕਾਰੀ ਹਿੰਸਾ ਸਹਿਣੀ ਪਈ। ਇਸ ਤਬਕੇ ਨੇ ਜਥੇਬੰਦ ਟੁਕੜੀ ਵਜੋਂ ਅਹਿਮ ਰੋਲ ਅਦਾ ਕੀਤਾ ਤੇ ਸਮਾਜ ਦੇ ਹੋਰਨਾਂ ਤਬਕਿਆਂ ਨੂੰ ਝੰਜੋੜ ਦੇਣ ਦੀ ਆਪਣੀ ਵਿਸ਼ੇਸ਼ ਭੂਮਿਕਾ ਨਿਭਾਈ ਹੈ। ਵਿਦਿਆਰਥੀਆਂ ਵੱਲੋਂ ਨਿਭਾਈ ਜਾ ਰਹੀ ਇਹ ਭੂਮਿਕਾ ਸਿਰਫ ਫੌਰੀ ਪ੍ਰਸੰਗ 'ਚ ਹੀ ਅਹਿਮ ਨਹੀਂ, ਸਗੋਂ ਇਨ੍ਹਾਂ ਬੌਧਿਕ ਹਲਕਿਆਂ ਦੀ ਮੌਜੂਦਗੀ ਇਸ ਰੋਸ ਲਹਿਰ 'ਚ ਹੋਰਨਾਂ ਹਾਂਦਰੂ ਪੱਖਾਂ ਦਾ ਸੰਚਾਰ ਕਰ ਸਕਣ ਪੱਖੋਂ ਵੀ ਅਹਿਮ ਹੈ। ਇਸ ਕੜੀ-ਜੋੜ ਨੂੰ ਦੇਖ ਸਕਣਾ ਸੰਘਰਸ਼ ਦੀ ਮੁੱਖ ਤਾਕਤ ਬਣਨ ਵਾਲੀ ਕਿਰਤੀ ਲੋਕਾਈ ਲਈ ਬਹੁਤ ਅਹਿਮ ਹੈ। ਵਿਦਿਆਰਥੀਆਂ ਵੱਲੋਂ ਰਾਜ ਭਾਗ ਦੀ ਹਿੰਸਕ ਸ਼ਕਤੀ ਦਾ ਕੀਤਾ ਜਾ ਰਿਹਾ ਸਾਹਮਣਾ ਵੀ ਅਜਿਹਾ ਤਜਰਬਾ ਗ੍ਰਹਿਣ ਕਰਨ ਪੱਖੋਂ ਅਹਿਮ ਹੈ ਜੋ ਰਾਜ ਭਾਗ ਦੇ ਕਿਰਦਾਰ ਤੇ ਜਮਹੂਰੀਅਤ ਵਿਰੋਧੀਆਂ ਦੇ ਹਮਲੇ ਦੇ ਕੜੀ-ਜੋੜ ਨੂੰ ਬੁੱਝਣ, ਗ੍ਰਹਿਣ ਕਰਨ ਤੇ ਇਸਦਾ ਸੰਚਾਰ ਕਰਨ 'ਚ ਇਸਦਾ ਵਿਸ਼ੇਸ਼ ਰੋਲ ਬਣਦਾ ਹੈ।

ਇਉਂ ਹੀ ਇਸ ਲਹਿਰ 'ਚ ਔਰਤਾਂ ਦੀ ਮੂਹਰਲੀਆਂ ਸਫਾਂ 'ਚ ਮੌਜੂਦਗੀ ਇਸ ਸਮੁੱਚੇ ਅੰਦੋਲਨ ਦੀ ਮੁੱਖ ਤਾਕਤ ਬਣ ਕੇ ਉੱਭਰੀ ਹੈ। ਸਮਾਜ ਦੇ ਸਭ ਤੋਂ ਦਬਾਏ ਹਿੱਸਿਆਂ 'ਚ ਸ਼ੁਮਾਰ ਔਰਤਾਂ ਖਾਸਕਰ ਮੁਸਲਮਾਨ ਭਾਈਚਾਰੇ ਦੀਆਂ ਔਰਤਾਂ ਨੇ ਜਿਸ ਜੁਝਾਰੂ ਤੰਤ ਤੇ ਦਮਖ਼ਮ ਦਾ ਪ੍ਰਗਟਾਵਾ ਕੀਤਾ ਹੈ, ਉਹ ਨਵੇਂ ਵਰਤਾਰੇ ਵਜੋਂ 'ਤੇ ਧਿਆਨ ਖਿੱਚਦਾ ਹੈ। ਘਰਾਂ 'ਚੋਂ ਬਾਹਰ ਆਉਣ ਤੇ ਧਰਨਿਆਂ-ਮੁਜ਼ਾਹਰਿਆਂ ਤੋਂ ਅੱਗੇ ਬੁਰਕਿਆਂ ਤੋਂ ਬਾਹਰ ਆਉਣ ਤੱਕ ਦੇ ਤੇਜ਼ੀ ਨਾਲ ਤੈਅ ਕੀਤੇ ਜਾ ਰਹੇ ਸਫਰ ਦੇ ਪੂਰੇ ਅਰਥ ਸਿਰਫ ਮੌਜੂਦਾ ਅੰਦੋਲਨ ਦੇ ਪ੍ਰਸੰਗ ਤੱਕ ਸੀਮਤ ਨਹੀਂ ਹਨ ਸਗੋਂ ਸਮੁੱਚੇ ਕਿਰਤੀ ਲੋਕਾਂ ਦੀ ਮੁਕਤੀ ਲਈ ਸੰਗਰਾਮੀ ਲਹਿਰ ਦੇ ਅੰਗ ਵਜੋਂ ਇਹ ਅਮਲ ਔਰਤਾਂ ਦੀ ਹੋਣਹਾਰ ਭੂਮਿਕਾ ਨੂੰ ਉਭਾਰ ਕੇ ਲੋਕ ਸੰਘਰਸ਼ਾਂ ਦੇ ਦ੍ਰਿਸ਼ 'ਤੇ ਲਿਆਉਣ ਦਾ ਅਮਲ ਬਣ ਰਿਹਾ ਹੈ ਤੇ ਨਾਲ ਹੀ ਔਰਤਾਂ ਦਾ ਆਪਣੀ ਹੋਣੀ ਲਈ ਨਵੀਂ ਜਾਗ੍ਰਿਤੀ ਦੇ ਉਭਾਰ ਦੇ ਆਗਮਨ ਖਾਤਰ ਅਧਾਰ ਸਿਰਜਣਾ ਦਾ ਅਮਲ ਅੱਗੇ ਤੁਰ ਰਿਹਾ ਹੈ। ਮੁਸਲਮਾਨ ਬੀਬੀਆਂ ਦੀ ਧੜੱਲੇਦਾਰ ਸਰਗਰਮੀ ਇਨ੍ਹਾਂ ਪ੍ਰਤੀ ਤੀਹਰੇ ਤਲਾਕ ਦੇ ਖਾਤਮੇ ਦੇ ਦੰਭੀ ਸੰਘੀ ਹੇਜ ਦੇ ਭਾਂਡਾ ਵੀ ਭੰਨ ਰਹੀ ਹੈ। ਮੁਲਕ ਭਰ 'ਚ ਉੱਗ ਰਹੇ ਸ਼ਾਹੀਨ ਬਾਗਾਂ ਰਾਹੀਂ ਪ੍ਰਗਟ ਹੋ ਰਹੀ ਲੋਕ ਰਜ਼ਾ, ਪਾਰਲੀਮੈਂਟ ਰਾਹੀਂ ਚੁਣੇ ਹੋਏ ਨੁਮਾਇੰਦਿਆਂ ਦੀ ਰਜ਼ਾ ਨਾਲ ਟਕਰਾ ਰਹੀ ਹੈ। ਆਪਣੀ ਰਜ਼ਾ ਪੁਗਾਉਣ ਲਈ ਹੋ ਰਹੀ ਇਹ ਅਧਿਕਾਰ ਜਤਲਾਈ ਦੱਸਦੀ ਹੈ ਕਿ ਕਾਨੂੰਨ ਸਿਰਫ ਪਾਰਲੀਮੈਂਟਾਂ 'ਚ ਅੰਕੜਿਆਂ ਦੀ ਖੇਡ ਰਾਹੀਂ ਹੀ ਨਹੀਂ ਪ੍ਰਵਾਨ ਚੜ੍ਹਦੇ। ਆਪਣੀ ਰਜ਼ਾ ਪਗਾਉਣ ਲਈ ਜੱਦੋਜਹਿਦ ਦੇ ਅਮਲ 'ਚੋਂ ਗੁਜ਼ਰ ਰਹੇ ਇਹ ਲੋਕ ਇਸ ਅਮਲ ਰਾਹੀਂ ਬਹੁਮੁੱਲੇ ਸਬਕ ਗ੍ਰਹਿਣ ਕਰ ਰਹੇ ਹਨ ਤੇ ਇਨ੍ਹਾਂ ਬਾਗਾਂ 'ਚ ਅਜਿਹੇ ਬੀਜ ਬੀਜੇ ਜਾ ਰਹੇ ਹਨ, ਜਿਨ੍ਹਾਂ ਨੇ ਇਕ ਦਿਨ ਹਕੀਕੀ ਲੋਕ ਜਮਹੂਰੀਅਤ ਦੀ ਫਸਲ ਲਹਿਰਾਉਣ ਲਾਉਣੀ ਹੈ।

ਇਸ ਲੋਕ ਲਹਿਰ ਦੇ ਕਲਾਵੇ 'ਚ ਮੁਲਕ ਦੀ ਮਿਹਨਤਕਸ਼ ਆਬਾਦੀ ਦੀਆਂ ਕਈ ਵੰਨਗੀਆਂ ਹਨ। ਦੇਸ਼ ਅੰਦਰ ਆਮ ਜਮਾਤੀ ਦਾਬੇ ਦੇ ਨਾਲ ਨਾਲ ਵਿਸ਼ੇਸ਼ ਦਾਬਿਆਂ ਦੇ ਸ਼ਿਕਾਰ ਹਿੱਸੇ ਜਿਵੇਂ ਔਰਤਾਂ, ਦਲਿਤ ਤੇ ਦਬਾਈਆਂ ਕੌਮੀਅਤਾਂ ਇਸ ਅੰਦੋਲਨ ਦੀਆਂ ਮੂਹਰਲੀਆਂ ਸਫਾਂ 'ਚ ਹਨ। ਇਹ ਸਾਰੇ ਉਹ ਹਿੱਸੇ ਹਨ ਜੋ ਮੌਜੂਦਾ ਫਾਸ਼ੀ ਹਮਲੇ ਦੀ ਵਿਸ਼ੇਸ਼ ਮਾਰ ਹੇਠ ਹਨ। ਬੁੱਧੀਜੀਵੀ ਤੇ ਜਮਹੂਰੀ ਹਲਕਿਆਂ ਨਾਲ ਰਲ ਕੇ ਇਹ ਤਾਕਤ ਹੀ ਸਮੁੱਚੀ ਫਾਸ਼ੀਵਾਦ ਵਿਰੋਧੀ ਲਹਿਰ ਦੀ ਨੋਕ ਬਣਨ ਦੀ ਸਮਰੱਥਾ ਰੱਖਦੀ ਹੈ ਤੇ ਅਜਿਹੀ ਸਮਰੱਥਾ ਦੇ ਉਘੜਵੇਂ ਝਲਕਾਰੇ ਇਸ ਅੰਦੋਲਨ ਰਾਹੀਂ ਜ਼ਾਹਰ ਹੋ ਰਹੇ ਹਨ। ਤਾਂ ਵੀ ਦਲਿਤ ਤੇ ਆਦੀਵਾਸੀ ਜਨਸਮੂਹਾਂ ਦੇ ਇਸ ਰੋਸ ਲਹਿਰ ਦਾ ਜਾਨਦਾਰ ਅੰਗ ਬਣਾਏ ਜਾਣ ਨਾਲ ਹੀ ਇਸ ਨੂੰ ਹੋਰ ਬਲ ਮਿਲੇਗਾ। ਸਭ ਤੋਂ ਵਧ ਕੇ ਇਨ੍ਹਾਂ ਸਭਨਾਂ ਹਿੱਸਿਆਂ ਦੀ ਆਪਸੀ ਏਕਤਾ ਦਾ ਕਾਰਜ ਅਜੇ ਦਰਪੇਸ਼ ਹੈ। ਖਾਸਕਰ ਉੱਤਰ ਪੂਰਬ ਦੀਆਂ ਦਬਾਈਆਂ ਕੌਮੀਅਤਾਂ ਦੇ ਕੌਮੀ ਸਰੋਕਾਰਾਂ ਤੇ ਤਾਂਘਾਂ ਦੀ ਵਿਸ਼ੇਸ਼ਤਾ ਨੂੰ ਬਾਕੀ ਮੁਲਕ ਦੇ ਲੋਕਾਂ ਵੱਲੋਂ ਸੰਬੋਧਿਤ ਹੋਣਾ ਲਾਜ਼ਮੀ ਹੈ। ਇਹ ਲੋੜ ਇਸ ਕਰਕੇ ਵੀ ਖ਼ਾਸ ਹੈ ਕਿਉਂਕਿ ਇਸ ਤਾਜ਼ਾ ਹੱਲੇ 'ਚ ਕੌਮੀਅਤਾਂ 'ਚ ਟਕਰਾਅ ਖੜ੍ਹੇ ਕਰਨ ਦਾ ਯਤਨ ਵੀ ਸ਼ਾਮਲ ਹੈ, ਜਿਵੇਂ ਅਸਾਮੀ ਤੇ ਬੰਗਾਲੀ ਕੌਮੀਅਤਾਂ ਅੰਦਰ। ਇਸ ਟਕਰਾਅ ਨੂੰ ਖ਼ਾਰਜ ਕਰਨਾ ਤੇ ਲੋਕਾਂ ਦੀ ਜਮਾਤੀ ਏਕਤਾ ਨੂੰ ਮਜ਼ਬੂਤ ਕਰਨਾ ਇਸ ਅੰਦੋਲਨ ਦੀ ਤਕੜਾਈ ਤੇ ਮਜ਼ਬੂਤੀ ਲਈ ਬੁਨਿਆਦੀ ਲੋੜ ਹੈ। ਇਸ ਕਾਰਜ ਦਾ ਅਹਿਮ ਹਿਸਾ ਉੱਤਰ ਪੂਰਬ ਦੀਆਂ ਕੌਮੀਅਤਾਂ 'ਤੇ ਦਾਬੇ ਖ਼ਿਲਾਫ਼ ਬਾਕੀ ਮੁਲਕ ਦੀ ਸੰਘਰਸ਼ਸ਼ੀਲ ਲੋਕਾਈ ਵੱਲੋਂ ਆਵਾਜ਼ ਉਠਾਉਣ ਦਾ ਵੀ ਹੈ।

ਹਾਲਤ ਦਾ ਉਭਰਵਾਂ ਪੱਖ ਇਹ ਵੀ ਹੈ ਕਿ ਇਸ ਸਮੁੱਚੀ ਲਹਿਰ 'ਚ ਮੌਕਾਪ੍ਰਸਤ ਪਾਰਲੀਮਾਨੀ ਪਾਰਟੀਆਂ ਲੋਕਾਂ ਮਗਰ ਚੱਲਣ ਲਈ ਮਜਬੂਰ ਹੋ ਗਈਆਂ ਹਨ। ਲੋਕਾਂ ਦੀ ਲਹਿਰ ਉਨ੍ਹਾਂ ਨੂੰ ਪੈਂਤੜੇ ਬਦਲਣ ਲਈ ਬੇਵੱਸ ਕਰ ਰਹੀ ਹੈ। ਇਹ ਤੱਥ ਕਿ 2003 'ਚ ਨਾਗਰਿਕਤਾ ਕਾਨੂੰਨ 'ਚ ਸੋਧ ਵੇਲੇ ਐਨਆਰਸੀ ਲਿਆਉਣ ਨੂੰ ਪਾਰਲੀਮੈਂਟ 'ਚ ਸਰਬਸੰਮਤੀ ਨਾਲ ਪ੍ਰਵਾਨ ਕੀਤਾ ਗਿਆ ਸੀ, ਇਨ੍ਹਾਂ ਦੇ ਮੌਜੂਦਾ ਵਿਰੋਧ ਪੈਂਤੜੇ ਦੇ ਮਨਸ਼ਿਆਂ 'ਤੇ ਸੁਆਲ ਖੜ੍ਹੇ ਕਰਦਾ ਹੈ। ਸਰਕਾਰ ਦੇ ਪਾਰਲੀਮਾਨੀ ਵਿਰੋਧੀਆਂ ਤੋਂ ਇਸ ਫਾਸ਼ੀ ਹਮਲੇ ਦੇ ਜ਼ੋਰਦਾਰ ਵਿਰੋਧ ਦੀਆਂ ਆਸਾਂ ਪੂਰੀ ਤਰ੍ਹਾਂ ਤਿੜਕਣ ਦਾ ਅਮਲ ਲੋਕ ਚੇਤਨਾ 'ਚ ਸਿਰੇ ਲੱਗ ਰਿਹਾ ਹੈ ਤੇ ਉਨ੍ਹਾਂ ਵੱਲੋਂ ਨਿਰੋਲ ਆਪਣੀਆਂ ਵੋਟ ਗਿਣਤੀਆਂ ਅਨੁਸਾਰ ਕੀਤਾ ਜਾ ਰਿਹਾ ਵਿਹਾਰ ਲੋਕਾਂ ਮੂਹਰੇ ਇਨ੍ਹਾਂ ਪਾਰਟੀਆਂ ਦੀ ਪਿੱਛਲੱਗਤਾ ਦੀ ਥਾਂ ਆਪਣੀ ਆਜ਼ਾਦ ਜਥੇਬੰਦਕ ਤਾਕਤ ਦੀ ਉਸਾਰੀ ਦਾ ਸਵਾਲ ਪਾ ਰਿਹਾ ਹੈ। ਹਰਕਤ 'ਚ ਆਏ ਲੋਕ ਇਹਦਾ ਜਵਾਬ ਤਲਾਸ਼ ਰਹੇ ਹਨ।

ਮੌਜੂਦਾ ਰੋਸ ਲਹਿਰ ਦੀਆਂ ਮੰਗਾਂ ਦੇ ਫੌਰੀ ਪ੍ਰਸੰਗ 'ਚ ਇਸਦੇ ਜਮਹੂਰੀ ਤੇ ਧਰਮ ਨਿਰਲੇਪ ਖਾਸੇ ਦੀ ਹੋਰ ਤਕੜਾਈ ਲਈ ਰਫਿਊਜੀਆਂ ਖਾਤਰ ਧਰਮ ਨਿਰਲੇਪਤਾ ਦੇ ਨੁਕਤਾ ਨਜ਼ਰ ਤੋਂ ਸਪੱਸ਼ਟ ਤੇ ਪਾਰਦਰਸ਼ੀ ਕਾਨੂੰਨ ਬਣਾਏ ਜਾਣ ਤੇ ਗੈਰਕਨੂੰਨੀ ਪਰਵਾਸੀਆਂ ਨਾਲ ਮਨੁੱਖੀ ਸਲੂਕ ਦੀ ਮੰਗ ਦਾ ਉੱਭਰਨਾ ਵੀ ਲਾਜ਼ਮੀ ਹੈ। ਵੱਖ-ਵੱਖ ਕੌਮੀਅਤਾਂ 'ਚ ਪਾਟਕ ਪਾਉਣ ਤੇ ਦਬਾਈਆਂ ਕੌਮੀਅਤਾਂ ਦੇ ਸੰਘਰਸ਼ਾਂ ਨੂੰ ਧਾਰਮਿਕ ਰੰਗਤ 'ਚ ਰੰਗਣ ਰਾਹੀਂ ਬਖੇੜੇ ਕਰਨ ਦੇ ਮਨਸੂਬਿਆਂ ਨੂੰ ਬੁੱਝਣ ਤੇ ਮਾਤ ਦੇਣ ਦੀ ਜ਼ਰੂਰਤ ਹੈ। ਸਮੁੱਚੀ ਰੋਸ ਲਹਿਰ ਦੀਆਂ ਮੰਗਾਂ ਤੇ ਨਿਸ਼ਾਨਿਆਂ ਦੀ ਹੋਰ ਵਧੇਰੇ ਸਪਸ਼ਟਤਾ ਤੇ ਮੁਲਕ ਪੱਧਰੀ ਇਕਜੁੱਟਤਾ ਦਾ ਕਾਰਜ ਸਰ ਕਰਨ ਦੀ ਚੁਣੌਤੀ ਫੌਰੀ ਤੌਰ 'ਤੇ ਦਰਪੇਸ਼ ਹੈ।

ਮੁੱਖ ਤੌਰ 'ਤੇ ਸ਼ਹਿਰੀ ਹਿੱਸਿਆਂ ਦੇ ਉਭਾਰ ਵਾਲੇ ਇਸ ਅੰਦੋਲਨ ਦਾ ਪੇਂਡੂ ਮਿਹਨਤਕਸ਼ ਲੋਕਾਂ ਦੀ ਲਹਿਰ ਨਾਲ ਕੜੀ-ਜੋੜ ਵੀ ਜ਼ਰੂਰੀ ਹੈ। ਸਮੁੱਚੇ ਮੁਲਕ ਦੇ ਪ੍ਰਸੰਗ 'ਚ ਇਨ੍ਹਾਂ ਹਿੱਸਿਆਂ ਦੀ ਇਸ ਅੰਦੋਲਨ 'ਚੋਂ ਲਗਪਗ ਗ਼ੈਰਹਾਜ਼ਰ ਵਰਗੀ ਹਾਲਤ ਹੀ ਹੈ। ਦਲਿਤ ਹਿੱਸਿਆਂ 'ਚ ਵੀ ਲਗਭਗ ਸ਼ਹਿਰੀ ਦਲਿਤਾਂ ਦੀ ਸ਼ਮੂਲੀਅਤ ਹੀ ਦਿਖਾਈ ਦੇ ਰਹੀ ਹੈ। ਇਹ ਕੜੀ-ਜੋੜ ਹੀ ਅਜਿਹੀ ਤਾਕਤ ਬਣ ਸਕਦਾ ਹੈ ਜੋ ਇਸ ਸਮੁੱਚੇ ਫ਼ਿਰਕੂ-ਫਾਸ਼ੀ ਅਮਲ ਨੂੰ ਥੰਮ੍ਹ ਦੇਣ ਦੀ ਸਮਰੱਥਾ ਰੱਖਦਾ ਹੈ। ਪੇਂਡੂ ਮਿਹਨਤਕਸ਼ ਹਿੱਸਿਆਂ ਦੀਆਂ ਲੋਕ ਲੀਡਰਸ਼ਿਪਾਂ ਨੂੰ ਵੀ ਇਸ ਅੰਦੋਲਨ ਨਾਲ ਜੋੜਨ ਤੇ ਸ਼ਹਿਰੀ ਹਿੱਸਿਆਂ ਨਾਲ ਸਾਂਝ ਉਸਾਰਨ ਦੇ ਯਤਨ ਜ਼ਰੂਰੀ ਹਨ। ਇਨ੍ਹਾਂ ਅਮਲਾਂ ਦੌਰਾਨ ਹੀ ਹਾਲਾਤ ਦੇ ਹਾਣ ਦੀਆਂ ਲੀਡਰਸ਼ਿਪਾਂ ਨੇ ਵਿਕਸਤ ਹੋਣਾ ਹੈ, ਜਿਨ੍ਹਾਂ ਦੀ ਅਗਵਾਈ 'ਚ ਇਸ ਸਮੁੱਚੇ ਫਾਸ਼ੀ ਵਰਤਾਰੇ ਅੱਗੇ ਲੋਕ ਹੀ ਕੰਧ ਬਣ ਸਕਣਗੇ।

Dhillon Fashions
Ladies Clothing | Wedding Clothing
Kids Dressing | Fashion Jewellery
1110-4818 Westwinds Dr. NE. Calgary
Green Plaza (By Dr. Bhullar)
Ph. : 403-453-9090
Cell : 403-614-2096



Best Mobile Signs
All kinds of mobile sign board
best mobile sign
call for yours
Kamal Sidhu
403-966-7167
bestmobilesigns@gmail.com



ਮੂਲ ਲੇਖਕ -ਬਰਨੀ ਸੈਂਡਰਜ
ਅਨੁਵਾਦ-ਹਰੀਪਾਲ
403-714-4816

# ਕਾਰਪੋਰੇਸ਼ਨਾਂ ਦੀ ਲੁੱਟ ਨੂੰ ਛਿੱਕਲ਼ੀ ਪਾਓ



ਬਰਨੀ ਸੈਂਡਰਜ, ਅਮਰੀਕਾ ਵਿੱਚ ਮਨੁੱਖੀ ਹੱਕਾਂ ਲਈ ਲੜਨ ਵਾਲ਼ਾ, ਵਰਕਰਾਂ ਨਾਲ਼ ਹੋ ਰਹੇ ਧੱਕੇ ਵਿਰੁੱਧ ਖੜਨ ਵਾਲ਼ਾ ਘੁਲਾਟੀਆ ਹੈ। ਆਪਦੇ ਲੋਕ-ਪੱਖੀ ਵਿਚਾਰਾਂ ਕਰਕੇ ਉਹ ਬਹੁਤ ਵਾਰ ਜੇਲ਼ ਗਿਆ ਹੈ। ਉਹ ਡੈਮੋਕਰੇਟਿੱਕ ਪਾਰਟੀ ਦੀ ਨੌਮੀਨੇਸ਼ਨ ਦੀ ਚੋਣ ਲੜ ਰਿਹਾ ਹੈ। ਪਿਛਲੀ ਵਾਰ, ਉਸ ਨੇ ਨੌਮੀਨੇਸ਼ਨ ਦੀ ਚੋਣ ਹਿਲੇਰੀ ਕਲਿੰਟਨ ਦੇ ਵਿਰੁੱਧ ਲੜੀ ਸੀ। ਅਮਰੀਕਾ ਦੀਆਂ ਵੱਡੀਆਂ ਕੰਪਨੀਆਂ ਨੇ, ਉਸਦੇ ਸ਼ੋਸ਼ਲਿਸਟ ਵਿਚਾਰਾਂ ਤੋਂ ਡਰਦਿਆਂ, ਬਰਨੀ ਨੂੰ ਹਰਾਉਣ ਲਈ ਅਰਬਾਂ ਡਾਲਰ ਹਿਲੇਰੀ ਕਲਿੰਟਨ ਦੀ ਮੱਦਦ ਲਈ ਝੋਕੇ। ਇਹੋ ਜਿਹੇ ਸ਼ੋਸ਼ਲਿਸਟ ਬੰਦੇ ਦਾ ਅਮਰੀਕਾ ਦਾ ਪ੍ਰਧਾਨ ਬਣ ਜਾਣਾ ਸਾਰੀ ਦੁਨੀਆਂ ਲਈ ਸ਼ੁਭ-ਸ਼ਗਨ ਹੋਵੇਗਾ - ਅਨੁਵਾਦਕ

ਅਮਰੀਕਾ ਦੇ ਅਰਥਚਾਰੇ ਦੀ ਅਸਲੀਅਤ ਇਹ ਹੈ ਕਿ ਟੈਕਨਾਲੋਜੀ ਦੇ ਵਿੱਚ ਬੇਹੱਦ ਤਰੱਕੀ ਹੋਣ ਦੇ ਬਾਵਜੂਦ ਅਤੇ ਕਾਮਿਆਂ ਦੀ ਵਧੀ ਹੋਈ ਬੇਹੱਦ ਉਤਪਾਦਨ ਸ਼ਕਤੀ ਦੇ ਬਾਵਜੂਦ ਵੀ ਅਮਰੀਕਾ ਦੀ ਮੱਧਵਰਗੀ ਜਮਾਤ ਦੀ ਅਸਲ ਆਮਦਨ ਪਿਛਲੇ ਚਾਲ਼ੀ ਸਾਲਾਂ ਵਿੱਚ ਥੱਲੇ ਨੂੰ ਜਾ ਰਹੀ ਹੈ। ਤਨਖ਼ਾਹਾਂ ਘੱਟ ਹੋਣ ਕਰਕੇ ਅੱਜ ਲੱਖਾਂ ਹੀ ਅਮਰੀਕਨਾਂ ਨੂੰ ਕੰਮ ਦੇ ਬਹੁਤੇ ਘੰਟੇ ਕੰਮ ਕਰਨਾ ਪੈ ਰਿਹਾ ਹੈ ਜਾਣੀ ਕਿ ਜਿਹੜਾ ਸਮਾਂ ਲੋਕਾਂ ਨੇ ਆਪਦੇ ਪਰਵਾਰਾਂ ਨਾਲ਼ ਬਿਤਾਉਣਾ ਸੀ, ਉਸਦਾ ਵੀ ਬਹੁਤਾ ਹਿੱਸਾ ਉਹਨਾਂ ਦਾ ਕੰਮ ਕਰਦਿਆਂ ਹੀ ਬੀਤਦਾ ਹੈ। ਇੱਕ ਤਕੜੇ ਅਤੇ ਨਰੋਏ ਸਮਾਜ ਦੀ ਉਸਾਰੀ ਲਈ , ਪਰੀਵਾਰ ਦਾ ਇਕੱਠੇ ਸਮਾਂ ਗੁਜ਼ਾਰਨਾਂ ਬਹੁਤ ਜਰੂਰੀ ਹੈ। ਇਹ ਕੰਮ ਦੀ ਦੌੜ ਭੱਜ, ਅਰਾਜਿਕਤਾ, ਖ਼ੁਦਗਰਜੀਆਂ, ਹਿੰਸਾ ਅੱਜ ਅਮਰੀਕਨ ਕਲਚਰ ਦਾ ਹਿੱਸਾ ਬਣ ਚੁੱਕੀ ਹੈ। ਇੱਕ ਮਿਡਲ ਕਲਾਸ ਦੀ ਆਮਦਨ, ਡਾਲਰ ਦੀ ਖਰੀਦ ਸ਼ਕਤੀ ਦੇ ਹਿਸਾਬ, 1999 ਨਾਲ਼ੋ ਅੱਜ 2020 ਵਿੱਚ, ਪੰਜ ਹਜ਼ਾਰ ਡਾਲਰ ਘੱਟ ਹੈ। ਯਾਨੀਕਿ ਜੇਕਰ 1999 ਵਿੱਚ ਇੱਕ ਅਮਰੀਕਨ ਪਰੀਵਾਰ ਦੀ ਸਲਾਨਾਂ ਆਮਦਨ 50,000 ਡਾਲਰ ਸੀ ਤਾਂ ਹੁਣ ਜੇਕਰ ਉਹ 80,000 ਡਾਲਰ ਵੀ ਹੈ ਤਾਂ ਵੀ ਡਾਲਰ ਦੀ ਖਰੀਦ ਸ਼ਕਤੀ ਦੇ ਘਟਣ ਕਾਰਨ ਉਸਦੀ ਅਸਲ ਆਮਦਨ 45,000 ਡਾਲਰ ਹੀ ਹੈ। ਇਸਦੇ ਉਲਟ ਅਮੀਰ ਲੋਕ ਅਤੇ ਵੱਡੀਆਂ ਕਾਰਪੋਰੇਸ਼ਨਾਂ ਤੂੜੀ ਵਾਂਗ ਡਾਲਰ ਇਕੱਠੇ ਕਰ ਰਹੀਆਂ ਹਨ। ਅੱਜ ਦੀ ਪੈਦਾ ਹੋ ਰਹੀ 99% ਨਵੀਂ ਆਮਦਨ ਸਿਰਫ ਉਪਰਲੇ 1% ਲੋਕਾਂ ਕੋਲ਼ ਜਾ ਰਹੀ ਹੈ। ਯਾਨੀਕਿ ਟੌਪ ਇੱਕ ਪਰਸੈਂਟ ਵਿੱਚ ਜੇਕਰ 100 ਲੋਕ ਹਨ ਤਾਂ 100 ਵਿੱਚੋਂ ਉਪਰਲੇ 10 ਬੰਦਿਆਂ ਕੋਲ਼ ਇੰਨਾ ਪੈਸਾ ਹੈ ਜਿੰਨਾਂ ਹੇਠਲੇ 40 ਪਰਸੈਂਟ ਲੋਕਾਂ ਕੋਲ਼ ਹੈ। ਪਿਛਲੇ ਦੋ ਸਾਲਾਂ ਵਿੱਚ ਅਮਰੀਕਾ ਦੇ 14 ਅਮੀਰ ਲੋਕਾਂ ਦੀ ਜਾਏਦਾਦ 157 ਬਿਲੀਅਨ ਡਾਲਰ ਵਧ ਚੁੱਕੀ ਹੈ। ਇਹ ਜਿਹੜੇ 157 ਬਿਲੀਅਨ ਡਾਲਰ ਇਹਨਾਂ ਅਮੀਰਾਂ ਦੇ ਵਧੇ ਹਨ, ਇੰਨੇ ਪੈਸੇ 130 ਮਿਲੀਅਨ ਅਮਰੀਕਨਾਂ ਕੋਲ਼ ਵੀ ਨਹੀਂ ਹਨ। ਹੁਣ ਤੁਸੀਂ ਖ਼ੁਦ ਹਿਸਾਬ ਲਾ ਲਓ ਕਿ, ਇਹ ਵਰਤਾਰਾ ਕੀ ਚੰਦ ਚਾੜੂਗਾ। ਪਿਛਲੇ 40 ਸਾਲਾਂ ਵਿੱਚ ਅਮਰੀਕਾ ਦੀਆਂ ਵੱਡੀਆਂ ਕਾਰਪੋਰੇਸ਼ਨਾਂ ਨੇ, ਹਜ਼ਾਰਾਂ ਹੀ ਫੈਕਟਰੀਆਂ ਬੰਦ ਕਰ ਦਿੱਤੀਆਂ ਹਨ ਅਤੇ ਲੱਖਾਂ ਹੀ ਨੌਕਰੀਆਂ ਜਿਹੜੇ ਕਿ ਅਮਰੀਕਨ ਕਰਦੇ ਸਨ, ਉਹ ਓਵਰਸੀਜ ਸ਼ਿਫਟ ਕਰ ਦਿੱਤੀਆਂ ਹਨ, ਯਾਨੀਕਿ ਗਰੀਬ ਮੁਲਕਾਂ ਦੇ ਲੋਕਾਂ ਤੋਂ ਬਹੁਤ ਹੀ ਘੱਟ ਪੈਸੇ ਦੇ ਕੇ ਕਰਾਈਆਂ ਜਾ ਰਹੀਆਂ ਹਨ। ਇਸ ਕਰਕੇ ਸਾਨੂੰ ਇੱਕ ਨਵੀਂ ਵਪਾਰਿਕ ਸੰਧੀ ਬਨਾਉਣੀ ਪਵੇਗੀ, ਇਸੇ ਕਰਕੇ ਮੈਂ ਟੀ. ਪੀ. ਪੀ. ਟਰਾਂਸ-ਪੈਸਿਫਿਕ-ਪਾਰਟਨਰਸਿੱਜ਼ ਦਾ ਜ਼ਬਰਦਸਤ ਵਿਰੋਧ ਕਰਦਾ ਹਾਂ ਕਿ ਇਹ ਟਰੀਟੀ ਹੋਰ ਹਜਾਰਾਂ ਲੱਖਾਂ ਅਮਰੀਕਨ ਲੋਕਾਂ ਦੇ ਰੁਜ਼ਗਾਰ ਤੇ ਸੱਟ ਮਾਰੇਗੀ।

ਵੱਡੀਆਂ ਕੰਪਨੀਆਂ ਨੇ ਆਪਦੇ ਰਾਜਨੀਤਿਕ ਸਰੂਖਾਂ ਰਾਹੀਂ, ਟੈਕਸ ਸਿਸਟਮ ਵਿੱਚ ਇਹੋ ਜਿਹੀਆਂ ਚੋਰ ਮੋਰੀਆਂ ਰਖਵਾ ਲਈਆਂ ਹਨ, ਜਿਹਨਾਂ ਰਾਹੀਂ ਇਹ ਹਰ ਸਾਲ 100 ਬਿਲੀਅਨ ਡਾਲਰ ਟੈਕਸ ਬਚਾ ਕੇ ਕੇ-ਮੈਨ ਟਾਪੂ ਜਾਂ ਦੂਜੇ ਟੈਕਸ ਹੇਵਨ ਵਿੱਚ ਭੇਜ ਦਿੰਦੇ ਹਨ ਅਤੇ ਇਹ ਸਾਰਾ ਕੁੱਝ ਸਾਡੇ ਚੁਣੇ ਹੋਏ ਲੀਡਰਾਂ ਦੇ ਨੱਕ ਥੱਲੇ ਹੋ ਰਿਹਾ ਹੈ। ਸਾਡੇ ਅਮਰੀਕਾ ਵਿੱਚ ਕੁਤੀ ਅਤੇ ਚੋਰ, ਖ਼ੁਦ ਆਪਦੇ ਘਰ ਨੂੰ ਸੰਨ ਲਾ ਰਹੇ ਹਨ ਅਤੇ ਅਸੀਂ ਸਾਰੀ ਦੁਨੀਆਂ ਵਿੱਚ ਅੱਤਵਾਦ ਦਾ ਰੌਲ਼ਾ ਪਾ ਰਹੇ ਹਾਂ। ਜੇਕਰ ਲੋਕਾਂ ਨੂੰ ਗੋਲ਼ੀਆਂ ਨਾਲ਼ ਜਾਂ ਬੰਬਾਂ ਨਾਲ਼ ਮਾਰਨ ਵਾਲ਼ਾ ਅੱਤਵਾਦੀ ਹੋ ਸਕਦਾ ਹੈ ਤਾਂ ਕੀ ਲੋਕਾਂ ਨੂੰ ਭੁੱਖੇ ਰੱਖ ਕੇ ਮਾਰਨ ਵਾਲ਼ਾ ਅੱਤਵਾਦੀ ਨਹੀਂ ਹੈ? ਲੋਕਾਂ ਦਾ ਪੈਸਾ ਲੋਕਾਂ ਦੀ ਖਾਤਰ ਵਰਤਣ ਲਈ ਸਾਨੂੰ ਆਪਣੇ ਟੈਕਸ ਸਿਸਟਮ ਵਿੱਚ ਵੱਡੀਆਂ ਤਬਦੀਲੀਆਂ ਕਰਨੀਆਂ ਹੋਣਗੀਆਂ। ਸਾਨੂੰ ਇਹੋ ਜਿਹਾ ਟੈਕਸ ਸਿਸਟਮ ਲਾਗੂ ਕਰਨਾ ਹੋਵੇਗਾ ਜਿਸ ਨਾਲ਼ ਇਹ ਕੰਪਨੀਆਂ ਜਿਸ ਮੁਲਕ ਵਿੱਚ ਨਫ਼ਾ ਕਮਾਉਣ, ਉਸ ਮੁਲਕ ਵਿੱਚ ਹੀ ਟੈਕਸ ਭਰਨ। ਅੱਜ ਇਹ ਸਾਡੀਆਂ ਵੱਡੀਆਂ ਕੰਪਨੀਆਂ, ਆਪਦੇ ਦਲਾਲ ਰਾਜਨੀਤਿਕ ਲੀਡਰਾਂ ਰਾਹੀਂ ਵਰਕਰਾਂ ਦੇ ਹਿੱਤਾਂ ਤੇ ਇੱਥੋਂ ਤੱਕ ਸੱਟ ਮਾਰ ਰਹੀਆਂ ਹਨ ਕਿ ਇਹਨਾਂ ਨੇ ਵਰਕਰਾਂ ਦੀਆਂ ਯੂਨੀਅਨਾਂ ਨੂੰ ਵੀ ਇੱਕ ਕਿਸਮ ਨਾਲ਼ ਨਪੁੰਸਕ ਕਰ ਦਿੱਤਾ ਹੈ, ਯੂਨੀਅਨਾਂ ਦੀ ਹਾਲਤ ਇੰਨੀ ਕਮਜ਼ੋਰ ਕਰ ਦਿੱਤੀ ਹੈ ਕਿ ਯੂਨੀਅਨਾਂ ਵਰਕਰਾਂ ਲਈ ਕੋਈ ਮਾਣਮੱਤਾ ਸਮਝੌਤਾ ਵੀ ਨਹੀਂ ਕਰ ਸਕਦੀਆਂ। ਇਹਨਾਂ ਕੰਪਨੀਆਂ ਨੇ ਕੰਟਰੈਕਟ ਸਿਸਟਮ ਰਾਹੀਂ, ਕਾਮਿਆਂ ਦੀਆਂ ਵਧਦੀਆਂ ਤਨਖ਼ਾਹਾਂ, ਸਹੂਲਤਾਂ ਅਤੇ ਭੱਤਿਆਂ ਤੋਂ ਵੀ ਵਰਕਰਾਂ ਨੂੰ ਵਾਂਝਾ ਕਰ ਦਿੱਤਾ ਹੈ। ਸਾਨੂੰ ਕਾਮਿਆਂ ਦੀਆਂ ਇਹ ਸਹੂਲਤਾਂ ਵਾਪਸ ਲਿਆਉਣ ਲਈ ਕਾਨੂੰਨ ਬਨਾਉਣੇ ਹੋਣਗੇ, ਤਾਂ ਕਿ ਉਹ ਯੂਨੀਅਨਾਂ ਬਣਾ ਸਕਣ ਤੇ ਮਾਲਕਾਂ ਨਾਲ਼ ਵਧੀਆ ਸਮਝੌਤੇ ਕਰ ਸਕਣ। ਸੁਪਰੀਮ ਕੋਰਟ ਦੇ ਨਿੰਦਣਯੋਗ ਫੈਸਲੇ "ਸਿਟੀਜਨ ਯੂਨਾਈਟਡ" ਐਕਟ ਨੂੰ ਵਰਤ ਕੇ ਕਾਰਪੋਰੇਸ਼ਨਾਂ ਅਤੇ ਅਮੀਰ ਲੋਕ ਅਰਬਾਂ ਡਾਲਰ ਖਰਚ ਕੇ ਆਪਣੇ ਚਹੇਤੇ ਭਾੜੇ ਦੇ ਟੱਟੂ ਲੀਡਰ ਚੋਣਾਂ ਵਿੱਚ ਜਤਾਉਂਦੇ ਹਨ ਤਾਂ ਕਿ ਇਹ ਲੀਡਰ ਨੂੰ ਭਾੜੇ ਦੇ ਟੱਟੂ ਜ਼, ਉਹਨਾਂ ਦੇ ਹਿੱਤ ਪੂਰ ਸਕਣ। ਇਸੇ ਕਰਕੇ ਸਾਨੂੰ ਸੰਵਿਧਾਨ ਵਿੱਚ ਤਬਦੀਲੀ ਕਰਕੇ "ਸਿਟੀਜਨ ਯੂਨਾਈਟਡ" ਦੀ ਜਗਾਹ ਤੇ "ਪਬਲਿਕ ਫੰਡਿੰਗ" ਇਲੈਕਸ਼ਨ ਤੇ ਜੋਰ ਲਾਉਣਾ ਹੋਵੇਗਾ।

ਸਾਡੀਆਂ ਵੱਡੀਆਂ ਕਾਰਪੋਰੇਸ਼ਨਾਂ ਨਵੇਂ ਇਨੋਵੇਸ਼ਨ ਨਾਲ਼, ਆਪਦੀ ਬਿਜਨਿਸ ਬਿਲਡ ਕਰਕੇ, ਹੋਰ ਵਰਕਰ ਹਾਇਰ ਕਰਨ ਦੀ ਜਗਾਹ, 98% ਪਰੌਫਿਟ ਨਾਲ਼ ਆਪਦੇ ਹੀ ਸ਼ੇਅਰ ਲੋਕਾਂ ਤੋਂ ਦੁਬਾਰਾ ਖਰੀਦ ਕੇ ਕਾਰਪੋਰੇਸ਼ਨ ਤੇ ਆਪਦੀ ਗਰਿੱਪ ਪੱਕੀ ਕਰ ਲੈਂਦੀਆਂ ਹਨ ਤੇ ਹੁਣ ਬਹੁਤਾ ਨਫ਼ਾ ਆਪਦੇ ਸੀ.ਈ.ਓ. ਜਾਂ ਸ਼ੇਅਰ ਹੋਲਡਰਾਂ ਦੀ ਝੋਲ਼ੀ ਪਾ ਦਿੰਦੀਆਂ ਹਨ। ਇਸੇ ਕਰਕੇ ਅੱਜ ਇੱਕ ਸਧਾਰਣ ਸੀ.ਈ.ਓ., ਇੱਕ ਆਮ ਵਰਕਰ ਨਾਲ਼ੋ 300 ਗੁਣਾਂ ਵੱਧ ਕਮਾ ਰਿਹਾ ਹੈ। ਬਾਕੀ ਜਿਹੜਾ ਸਟੌਕ ਬਾਏ ਬੈਕ ਦਾ ਸਿਸਟਮ ਹੈ, ਸਾਨੂੰ ਇਹ ਟੋਟਲੀ ਬੰਦ ਕਰਨਾ ਹੋਵੇਗਾ ਕਿਉਂਕਿ ਕਾਰਪੋਰੇਸ਼ਨਾਂ ਇਸ ਸਟੌਕ ਬਾਏ ਬੈਕ ਸਿਸਟਮ ਨਾਲ਼ ਆਪਦੇ ਹੀ ਸੀ.ਈ.ਓ. ਅਤੇ ਸ਼ੇਅਰ ਹੋਲਡਰਾਂ ਦਾ ਫਾਇਦਾ ਕਰ ਰਹੀਆਂ ਹਨ। ਸਾਨੂੰ ਹੁਣ ਮਿਡਲ ਕਲਾਸ ਨੂੰ ਮਜ਼ਬੂਤ ਕਰਨ ਲਈ , ਕਾਰਪੋਰੇਸ਼ਨਾਂ ਦੇ ਲਾਲਚ ਤੇ ਛਿੱਕਲ਼ੀ ਚਾੜਨੀ ਹੋਵੇਗੀ ਅਤੇ ਸਾਨੂੰ ਇਹ ਯਕੀਨੀ ਬਨਾਉਣਾ ਪਵੇਗਾ ਕਿ ਸਾਡੀ ਆਰਥਿਕਤਾ, ਕੰਮ ਕਰਨ ਵਾਲ਼ੇ ਪਰਿਵਾਰਾਂ ਦੀ ਮਦਦ ਕਰੇ। ਸਾਨੂੰ ਘੱਟੋ ਘੱਟ ਉਜਰਤ 15 ਡਾਲਰ ਬੇਸ ਤੋਂ ਸ਼ੁਰੂ ਕਰਕੇ ਲਗਾਤਾਰ ਵਧਾਉਣੀ ਹੋਵੇਗੀ ਤੇ ਇਸ ਨੂੰ ਲਿਵਿੰਗ ਵੇਜ ਦੇ ਬਰਾਬਰ ਕਰਨਾ ਹੋਵੇਗਾ। ਇੱਕ ਹੋਰ ਗੱਲ ਚੇਤੇ ਰੱਖਣ ਵਾਲ਼ੀ ਹੈ ਕਿ ਸਾਡੀ 70% ਆਰਥਿਕਤਾ ਕਨਜਿਊਮਰਜ਼ ਤੇ ਨਿਰਭਰ ਹੈ, ਜਿਹੜੇ ਸਾਡੀਆਂ ਵਸਤਾਂ ਤੇ ਸਰਵਿਸਜ ਖਰੀਦ ਦੇ ਹਨ, ਇਸ ਕਰਕੇ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਵਰਕਰਾਂ ਦੀ ਤਨਖ਼ਾਹਾਂ ਵਿੱਚ ਵਾਧਾ ਕਰੀਏ ਤਾਂ ਕਿ ਲੋਕਾਂ ਦੀ ਖਰੀਦ ਸ਼ਕਤੀ ਵਧੇ। ਲੋਕਾਂ ਦੀ ਵਧੀ ਹੋਈ ਖਰੀਦ-ਸ਼ਕਤੀ ਨੌਕਰੀਆਂ ਪੈਦਾ ਕਰਨ ਦੀ ਪਹਿਲੀ ਗਰੰਟੀ ਹੈ।

ਅਸੀਂ ਲੱਖਾਂ ਹੀ ਨੌਕਰੀਆਂ ਤੇ ਵਧੀਆ ਤਨਖਾਹਾਂ ਵਾਲ਼ੀਆ ਪੈਦਾ ਕਰ ਸਕਦੇ ਹਾਂ, ਜੇਕਰ ਅਸੀਂ ਆਪਦੇ ਇਨਫਰਾਸਟਰੱਕਚਰ ਵੱਲ ਧਿਆਨ ਦੇਈਏ। ਸਾਡੀਆਂ ਸੜਕਾਂ, ਪੁਲ਼, ਰੇਲਵੇ, ਡੈਮ, ਹਵਾਈ ਅੱਡੇ ਸਾਡੀ ਲੌਂਗ ਟਰਮ ਇਨਵੈਸਟਮੈਂਟ ਹੈ, ਜਿਹਨਾਂ ਤੇ ਕੰਮ ਸ਼ੁਰੂ ਕਰਨਾ ਬਹੁਤ ਜ਼ਰੂਰੀ ਹੈ। ਸਾਨੂੰ ਇਹ ਵੀ ਯਕੀਨੀ ਬਣਾਉਣਾ ਹੋਵੇਗਾ ਕਿ ਮਰਦਾਂ ਅਤੇ ਔਰਤਾਂ ਦੀ ਪੇਅ ਬਰਾਬਰ ਹੋਵੇ, ਹੁਣ ਤਾਂ ਜੇਕਰ ਮਰਦ 100 ਡਾਲਰ ਕਮਾਉਂਦਾ ਹੈ ਤਾਂ ਔਰਤ ਓਨੇ ਕੰਮ ਦੇ 78 ਡਾਲਰ ਬਣਾਉਂਦੀ ਹੈ। ਜਿਹੜੀਆਂ ਕੰਪਨੀਆਂ ਆਪਦੇ ਵਰਕਰਾਂ ਨਾਲ਼ ਫਰਾਡ ਕਰਦੀਆਂ ਹਨ, ਵਰਕਰਾਂ ਦਾ ਸ਼ੋਸ਼ਣ ਕਰਦੀਆਂ ਹਨ, ਉਹਨਾਂ ਨੂੰ ਕੋਰਟ ਵਿੱਚ ਘੜੀਸਿਆ ਜਾਵੇ, ਵਰਕਰਾਂ ਨੂੰ ਡਬਲਯੂ.ਸੀ.ਬੀ, ਸਿੱਕ ਲੀਵ, ਵੋਕੇਸ਼ਨ ਪੇਅ, ਮਟਰਨਿਟੀ ਲੀਵ ਦੀਆਂ ਸਹੂਲਤਾਂ ਦੀ ਗਰੰਟੀ ਹੋਵੇ। ਵਰਕਰਾਂ ਨੂੰ ਪੇਅ ਰੋਲ ਦੇ ਜ਼ਰੀਏ ਆਪਦੀ ਕੰਪਨੀ ਦੇ ਸ਼ੇਅਰ ਖਰੀਦਣ ਦੀ ਸਹੂਲਤ ਹੋਵੇ। ਅਖੀਰ ਵਿੱਚ ਲੋਕਾਂ ਦੇ ਸਾਰੇ ਦੁੱਖਾਂ ਦੀ ਜਨਮਦਾਤੀ ਇਹ ਕਾਰਪੋਰੇਟ ਗਰੀਡ ਹੈ, ਇਸ ਨੂੰ ਨੱਥ ਪਾਏ ਬਿਨਾਂ ਮਨੁੱਖਤਾ ਦਾ ਭਲਾ ਅਸੰਭਵ ਹੈ। ਬਹੁਤ ਹੋ ਗਿਆ ਹੈ, ਹੁਣ ਹੋਰ ਉਡੀਕ ਨਹੀਂ ਕੀਤੀ ਜਾ ਸਕਦੀ।

Call Romi Sidhu For Insurance & Financial Needs



StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS

Romi Sidhu, Agent
P02720CN

Calgary Best Buy
Furniture & Mattress



Sales Rep.

Home Store
308 - 4774 Westwinds Dr. N.E.
Calgary AB T3J 0L9
Ph. : (403) 250-6661 Ext 1
westwinds@calgarybestbuyfurnitures.com



Unit#D200 9737 Mcleod Tr SW
Calgary AB T2J OP6
Ph. : (403) 250-6661 Ext3
sales@calgarybestbuyfurnitures.com
www.calgarybestbuyfurnitures.com

IQBAL SIDHU INSURANCE ADVISOR
FINANCIAL SERVICES
- Life Insurance; - Term Life - Universal Life
- Critical Illness Insurance • Segregated Funds
- RRSP

ਲਾਈਫ ਇੰਸ਼ੋਰੈਂਸ ਦੀਆਂ ਜ਼ਰੂਰਤਾਂ ਲਈ
ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Tel: (403) 615-0957
Email: isidhu@sidhuaccounting.ca

SIDHU ACCOUNTING & TAX SERVICES
ACCOUNTING SERVICES
- Personal Tax Returns • Corporate Tax Returns
- Computerized Book Keeping
- Payroll • T4's • Record of Employment

ਅਕਾਊਂਟਿੰਗ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Iqbal Sidhu
Tel: (403) 568-2667 Fax: (403) 568-2676
Email:info@sidhuaccounting.ca

Unit 202, 4656 Westwinds Dr. NE Calgary, AB. T3J 3Z5 (Near Sikh Virsa Office)



*23-ਮਾਰਚ ਸ਼ਹੀਦੀ ਦਿਵਸ 'ਤੇ*

### ਭਾਰਤ ਦੇ ਮਹਾਨ ਸਪੂਤ

# ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਅਜੋਕੇ ਸੰਦਰਭ 'ਚ ਪ੍ਰਸੰਗਤਾ


ਜਗਦੀਸ਼ ਸਿੰਘ ਚੋਹਕਾ
91-9217997445
001-403-285-4208

ਭਾਰਤ ਦੇ ਇਨਕਲਾਬੀ ਸੰਘਰਸ਼ ਦੇ ਇਤਿਹਾਸ ਅੰਦਰ 'ਉਤਰੀ ਭਾਰਤ ਦੇ ਸਮੁੱਚੇ ਆਵਾਮ ਨੂੰ 'ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ, "ਹੋਰਨਾਂ ਤੋਂ ਬਿਨ੍ਹਾਂ, "ਜੇਕਰ ਦੇਸ਼ ਭਗਤੀ, ਇਨਕਲਾਬੀ ਵਿਚਾਰਧਾਰਾ ਅਤੇ ਆਪਾਵਾਰੂ ਭਾਵਨਾ ਲਈ ਹਲੂਣਿਆਂ, "ਉਹ ਸੀ, ਭਗਤ ਸਿੰਘ ਅਤੇ ਉਸ ਦੀ ਸ਼ਹਾਦਤ? ਇਸੇ ਕਰਕੇ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਦੀ ਪ੍ਰਸੰਗਤਾ, 'ਅਤੀਤ ਅਤੇ ਵਰਤਮਾਨ ਸੰਦਰਭ 'ਚ ਉਸ ਦੇ ਖ਼ੁਦ ਪ੍ਰਗਟ ਕੀਤੇ ਵਿਚਾਰਾਂ ਅਨੁਸਾਰ ਅੱਜ ਵੀ ਸਵੈ-ਸਪਸ਼ਟ ਅਤੇ ਮਕਬੂਲ ਹੈ। ਭਗਤ ਸਿੰਘ ਨੇ ਕਿਹਾ ਸੀ, 'ਕਿ ਜਿਹੜਾ ਵੀ ਮਨੁੱਖ ਪ੍ਰਗਤੀ ਦਾ ਹਾਮੀ ਹੈ, 'ਉਹਨੂੰ ਲਾਜਮੀ ਤੌਰ 'ਤੇ ਪੁਰਾਣੇ ਵਿਸ਼ਵਾਸ਼ਾਂ ਦੀ ਹਰ ਗੱਲ ਦੀ ਅਲੋਚਨਾ ਕਰਨੀ ਹੈ। ਇਨ੍ਹਾਂ ਵਿਸ਼ਵਾਸ਼ਾਂ ਨੂੰ ਤਰਕ ਨਾਲ ਰੱਦ ਕਰਦੇ ਹੋਏ, 'ਇਹਦੇ ਹਰ ਪਹਿਲੂ ਨੂੰ ਵੰਗਾਰਨਾ ਹੋਵੇਗਾ? ਇਨਕਲਾਬ ਸੰਬੰਧੀ ਉਸ ਨੇ ਕਿਹਾ, 'ਕਿ ਇਨਕਲਾਬ ਮਿਹਨਤੀ ਵਿਚਾਰਵਾਨਾਂ ਅਤੇ ਕਿਰਤੀ ਕਾਰਕੁਨਾਂ ਦੀ ਪੈਦਾਇਸ਼ ਹੁੰਦਾ ਹੈ। ਪਰ ਮਾੜੀ ਗੱਲ ਇਹ ਹੈ, 'ਕਿ ਭਾਰਤੀ ਇਨਕਲਾਬ ਵਿੱਚ ਬੌਧਿਕ ਪੱਖ ਹਮੇਸ਼ਾਂ ਕਮਜ਼ੋਰ ਰਿਹਾ ਹੈ। ਇਸ ਲਈ ਇਨਕਲਾਬ ਦੀਆਂ ਜ਼ਰੂਰੀ ਗੱਲਾਂ ਅਤੇ ਕੀਤੇ ਕੰਮਾਂ ਦੇ ਪ੍ਰਭਾਵ ਵੱਲ ਧਿਆਨ ਨਹੀਂ ਦਿੱਤਾ ਗਿਆ। ਇਸ ਵਾਸਤੇ ਇੱਕ ਇਨਕਲਾਬੀ ਨੂੰ ਅਧਿਐਨ ਅਤੇ ਚਿੰਤਨ ਨੂੰ ਆਪਣੀ ਪਵਿੱਤਰ ਜਿੰਮੇਵਾਰੀ ਬਣਾ ਲੈਣਾ ਚਾਹੀਦਾ ਹੈ! ਇਨਕਲਾਬ! ਸਮਾਜ ਦਾ ਇੱਕ ਨਿਯਮ ਹੈ ? ਇਹ ਮਨੁੱਖੀ ਸਮਾਜ ਦੇ ਵਿਕਾਸ ਦਾ ਭੇਦ ਹੈ। ਪਰ ਇਸ ਵਿੱਚ ਖ਼ੂਨ-ਖਰਾਬੇ ਨਾਲ ਲਿਬੜੀ ਜੱਦੋਂ-ਜਹਿਦ ਜ਼ਰੂਰੀ ਨਹੀਂ ਅਤੇ ਨਾ ਹੀ ਇਸ ਵਿੱਚ ਜਾਤੀ ਬਦਲੇ ਦੀ ਕੋਈ ਥਾਂ ਹੈ। ਇਹ ਬੰਬ ਅਤੇ ਪਿਸਤੌਲ ਦਾ ਫਲਸਫ਼ਾ ਵੀ ਨਹੀਂ ਹੈ? ਇਨਕਲਾਬ ! ਮਨੁੱਖ ਜਾਤੀ ਦਾ ਜਨਮ ਸਿੱਧ ਅਧਿਕਾਰ ਹੈ। ਇਸ ਦਾ ਅਪਹਰਣ ਨਹੀਂ ਕੀਤਾ ਜਾ ਸਕਦਾ ਹੈ? ਇਨਕਲਾਬ ਲਈ ਨਾਂ ਤਾਂ ਜਜ਼ਬਾਤੀ ਹੋਣ ਦੀ ਜ਼ਰੂਰਤ ਹੈ, ਨਾ ਮੌਤ ਦੀ। ਇਸ ਲਈ ਲੋੜ ਹੈ। ਲਾਜ਼ਮੀ ਸੰਘਰਸ਼, ਕਸ਼ਟ ਤੇ ਕੁਰਬਾਨੀਆਂ ਭਰੀ ਜਿੰਦਗੀ ਦੀ? 23-ਮਾਰਚ ਭਾਰਤ ਦੀ ਆਜ਼ਾਦੀ ਸੰਗਰਾਮ ਦੇ ਅੰਦੋਲਨ ਦੇ ਇਤਿਹਾਸ 'ਚ ਇੱਕ ਅਜਿਹੀ ਘਟਨਾ ਹੈ ਜੋ ਕਦੀ ਭੁਲਾਈ ਨਹੀਂ ਜਾ ਸਕਦੀ?

ਭਵਿੱਖ ਲਈ, 'ਭਗਤ ਸਿੰਘ ਨੇ ਆਜ਼ਾਦੀ ਬਾਦ, 'ਭਾਰਤ ਦੀ ਤਸਵੀਰ ਪੇਸ਼ ਕਰਦੇ ਕਿਹਾ, 'ਕਿ ਜੇਕਰ ਲਾਰਡ ਗੀਡਿੰਗ ਦੀ ਥਾਂ ਭਾਰਤੀ ਸਰਕਾਰ ਦਾ ਮੋਹਰੀ ਸਰ ਪੁਰਸ਼ੋਤਮ ਦਾਸ ਠਾਕੁਰ ਹੋਵੇ ਤਾਂ ਲੋਕਾਂ ਨੂੰ ਕੀ ਫ਼ਰਕ ਪੈਣਾ ਹੈ? ਇੱਕ ਕਿਸਾਨ ਵਾਸਤੇ ਇਸ ਨਾਲ ਕੀ ਫ਼ਰਕ ਪਏਗਾ, 'ਜੇਕਰ ਲਾਰਡ ਇਰਵਿਨ ਦੀ ਥਾਂ ਸਰ ਤੇਜ ਬਹਾਦਰ ਸਪਰੂ ਆ ਜਾਂਦਾ ਹੈ? ਦੇਸ਼ ਵਿੱਚ ਅੰਗਰੇਜ਼ੀ ਸਰਮਾਇਆ ਵੱਧਣ ਨਾਲ ਭਾਰਤ ਦੀ ਗਿਰਾਵਟ ਅਟੱਲ ਹੋ ਜਾਵੇਗੀ? ਭਵਿੱਖ ਵਿੱਚ ਬਹੁਤ ਛੇਤੀ ਹੀ ਅਸੀਂ ਆਪਣੇ ਦੇਸ਼ ਦੇ ਸਰਮਾਏਦਾਰ ਤਬਕੇ ਤੇ ਇਸਦੇ ਉਘੇ ਨੇਤਾਵਾਂ ਨੂੰ ਵਿਦੇਸ਼ੀ ਹਾਕਮਾਂ ਨਾਲ ਗਲਵਕੜੀ ਪਾਉਂਦੇ ਹੋਏ ਤੱਕਾਂਗੇ? ਸਾਡੀ ਪੁਰਾਤਨ ਸੱਭਿਅਤਾ ਅਤੇ ਗੌਰਵ ਵਾਲੀ ਵਿਰਾਸਤ ਦਾ ਕੀ ਫ਼ਾਇਦਾ, 'ਜੇ ਸਾਡੇ 'ਚ ਇਹ ਸਵੈਮਾਣ ਨਾ ਰਹੇ, 'ਕਿ ਅਸੀਂ ਆਪਣੇ ਆਪ ਨੂੰ ਵਿਦੇਸ਼ੀ ਗੁਲਾਮੀ, ਵਿਦੇਸ਼ੀ ਪੈਸੇ, ਵਿਦੇਸ਼ੀ ਝੰਡੇ ਸਾਹਮਣੇ ਸਿਰ ਝਕਾਉਣ ਤੋਂ ਲਾ ਰੋਕ ਸਕੀਏ? ਸਾਮਰਾਜ! ਇਨਕਲਾਬੀਆਂ ਨੂੰ ਕਤਲ ਕਰ ਸਕਦਾ ਹੈ, ਪਰ ਇਨਕਲਾਬ ਨੂੰ ਨਹੀਂ ਮਾਰ ਸਕਦਾ। ਇਨਕਲਾਬ ਤੋਂ ਸਾਡਾ ਮੰਤਵ ਇਹ ਹੈ, 'ਕਿ ਮਾਜੂਦਾ ਨਿਜ਼ਾਮ ਨੂੰ ਜਿਹੜਾ ਕਿ ਸਰਾਸਰ ਬੇ-ਇਨਸਾਫੀ 'ਤੇ ਅਧਾਰਿਤ ਹੈ, ਤਬਦੀਲ ਕਰ ਦਿੱਤਾ ਜਾਵੇ। ਲੁੱਟ-ਖਸੁੱਟ ਖਤਮ ਕਰ ਦਿੱਤੀ ਜਾਵੇ ਅਤੇ ਕਾਸ਼ਤਕਾਰ ਤੇ ਮਜ਼ਦੂਰ ਭੁੱਖੇ ਨਾ ਮਰਨ? ਪਰ! ਇਨਕਲਾਬ ਬਹੁਤ ਔਖਾ ਕੰਮ ਹੈ! ਕੋਈ ਵੀ ਵਿਅਕਤੀ ਇਨਕਲਾਬ ਨਹੀਂ ਲਿਆ ਸਕਦਾ? ਇਸ ਨੂੰ ਸੰਭਵ ਬਣਾਉਂਦੀਆਂ ਹਨ, ਵਿਸ਼ੇਸ਼ ਸਮਾਜਕ ਤੇ ਆਰਥਿਕ ਹਾਲਤਾਂ? ਇਸ ਖਾਤਰ ਇਨਕਲਾਬੀ ਕਾਰਕੁੰਨਾਂ ਨੂੰ ਭਾਰੀ ਕੁਰਬਾਨੀ ਕਰਨੀ ਪੈਂਦੀ ਹੈ? ਜਿਵੇਂ ਬਸੰਤ ਦੇ ਆਉਣ ਨੂੰ ਕਦੇ ਨਹੀਂ ਰੋਕਿਆ ਜਾ ਸਕਦਾ, ਉਸੇ ਤਰ੍ਹਾਂ ਲਹਿਰ ਕਦੇ ਨਹੀਂ ਕੁਚਲੀ ਜਾ ਸਕਦੀ? ਇਹ ਉਦੋਂ ਤੱਕ ਖ਼ਤਮ ਨਹੀਂ ਹੁੰਦੀ, 'ਜਦੋਂ ਤੱਕ ਆਪਣੇ ਉਦੇਸ਼ ਪੂਰੇ ਨਹੀਂ ਕਰ ਲੈਂਦੀ। ਜਿਸਦੇ ਲਈ ਇਹ ਪੈਦਾ ਹੋਈ ਹੁੰਦੀ ਹੈ? ਭਗਤ ਸਿੰਘ ਦੇ ਉਪਰੋਕਤ ਇਨ੍ਹਾਂ ਵਿਚਾਰਾਂ ਦੀ ਪਰਪੱਕਤਾ ਅੱਜ ਵੀ ਸਹੀ ਸਾਬਤ ਹੋ ਰਹੀ ਹੈ।

ਭਗਤ ਸਿੰਘ ਭਾਰਤ ਦੇ ਮਹਾਨ ਦੇਸ਼ ਭਗਤਾਂ ਅਤੇ ਮੁਕਤੀ ਅੰਦੋਲਨ ਦੌਰਾਨ ਉਠੀਆਂ ਵੱਖ-ਵੱਖ ਲਹਿਰਾਂ ਦੇ ਆਗੂਆਂ ਵਾਂਗ ਇਕ ਮਹਾਨ ਦੇਸ਼-ਭਗਤ ਹੋਏ ਹਨ। 'ਸਗੋਂ ਭਗਤ ਸਿੰਘ ਨੇ ਜੇਲ੍ਹ ਅੰਦਰ ਇਕ ਮੁੱਢਲੇ ਸਮਾਜਵਾਦੀ ਚਿੰਤਕਾਂ ਅਤੇ ਵਿਚਾਰਵਾਨਾਂ ਵੱਜੋਂ ਪਰਪੱਕਤਾ ਵੀ ਪ੍ਰਾਪਤ ਕਰ ਲਈ ਸੀ। ਉਸ ਨੇ 24 ਸਾਲ ਦੀ ਘੱਟ ਉਮਰ ਵਿੱਚ ਹੀ ਅਰਥ-ਭਰਪੂਰ ਜੀਵਨ ਵਾਲੀਆਂ ਸਿਆਸੀ ਅਤੇ ਲੋਕ ਪੱਖੀ ਵਿਚਾਰਧਾਰਾ ਅਤੇ ਜੀਵਨ ਸ਼ੈਲੀ ਨੂੰ ਦੇਸ਼ ਭਰ ਅੰਦਰ ਇਕ ਮਾਡਲ ਵੱਜੋ ਪੇਸ਼ ਕਰਕੇ ਹੌਸਲਾ, ਕੁਰਬਾਨੀ, ਦੇਸ਼ ਪਿਆਰ, ਬਹਾਦਰੀ, ਲੋਕ ਨਾਇਕ ਵਜੋਂ ਅਤੇ ਬਰਤਾਨਵੀ ਸਾਮਰਾਜ ਲਈ ਇਕ ਇਨਕਲਾਬੀ ਹਊਆਂ ਬਣ ਕੇ, 'ਅਮਰ ਸ਼ਹੀਦ ਦਾ ਰੁਤਬਾ ਪ੍ਰਾਪਤ ਕੀਤਾ ਸੀ। ਸ਼ਹੀਦ ਭਗਤ ਸਿੰਘ! 1920-ਵਿਆਂ ਦੌਰਾਨ ਹੀ ਪੰਜਾਬ ਅਤੇ ਦੇਸ਼ ਦੇ ਬਾਕੀ ਕ੍ਰਾਂਤੀਕਾਰੀ ਨੌਜਵਾਨਾਂ ਵਿੱਚ ਸਭ ਤੋਂ ਵੱਧ ਮਕਬੂਲ ਆਗੂ ਸੀ। ਉਸ ਨੇ ਹੀ ਸਭ ਤੋਂ ਪਹਿਲਾਂ ਅੰਗਰੇਜ਼ ਅਧਿਕਾਰੀਆਂ ਵੱਲੋਂ ਉਨ੍ਹਾਂ ਨੂੰ ਦਹਿਸ਼ਤ ਗਰਦਾਰਨ ਵਿਰੁਧ, 'ਬੰਬਾਂ-ਪਿਸਤੌਲਾਂ ਉਪਰ ਮੁਕੰਮਲ ਨਿਰਭਰਤਾ ਤੋਂ ਇਨਕਾਰ ਕਰਕੇ ਜਵਾਬ ਦਿੱਤਾ ਸੀ। ਉਹ ਪੂਰਨ ਤੌਰ 'ਤੇ ਯਥਾਰਥਵਾਦੀ ਹੋਣ ਕਰਕੇ ਆਖਰੀ ਦਮ ਤਕ, 'ਇਥੋਂ ਤੱਕ ਕਿ ਫਾਂਸੀ ਚੜ੍ਹਨ ਵੇਲੇ ਵੀ ਸਿਰ ਉਚਾ ਕਰਕੇ ਇਕ ਦੇਸ਼ ਭਗਤ ਵੱਜੋ ਉਸ ਨੇ ਸ਼ਹੀਦੀ ਪ੍ਰਾਪਤ ਕੀਤੀ। ਬਸਤੀਵਾਦੀ ਸਾਮਰਾਜ ਵਿਰੁਧ ਉਸ ਦੀ ਵਿਚਾਰਧਾਰਾ, ਵਿਸ਼ਵਾਸ਼ ਅਤੇ ਕੌਮੀ ਮੁਕਤੀ ਸੰਘਰਸ਼ ਵਿੱਚ ਪਇਆ ਯੋਗਦਾਨ ਇਕ ਅੰਤਰ-ਦ੍ਰਿਸ਼ਟੀ ਸੀ। ਉਸ ਨੇ ਕਿਹਾ ਸੀ, 'ਕਿ ਪਿਸਤੌਲ ਤੇ ਬੰਬ ਕਦੇ ਇਨਕਲਾਬ ਨਹੀਂ ਲਿਆਉਂਦੇ, ਬਲਕਿ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਂਣ ਤੋਂ ਤਿੱਖੀ ਹੁੰਦੀ ਹੈ।

ਸ਼ਹੀਦ ਭਗਤ ਸਿੰਘ ਦਾ ਜਨਮ 28 ਸਤੰਬਰ 1907 ਨੂੰ ਪਿਤਾ ਕਿਸ਼ਨ ਸਿੰਘ ਅਤੇ ਮਾਤਾ ਵਿਦਿਆਵਤੀ ਦੇ ਘਰ, ਪਿੰਡ ਬੰਗੇ (ਲਾਇਲਪੁਰ, ਪਾਕਿਸਤਾਨ) ਵਿਖੇ ਹੋਇਆ। ਉਹ ਪੰਜ ਭਰਾ-ਭਗਤ ਸਿੰਘ, ਕੁਲਵੀਰ ਸਿੰਘ, ਕੁਲਤਾਰ ਸਿੰਘ, ਰਾਜਿੰਦਰ ਸਿੰਘ ਤੇ ਰਣਵੀਰ ਸਿੰਘ ਅਤੇ ਤਿੰਨ ਭੈਣਾ-ਬੀਬੀ ਅਮਰ ਕੌਰ, ਪ੍ਰਕਾਸ਼ ਕੌਰ ਅਤੇ ਸ਼ਕੁੰਤਲਾ ਸਨ। ਪ੍ਰਵਾਰ ਆਰੀਆ ਸਮਾਜੀ ਪ੍ਰਭਾਵ ਅਧੀਨ ਸੀ। ਭਗਤ ਸਿੰਘ ਦੇ ਚਾਚਾ ਮਹਾਨ ਦੇਸ਼ ਭਗਤ ਅਜੀਤ ਸਿੰਘ ਅਤੇ ਸਵਰਨ ਸਿੰਘ ਸਨ। ਜਦੋਂ ਭਗਤ ਸਿੰਘ ਪੈਦਾ ਹੋਇਆ ਤਾਂ ਪਿਤਾ ਸ:ਕਿਸ਼ਨ ਸਿੰਘ ਜੇਲ੍ਹ 'ਚ ਰਿਹਾਅ ਹੋਏ, ਚਾਚਾ ਅਜੀਤ ਸਿੰਘ ਮਾਂਡਲਾ (ਬਰਮਾ) ਜੇਲ੍ਹ 'ਚ ਰਿਹਾਅ ਹੋਇਆ। ਉਹ ਬਰਤਾਨਵੀ ਸਾਮਰਾਜ ਵਿਰੁਧ ਸੰਘਰਸ਼ ਕਰਦਾ ਸਾਰੀ ਉਮਰ ਜਲਾਵਤਨੀ ਰਿਹਾ ਅਤੇ 14-15 ਅਗਸਤ 1947 ਦੀ ਰਾਤ ਨੂੰ ਜਦੋਂ ਭਾਰਤ ਆਜ਼ਾਦ ਹੋ ਰਿਹਾ ਸੀ, ਡਲਹੌਜੀ ਵਿਖੇ ਸਦੀਵੀਂ ਵਿਛੋੜਾ ਦੇ ਗਿਆ। ਇਨ੍ਹਾਂ ਦੇ ਛੋਟੇ ਚਾਚਾ ਸ: ਸਵਰਨ ਸਿੰਘ ਵੀ ਛੋਟੀ ਉਮਰ ਵਿੱਚ ਜੇਲ੍ਹ ਅੰਦਰ ਅਕਹਿ ਤਸੀਹਿਆ ਕਾਰਨ ਸ਼ਹੀਦ ਹੋ ਗਏ ਸਨ। ਭਗਤ ਸਿੰਘ ਨੂੰ ਘਰੋ

(ਬਾਕੀ ਸਫ਼ਾ 11 'ਤੇ)

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000

Bay 11 2316 27 Ave. NE, Calgary Ph.: 403-719-4947

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS, Skilled Workers, Investors, Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)



ਹਰਚਰਨ ਸਿੰਘ ਪਰਹਾਰ
403-681-8689
hp8689@gmail.com

*ਅੰਤਰਰਾਸ਼ਟਰੀ ਵੂਮੈਨ ਡੇਅ 'ਤੇ ਵਿਸ਼ੇਸ਼*

# ਔਰਤਾਂ ਤੇ ਜ਼ੁਲਮਾਂ ਦੀ ਦਾਸਤਾਨ

ਕੁਦਰਤ ਦੇ ਨਿਯਮਾਂ ਅਨੁਸਾਰ ਵੱਡਾ, ਛੋਟੇ ਨੂੰ ਖਾ ਰਿਹਾ ਹੈ ਅਤੇ ਤਕੜਾ, ਮਾੜੇ ਨੂੰ ਦਬਾ ਰਿਹਾ ਹੈ। ਇਸ ਜੀਵਨ ਚੱਕਰ ਵਿੱਚ ਬਨਸਪਤੀ ਤੋਂ ਲੈ ਕੇ ਜੀਵ-ਜੰਤੂਆਂ, ਪਸ਼ੂਆਂ-ਪੰਛੀਆਂ ਤੇ ਮਨੁੱਖਾਂ ਆਦਿ ਹਰ ਇੱਕ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਸੰਘਰਸ਼ ਕਰਨਾ ਪੈਂਦਾ ਹੈ। ਜਿਹੜਾ ਇਸ ਸੰਘਰਸ਼ ਵਿੱਚ ਹਾਰ ਜਾਂਦਾ ਹੈ, ਉਹ ਜ਼ਿਆਦਾ ਚਿਰ ਜ਼ਿੰਦਾ ਨਹੀਂ ਰਹਿ ਸਕਦਾ। ਜਿਥੇ ਇਹ ਨਿਯਮ ਵਿਅਕਤੀਗਤ ਤੇ ਲਾਗੂ ਹੁੰਦਾ ਹੈ, ਉਥੇ ਇਹ ਦੇਸ਼ਾਂ, ਕੌਮਾਂ, ਵਰਗਾਂ, ਜਾਤੀਆਂ ਆਦਿ ਸਭ ਤੇ ਲਾਗੂ ਹੁੰਦਾ ਹੈ। ਜਦੋਂ ਅਸੀਂ ਮਨੁੱਖਤਾ ਦੇ ਪੱਖ ਤੋਂ ਦੇਖਦੇ ਹਾਂ ਤਾਂ ਕੁਦਰਤ ਦੇ ਇਸ ਵਰਤਾਰੇ ਵਿੱਚ ਆਮ ਤੌਰ ਤੇ ਮਰਦ ਸਰੀਰਕ ਤੌਰ ਤੇ ਔਰਤ ਤੋਂ ਤਾਕਤਵਰ ਹੈ। ਕੁਦਰਤ ਵਲੋਂ ਹੀ ਔਰਤ ਦਾ ਸਰੀਰ ਮਰਦ ਦੇ ਮੁਕਾਬਲੇ ਕੋਮਲ ਹੈ। ਮਨੁੱਖੀ ਇਤਿਹਾਸ ਵਿੱਚ ਮਨੁੱਖ ਨੇ ਜਦੋਂ ਤੋਂ ਸਮਾਜਿਕ ਪ੍ਰਾਣੀ ਦੇ ਤੌਰ ਤੇ ਵਿਚਰਨਾ ਸ਼ੁਰੂ ਕੀਤਾ, ਉਦੋਂ ਤੋਂ ਹੀ ਉਸਦਾ ਨਾ ਸਿਰਫ ਹੋਰ ਜੀਵ-ਜੰਤੂਆਂ, ਪਸ਼ੂਆਂ-ਪੰਛੀਆਂ ਤੇ ਹੀ ਆਪਣੀ ਤਾਕਤ ਜਾਂ ਅਕਲ ਨਾਲ ਕੰਟਰੋਲ ਕਰਨਾ ਜਾਰੀ ਹੈ, ਸਗੋਂ ਉਸਨੇ ਸਮੂਹਿਕ ਤੌਰ ਤੇ ਆਪਣੀ ਹੀ ਜਾਤ ਦੇ ਦੂਜੇ ਪ੍ਰਾਣੀ ਔਰਤ ਨੂੰ ਵੀ ਆਪਣੇ ਅਧੀਨ ਗੁਲਾਮ ਬਣਾ ਕੇ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਇਸਦੇ ਨਾਲ-ਨਾਲ ਮਨੁੱਖ ਆਪਣੀ ਤਾਕਤ ਤੇ ਕਬਜ਼ੇ ਦੀ ਭੁੱਖ ਕਰਕੇ ਦੂਜੇ ਕਬੀਲਿਆਂ, ਫਿਰਕਿਆਂ, ਜਾਤੀਆਂ, ਕੌਮਾਂ, ਧਰਮਾਂ, ਦੇਸ਼ਾਂ ਆਦਿ ਨੂੰ ਵੀ ਗੁਲਾਮ ਬਣਾਉਂਦਾ ਰਿਹਾ ਹੈ ਤੇ ਅੱਜ ਵੀ ਬਣਾ ਰਿਹਾ ਹੈ। ਮਨੁੱਖੀ ਇਤਿਹਾਸ ਵਿੱਚ ਅਨੇਕਾਂ ਕਾਲੇ ਦੌਰ ਆਏ ਹਨ, ਜਦੋਂ ਮਨੁੱਖ ਨੇ ਤਾਕਤ ਦੇ ਨਸ਼ੇ ਵਿੱਚ ਅਨੇਕਾਂ ਮਨੁੱਖਤਾ ਵਿਰੋਧੀ ਗੁਨਾਹ ਕੀਤੇ ਹਨ। ਔਰਤ, ਮਨੁੱਖੀ ਇਤਿਹਾਸ ਵਿੱਚ ਬੇਸ਼ਕ ਸਰੀਰਕ ਤੌਰ ਤੇ ਤਾਂ ਆਪਣੀ ਹੋਂਦ ਬਚਾ ਕੇ ਰੱਖ ਸਕੀ, ਸ਼ਾਇਦ ਉਹ ਵੀ ਮਰਦ ਦੀ ਲੋੜ ਕਾਰਨ ਹੀ ਬਚ ਸਕੀ, ਪਰ ਆਪਣੀ ਆਜ਼ਾਦ ਹਸਤੀ ਕਾਇਮ ਰੱਖਣ ਵਿੱਚ ਬਹੁਤੀ ਵਾਰ ਨਾਕਾਮ ਹੀ ਰਹੀ। ਸਭ ਕਿਸਮ ਦੀਆਂ ਘਾਟਾਂ, ਕਮਜ਼ੋਰੀਆਂ ਦੇ ਬਾਵਜੂਦ ਵੀ ਔਰਤ ਸਮਾਜ ਵਿੱਚ ਮਨੁੱਖ ਦੇ ਬਰਾਬਰ ਆਉਣ ਜਾਂ ਆਪਣੀ ਵੱਖਰੀ ਪਹਿਚਾਣ ਬਣਾ ਕੇ ਰੱਖਣ ਲਈ ਸੰਘਰਸ਼ ਕਰਦੀ ਰਹੀ ਹੈ ਤੇ ਇਹ ਸੰਘਰਸ਼ ਅੱਜ ਵੀ ਜਾਰੀ ਹੈ। ਇਸ ਲੇਖ ਵਿੱਚ ਅਸੀਂ ਮਨੁੱਖੀ ਇਤਿਹਾਸ ਦੇ ਉਹ ਵਰਕੇ ਫਰੋਲਣ ਦੀ ਕੋਸ਼ਿਸ਼ ਕਰਾਂਗੇ, ਜਿਨ੍ਹਾਂ ਵਿੱਚ ਔਰਤ ਦੀ ਹੋਂਦ ਜਾਂ ਹਸਤੀ ਨੂੰ ਮਿਟਾਉਣ ਲਈ ਮਰਦ ਪ੍ਰਧਾਨ ਸਮਾਜ ਵਲੋਂ ਅਨੇਕਾਂ ਤਰ੍ਹਾਂ ਦੇ ਅਣ ਮਨੁੱਖੀ ਕਹਿਰ ਢਾਏ ਗਏ। ਔਰਤਾਂ ਤੇ ਅੱਤਿਆਚਾਰਾਂ ਦੀ ਨਾ ਸਿਰਫ ਲਿਸਟ ਲੰਬੀ ਹੈ, ਸਗੋਂ ਮਨੁੱਖੀ ਇਤਿਹਾਸ ਅਜਿਹੇ ਕਾਲੇ ਦੌਰਾਂ ਨਾਲ ਭਰਿਆ ਪਿਆ ਹੈ। ਇਸ ਪੱਖ ਤੋਂ ਕਿਸੇ ਵੀ ਕੌਮ, ਦੇਸ਼, ਧਰਮ, ਕਬੀਲੇ, ਜਾਤੀ ਆਦਿ ਨੂੰ ਬਖਸ਼ਿਆ ਨਹੀਂ ਜਾ ਸਕਦਾ। ਇਥੋਂ ਤੱਕ ਕਿ ਧਰਮ, ਸਮਾਜ, ਕੁੱਲ, ਕੌਮ ਆਦਿ ਦੇ ਗੌਰਵ ਜਾਂ ਅਨੇਕਾਂ ਤਰ੍ਹਾਂ ਦੀਆਂ ਰੀਤਾਂ-ਰਸਮਾਂ ਦੇ ਨਾਮ ਤੇ ਔਰਤ ਤੇ ਜ਼ੁਲਮ ਹੁੰਦੇ ਰਹੇ ਹਨ। ਆਓ ਇਨ੍ਹਾਂ ਜ਼ੁਲਮਾਂ ਦੀ ਦਾਸਤਨ ਇਤਿਹਾਸ ਦੇ ਪੰਨਿਆਂ ਤੋਂ ਪੜ੍ਹਨ ਦੀ ਕੋਸ਼ਿਸ਼ ਕਰਦੇ ਹਾਂ।



**ਔਰਤ ਜਾਇਦਾਦ:** ਦੁਨੀਆਂ ਭਰ ਦੇ ਵੱਖ-ਵੱਖ ਕਬੀਲਿਆਂ, ਜਾਤੀਆਂ, ਧਰਮਾਂ, ਸਮਾਜਾਂ ਵਿੱਚ ਔਰਤ ਨੂੰ ਮਨੁੱਖ ਦੇ ਬਰਾਬਰ ਦੀ ਇੱਕ ਪ੍ਰਾਣੀ ਦੀ ਥਾਂ ਵਸਤੂ ਦਾ ਦਰਜਾ ਦਿੱਤਾ ਜਾਂਦਾ ਰਿਹਾ ਹੈ ਤੇ ਕਈ ਸਮਾਜਾਂ ਵਿੱਚ ਅੱਜ ਵੀ ਇਹ ਪ੍ਰਥਾ ਲੁਕਵੇਂ ਰੂਪ ਵਿੱਚ ਪ੍ਰਚਲਤ ਹੈ। ਔਰਤ ਦੀ ਸਖਸ਼ੀਅਤ ਨੂੰ ਅਜੇ ਤੱਕ ਕਿਸੇ ਵੀ ਸਮਾਜ, ਕੌਮ, ਧਰਮ ਵਲੋਂ ਸੰਪੂਰਨ ਰੂਪ ਵਿੱਚ ਸਵੀਕਾਰ ਨਹੀਂ ਕੀਤਾ ਗਿਆ ਤੇ ਨਾ ਹੀ ਬਰਾਬਰ ਦੀ ਮਾਨਤਾ ਦਿੱਤੀ ਹੈ। ਔਰਤ ਹਰ ਸਮਾਜ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਮਰਦ ਦੀ ਗੁਲਾਮ ਨਹੀਂ ਤਾਂ ਨਿਰਭਰ ਜਰੂਰ ਹੈ। ਜੇ ਅੱਜ ਦੇ ਅਗਾਂਹਵਧੂ ਜਾਂ ਵਿਕਸਤ ਪੱਛਮੀ ਸਮਾਜ ਵਿੱਚ ਕੁੱਝ ਮਾਨਤਾ ਹੈ ਤਾਂ ਉਹ ਭੋਗ ਜਾਂ ਨੁਮਾਇਸ਼ ਦੀ ਵਸਤੂ ਤੋਂ ਜ਼ਿਆਦਾ ਨਹੀਂ। ਅੱਜ ਔਰਤ ਨੂੰ ਪੁਰਾਣੇ ਜਮਾਨੇ ਵਾਂਗ ਸਿੱਧੇ ਰੂਪ ਵਿੱਚ ਗੁਲਾਮ ਬਣਾ ਕੇ ਰੱਖਣ, ਖਰੀਦਣ, ਵੇਚਣ ਦੀ ਥਾਂ, ਕਿਤੇ ਕੱਪੜਿਆਂ ਵਿੱਚ ਲਪੇਟ ਕੇ ਰੱਖਣ ਵਾਲੀ, ਕਿਤੇ ਕੱਪੜਿਉਂ ਬਾਹਰ ਕਰਕੇ ਦਿਖਾਵੇ, ਭੋਗ ਤੇ ਮਨ ਪ੍ਰਚਾਵੇ ਦੀ ਵਸਤੂ ਬਣਾ ਕੇ ਵਰਤਿਆ ਜਾਂਦਾ ਹੈ। ਵੱਖ-ਵੱਖ ਸਮਿਆਂ ਵਿੱਚ ਔਰਤ ਨੂੰ ਮੁੱਲ ਖਰੀਦਿਆ ਤੇ ਵੇਚਿਆ ਜਾ ਸਕਦਾ ਸੀ। ਖਰੀਦਣ ਵਾਲੇ ਦਾ ਉਸਦੇ ਸਰੀਰ ਨੂੰ ਆਪਣੀ ਮਰਜ਼ੀ ਅਨੁਸਾਰ ਭੋਗਣ ਦਾ ਪੂਰਾ ਅਧਿਕਾਰ ਸੀ। ਉਸਨੂੰ ਵਿਰੋਧ ਕਰਨ ਜਾਂ ਆਪਣੀ ਰਾਏ ਰੱਖਣ ਦਾ ਅਧਿਕਾਰ ਨਹੀਂ ਸੀ। ਕਈ ਧਰਮ ਗ੍ਰੰਥ ਅੱਜ ਵੀ ਮਰਦ ਨੂੰ ਆਪਣੀ ਜਾਇਦਾਦ ਤੇ ਸਰੀਰਕ ਸਮਰੱਥਾ ਅਨੁਸਾਰ ਇੱਕ ਤੋਂ ਵੱਧ ਔਰਤਾਂ ਰੱਖਣ ਦਾ ਅਧਿਕਾਰ ਦਿੰਦੇ ਹਨ।



**ਵੋਟ ਅਧਿਕਾਰ:** ਪੁਰਾਣੇ ਸਮਿਆਂ ਤੋਂ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਨੂੰ ਬਰਾਬਰ ਦਾ ਪ੍ਰਾਣੀ ਨਾ ਸਮਝੇ ਜਾਣ ਕਾਰਨ, ਉਸਨੂੰ ਕੁੱਝ ਵੀ ਚੋਣ ਕਰਨ ਲਈ ਮਰਦ ਬਰਾਬਰ ਵੋਟ ਦਾ ਅਧਿਕਾਰ ਨਹੀਂ ਸੀ ਤੇ ਨਾ ਉਸਦੀ ਕੋਰਟ ਆਦਿ ਵਿੱਚ ਗਵਾਹੀ ਹੀ ਮੰਨੀ ਜਾਂਦੀ ਸੀ। ਕਈ ਸਮਾਜਿਕ ਕਨੂੰਨਾਂ ਜਾਂ ਧਾਰਮਿਕ ਗ੍ਰੰਥਾਂ ਅਨੁਸਾਰ ਔਰਤ ਨੂੰ ਮਰਦ ਤੋਂ ਅੱਧੀ ਮੰਨਿਆ ਜਾਂਦਾ ਸੀ, ਜਿਸ ਕਾਰਨ ਇੱਕ ਮਰਦ ਦੇ ਮੁਕਾਬਲੇ ਦੋ ਔਰਤਾਂ ਦੀ ਗਵਾਹੀ ਮੰਨੀ ਜਾਂਦੀ ਸੀ। ਜਿਥੇ ਇੱਕ ਪਾਸੇ ਔਰਤ ਨੂੰ ਵਸਤੂ ਜਾਂ ਪ੍ਰੌਪਰਟੀ ਮੰਨਿਆ ਜਾਂਦਾ ਸੀ, ਉਥੇ ਉਸਨੂੰ ਜਾਇਦਾਦ ਜਾਂ ਪ੍ਰੌਪਰਟੀ ਰੱਖਣ ਦਾ ਅਧਿਕਾਰ ਨਹੀਂ ਸੀ। ਪਿਛਲੇ 5 ਹਜ਼ਾਰ ਸਾਲ ਲਿਖਤੀ ਮਨੁੱਖੀ ਇਤਿਹਾਸ ਵਿੱਚ ਇਹ ਹੱਕ ਕਦੋਂ ਪੂਰਨ ਰੂਪ ਵਿੱਚ ਖੋਹੇ ਗਏ ਬਾਰੇ ਕਹਿਣਾ ਸ਼ਾਇਦ ਮੁਸ਼ਕਿਲ ਹੋਵੇਗਾ, ਪਰ ਕਨੇਡਾ-ਅਮਰੀਕਾ ਵਰਗੇ ਦੇਸ਼ਾਂ ਵਿੱਚ ਵੀ ਔਰਤਾਂ ਨੂੰ ਵੋਟ ਤੇ ਜਾਇਦਾਦ ਰੱਖਣ ਦੇ ਅਧਿਕਾਰ ਮਿਲਿਆਂ ਕੋਈ ਬਹੁਤਾ ਸਮਾਂ ਨਹੀਂ ਹੋਇਆ।

**ਤੇਜ਼ਾਬ ਸੁੱਟਣਾ:** ਔਰਤਾਂ ਤੇ ਜ਼ੁਲਮਾਂ ਦੀ ਦਾਸਤਾਨ ਬੜੀ ਲੰਬੀ ਹੈ, ਪਰ ਪਿਛਲ਼ੇ ਕੁੱਝ ਦਹਾਕਿਆਂ ਤੋਂ ਸਾਊਥ ਏਸ਼ੀਅਨ ਦੇਸ਼ਾਂ ਵਿੱਚ ਔਰਤਾਂ ਤੇ ਅੱਤਿਆਚਾਰਾਂ ਵਿੱਚ ਤੇਜ਼ਾਬ ਸੁੱਟਣ ਦਾ ਘਿਨਾਉਣਾ ਤੇ ਅਣ-ਮਨੁੱਖੀ ਵਰਤਾਰਾ ਦੇਖਣ ਨੂੰ ਮਿਲਦਾ ਹੈ। ਆਮ ਤੌਰ 'ਤੇ ਸਦੀਆਂ ਦੀ ਇਸ ਮਾਨਸਿਕਤਾ ਅਧੀਨ ਕਿ ਮਰਦ ਦਾ ਕਿਸੇ ਵੀ ਔਰਤ ਤੇ ਜਦੋਂ ਚਾਹੇ ਪੂਰਾ ਅਧਿਕਾਰ ਹੋਵੇ, ਇਸ ਲਈ ਜੇ ਕਿਸੇ ਲੜਕੀ ਨੇ ਮਰਦ ਦੀਆਂ ਸਰੀਰਕ ਖਾਹਿਸ਼ਾਂ ਪੂਰੀਆਂ ਨਹੀਂ ਕੀਤੀਆਂ ਜਾਂ ਉਸ ਨਾਲ ਜ਼ਬਰਦਸਤੀ ਵਿਆਹ ਤੋਂ ਇਨਕਾਰ ਕਰ ਦਿੱਤਾ ਜਾਂ ਕਿਸੇ ਹੋਰ ਕਾਰਨ ਜਦੋਂ ਮਰਦ ਨੂੰ ਔਰਤ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ ਤਾਂ ਉਸਨੇ ਰਾਹ

McKnight Dental Clinic
- Serving NE Community for over 30 years
- We follow Alberta Dental Fee Guide
- Open some evenings and Saturdays
Tel. 403-280-0880
Fax : 403-293-8852
www.mcknightdental.ca
McKnight Village, 5432 Falsbridge Dr NE, Calgary, Alberta, T3J 3E9
(All services provided by General Dentists)

Mega Sanjha Punjab GROCERY STORE
ਭਾਰਤੀ ਅਤੇ ਪਾਕਿਸਤਾਨੀ ਗਰੋਸਰੀ ਦਾ ਭੰਡਾਰ
ਦਾਲਾਂ, ਮਸਾਲੇ, ਆਟਾ, ਖੰਡ, ਤੇਲ, ਦੇਸੀ ਘਿਉ, ਤਾਜ਼ੇ ਫਲ, ਸਬਜ਼ੀਆਂ, ਭਾਂਡੇ ਅਤੇ ਹੋਰ ਵੀ ਬਹੁਤ ਕੁਝ
117 7171 80 Ave NE, Calgary (Alberta) T3J 0P6
Ph. : 403 475 5777, mega@spgrocery.com
www.spgrocery.com
331-3690 West Winds Drive, Calgary (Alberta) T3J 5H3
Ph. : 403 266 5200, info@spgrocery.com
www.spgrocery.com

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
DR. J.S. BAINS & ASSOCIATES-(OPTOMETRY)
- Complete Eye Exam — ਨਜ਼ਰ ਦੀ ਪੂਰੀ ਜਾਂਚ
- Ocular Health Assessment — ਅੱਖਾਂ ਦੀ ਅੰਦਰਲੀ ਜਾਂਚ
- Contact Lenses — ਕਾਂਨਟੈਕਟ ਲੈਨਜ਼ ਲਗਾਉਣੇ
Jaswinder S Bains, Ph.D., OD.
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
Every Monday, 9:30 to 5:00 pm at Dr. Pardeep Dhillon Optometric Corporation
7110 120 St, #102, Surrey, BC V3W 3M8
604-635-0155



ਜਾਂਦੀ ਔਰਤ ਤੇ ਲੁਕਵਾਂ ਵਾਰ ਕਰਕੇ ਤੇਜ਼ਾਬ ਸੁੱਟ ਕੇ ਉਸਦਾ ਚਿਹਰਾ ਜਾਂ ਬਾਕੀ ਸਰੀਰ ਬਦਸੂਰਤ ਬਣਾਉਣ ਦੀ ਕੋਸ਼ਿਸ਼ ਕੀਤੀ। ਅਨੇਕਾਂ ਕੇਸਾਂ ਵਿੱਚ ਔਰਤਾਂ ਨੂੰ ਜਾਨ ਤੋਂ ਵੀ ਹੱਥ ਧੋਣੇ ਪਏ।

**ਬਲਾਤਕਾਰ:** ਔਰਤਾਂ ਖਿਲਾਫ ਜ਼ੁਰਮਾਂ ਵਿੱਚ ਬਲਾਤਕਾਰ ਸਭ ਤੋਂ ਉਪਰ ਹਨ। ਇਸ ਜ਼ੁਰਮ ਵਿੱਚ ਮਰਦ ਆਪਣੀ ਕਾਮ ਭੁੱਖ ਪੂਰੀ ਕਰਨ ਲਈ ਕਿਸੇ ਰਾਹ ਜਾਂਦੀ ਔਰਤ ਤੇ ਹਮਲਾ ਕਰਕੇ ਜ਼ਬਰਦਸਤੀ ਸੰਭੋਗ ਕਰਦੇ ਹਨ। ਅਜਿਹੀਆਂ ਘਟਨਾਵਾਂ ਵਿੱਚ ਜਿਥੇ ਬਾਅਦ ਵਿੱਚ ਔਰਤ ਨੂੰ ਮਾਨਸਿਕ ਪੀੜ੍ਹਾ ਵਿਚੋਂ ਤਾਂ ਲੰਘਣਾ ਪੈਂਦਾ ਹੀ ਹੈ, ਉਥੇ ਬਹੁਤ ਵਾਰ ਔਰਤ ਨਾਲ ਮਾਰ ਕੁਟਾਈ, ਸਰੀਰਕ ਤਸੀਹਿਆਂ ਤੋਂ ਇਲਾਵਾ ਅਨੇਕਾਂ ਵਾਰ ਜਾਨ ਤੋਂ ਵੀ ਹੱਥ ਧੋਣੇ ਪੈਂਦੇ ਹਨ। ਇਹ ਵਰਤਾਰਾ ਸਦੀਆਂ ਤੋਂ ਚੱਲ ਰਿਹਾ ਹੈ। ਯੁਨਾਈਟਡ ਨੇਸ਼ਨ ਦੀ ਵੱਖ-ਵੱਖ ਦੇਸ਼ਾਂ ਤੋਂ ਇਕੱਤਰ ਕੀਤੇ ਅੰਕੜਿਆਂ ਅਧਾਰਿਤ ਰਿਪੋਰਟ ਮੁਤਾਬਿਕ ਦੁਨੀਆਂ ਵਿੱਚ ਪੁਲਿਸ ਕੋਲ ਹਰ ਰੋਜ਼ ਢਾਈ ਲੱਖ ਤੋਂ ਵੱਧ ਬਲਾਤਕਾਰ ਦੇ ਕੇਸ ਰਜਿਟਰ ਹੁੰਦੇ ਹਨ, ਜਦੋਂ ਕਿ ਅਸਲ ਅੰਕੜੇ ਇਸ ਤੋਂ ਕਈ ਗੁਣਾਂ ਵੱਧ ਹਨ। ਕਈ ਦੇਸ਼ਾਂ ਵਿੱਚ ਅਜੇ ਤੱਕ ਵੀ ਬਲਾਤਕਾਰ ਦੀ ਕੋਈ ਪੱਕੀ ਪਰਿਭਾਸ਼ਾ ਨਹੀਂ ਲਿਖੀ ਹੋਈ, ਜਿਸ ਕਾਰਨ ਅਗਰ ਪੀੜ੍ਹਤ ਔਰਤ ਨਿਆਂ ਲਈ ਕੋਰਟ ਦਾ ਦਰਵਾਜਾ ਖੜਕਾਉਂਦੀ ਹੈ ਤਾਂ ਉਸਨੂੰ ਨਾਮੋਸ਼ੀ ਤੇ ਸਮਾਜਿਕ ਬਦਨਾਮੀ ਤੋਂ ਸਿਵਾ ਕੁੱਝ ਪੱਲੇ ਨਹੀਂ ਪੈਂਦਾ।

**ਸਮੂਹਿਕ ਬਲਾਤਕਾਰ:** ਔਰਤਾਂ ਨਾਲ ਸਮੂਹਿਕ ਬਲਾਤਕਾਰ ਸਦੀਆਂ ਤੋਂ ਚੱਲ ਰਿਹਾ ਵਰਤਾਰਾ ਹੈ। ਪੁਰਾਣੇ ਸਮਿਆਂ ਤੋਂ ਹਮਲਾਵਰ ਫੌਜਾਂ ਹਾਰੀਆਂ ਫੌਜਾਂ ਜਾਂ ਕੌਮਾਂ ਦੀਆਂ ਔਰਤਾਂ ਨਾਲ ਸਮੂਹਿਕ ਬਲਾਤਕਾਰ ਕਰਨੇ ਆਪਣਾ ਧਰਮ ਸਮਝਦੇ ਸਨ। ਅੱਜ ਵੀ ਸਮੂਹਿਕ ਬਲਾਤਕਾਰ ਦੀਆਂ ਘਟਨਾਵਾਂ ਜਰਾਇਮ ਪੇਸ਼ਾ ਪ੍ਰਵਿਰਤੀ ਦੇ ਲੋਕਾਂ ਵਲੋਂ ਕੀਤੀਆਂ ਜਾਂਦੀਆਂ ਹਨ। ਫੌਜੀਆਂ ਵਲੋਂ ਅੱਜ ਵੀ ਸਮੂਹਿਕ ਬਲਾਤਕਾਰ ਆਮ ਗੱਲ ਹੈ। ਭਾਰਤ ਵਰਗੇ ਦੇਸ਼ਾਂ ਵਿੱਚ ਧਾਰਮਿਕ ਦੰਗਿਆਂ ਜਾਂ ਪਛੜੀਆਂ ਅਤੇ ਅਛੂਤ ਜਾਤਾਂ ਦੀਆਂ ਔਰਤਾਂ ਜਾਂ ਗਰੀਬ ਔਰਤਾਂ ਨਾਲ ਸਮੂਹਿਕ ਬਲਾਤਕਾਰ ਆਮ ਘਟਨਾਵਾਂ ਹਨ। ਸਮਾਜ ਦੀ ਇੱਕ ਤਰਾਸਦੀ ਇਹ ਵੀ ਹੈ ਕਿ ਸਮੂਹਿਕ ਜਾਂ ਵਿਅਕਤੀਗਤ ਬਲਾਤਕਾਰ ਦੀ ਸ਼ਿਕਾਰ ਔਰਤ ਨੂੰ ਸਰੀਰਕ ਤੇ ਮਾਨਸਿਕ ਸੰਤਾਪ ਵਿਚੋਂ ਤਾਂ ਲੰਘਣਾ ਪੈਂਦਾ ਹੀ ਹੈ, ਅਗਰ ਉਹ ਲੜਕੀ ਕੁਆਰੀ ਹੋਵੇ ਤਾਂ ਉਸ ਨਾਲ ਕੋਈ ਮਰਦ ਵਿਆਹ ਕਰਾਉਣ ਲਈ ਤਿਆਰ ਨਹੀਂ ਹੁੰਦਾ।

**ਵੇਸਵਾਗਮਨੀ:** ਮਰਦ ਵਲੋਂ ਆਪਣੀ ਕਾਮੁਕ ਭੁੱਖ ਜਾਂ ਤਾਕਤ (ਸਰੀਰਕ, ਰਾਜਨੀਤਕ, ਦੌਲਤ) ਦੇ ਨਸ਼ੇ ਵਿੱਚ ਜਿਥੇ ਇੱਕ ਪਾਸੇ ਬਲਾਤਕਾਰ ਵਰਗੇ ਜ਼ੁਰਮ ਕੀਤੇ ਜਾਂਦੇ ਹਨ। ਉਥੇ ਹਰ ਸਮਾਜ ਵਿੱਚ ਔਰਤ ਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ ਵੇਸਵਾਗਮਨੀ ਲਈ ਮਜਬੂਰ ਕੀਤਾ ਜਾਂਦਾ ਹੈ। ਔਰਤ ਨੂੰ ਮਜਬੂਰੀ ਵੱਸ ਆਪਣਾ ਸਰੀਰ ਵੇਚਣਾ ਪੈਂਦਾ ਹੈ। ਦੁਨੀਆਂ ਭਰ ਵਿੱਚ ਇਹ ਇੱਕ ਬਹੁਤ ਵੱਡਾ ਬਿਜਨੈਸ ਬਣ ਚੁੱਕਾ ਹੈ। ਇਥੇ ਵੀ ਔਰਤਾਂ ਨਾਲ ਅਨੇਕਾਂ ਵਾਰ ਜ਼ਬਰਦਸਤੀ ਕੀਤੀ ਜਾਂਦੀ ਹੈ, ਉਨ੍ਹਾਂ ਤੇ ਸਰੀਰਕ ਜ਼ੁਲਮ ਢਾਹੇ ਜਾਂਦੇ ਹਨ। ਅਨੇਕਾਂ ਵਾਰ ਉਨ੍ਹਾਂ ਦੇ ਕਤਲ ਕੀਤੇ ਜਾਂਦੇ ਹਨ। ਗਰੀਬ ਦੇਸ਼ਾਂ ਜਾਂ ਪਰਿਵਾਰਾਂ ਦੀਆਂ ਨੌਜਵਾਨ ਲੜਕੀਆਂ ਨੂੰ ਅਮੀਰ ਦੇਸ਼ਾਂ ਜਾਂ ਅਮੀਰ ਲੋਕਾਂ ਵਲੋਂ ਸੈਕਸ ਗੁਲਾਮ ਬਣਾ ਕੇ ਸਰੀਰਕ ਤੇ ਮਾਨਸਿਕ ਤਸੀਹੇ ਦਿੱਤਾ ਜਾਂਦੇ ਹਨ।

**ਇੱਜ਼ਤ ਦੇ ਨਾਮ ਤੇ ਹੱਤਿਆਵਾਂ ਜਾਂ ਜ਼ੁਰਮ:** ਦੁਨੀਆਂ ਭਰ ਦੇ ਮਰਦ ਪ੍ਰਧਾਨ ਸਮਾਜ ਵਲੋਂ ਔਰਤਾਂ (ਮਾਂ, ਪਤਨੀ, ਧੀ, ਨੂੰਹ ਆਦਿ) ਨੂੰ ਆਪਣੇ ਘਰ ਜਾਂ ਪਰਿਵਾਰ ਦੀ ਇੱਜ਼ਤ (ਅਸਲ ਵਿੱਚ ਪ੍ਰਾਪਰਟੀ) ਕਹਿ ਕੇ ਔਰਤਾਂ ਤੇ ਅਨੇਕਾਂ ਤਰ੍ਹਾਂ ਦੇ ਜੁਰਮ ਕੀਤੇ ਜਾਂਦੇ ਰਹੇ ਹਨ। ਉਨ੍ਹਾਂ ਦੀ ਨਿੱਜ਼ੀ ਆਜ਼ਾਦੀ, ਪਰਿਵਾਰ ਦੇ ਮਰਦ ਮੈਂਬਰਾਂ ਤੇ ਨਿਰਭਰ ਹੁੰਦੀ ਹੈ। ਉਸਨੂੰ ਘਰ ਤੋਂ ਬਾਹਰ ਜਾਣ ਲਈ ਮਰਦ ਦੀ ਇਜ਼ਾਜਤ ਲੈਣੀ ਪੈਂਦੀ ਸੀ ਜਾਂ ਹੈ। ਔਰਤ ਇਕੱਲੀ ਘਰ ਤੋਂ ਬਾਹਰ ਨਹੀਂ ਜਾ ਸਕਦੀ ਸੀ। ਕੋਈ ਨੌਜਵਾਨ ਲੜਕੀ ਅਗਰ ਆਪਣੀ ਮਰਜ਼ੀ ਨਾਲ ਕਿਸੇ ਲੜਕੇ ਨਾਲ ਵਿਆਹ ਕਰ ਲਵੇ ਤਾਂ ਇੱਜ਼ਤ ਦੇ ਨਾਮ ਤੇ ਲੜਕੀਆਂ ਦਾ ਕਤਲ ਕਰ ਦਿੱਤਾ ਜਾਂਦਾ ਹੈ। ਅਨੇਕਾਂ ਵਾਰ ਲੜਕੀ ਅਗਰ ਆਪਣੀ ਜਾਤ, ਕਬੀਲੇ, ਧਰਮ ਆਦਿ ਤੋਂ ਵਿਆਹ ਕਰ ਲਵੇ ਜਾਂ ਪ੍ਰੇਮ ਸਬੰਧ ਬਣਾ ਲਵੇ ਤਾਂ ਵੀ ਕਤਲ ਕੀਤੇ ਜਾਂਦੇ ਰਹੇ ਹਨ। ਜੋ ਕਿ ਅੱਜ ਵੀ ਜਾਰੀ ਹਨ। ਪ੍ਰੇਮ ਸਬੰਧਾਂ ਵਿੱਚ ਕਈ ਵਾਰ ਲੜਕੇ ਨੂੰ ਕਤਲ ਕਰਕੇ ਲੜਕੀ ਨੂੰ ਕਿਸੇ ਵੱਡੀ ਉਮਰ ਦੇ ਵਿਅਕਤੀ ਨਾਲ ਧੱਕੇ ਨਾਲ ਵਿਆਹਿਆ ਜਾਂਦਾ ਹੈ। ਕਈ ਵਾਰ ਅਜਿਹੇ ਕੇਸਾਂ ਵਿੱਚ ਲੜਕੀ ਨਾਲ ਸਮੂਹਿਕ ਬਲਾਤਕਾਰ ਵੀ ਕੀਤੇ ਜਾਂਦੇ ਹਨ।

**ਦੂਜਾ ਵਿਆਹ:** ਕੁੱਝ ਦਹਾਕੇ ਪਹਿਲਾਂ ਤੱਕ ਪਤੀ ਦੇ ਮਰਨ ਜਾਂ ਤਲਾਕ ਦੇ ਕੇਸ ਵਿੱਚ ਔਰਤ ਨੂੰ ਸਾਰੀ ਉਮਰ ਦੁਆਰਾ ਵਿਆਹ ਦੀ ਇਜ਼ਾਜਤ ਨਹੀਂ ਸੀ ਜਾਂ ਕੋਈ ਮਰਦ ਵਿਆਹ ਕਰਾਉਣ ਲਈ ਤਿਆਰ ਨਹੀਂ ਹੁੰਦਾ ਸੀ। ਸਮੇਂ ਨਾਲ ਇਹ ਵਰਤਾਰਾ ਕਾਫੀ ਹੱਦ ਤੱਕ ਬਦਲ ਗਿਆ ਹੈ। ਪਰ ਅਜੇ ਵੀ ਆਪਣੇ ਸਮਾਜਾਂ ਵਿੱਚ ਸ਼ਾਇਦ ਹੀ ਕੋਈ ਅਜਿਹਾ ਸਾਹਸੀ ਨੌਜਵਾਨ ਹੋਵੇਗਾ, ਜੋ ਕੁਵਾਰਾ ਹੁੰਦੇ ਹੋਏ, ਕਿਸੇ ਵਿਧਵਾ ਜਾਂ ਤਲਾਕਸ਼ੁਦਾ ਔਰਤ ਨਾਲ ਵਿਆਹ ਕਰਵਾ ਲਵੇ। ਜਦਕਿ ਵਿਧਵਾ ਜਾਂ ਤਲਾਕਸ਼ੁਦਾ 40-50 ਸਾਲ ਦੇ ਮਰਦ ਵੀ 20-25 ਸਾਲ ਦੀਆਂ ਕੁੰਵਾਰੀਆਂ ਲੜਕੀਆਂ ਨਾਲ ਆਮ ਹੀ ਵਿਆਹ ਕਰਵਾਉਂਦੇ ਹਨ। ਅਜੇ ਵੀ ਬੱਚਿਆਂ ਵਾਲੀਆਂ ਤਲਾਕਸ਼ੁਦਾ ਜਾਂ ਵਿਧਵਾ ਲੜਕੀਆਂ ਨਾਲ ਕੋਈ ਵੀ ਮਰਦ ਵਿਆਹ ਲਈ ਤਿਆਰ ਨਹੀਂ ਹੁੰਦਾ। ਬਾਹਰਲੇ ਦੇਸ਼ ਆਉਣ ਲਈ ਕੋਈ ਕਰਵਾ ਲਵੇ ਤਾਂ ਵੱਡੀ ਗੱਲ ਨਹੀਂ।

**ਘੁੰਡ, ਬੁਰਕਾ:** ਵੱਖ-ਵੱਖ ਸਮਾਜਾਂ ਵਲੋਂ ਔਰਤ ਨੂੰ ਆਜ਼ਾਦੀ ਨਾਲ ਖਾਣ-ਪਹਿਨਣ ਦੀ ਇਜ਼ਾਜਤ ਨਹੀਂ ਸੀ ਤੇ ਬਹੁਤ ਜਗ੍ਹਾ ਅੱਜ ਵੀ ਨਹੀਂ ਹੈ। ਜਿਥੇ ਇੱਕ ਪਾਸੇ ਅਜਿਹਾ ਵਿਚਾਰ ਰੱਖਿਆ ਜਾਂਦਾ ਸੀ ਕਿ ਔਰਤ ਪਰਿਵਾਰ ਜਾਂ ਪਤੀ ਦੀ ਪ੍ਰਾਪਰਟੀ ਹੈ, ਇਸ ਲਈ ਇਸਨੂੰ ਦੇਖਣ ਜਾਂ ਵਰਤਣ ਦਾ ਅਧਿਕਾਰ ਉਸਦੇ ਮਾਲਕ (ਪਤੀ) ਕੋਲ ਹੀ ਹੈ। ਉਸਨੂੰ ਕੋਈ ਹੱਕ ਨਹੀਂ ਕਿ ਉਹ ਆਪਣੇ ਸਰੀਰ ਦਾ ਕੋਈ ਹਿੱਸਾ ਕਿਸੇ ਹੋਰ ਨੂੰ ਦਿਖਾਵੇ, ਇਥੋਂ ਤੱਕ ਕਿ ਉਹ ਆਪਣਾ ਚਿਹਰਾ ਵੀ ਨਹੀਂ ਦਿਖਾ ਸਕਦੀ। ਚਿਹਰਾ ਹੀ ਕਿਸੇ ਵਿਅਕਤੀ ਦੀ ਪਹਿਚਾਣ ਹੁੰਦੀ ਹੈ, ਇਸ ਤਰ੍ਹਾਂ ਕਈ ਸਮਾਜਾਂ ਵਲੋਂ ਔਰਤ ਨੂੰ ਘੁੰਡ ਕੱਢਣ, ਬੁਰਕਾ ਪਾਉਣ ਆਦਿ ਲਈ ਮਜਬੂਰ ਕਰਕੇ ਉਸਦੀ ਪਹਿਚਾਣ ਹੀ ਖਤਮ ਕਰਨ ਦੀ ਕੋਸ਼ਿਸ਼ ਕੀਤੀ ਹੈ ਤੇ ਬਹੁਤ ਜਗ੍ਹਾ ਅੱਜ ਵੀ ਧਰਮ ਦੇ ਨਾਮ ਤੇ ਕਰਦੇ ਹਨ। ਉਨ੍ਹਾਂ ਨੇ ਔਰਤਾਂ ਨੂੰ ਵੀ ਮਾਨਸਿਕ ਤੌਰ ਤੇ ਅਜਿਹਾ ਗੁਲਾਮ ਬਣਾਇਆ ਹੋਇਆ ਹੈ ਕਿ ਉਹ ਇਸ ਘਿਨਾਉਣੇ ਵਰਤਾਰੇ ਵਿਰੁੱਧ ਆਵਾਜ ਉਠਾਉਣ ਦੀ ਥਾਂ ਇਸਨੂੰ ਧਰਮ ਦਾ ਹਿੱਸਾ ਮੰਨ ਕੇ ਬੁਰਕੇ ਆਦਿ ਪਾਉਣ ਤੇ ਮਾਣ ਸਮਝਦੀਆਂ ਹਨ।

**ਵੰਸ਼ ਦਾ ਵਾਰਿਸ ਜਾਂ ਭਰੂਣ ਹੱਤਿਆ:** ਬਹੁਤ ਸਾਰੇ ਸਮਾਜਾਂ ਵਿੱਚ ਲੜਕੇ ਨੂੰ ਹੀ ਕੁੱਲ ਜਾਂ ਵੰਸ਼ ਦਾ ਵਾਰਿਸ ਮੰਨਿਆ ਜਾਂਦਾ ਹੈ। ਉਨ੍ਹਾਂ ਅਨੁਸਾਰ ਅਗਰ ਘੱਟੋ-ਘੱਟ ਇੱਕ ਲੜਕਾ ਨਾ ਹੋਵੇ ਤਾਂ ਕੁੱਲ ਹੀ ਖਤਮ ਹੋ ਜਾਂਦੀ ਹੈ। ਕਈ ਧਾਰਮਿਕ ਗ੍ਰੰਥਾਂ ਅਨੁਸਾਰ ਵਿਅਕਤੀ ਦੀ ਮਰਨ ਤੋਂ ਬਾਅਦ ਗਤੀ ਹੀ ਤਾਂ ਹੁੰਦੀ ਹੈ, ਜੇ ਉਸਦੇ ਘਰ ਲੜਕਾ ਹੋਵੇ, ਮਰਨ ਤੇ ਸੰਸਕਾਰ ਕਰਨ ਲਈ ਅਗਨੀ ਭੇਟ ਕਰਨ ਦਾ ਅਧਿਕਾਰ ਸਿਰਫ ਪੁੱਤਰ ਕੋਲ ਹੁੰਦਾ ਹੈ। ਹੋਰ ਵੀ ਅਨੇਕਾਂ ਰਸਮਾਂ ਅਜਿਹੀਆਂ ਹਨ, ਜਿਹੜੀਆਂ ਸ਼ਾਇਦ ਮਰਦ ਤੋਂ ਬਿਨਾਂ ਅਧੂਰੀਆਂ ਹਨ ਤੇ ਔਰਤ ਨੂੰ ਉਹ ਕਰਨ ਦਾ ਅਧਿਕਾਰ ਨਹੀਂ। ਅਜਿਹੀ ਮਾਨਸਿਕਤਾ ਅਧੀਨ ਅਕਸਰ ਔਰਤਾਂ ਨੂੰ ਉਦੋਂ ਤੱਕ ਬੱਚੇ ਪੈਦਾ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ, ਜਦੋਂ ਤੱਕ ਉਹ ਘੱਟੋ-ਘੱਟ ਇੱਕ ਲੜਕਾ ਪੈਦਾ ਨਾ ਕਰੇ। ਅਜਿਹੇ ਨਾਲ ਬਹੁਤ ਵਾਰ ਔਰਤਾਂ ਅਨੇਕਾਂ ਤਰ੍ਹਾਂ ਦੀਆਂ ਬੀਮਾਰੀਆਂ ਦਾ ਸ਼ਿਕਾਰ ਹੁੰਦੀਆਂ ਹਨ, ਉਥੇ ਬੱਚੇ ਪੈਦਾ ਕਰਨ ਦੌਰਾਨ ਮੌਤ ਵੀ ਹੋ ਜਾਂਦੀ ਹੈ। ਅਜਿਹੀ ਸੋਚ ਅਧੀਨ ਹੀ ਲਿੰਗ ਟੈਸਟ ਕਰਵਾ ਕੇ ਲੜਕੀ ਦੇ ਭਰੂਣ ਨੂੰ ਗਿਰਾ ਦਿੱਤਾ ਜਾਂਦਾ ਹੈ। ਸਾਡੇ ਆਪਣੇ ਭਾਰਤੀ ਸਮਾਜ ਵਿੱਚ ਇਹ ਪ੍ਰੰਪਰਾ ਅੱਜ ਵੀ ਜਾਰੀ ਹੈ। ਜੰਮਣ ਤੋਂ ਕੁੱਝ ਸਮਾਂ ਬਾਅਦ ਲੜਕੀਆਂ ਨੂੰ ਮਾਰਨ ਦਾ ਰਿਵਾਜ ਸਾਡੇ ਸਮਾਜ ਦੀ ਸਦੀਆਂ ਤੋਂ ਚੱਲੀ ਆਉਂਦੀ ਪ੍ਰੰਪਰਾ ਰਹੀ ਹੈ। ਪਿਛਲੇ ਦਿਨੀਂ ਹੋਏ ਇੱਕ ਸਰਵੇ ਅਨੁਸਾਰ ਕਨੇਡਾ ਵਰਗੇ ਵਿਕਸਤ ਦੇਸ਼ ਵਿੱਚ ਵੀ ਪੁੱਤਰਾਂ ਦੀ ਚਾਹਤ ਵਿੱਚ ਲੜਕੀ ਭਰੂਣ ਹੱਤਿਆ ਵੱਡਾ ਵਰਤਾਰਾ ਬਣ ਕੇ ਸਾਹਮਣੇ ਆਇਆ ਹੈ। ਸਾਡੇ ਭਾਈਚਾਰੇ ਦੇ ਲੋਕ ਵਿਦੇਸ਼ਾਂ ਤੋਂ ਭਾਰਤ ਵਿੱਚ ਜਾ ਕੇ ਭਰੂਣ ਟੈਸਟ ਕਰਵਾ ਕੇ, ਲੜਕੀ ਪਤਾ ਲੱਗਣ ਤੇ ਗਰਭ ਗਿਰਾ ਆਉਂਦੇ ਹਨ।

**ਸਤੀ ਰਸਮ:** ਇਤਿਹਾਸ ਵਿੱਚ ਇੱਕ ਅਜਿਹਾ ਦੌਰ ਵੀ ਸੀ, ਜਦੋਂ ਔਰਤ ਨੂੰ ਆਪਣੇ ਪਤੀ ਦੇ ਨਾਲ ਚਿਤਾ ਵਿੱਚ ਜਿੰਦਾ ਜਲਾ ਦਿੱਤਾ ਜਾਂਦਾ ਸੀ ਤਾਂ ਕਿ ਉਹ ਆਪਣੇ ਪਤੀ ਦੀ ਮੌਤ ਤੋਂ ਬਾਅਦ ਕਿਸੇ ਹੋਰ ਨਾਲ ਵਿਆਹ ਨਾ ਕਰ ਸਕੇ। ਬੇਸ਼ਕ ਕੁੱਝ ਸਦੀਆਂ ਪਹਿਲਾਂ ਇਸ ਅਣ ਮਨੁੱਖੀ ਰਸਮ ਨੂੰ ਸਰਕਾਰਾਂ ਵਲੋਂ ਬੰਦ ਕਰ ਦਿੱਤਾ ਗਿਆ, ਪਰ ਫਿਰ ਵੀ ਪਤੀ ਦੀ ਮੌਤ ਤੋਂ ਬਾਅਦ ਔਰਤ (ਵਿਧਵਾ) ਨੂੰ ਵਿਆਹ

Redstone Plaza ਰੈਡ ਸਟੋਨ ਪਲਾਜਾ

Redstone Physiotherapy

ਫਿਜ਼ੀਓਥੈਰਪੀ, ਮਸਾਜ, ਕੈਰੋਪਰੈਕਟਰ, ਕਿਨਸਲੌਜੀ, ਕਲਿਨਿਕ ਸਾਈਕਲੌਜੀ ਦੀਆਂ ਸੇਵਾਵਾਂ ਲਈ ਤਜ਼ਰਬੇਕਾਰ ਟੀਮ ਹਾਜ਼ਰ। ਇਹ ਸੜਕ ਦੁਰਘਟਨਾਵਾਂ ਦੀ ਐਮਵੀਏ ਤੋਂ ਇਲਾਵਾ ਡਬਲਯੂ.ਸੀ.ਬੀ. ਦੇ ਕੇਸ ਵੀ ਦੇਖਦੇ ਹਨ ਤੇ ਸਾਰੀਆਂ ਇੰਸ਼ੋਰੈਂਸ਼ ਕੰਪਨੀਆਂ ਨੂੰ ਸਿੱਧਾ ਬਿੱਲ ਭੇਜਦੇ ਹਨ।

ਮੇਲ ਫੀਮੇਲ ਡਾਕਟਰਾਂ ਦੀ ਸਹੂਲਤ

ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ

Unit-135, 630 Redstone Drive, NE
T3N 1L4 Calgary, Alberta
+1 587-534-0505
www.Redstonephysio.com
info@Redstonephysio.com

Services we offer
Physiotherapy, Massage , Chiropractor, Kinesiology, Clinical Psychology.
We deal with MVA, WCB and direct bill private insurance.

REDSTONE FAMILY MEDICAL CLINIC

ਮੈਡੀਕਲ ਕਲਿਨਿਕ ਵਿੱਚ ਡਾਕਟਰਾਂ ਦੀ ਟੀਮ ਤੁਹਾਡੀ ਸੇਵਾ ਵਿੱਚ ਹਾਜ਼ਰ। ਇਸ ਕਲਿਨਿਕ ਵਿੱਚ ਈਸੀਜੀ, ਈਕੇਜੀ, ਹੋਲਟਰ ਮੌਨੀਟਰ ਸਹੂਲਤਾਂ ਹਨ। ਖੂਨ ਜਾਂਚ ਲਈ ਹੁਣ ਲੈਬ ਜਾਣ ਦੀ ਲੋੜ ਨਹੀਂ ਕਿਉਂਕਿ ਖੂਨ ਦੇ ਸੈਂਪਲ ਇਸੇ ਕਲਿਨਿਕ ਵਿੱਚ ਲੈ ਲਏ ਜਾਂਦੇ ਹਨ।

ਮੇਲ ਫੀਮੇਲ ਡਾਕਟਰਾਂ ਦੀ ਸਹੂਲਤ

ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ

Medical and Health
Unit 145, 630 Redstone Drive, NE, Calgary, Alberta T3N 1L4
+1 587-440-0777
info@Redstoneclinic.ca
Hours 09:00 - 17:00
Blood Work Collection Sevices
ECG Facility | EKG Facility
Holter Monitor Facility

Universal Health It's all about "U" PHARMACY
Compounding & Home Health Care

ਫਾਰਮੇਸੀ ਵਿੱਚ ਹਿੰਦੀ, ਪੰਜਾਬੀ, ਅੰਗਰੇਜ਼ੀ ਤੇ ਗੁਜਰਾਤੀ ਭਾਸ਼ਾਵਾਂ ਬੋਲਣ ਵਾਲ਼ਾ ਸਟਾਫ ਹੈ ਜਿਹੜਾ ਤੁਹਾਨੂੰ ਦਵਾਈਆਂ ਬਾਰੇ ਆਸਾਨੀ ਨਾਲ਼ ਸਮਝਾ ਸਕਦਾ ਹੈ। ਰੈਡਸਟੋਨ ਮੈਡੀਕਲ ਕਲਿਨਿਕ ਵਿੱਚ ਜਾਂਚ ਤੋਂ ਬਾਅਦ ਤੁਸੀਂ ਇਸ ਫਾਰਮੇਸੀ ਤੋਂ ਦਵਾਈ ਖਰੀਦ ਕੇ ਆਪਣੇ ਸਮੇਂ ਦੀ ਬੱਚਤ ਕਰ ਸਕਦੇ ਹੋ।

- Home Health care products
- Free med review with one on one care
- Immunization/Vaccinations
- Injectionservices
- Prescribing Pharmacist Available
- Travel Health Consultations
- Compliance Packaging
- Custom Meds Compounding

#150, 630 Redstone Drive NE
Calgary, AB T3N 1L4
587 440 0041
Fax : (587) 440-0042
Store Hours
Monday To Friday 10 am - 7 pm
Saturday 10 am-2 pm
Sunday 10am-3 pm
apatel@universalhealthcentre.com
www.universalhealthcentre.com



ਕਰਾਉਣ ਦੀ ਇਜ਼ਾਜਤ ਨਹੀਂ ਸੀ। ਇਹ ਪ੍ਰਥਾ ਅੱਜ ਵੀ ਕਿਸੇ ਨਾ ਕਿਸੇ ਢੰਗ ਨਾਲ ਪ੍ਰਚਲਤ ਹੈ। ਜਿਥੇ ਪਤਨੀ ਦੀ ਮੌਤ ਤੋਂ ਕੁੱਝ ਮਹੀਨਿਆਂ ਵਿੱਚ ਹੀ ਮਰਦ ਵਿਆਹ ਕਰਵਾ ਲੈਂਦਾ ਹੈ, ਪਰ ਪਤਨੀ ਨੂੰ ਅਜਿਹਾ ਨਾ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ।

**ਪੜ੍ਹਨ ਦਾ ਅਧਿਕਾਰ**: 19ਵੀਂ ਸਦੀ ਤੱਕ ਤਕਰੀਬਨ ਹਰ ਸਮਾਜ ਵਿੱਚ ਔਰਤ ਨੂੰ ਮਰਦ ਦੇ ਬਰਬਾਰ ਪੜ੍ਹਨ-ਲਿਖਣ ਦਾ ਅਧਿਕਾਰ ਨਹੀਂ ਸੀ। ਉਸਦਾ ਕੰਮ ਸਿਰਫ ਬੱਚੇ ਪੈਦਾ ਕਰਨਾ ਤੇ ਘਰ ਦਾ ਕੰਮ ਕਰਨਾ ਹੀ ਸੀ। ਉਹ ਸਮਾਜ ਵਿੱਚ ਅਪਾਣੀ ਲਿਆਕਤ ਅਨੁਸਾਰ ਯੋਗਦਾਨ ਨਹੀਂ ਪਾ ਸਕਦੀ ਸੀ। ਸ਼ਾਇਦ ਮਰਦ ਪ੍ਰਧਾਨ ਸਮਾਜ ਇਸ ਡਰ ਅਧੀਨ ਵੀ ਔਰਤਾਂ ਨੂੰ ਇਹ ਅਧਿਕਾਰ ਦੇਣ ਲਈ ਤਿਆਰ ਨਹੀਂ ਸੀ ਕਿ ਉਹ ਪੜ੍ਹ-ਲਿਖ ਕੇ ਉਸਦੇ ਬਰਬਾਰ ਨਾ ਆ ਜਾਣ। ਅੱਜ ਵੀ ਅਨੇਕਾਂ ਸਮਾਜਾਂ ਜਾਂ ਧਾਰਮਿਕ ਫਿਰਕਿਆਂ ਵਿੱਚ ਔਰਤ ਨੂੰ ਇਹ ਹੱਕ ਲੈਣ ਸੰਘਰਸ਼ ਕਰਨੇ ਪੈ ਰਹੇ ਹਨ।

**ਕੰਮਾਂ ਤੇ ਵਿਤਕਰਾ**: ਥਰਡ ਵਰਲਡ ਦੇਸ਼ਾਂ, ਅਣ ਵਿਕਸਤ ਦੇਸ਼ਾਂ ਆਦਿ ਦੀ ਗੱਲ ਜੇ ਪਾਸੇ ਵੀ ਰੱਖ ਦੇਈਏ ਤਾਂ ਵਿਕਸਤ ਪੱਛਮੀ ਦੇਸ਼ਾਂ ਦੇ ਅੰਕੜੇ ਵੀ ਇਹ ਦੱਸਦੇ ਹਨ ਕਿ ਔਰਤਾਂ ਨਾਲ ਨਾ ਸਿਰਫ ਕੰਮਾਂ ਤੇ ਉਨ੍ਹਾਂ ਦੇ ਬੌਸ ਜਾਂ ਵੱਡੇ ਅਧਿਕਾਰੀਆਂ ਵਲੋਂ ਸਰੀਰਕ ਛੇੜਖਾਨੀ, ਬਲਾਤਕਾਰ ਜਾਂ ਸਰੀਰਕ ਸਬੰਧ ਬਣਾਉਣ ਲਈ ਮਜਬੂਰ ਕੀਤਾ ਜਾਂਦਾ ਹੈ, ਸਗੋਂ ਉਨ੍ਹਾਂ ਨੂੰ ਇਕੋ ਕੰਮ ਤੇ ਇਕੋ ਯੋਗਤਾ ਦੇ ਬਾਵਜੂਦ ਮਰਦ ਕਾਮੇ ਨਾਲੋਂ ਘੱਟ ਤਨਖਾਹ ਮਿਲਦੀ ਹੈ। ਪਛੜੇ ਦੇਸ਼ਾਂ ਵਿੱਚ ਤਾਂ ਕੰਮਾਂ ਤੇ ਇਹ ਸਭ ਆਮ ਵਰਤਾਰਾ ਹੈ।

**ਦਾਜ ਦੀ ਪ੍ਰਥਾ**: ਦਾਜ ਪ੍ਰਥਾ ਅਨੁਸਾਰ ਲੜਕੀ ਦੇ ਮਾਪਿਆਂ ਨੂੰ ਆਪਣੀ ਧੀ ਨੂੰ ਵਿਆਹ ਤੋਂ ਬਾਅਦ ਸਹੁਰੇ ਤੋਰਨ ਵੇਲੇ ਕੁੱਝ ਸਮਾਨ ਦੇਣਾ ਪੈਂਦਾ ਸੀ ਜਾਂ ਹੈ। ਬੇਸ਼ਕ ਇਹ ਪ੍ਰਥਾ ਇਸ ਕਰਕੇ ਵੀ ਸ਼ੁਰੂ ਹੋਈ ਹੋਵੇ ਕਿ ਔਰਤ ਨੂੰ ਪ੍ਰਾਪਰਟੀ ਰੱਖਣ ਦਾ ਅਧਿਕਾਰ ਨਹੀਂ ਸੀ ਤੇ ਪਿਉ ਵਲੋਂ ਆਪਣੀ ਧੀ ਨੂੰ ਆਪਣੀ ਜਾਇਦਾਦ ਵਿਚੋਂ ਕੁੱਝ ਹਿੱਸਾ ਸਮਾਨ ਦੇ ਰੂਪ ਵਿੱਚ ਦਿੱਤਾ ਜਾਂਦਾ ਹੋਵੇ। ਪਰ ਸਮੇਂ ਨਾਲ ਇਹ ਪ੍ਰਥਾ ਵੀ ਘਿਨਾਉਣਾ ਰੂਪ ਅਖਤਿਆਰ ਕਰ ਗਈ। ਲਾਲਚੀ ਪਰਿਵਾਰਾਂ ਵਲੋਂ ਵੱਧ ਸਮਾਨ ਦੀ ਮੰਗ ਕੀਤੀ ਜਾਣ ਲੱਗੀ, ਜਿਸ ਨਾਲ ਜਿਥੇ ਇੱਕ ਪਾਸੇ ਔਰਤਾਂ ਤੇ ਨੂੰਹ ਰੂਪ ਵਿੱਚ ਸਰੀਰਕ ਤੇ ਮਾਨਸਿਕ ਅੱਤਿਆਚਾਰ ਕੀਤੇ ਜਾਦੇ, ਉਥੇ ਬਹੁਤ ਵਾਰ ਉਨ੍ਹਾਂ ਨੂੰ ਜਾਨੋਂ ਵੀ ਮਾਰਿਆ ਜਾਂਦਾ ਰਿਹਾ। ਇਸੇ ਵਿਚੋਂ ਕੁੜੀਆਂ ਘੱਟ ਪੈਦਾ ਕਰਨ ਦੀ ਸੋਚ ਅਧੀਨ, ਭਰੂਣ ਹੱਤਿਆ ਦਾ ਰੁਝਾਨ ਵੀ ਵਧਿਆ।

**ਔਰਤਾਂ ਦੀ ਸੁੰਨਤ**: ਕਈ ਧਾਰਮਿਕ ਫਿਰਕਿਆਂ ਤੇ ਕਬੀਲਿਆਂ ਵਿੱਚ ਅਜਿਹੀ ਪ੍ਰਥਾ ਪ੍ਰਚਲਤ ਰਹੀ ਹੈ ਤੇ ਕਈ ਥਾਈਂ ਅਜੇ ਵੀ ਚੱਲ ਰਹੀ ਹੈ, ਜਿਸ ਅਧੀਨ ਇਹ ਸੋਚ ਕੇ ਨੌਜਵਾਨ ਲੜਕੀਆਂ ਦੇ ਗੁਪਤ ਅੰਗਾਂ ਨੂੰ ਜ਼ਬਰਦਸਤੀ ਬੜੀ ਬੇਰਹਿਮੀ ਨਾਲ ਕੱਟਿਆ ਜਾਂਦਾ ਹੈ ਤਾਂ ਕਿ ਉਨ੍ਹਾਂ ਵਿੱਚ ਸੈਕਸ ਦੀ ਤਮੰਨਾ ਨਾ ਰਹੇ ਤੇ ਉਹ ਮਰਦ ਦੀ ਸਰੀਰਕ (ਕਾਮੁਕ) ਭੁੱਖ ਪੂਰੀ ਕਰਨ ਲਈ ਮਸ਼ੀਨ ਵਾਂਗ ਕੰਮ ਕਰਨ। ਉਹ ਮਰਦ ਤੋਂ ਸੈਕਸ ਦੀ ਕਿਸੇ ਤਰ੍ਹਾਂ ਖਾਹਿਸ਼ ਨਾ ਰੱਖਣ। ਉਨ੍ਹਾਂ ਵਿਚੋਂ ਕਾਮ ਵੇਗ ਹੀ ਖਤਮ ਹੋ ਜਾਵੇ ਤਾਂ ਕਿ ਪਤੀ ਦੀ ਮੌਤ ਜਾਂ ਪਤੀ ਦੀ ਗੈਰ ਹਾਜ਼ਰੀ ਵਿੱਚ ਉਨ੍ਹਾਂ ਵਿੱਚ ਕਿਸੇ ਹੋਰ ਮਰਦ ਨਾਲ ਸਰੀਰਕ ਸਬੰਧ ਬਣਾਉਣ ਦੀ ਇਛਾ ਨਾ ਰਹੇ। ਇਸ ਔਰਤ ਸੁੰਨਤ ਨਾਲ ਜਿਥੇ ਲੜਕੀਆਂ ਨੂੰ ਸਰੀਰਕ ਪੀੜ੍ਹਾ ਵਿਚੋਂ ਗੁਜ਼ਰਨਾ ਪੈਂਦਾ ਹੈ, ਉਥੇ ਸਾਰੀ ਉਮਰ ਮਾਨਸਿਕ ਸੰਤਾਪ ਵੀ ਹੰਢਾਉਣਾ ਪੈਂਦਾ ਹੈ।

**ਛਾਤੀਆਂ ਪ੍ਰੈਸ ਕਰਨਾ**: ਅਫਰੀਕਾ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਇੱਕ ਪ੍ਰਥਾ ਸਦੀਆਂ ਤੋਂ ਚੱਲ ਰਹੀ ਹੈ, ਜਿਸ ਅਧੀਨ ਜਵਾਨ ਹੋ ਰਹੀ ਲੜਕੀ ਦੀਆਂ ਛਾਤੀਆਂ ਨੂੰ ਗਰਮ ਲੱਕੜੀ ਨਾਲ ਦਬਾਇਆ (ਸਾੜਿਆ) ਜਾਂਦਾ ਹੈ ਤਾਂ ਕਿ ਉਹ ਸਰੀਰਕ ਦਿਖ ਤੋਂ ਜਲਦੀ ਜਵਾਨ ਨਾ ਲੱਗੇ। ਅਜਿਹਾ ਮੰਨਿਆ ਜਾਂਦਾ ਹੈ ਕਿ ਭਰਵੀਆਂ ਛਾਤੀਆਂ ਦੇਖ ਕੇ ਨੌਜਵਾਨ ਵੱਧ ਅਕਰਸ਼ਿਤ ਹੁੰਦੇ ਹਨ, ਜਿਸ ਨਾਲ ਬਲਾਤਕਾਰ ਜਾਂ ਸੈਕਸ ਜ਼ੁਰਮ ਵਧਦੇ ਹਨ। ਗਰਮ ਲੱਕੜੀ ਦੇ ਮੋਟੇ ਡੰਡੇ ਨਾਲ 10-12 ਸਾਲ ਦੀਆਂ ਲੜਕੀਆਂ ਦੀਆਂ ਛਾਤੀਆਂ ਨੂੰ ਜ਼ਬਰਦਸਤੀ ਮਾਵਾਂ ਜਾਂ ਘਰ ਦੀਆਂ ਬਜ਼ੁਰਗ ਔਰਤਾਂ ਵਲੋਂ ਸਾੜ ਕੇ ਜਿਥੇ ਘੋਰ ਸਰੀਰਕ ਤਸੀਹੇ ਦਿੱਤੇ ਜਾਂਦੇ ਹਨ, ਉਥੇ ਉਸਨੂੰ ਸਾਰੀ ਉਮਰ ਆਪਣੀ ਸਰੀਰਕ ਕਰੂਪਤਾ ਕਰਕੇ ਮਾਨਸਿਕ ਸੰਤਾਪ ਵੀ ਹੰਢਾਉਣਾ ਪੈਂਦਾ ਹੈ।

**ਘਰੇਲੂ ਹਿੰਸਾ**: ਸਦੀਆਂ ਤੋਂ ਔਰਤ ਤੇ ਮਰਦਾਂ ਵਲੋਂ ਵੱਖ-ਵੱਖ ਢੰਗਾਂ ਨਾਲ ਅੱਤਿਆਚਾਰ ਕੀਤੇ ਜਾਂਦੇ ਰਹੇ ਹਨ। ਘਰਾਂ ਵਿੱਚ ਛੋਟੇ-ਛੋਟ ਘਰੇਲੂ ਝਗੜਿਆਂ ਤੋਂ ਲੈ ਕੇ ਨਸ਼ੇ ਕਰਕੇ, ਸੈਕਸ ਕਾਰਨ ਔਰਤਾਂ ਨੂੰ ਮਰਦਾਂ ਵਲੋਂ ਅਕਸਰ ਕੁੱਟਿਆ ਮਾਰਿਆ ਜਾਂਦਾ ਹੈ। ਇਹ ਵਰਤਾਰਾ ਥਰਡ ਵਰਲਡ ਦੇਸ਼ਾਂ ਵਿੱਚ ਹੀ ਨਹੀਂ, ਸਗੋਂ ਵਿਕਸਤ ਦੇਸ਼ਾਂ ਵਿੱਚ ਅੱਜ ਵੀ ਜਾਰੀ ਹੈ। ਵਿਮਿਨ ਸ਼ੈਲਟਰ ਹੋਮ ਅਜਿਹੇ ਕੇਸਾਂ ਨਾਲ ਭਰੇ ਪਏ ਹਨ। ਘਰੇਲੂ ਹਿੰਸਾ ਦੇ ਅੰਕੜਿਆਂ ਅਨੁਸਾਰ ਕਤਲ ਕੇਸਾਂ ਵਿੱਚ 3 ਵਿਚੋਂ 2 ਮਰਨ ਵਾਲੀਆਂ ਔਰਤਾਂ ਘਰੇਲੂ ਹਿੰਸਾ ਦੀਆਂ ਸ਼ਿਕਾਰ ਹੁੰਦੀਆਂ ਹਨ। ਦੁਨੀਆਂ ਦੇ ਸਭ ਤੋਂ ਵਿਕਸਤ ਦੇਸ਼ ਅਮਰੀਕਾ ਵਿੱਚ ਹੀ 40 ਲੱਖ ਤੋਂ ਵੱਧ ਔਰਤਾਂ ਹਰ ਸਾਲ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਸਿਰਫ ਅਮਰੀਕਾ ਵਿੱਚ ਹੀ ਹਰ ਮਿੰਟ ਵਿੱਚ 6 ਔਰਤਾਂ ਕਿਸੇ ਨਾ ਕਿਸੇ ਤਰ੍ਹਾਂ ਦੀ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਅਮਰੀਕਾ ਵਿੱਚ ਹਰ 5 ਵਿਚੋਂ 1 ਔਰਤ ਆਪਣੇ ਜੀਵਨ ਕਾਲ ਵਿੱਚ ਬਲਾਤਕਾਰ ਦਾ ਸ਼ਿਕਾਰ ਹੁੰਦੀ ਹੈ। ਘਰੇਲੂ ਹਿੰਸਾ (ਸਰੀਰਕ ਕੁੱਟਮਾਰ, ਬਲਾਤਕਾਰ, ਮਾਨਸਿਕ ਤਸੀਹੇ) ਦਾ 16-35 ਸਾਲ ਦੀ ਉਮਰ ਦੀਆਂ ਲੜਕੀਆਂ ਵੱਧ ਸ਼ਿਕਾਰ ਹੁੰਦੀਆਂ ਹਨ। ਵਰਲਡ ਹੈਲਥ ਆਰਗਨਾਈਜ਼ੇਸ਼ਨ ਦੀ ਇੱਕ ਰਿਪੋਰਟ ਮੁਤਬਿਕ ਦੁਨੀਆਂ ਭਰ ਵਿੱਚ 3 ਵਿਚੋਂ 1 ਔਰਤ ਕਿਸੇ ਨਾ ਕਿਸੇ ਢੰਗ ਨਾਲ ਮਰਦ ਹੱਥੋਂ ਹਿੰਸਾ ਦਾ ਸ਼ਿਕਾਰ ਹੁੰਦੀ ਹੈ। ਕਤਲਾਂ ਦੇ ਅੰਕੜਿਆਂ ਅਨੁਸਾਰ ਕਤਲ ਹੋਣ ਵਾਲੀਆਂ ਔਰਤਾਂ ਵਿੱਚੋਂ 38% ਔਰਤਾਂ ਦੇ ਕਤਲ ਉਨ੍ਹਾਂ ਦੇ ਪਤੀ ਜਾਂ ਬੁਆਏ ਫਰੈਂਡ ਵਲੋਂ ਕੀਤੇ ਜਾਂਦੇ ਹਨ। ਸਾਊਥ ਏਸ਼ੀਅਨ ਦੇਸ਼ਾਂ ਵਿੱਚ ਔਰਤਾਂ ਕੋਲ ਅਜਿਹੇ ਸਮਾਜਿਕ ਹੱਕ ਨਹੀਂ ਹਨ ਕਿ ਘਰੇਲੂ ਹਿੰਸਾ ਦੀਆਂ ਸ਼ਿਕਾਰ ਔਰਤਾਂ ਆਪਣੇ ਪਤੀ ਜਾਂ ਸਹੁਰਿਆਂ ਖਿਲਾਫ ਜਾ ਸਕਣ, ਪਰ ਵਿਦੇਸ਼ਾਂ ਵਿਚਲੇ ਘਰੇਲੂ ਹਿੰਸਾ ਦੇ ਅੰਕੜੇ ਦੱਸਦੇ ਹਨ ਕਿ ਕਿਵੇਂ ਸ਼ਰਾਬੀ ਜਾਂ ਨਸ਼ਈ ਪਤੀ ਔਰਤਾਂ ਤੇ ਜ਼ੁਲਮ ਕਰਦੇ ਹਨ, ਕੁੱਟਦੇ ਮਾਰਦੇ ਹਨ, ਸਰੀਰਕ ਤੇ ਮਾਨਸਿਕ ਤਸੀਹੇ ਦਿੰਦੇ ਹਨ।

**ਪੈਰ ਬੰਨ੍ਹਣ ਦੀ ਪ੍ਰਥਾ**: ਚੀਨ ਸਮੇਤ ਕੁੱਝ ਏਸ਼ੀਅਨ ਦੇਸ਼ਾਂ ਵਿੱਚ ਇਹ ਪ੍ਰਥਾ ਲੰਬਾ ਸਮਾਂ ਚਲਦੀ ਰਹੀ ਹੈ ਕਿ ਔਰਤਾਂ ਦੇ ਪੈਰ ਛੋਟੇ ਹੋਣੇ ਚਾਹੀਦੇ ਹਨ। ਵੱਡੇ ਪੈਰਾਂ ਵਾਲੀ ਔਰਤ ਨੂੰ ਕਰੂਪ ਜਾਂ ਅਭਾਗਣ ਸਮਝਿਆ ਜਾਂਦਾ ਸੀ। ਇਸ ਲਈ ਲੋਕ ਆਪਣੀਆਂ ਲੜਕੀਆਂ ਦੇ ਪੈਰਾਂ ਨੂੰ ਇਤਨਾ ਕੱਸ ਕੇ ਬੰਨਦੇ ਜਾਂ ਘੁੱਟਵੇਂ ਬੂਟ ਪਾਉਂਦੇ ਸਨ ਤਾਂ ਕਿ ਉਨ੍ਹਾਂ ਦੇ ਪੈਰ ਵਧ ਨਾ ਸਕਣ। ਇਸ ਨਾਲ ਛੋਟੀਆਂ ਬੱਚੀਆਂ ਨੂੰ ਸਰੀਰਕ ਤੇ ਮਾਨਸਿਕ ਤਕਲੀਫ ਵਿਚੋਂ ਗੁਜ਼ਰਨਾ ਪੈਂਦਾ ਸੀ। ਬਹੁਤ ਸਾਰੀਆਂ ਲੜਕੀਆਂ ਦੇ ਪੈਰ ਵਿੰਗੇ ਟੇਢੇ ਹੋ ਜਾਂਦੇ ਸਨ। ਵੱਡੀ ਗਿਣਤੀ ਵਿੱਚ ਲੜਕੀਆਂ ਪੈਰਾਂ ਤੋਂ ਅਪਾਹਿਜ ਬਣ ਜਾਂਦੀਆਂ ਸਨ। ਚੀਨ ਦੇ ਇਤਿਹਾਸ ਵਿੱਚ ਔਰਤਾਂ ਦੀ ਆਜ਼ਾਦੀ ਲਈ ਚੱਲੀਆਂ ਮੁਹਿੰਮਾਂ ਵਿੱਚ ਪੈਰ ਬੰਨ੍ਹਣ ਦੀ ਪ੍ਰਥਾ ਰੋਕਣ ਲਈ ਕਈ ਸੰਘਰਸ਼ਾਂ ਤੋਂ ਬਾਅਦ ਪਿਛਲੀ ਸਦੀ ਵਿੱਚ ਇਹ ਪ੍ਰਥਾ ਬੰਦ ਕੀਤੀ ਗਈ।

**ਧਾਰਮਿਕ ਗ੍ਰੰਥਾਂ ਵਿੱਚ ਔਰਤਾਂ ਬਾਰੇ**: ਵੱਖ-ਵੱਖ ਧਾਰਮਿਕ ਗ੍ਰੰਥਾਂ ਦਾ ਵੀ ਔਰਤ ਦੀ ਇਸ ਤਰਾਸਦੀ ਵਿੱਚ ਅਹਿਮ ਰੋਲ ਰਿਹਾ ਹੈ। ਦੁਨੀਆਂ ਦੇ ਤਕਰੀਬਨ ਸਾਰੇ ਧਾਰਮਿਕ ਗ੍ਰੰਥ ਮਰਦਾਂ ਵਲੋਂ ਲਿਖੇ ਹੋਣ ਕਰਕੇ, ਇਨ੍ਹਾਂ ਵਿੱਚ ਬਹੁਤ ਕੁੱਝ ਅਜਿਹਾ ਮਿਲ ਜਾਂਦਾ ਹੈ, ਜਿਸਨੇ ਔਰਤ ਦੀ ਗੁਲਾਮੀ ਨੂੰ ਹੋਰ ਮਜਬੂਤ ਕੀਤਾ ਹੈ। ਧਰਮਾਂ ਵਲੋਂ ਹੀ ਔਰਤਾਂ ਨੂੰ ਅਜਿਹੇ ਪਾਠ ਪੜ੍ਹਾਏ ਗਏ ਕਿ ਔਰਤ ਦਾ ਧਰਮ ਮਰਦ ਦੀ ਦਾਸੀ ਬਣ ਕੇ ਸੇਵਾ ਕਰਨਾ ਜਾਂ ਪਤੀ ਹੀ ਉਸ ਲਈ ਪ੍ਰਮੇਸ਼ਰ ਹੈ। ਬੇਸ਼ਕ ਕੁੱਝ ਧਾਰਮਿਕ ਗ੍ਰੰਥਾਂ ਵਿੱਚ ਔਰਤ ਦੇ ਹੱਕ ਵਿੱਚ ਵੀ ਗੱਲ ਕੀਤੀ ਗਈ ਹੈ ਜਾਂ ਸਮਾਜ ਵਲੋਂ ਦੁਰਕਾਰੀ ਜਾ ਰਹੀ ਔਰਤ ਦੇ ਹੱਕ ਵਿੱਚ ਆਵਾਜ ਚੁੱਕੀ ਹੈ। ਪਰ ਸਮਾਜ ਵਿੱਚ ਔਰਤ ਨੂੰ ਕਦੇ ਵੀ ਉਹ ਹੱਕ ਨਹੀਂ ਮਿਲੇ, ਭਾਵੇਂ ਕਿ ਧਾਰਮਿਕ ਗ੍ਰੰਥਾਂ ਵਿੱਚ ਜੋ ਮਰਜੀ ਲਿਖਿਆ ਹੋਵੇ। ਇਸਦੀ ਮਿਸਾਲ ਆਪਾਂ ਸਿੱਖ ਧਰਮ ਦੇ ਪੱਖ ਤੋਂ ਲੈ ਸਕਦੇ ਹਾਂ। ਗੁਰੂ ਗ੍ਰੰਥ ਸਾਹਿਬ ਵਿੱਚ ਔਰਤ ਦੇ ਹੱਕ ਵਿੱਚ ਆਵਾਜ ਉਠਾਈ ਗਈ ਹੈ ਤੇ ਗੁਰੂ ਸਾਹਿਬਾਨ ਨੇ ਆਪਣੇ ਸਮੇਂ ਵਿੱਚ ਔਰਤ ਨੂੰ ਮਾਣ-ਸਨਮਾਨ ਦੇਣ ਦੀ ਕੋਸ਼ਿਸ਼ ਵੀ ਕੀਤੀ ਸੀ। ਪਰ ਜੇ ਅਸੀਂ ਸਿੱਖ ਸਮਾਜ ਨੂੰ ਦੇਖਦੇ ਹਾਂ ਤਾਂ ਸਿੱਖ ਵੀ ਦੂਜੀਆਂ ਕੌਮਾਂ ਜਾਂ ਫਿਰਕਿਆਂ ਵਾਂਗ ਤਕਰੀਬਨ ਉਥੇ ਕੁ ਹੀ ਖੜੇ ਹਨ। ਬੇਸ਼ਕ ਜਿਤਨਾ ਮਰਜ਼ੀ ਕਹੀ ਜਾਈਏ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਔਰਤਾਂ ਨੂੰ ਬਰਾਬਰਤਾ ਦਿੱਤੀ ਗਈ ਹੈ। ਪਰ ਦੇਖਿਆ ਤੇ ਉਹ ਜਾਣਾ ਹੈ, ਜੋ ਅਸੀਂ ਆਪਣੇ ਘਰਾਂ ਜਾਂ ਸਮਾਜ ਵਿੱਚ ਵਿਹਾਰਕ ਰੂਪ ਵਿੱਚ ਕਰ ਰਹੇ ਹਾਂ। ਇਸ ਦੀਆਂ ਅਨੇਕਾਂ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ ਕਿ ਔਰਤਾਂ ਨੂੰ ਅੱਜ ਵੀ ਸਿੱਖ ਸਮਾਜ ਵਿੱਚ ਬਰਾਬਰ ਦਾ ਸਥਾਨ ਨਹੀਂ ਹੈ। ਸਿੱਖ ਔਰਤਾਂ ਕੁੱਝ ਦਹਾਕੇ ਪਹਿਲਾਂ ਤੱਕ ਘੁੰਡ ਵਿੱਚ ਆਪਣਾ ਮੂੰਹ ਲੁਕੋ ਕੇ ਰੱਖਦੀਆਂ ਸਨ। ਅੱਜ ਵੀ ਲੜਕੀਆਂ ਤੇ ਘਰ ਦੀ ਇੱਜ਼ਤ ਸਮਝ ਕੇ ਇਕੱਲੀ ਬਾਹਰ ਜਾਣ ਜਾਂ ਘੁੰਮਣ ਆਦਿ ਤੇ ਲੜਕਿਆਂ ਦੇ ਮੁਕਾਬਲੇ ਵੱਧ ਪਾਬੰਧੀਆਂ ਹਨ। ਖਾਣ ਪਹਿਨਣ ਲਈ ਵੀ ਲੜਕੀਆਂ ਤੇ ਬਹੁਤ ਪਾਬੰਧੀਆਂ ਹਨ। ਅੱਜ ਵੀ ਸਿੱਖ ਔਰਤਾਂ ਸਿੱਖਾਂ ਦੇ ਪ੍ਰਮੁੱਖ ਧਾਰਮਿਕ ਅਸਥਾਨ ਹਰਿਮੰਦਰ ਸਾਹਿਬ ਵਿੱਚ ਕੀਰਤਨ ਨਹੀਂ ਕਰ ਸਕਦੀਆਂ। ਕੋਈ ਸਿੱਖ ਸੰਸਥਾ ਅਜੇ ਵੀ ਅਜਿਹੀ ਜ਼ੁਰਅਤ ਨਹੀਂ ਕਰ ਸਕਦੀ ਕਿ ਕਿਸੇ ਧਾਰਮਿਕ ਸਮਾਗਮ ਵਿੱਚ ਔਰਤਾਂ ਨੂੰ ਪੰਜ ਪਿਆਰਿਆਂ ਵਿੱਚ ਸ਼ਾਮਿਲ ਕਰ ਸਕੇ। ਅਨੇਕਾਂ ਡੇਰੇਦਾਰ ਪ੍ਰਚਾਰਕ ਬੜੀ ਬੇਬਾਕੀ ਨਾਲ ਅਜਿਹਾ ਪ੍ਰਚਾਰ ਕਰਦੇ ਹਨ ਕਿ ਔਰਤਾਂ ਨੂੰ ਮਾਸਿਕ ਧਰਮ (ਪੀਰੀਅਡ) ਮੌਕੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਪਾਠ ਕਰਨ ਦੀ ਇਜ਼ਾਜਤ ਨਹੀਂ ਹੋਣੀ ਚਾਹੀਦੀ। ਕੁੱਝ ਸਾਲ ਪਹਿਲਾਂ ਤੱਕ ਔਰਤਾਂ ਨੂੰ ਮਰਦਾਂ ਬਰਾਬਰ ਖੰਡੇ ਦੀ ਪਾਹੁਲ ਦੀ ਥਾਂ ਕਿਰਪਾਨ ਦੀ ਪਾਹੁਲ ਛਕਾਈ ਜਾਂਦੀ ਸੀ। ਕੋਈ ਵੀ ਅਖੌਤੀ ਉੱਚ ਜਾਤੀ ਦਾ ਸਿੱਖ ਆਪਣੀ ਲੜਕੀ ਨੂੰ ਅਖੌਤੀ ਕਿਸੇ ਨੀਵੀਂ ਜਾਤ ਵਿੱਚ ਵਿਆਹ ਦੀ ਇਜ਼ਾਜਤ ਨਹੀਂ ਦਿੰਦਾ। ਹੋਰ ਕੌਮਾਂ ਵਾਂਗ ਸਿੱਖ ਵੀ ਆਪਣੀਆਂ ਨੂੰਹਾਂ ਨੂੰ ਦਾਜ ਲਈ ਸਾੜਦੇ ਹਨ। ਪੁੱਤਰਾਂ ਦੀ ਪ੍ਰਾਪਤੀ ਲਈ ਅੱਜ ਵੀ ਔਰਤਾਂ ਨੂੰ ਲੜਕੀਆਂ ਦੇ ਗਰਭ ਗਿਰਾਉਣ ਲਈ ਮਜਬੂਰ ਕੀਤਾ ਜਾਂਦਾ ਹੈ। ਜਿਹੜੇ ਗਰਭ ਨਹੀਂ ਗਿਰਾਉਂਦੇ, ਉਹ ਉਦੋਂ ਤੱਕ ਲੜਕੀਆਂ ਜੰਮਦੇ ਰਹਿਣ ਲਈ ਮਜਬੂਰ ਕਰਦੇ ਹਨ, ਜਦੋਂ ਤੱਕ ਲੜਕਾ ਨਾ ਪੈਦਾ ਹੋਵੇ। ਅਨੇਕਾਂ ਗੁਰਦੁਆਰੇ ਜਾਂ ਡੇਰੇ ਬੜੀ ਸ਼ਾਨ ਨਾਲ ਸਿੱਖ ਔਰਤਾਂ ਨੂੰ ਪੁੱਤਰਾਂ ਦਾ ਅਸ਼ੀਰਵਾਦ ਬੜੀ ਸ਼ਾਨ ਨਾਲ ਦਿੰਦੇ ਹਨ, ਉਨ੍ਹਾਂ ਨੂੰ ਰੋਕਣ ਟੋਕਣ ਵਾਲਾ ਕੋਈ ਨਹੀਂ। ਅਜੇ ਵੀ ਸਿੱਖ ਪਰਿਵਾਰ ਲੜਕਿਆਂ ਦੀ ਹੀ ਲੋਹੜੀ ਮਨਾਉਂਦੇ ਹਨ, ਕੁੜੀਆਂ ਦੀ ਨਹੀਂ ਅਤੇ ਲੱਡੂ ਵੀ ਮੁੰਡਿਆਂ ਦੇ ਹੀ ਵੰਡੇ ਜਾਂਦੇ ਹਨ, ਕੁੜੀਆਂ ਦੇ ਨਹੀਂ। ਮੁੰਡਾ ਜੰਮਣ ਤੇ ਹੀ ਅਖੰਡ ਪਾਠ ਕੀਤੇ ਜਾਂਦੇ ਹਨ, ਪਾਰਟੀਆਂ ਕੀਤੀਆਂ ਜਾਂਦੀਆਂ ਹਨ, ਕੁੜੀਆਂ ਲਈ ਨਹੀਂ। ਅਜੇ ਵੀ ਸ਼ਾਇਦ ਹੀ ਦੁਨੀਆਂ ਦਾ ਕੋਈ ਗੁਰਦੁਆਰਾ ਹੋਵੇਗਾ, ਜਿਥੇ ਕੋਈ ਔਰਤ ਗ੍ਰੰਥੀ ਹੋਵੇ। ਅਜੇ ਤੱਕ 300 ਸਾਲਾਂ ਵਿੱਚ ਕਿਸੇ ਤਖਤ ਦੀ ਜਥੇਦਾਰ ਕੋਈ ਔਰਤ ਨਹੀਂ ਬਣਾਈ ਗਈ। ਦੁਨੀਆਂ ਭਰ ਦੇ ਗੁਰਦੁਆਰਿਆਂ ਵਿਚੋਂ ਕੁੱਝ ਗਿਣਤੀ ਦੇ ਗੁਰਦੁਆਰੇ ਹੋਣਗੇ, ਜਿਥੇ ਔਰਤਾਂ ਵੀ ਗੁਰਦੁਆਰਾ ਕਮੇਟੀ ਵਿੱਚ ਸ਼ਾਮਿਲ ਹੋਣ। ਬੇਸ਼ਕ ਹੁਣ ਕਮੇਟੀਆਂ ਵਿੱਚ 1-2 ਔਰਤਾਂ ਪਾਉਣ ਦਾ ਰਿਵਾਜ ਬਣ ਰਿਹਾ ਹੈ, ਪਰ ਉਹ ਵੀ ਸਿਰਫ ਦਿਖਾਵੇ ਲਈ ਹੁੰਦਾ ਹੈ, ਉਨ੍ਹਾਂ ਦੀ ਪੁਛਗਿੱਛ ਕਿਤੇ ਨਹੀਂ ਹੁੰਦੀ। ਕੁੱਝ ਸਾਲ ਪਹਿਲਾਂ ਇੱਕ ਸਿੱਖ ਵਿਆਹ ਵਿੱਚ ਚਾਰ ਲਾਵਾਂ ਮੌਕੇ ਦੋ ਲਾਵਾਂ ਵਿੱਚ ਲੜਕਾ ਅੱਗੇ ਸੀ ਤੇ ਦੋ ਵਿੱਚ ਲੜਕੀ ਅੱਗੇ ਹੋ ਗਈ ਤਾਂ ਇਸਨੂੰ ਧਰਮ ਲਈ ਖਤਰਾ ਮੰਨਿਆ ਗਿਆ ਅਤੇ ਗ੍ਰੰਥੀਆਂ ਤੇ ਰਾਗੀਆਂ ਨੇ ਜਥੇਦਾਰਾਂ ਤੋਂ ਮੁਆਫੀ ਮੰਗ ਕੇ ਜਾਨ ਛੁਡਾਈ। ਇਹ ਸਮਝ ਨਹੀਂ ਆਈ ਕਿ ਲੜਕੀ ਦੇ ਲਾਵਾਂ ਵਿੱਚ ਅੱਗੇ ਹੋਣ ਨਾਲ ਮਰਿਯਾਦਾ ਦੀ ਉਲੰਘਣਾ ਕਿਵੇਂ ਹੋ ਗਈ ਤੇ ਧਰਮ ਨੂੰ ਕਿਸ ਤਰ੍ਹਾਂ ਖਤਰਾ ਪੈਦਾ ਹੋ ਗਿਆ? ਜਦੋਂ ਕਿ ਲੜਕੇ ਸਦੀਆਂ ਤੋਂ ਅੱਗੇ ਤੁਰਦੇ ਆ ਰਹੇ ਹਨ।

ਇਹ ਸਾਰਾ ਕੁੱਝ ਲਿਖਣ ਤੋਂ ਭਾਵ ਇਹੀ ਹੈ ਕਿ ਔਰਤਾਂ ਲਈ ਦਿੱਲੀ ਅਜੇ ਦੂਰ ਹੈ। ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਹੱਕ ਕਿਸੇ ਨੇ ਨਹੀਂ ਦੇਣੇ, ਸਗੋਂ ਉਨ੍ਹਾਂ ਨੂੰ ਲੈਣੇ ਪੈਣਗੇ। ਉਸ ਲਈ ਸੰਘਰਸ਼ ਕਰਨਾ ਪਵੇਗਾ। ਧਰਮ ਗ੍ਰੰਥ ਔਰਤਾਂ ਦੇ ਹੱਕ ਵਿੱਚ ਹੋਣ ਜਾਂ ਵਿਰੋਧ ਵਿੱਚ, ਇਸ ਨਾਲ ਕੁੱਝ ਫਰਕ ਨਹੀਂ ਪੈਂਦਾ, ਫਰਕ ਉਦੋਂ ਪਵੇਗਾ, ਜਦੋਂ ਔਰਤਾਂ ਖੁਦ ਆਪਣੀ ਬਰਾਬਰੀ ਜਾਂ ਆਪਣੇ ਇੱਕ ਬਰਾਬਰ ਦੇ ਹਿਊਮਨ ਹੋਣ ਲਈ ਖੜਨਗੀਆਂ।

Al Karim TRAVEL & TOURS
ALKARIM TRAVEL & TOURS
Less Fares Guaranteed
ਇੰਡੀਆ, ਪਾਕਿਸਤਾਨ, ਬੰਗਲਾਦੇਸ਼, ਸ਼੍ਰੀਲੰਕਾ, ਅਫਰੀਕਾ, ਅਫਗਾਨਿਸਤਾਨ, ਯੌਰਪ, ਫੀਜੀ ਜਾਂ ਆਸਟ੍ਰੇਲੀਆ ਜਾਣ, ਨਨਕਾਣਾ ਸਾਹਿਬ ਗਰੁੱਪ ਯਾਤਰਾ ਅਤੇ ਇੰਡੀਆ ਵੀਜ਼ਾ ਵਾਸਤੇ ਅਪਲੀਕੇਸ਼ਨ ਫੀਸ ਸਿਰਫ਼ 10 ਡਾਲਰ ਲਈ ਅਲਕਰੀਮ ਟਰੈਵਲ ਐਂਡ ਟੂਰਜ 'ਤੇ ਪਹੁੰਚੋ ਜਾਂ ਫੋਨ ਕਰੋ।
Best Fares to and from :
India, Pakistan, Afghanistan, Bangladesh, Sri Lanka, Africa, Fiji & Beyond
Arrange Nanakana Sahib Yatra Group & Vacation packages
PASSPORT SERVICE, VISA SERVICE
SUPER VISA & SUPER VISA INSURANCE
Money Transfer via TRANS-FAST,
"Indian Visa application fee $10 only"
403-454-8011
VILLAGE SQ. MALL #123, 2640-52 STREET N.E. CALGARY, AB
Email : info@alkarimtraveltours.com
www.alkarimtraveltours.com

## ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਫਰਵਰੀ ਮਹੀਨੇ ਦੀ ਇੱਕਤਰਤਾ 'ਚ ਸਦੀ ਦੇ ਮਹਾਨ ਲੇਖਕਾਂ ਨੂੰ ਦਿੱਤੀ ਸ਼ਰਧਾਂਜ਼ਲੀ

### ਡਾ: ਮਨੋਜ ਕੁਮਾਰ ਨੇ ਡਿਪਰੈਸ਼ਨ ਸਿਹਤ ਸਬੰਧੀ ਜਾਣਕਾਰੀ ਨਾਲ ਹਾਜ਼ਰੀਨ ਦੇ ਸੁਆਲਾਂ ਦੇ ਗਿਆਨ ਭਰਪੂਰ ਜੁਆਬ ਦਿੱਤੇ

ਕੈਲਗਰੀ, (ਮਾ. ਭਜਨ) : ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਫਰਵਰੀ ਮਹੀਨੇ ਦੀ ਮੀਟਿੰਗ ਵਿੱਚ ਪ੍ਰਧਾਨਗੀ ਮੰਡਲ ਵਿੱਚ ਪ੍ਰਧਾਨ ਦਵਿੰਦਰ ਮਲਹਾਂਸ, ਡਾ: ਮਨੋਜ ਕੁਮਾਰ ਤੇ ਮਹਿੰਦਰਪਾਲ ਐਸ ਪਾਲ ਨੂੰ ਸੱਦਾ ਦਿੰਦਿਆ ਜਨਰਲ ਸਕੱਤਰ ਜੋਰਾਵਰ ਬਾਂਸਲ ਨੇ ਆਏ ਹੋਏ ਹਾਜ਼ਰੀਨ ਨੂੰ ਜੀ ਆਇਆਂ ਆਖਦਿਆਂ ਉਹਨਾਂ ਦਾ ਧੰਨਵਾਦ ਵੀ ਕੀਤਾ, ਜੋ ਆਪਣੇ ਨਿੱਜੀ ਰੁਝੇਵੇ ਛੱਡ ਆਪਣਾ ਕੀਮਤੀ ਸਮਾਂ ਸਾਹਿਤ ਸਮਾਜ ਦੇ ਲੇਖੇ ਲਾਉਂਦੇ ਹਨ। ਸ਼ੋਕ ਮਤੇ ਸਾਂਝੇ ਕਰਦਿਆ ਉਹਨਾਂ ਨੇ ਕਿਹਾ ਕਿ ਇਸ ਮਹੀਨੇ ਸਾਹਿਤ ਸੰਸਾਰ ਨੂੰ ਬਹੁਤ ਵੱਡੇ ਘਾਟੇ ਪਏ ਹਨ। ਸਦੀ ਦੇ ਲੇਖਕ ਜਸਵੰਤ ਸਿੰਘ ਕੰਵਲ ਤੇ ਡਾ: ਦਲੀਪ ਕੌਰ ਟਿਵਾਣਾ ਦੇ ਇਲਾਵਾ ਸ਼੍ਰੋਮਣੀ ਲੇਖਕ ਡਾ: ਸੁਰਜੀਤ ਸਿੰਘ ਢਿੱਲੋਂ, ਪ੍ਰਸਿੱਧ ਨਾਵਲਕਾਰ ਇੰਦਰ ਸਿੰਘ ਖਾਮੋਸ਼, ਸਾਹਿਤਕਾਰ ਪ੍ਰੇਮ ਸਿੰਘ ਬਜਾਜ, ਗਜ਼ਲਗੋ ਹਰਬੰਸ ਮਾਛੀਵਾੜਾ ਅਤੇ ਕਹਾਣੀਕਾਰ ਕਵੀ ਹਰਨੇਕ ਬੱਧਨੀ ਜੋ ਕਿ ਕੈਲਗਰੀ ਸਾਹਿਤਕਾਰਾਂ ਵਿੱਚ ਜਾਣੀ ਪਛਾਣੀ ਹਸਤੀ ਸਨ, ਜਿਹਨਾਂ ਨੇ ਚਾਰ ਕਿਤਾਬਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਪੰਜਾਬੀ ਲਿਖਾਰੀ ਸਭਾ ਨੇ ਇਨ੍ਹਾਂ ਸਾਹਿਤਕਾਰਾਂ ਦੇ ਸਦੀਵੀ ਵਿਛੋੜੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਉਥੇ ਹੀ ਪ੍ਰਸਿੱਧ ਪੰਜਾਬੀ ਗਾਇਕਾ ਲਾਚੀ ਬਾਵਾ ਦੇ ਕੈਂਸਰ ਵਰਗੇ ਨਾ-




ਮੁਰਾਦ ਰੋਗ ਨਾਲ ਹੋਈ ਮੌਤ ਅਤੇ ਲੌਂਗੋਵਾਲ ਵਿੱਚ ਹੋਏ ਸਕੂਲ ਬੱਸ ਹਾਦਸਾ ਜਿਸ ਵਿੱਚ ਚਾਰ ਬੱਚਿਆਂ ਅੱਗ ਨਾਲ ਝੁਲਸ ਕੇ ਮੌਤ ਹੋ ਗਈ ਉੱਤੇ ਵੀ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਇਹੋ ਜਿਹੀਆਂ ਮੰਦਭਾਗੀਆ ਘਟਨਾਵਾਂ ਨਾ ਵਾਪਰਨ ਇਸ ਦੀ ਕਾਮਨਾ ਕੀਤੀ। ਇਸੇ ਲੜੀ ਨੂੰ ਅੱਗੇ ਤੋਰਦਿਆਂ ਬਲਜਿੰਦਰ ਸੰਘਾ ਨੇ ਉੱਘੇ ਲੇਖਕ ਜਸਵੰਤ ਸਿੰਘ ਕੰਵਲ ਦੇ ਜੀਵਨ ਲਿਖਤਾਂ ਉੱਤੇ ਚਾਨਣਾ ਪਾਇਆ ਕਿ ਉਹਨਾਂ ਨੇ ਜਿੱਥੇ 'ਪੂਰਨਮਾਸ਼ੀ' ਵਰਗੇ ਪਿਆਰ ਤੇ ਭਾਵੁਕਤਾ ਵਾਲੇ ਨਾਵਲ ਸਿਰਜੇ ਉਥੇ ਹੀ ਸਮੇਂ ਦੀ ਰਫਤਾਰ ਨਾਲ ਚੱਲਦੇ ਵਿਸ਼ੇ 'ਰਾਤ ਬਾਕੀ ਹੈ' ਤੇ 'ਲਹੂ ਦੀ ਲੋਅ'; ਵਰਗੇ ਸਮਾਜਿਕ ਤੇ ਸਰਕਾਰ ਦੀਆਂ ਕੁਰੀਤੀਆਂ ਵਿਰੁੱਧ ਨਾਵਲ ਲਿਖ ਕੇ ਸਮਾਜ ਪ੍ਰਤੀ ਆਪਣਾ ਫਰਜ਼ ਨਿਭਾਇਆ। ਰਚਨਾਵਾਂ ਦੇ ਦੌਰ ਵਿੱਚ ਤਰਲੋਚਨ ਸੈਂਭੀ, ਪਰਮਿੰਦਰ ਰਮਨ, ਮਹਿੰਦਰਪਾਲ ਐਸ ਪਾਲ, ਹਰਕੀਰਤ ਧਾਲੀਵਾਲ, ਗੁਰਚਰਨ ਕੌਰ ਥਿੰਦ, ਬਹਾਦੁਰ ਡਾਲਵੀ, ਹਾਸਿਆਂ ਦੇ ਬਾਦਸ਼ਾਹ ਤਰਲੋਕ ਚੁੱਘ ਨੇ ਰਚਨਾਵਾਂ ਸੁਣਾਈਆਂ। ਪ੍ਰਧਾਨ ਦਵਿੰਦਰ ਮਲਹਾਂਸ ਨੇ ਅਗਲੇ ਮਹੀਨੇ 21 ਮਾਰਚ ਨੂੰ ਹੋਣ ਵਾਲੇ 'ਬੱਚਿਆਂ ਵਿੱਚ ਪੰਜਾਬੀ ਬੋਲਣ ਦੀ ਮੁਹਾਰਤ' ਸਮਾਗਮ ਦੀ ਜਾਣਕਾਰੀ ਸਾਂਝੀ ਕੀਤੀ ਕਿ ਇਹ ਸਮਾਗਮ ਬੱਚਿਆਂ ਵਿੱਚ ਪੰਜਾਬੀ ਬੋਲੀ ਪ੍ਰਤੀ ਉਤਸ਼ਾਹ ਪੈਦਾ ਕਰਦਾ ਹੈ। ਇਸ ਸਾਲ ਦਾ ਇਹ ਸਮਾਗਮ 21 ਮਾਰਚ 2020 ਦਿਨ ਸ਼ਨੀਵਾਰ ਨੂੰ ਵਾਈਟਹੌਰਨ ਕਮਿਊਨਟੀ ਹਾਲ ਵਿੱਚ ਬਾਅਦ ਦੁਪਿਹਰ ਦੋ ਤੋਂ ਪੰਜ ਵਜੇ ਤੱਕ ਹੋਏਗਾ। ਜਿਸ ਵਿੱਚ ਪਹਿਲੀ ਤੋਂ ਦਸਵੀਂ ਜਮਾਤ ਦੇ ਬੱਚੇ ਭਾਗ ਲੈਣਗੇ ਤੇ ਜੇਤੂ ਬੱਚਿਆ ਦਾ ਸਨਮਾਨ ਕੀਤਾ ਜਾਏਗਾ। ਹੋਰ ਜਾਣਕਾਰੀ ਲਈ ਪ੍ਰਧਾਨ ਦਵਿੰਦਰ ਮਲਹਾਂਸ ਨਾਲ 403 993 2201 ਅਤੇ ਜਨਰਲ ਸਕੱਤਰ ਜੋਰਾਵਰ ਬਾਂਸਲ ਨਾਲ 587 437 7805 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਅਜੋਕੇ ਸੰਦਰਭ 'ਚ ਪ੍ਰਸੰਗਤਾ

ਹੀ ਰਾਜਨੀਤੀ ਦੀ ਚੇਟਕ ਲੱਗੀ। ਪ੍ਰਵਾਰਕ ਪਿਛੋਕੜ ਦੇਸ਼ ਭਗਤੀ ਲਈ ਪ੍ਰਨਾਇਆ ਹੋਣ ਕਰਕੇ ਭਗਤ ਸਿੰਘ ਵੀ ਇਹ ਤਮੰਨਾ ਲੈ ਕੇ ਤੁਰਿਆ, 'ਕਿ ਮੇਰੀ ਜ਼ਿੰਦਗੀ ਦਾ ਮਹਾਨ ਮਕਸਦ, ਭਾਵ! ਭਾਰਤ ਦੀ ਆਜ਼ਾਦੀ ਦੇ ਕਾਜ ਦੇ ਲੇਖੇ ਲੱਗੇ। ਇਸ ਲਈ ਉਸ ਦੀ ਜ਼ਿੰਦਗੀ ਵਿੱਚ ਆਰਾਮ ਅਤੇ ਦੁਨਿਆਵੀ ਖਾਹਿਸ਼ਾਂ ਵਾਸਤੇ ਕੋਈ ਖਿੱਚ ਨਹੀਂ ਸੀ।

ਸ਼ਹੀਦ ਭਗਤ ਸਿੰਘ ਦੇ ਵਡੇਰਿਆਂ ਦਾ ਪਿੰਡ ਨਾਰਲੀ (ਅੰਮ੍ਰਿਤਸਰ) ਸੀ ਅਤੇ ਉਹ ਪਿੰਡ ਖਟਕੜ-ਕਲਾਂ (ਨਵਾਂਸ਼ਹਿਰ) ਵੱਸ ਗਏ ਸਨ। ਮੁੱਢਲੀ ਸਿੱਖਿਆ ਪਿੰਡ ਬੰਗੇ (ਲਾਇਲਪੁਰ) ਅਤੇ ਬਾਦ 'ਚ ਲਾਹੌਰ ਵਿਖੇ ਨੈਸ਼ਨਲ ਕਾਲਜ ਤੋਂ ਪੜ੍ਹਾਈ ਕੀਤੀ। ਦੇਸ਼ ਭਗਤੀ ਅਤੇ ਕੁਰਬਾਨੀ ਦਾ ਜ਼ਜਬਾ ਜਿਥੇ ਵਿਰਸੇ 'ਚ ਮਿਲਿਆ, ਉਸ ਤੋਂ ਬਿਨ੍ਹਾਂ ਦੇਸ਼ ਅੰਦਰ ਵਾਪਰੀਆਂ ਇਤਿਹਾਸਕ ਘਟਨਾਵਾਂ, ਸਖਸ਼ੀਅਤਾਂ ਅਤੇ ਉਸ ਦੇ ਸੰਗੀ-ਸਾਥੀਆਂ ਦੇ ਪ੍ਰਭਾਵ ਅਤੇ ਵਿਚਾਰਧਾਰਾਂ ਦਾ ਵੀ ਅਸਰ ਸੀ। 1857 ਦੀ ਪਹਿਲੀ ਜੰਗਿ-ਏ-ਆਜ਼ਾਦੀ, ਕੂਕਾ ਲਹਿਰ, ਗਦਰ ਪਾਰਟੀ, 1917 ਦਾ ਮਹਾਨ ਅਕਤੂਬਰ ਇਨਕਲਾਬ, 1919 ਦਾ ਜੱਲਿਆਵਾਲਾ ਬਾਗ ਸਾਕਾ, 1920-21 ਦਾ ਗਾਂਧੀ ਜੀ ਵੱਲੋਂ ਸੱਤਿਆ ਗ੍ਰਹਿ ਅੰਦੋਲਨ ਦੀ ਵਾਪਸੀ, ਕਕੋਰੀ ਕੇਸ, 1924 ਕਾਨਪੁਰ ਸਾਜਿਸ਼ ਕੇਸ ਆਦਿ ਘਟਨਾਵਾਂ ਜਿਨ੍ਹਾਂ ਨੇ ਭਗਤ ਸਿੰਘ ਨੂੰ ਬੌਧਿਕ ਤੌਰ ਤੇ ਪ੍ਰਭਾਵਿਤ ਹੀ ਨਹੀਂ ਕੀਤਾ, ਸਗੋਂ ਇਕ ਪਰਪੱਕ ਇਨਕਲਾਬੀ ਵੀ ਬਣਾ ਦਿੱਤਾ। ਉਹ ਸਭ ਤੋਂ ਪਹਿਲਾਂ ਕੂਕਾ ਲਹਿਰ ਅਤੇ ਬਾਦ ਵਿੱਚ ਗਦਰ ਪਾਰਟੀ ਦੇ ਮਹਾਨ ਹੀਰੋ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਉਸ ਨੇ ਆਪਣਾ ਪ੍ਰੇਰਣਾ ਸਰੋਤ ਬਣਾਇਆ। ਉਸ ਦੀ ਲਹਿਰ ਦੇ ਮਰਜੀਵੜੇ ਜਿਨ੍ਹਾਂ ਨਾਲ ਮਿਲ ਕੇ ਉਹ ਆਪਣੇ ਸੁਪਨੇ ਸਾਕਾਰ ਕਰਨ ਲਈ ਕੁੱਦਿਆ-ਸਰਵ ਸਾਥੀ ਸ਼ਹੀਦ ਜਤਿੰਦਰ ਨਾਥ ਦਾਸ, ਭਗਵਾਨ ਦਾਸ ਜੌਹਰ, ਸੁਖਦੇਵ, ਰਾਜਗੁਰੂ, ਭਗਵਤੀ ਵੋਹਰਾ, ਉਨ੍ਹਾਂ ਦੀ ਜੀਵਣ ਸਾਥਣ ਦੁਰਗਾਵਤੀ, ਚੰਦਰ ਸ਼ੇਖਰ ਆਜ਼ਾਦ, ਅਜੈ ਘੋਸ਼, ਸੋਹਣ ਸਿੰਘ ਜੋਸ਼, ਸ਼ਿਵ ਵਰਮਾ, ਪੰ: ਕਿਸ਼ੋਰੀ ਲਾਲ, ਬੀ.ਕੇ.ਦੱਤ, ਰਾਮ ਕਿਸ਼ਨ, ਯਸ਼ਪਾਲ, ਗਨੇਸ਼ ਸ਼ੰਕਰ ਵਿਦਿਆਰਥੀ (ਪ੍ਰਤਾਪ ਅਖਬਾਰ) ਆਦਿ ਯੁੱਧ ਸਾਥੀ ਸਨ। ਸੰਸਾਰ ਅੰਦਰ ਅਤੀਤ ਤੇ ਵਰਤਮਾਨ ਸਮੇਂ ਦੀਆਂ ਜੁੱਗ-ਪਲਟਾਊ ਘਟਨਾਵਾਂ ਨੇ ਵੀ ਦੇਸ਼ ਦੇ ਨੌਜਵਾਨਾਂ ਵਿੱਚ ਇਕ ਨਵੀ ਆਸ ਦੀ ਕਿਰਨ ਪੈਦਾ ਕੀਤੀ। ਜਿਸ ਨੇ ਭਾਰਤ ਦੀ ਆਜ਼ਾਦੀ ਲਈ ਜਗਿਆਸਾ ਨੂੰ ਹੋਰ ਤੇਜ ਕੀਤਾ। ਪੰਜਾਬ ਅੰਦਰ ਕੂਕਾ ਲਹਿਰ, ਕਿਸਾਨੀ ਲਹਿਰਾਂ, ਜਲ੍ਹਿਆ ਵਾਲਾ ਬਾਗ ਦਾ ਦੁਖਦਾਈ ਕਾਂਡ, ਗੁਰਦੁਆਰਾ ਸੁਧਾਰ ਲਹਿਰ, ਬਬਰ ਅਕਾਲੀ ਲਹਿਰ ਤੇ ਦੇਸ਼ ਅੰਦਰ ਮੁੱਢਲੇ ਦੌਰਾਂ ਅੰਦਰ ਪਨਪੀਆਂ ਦਹਿਸ਼ਤ ਪਸੰਦ-ਇਨਕਲਾਬੀ ਲਹਿਰਾਂ ਦਾ ਵੀ ਨੌਜਵਾਨਾਂ ਤੇ ਬਹੁਤ ਅਸਰ ਪਿਆ। ਪਰ ਸਭ ਤੋਂ ਵੱਧ ਪ੍ਰਭਾਵਤ ਕਰਨ ਵਾਲੀ ਘਟਨਾ ਸੀ, "1917 ਦਾ ਮਹਾਨ ਅਕਤੂਬਰ ਇਨਕਲਾਬ" ਇਸ ਘਟਨਾ ਨੇ ਦੁਨੀਆਂ ਭਰ ਦੇ ਨੌਜਵਾਨਾਂ ਦੇ ਸਿਆਸੀ ਖਿਆਲਾਂ ਅਤੇ ਕਦਰਾਂ ਕੀਮਤਾਂ ਨੂੰ ਮੂਲੋ ਹੀ ਤਿਖਾਂ ਤੇ ਕੁਝ ਕਰਨ ਲਈ ਪ੍ਰੇਰਿਆ।

20ਵੀਂ ਸਦੀ ਦੇ ਦੂਸਰੇ ਦਹਾਕੇ ਦੇ ਸ਼ੁਰੂ ਵਿੱਚ ਵਿਗਿਆਨਕ ਸਮਾਜਵਾਦ ਦੇ ਵਿਚਾਰਾਂ ਦੇ ਫੈਲਣ ਨਾਲ ਭਾਰਤ ਅੰਦਰ ਕਲਕੱਤਾ, ਮਦਰਾਸ, ਬੰਬਈ ਅਤੇ ਲਾਹੌਰ ਆਦਿ ਥਾਵਾਂ 'ਤੇ ਮੁਢਲੇ ਕਮਿਊਨਿਸਟ ਗਰੁਪ ਹੋਂਦ ਵਿੱਚ ਆ ਗਏ ਸਨ। ਇਨ੍ਹਾਂ ਗਰੁਪਾਂ ਨੇ ਦੇਸ਼ ਦੇ ਨੌਜਵਾਨਾਂ ਨੂੰ ਆਪਣੇ ਵਲ ਖਿਚਿਆ। ਪੰਜਾਬ ਅੰਦਰ ਕਿਰਤੀ ਕਿਸਾਨ ਪਾਰਟੀ ਦੇ ਇਕ ਆਗੂ ਸੋਹਣ ਸਿੰਘ ਜੋਸ਼ ਨਾਲ 12-ਅਪ੍ਰੈਲ 1926 ਨੂੰ ਭਗਤ ਸਿੰਘ ਦਾ ਮੇਲ ਹੋਇਆ। ਆਪਸੀ ਤਾਲਮੇਲ ਕਾਰਨ ਭਗਤ ਸਿੰਘ ਦੇ ਬੌਧਿਕ ਪ੍ਰਭਾਵ ਨੂੰ ਨਵੀਂ ਦਿਸ਼ਾ ਵੀ ਮਿਲੀ। ਇਸ ਪ੍ਰਭਾਵ ਕਾਰਨ ਹੀ ਭਗਤ ਸਿੰਘ, ਸੁਖਦੇਵ, ਭਗਵਤੀ ਚਰਨ ਵੋਹਰਾ, ਚੰਦਰ ਸ਼ੇਖਰ ਆਜ਼ਾਦ ਆਦਿ ਦੇ ਮਨਾ 'ਤੇ ਇਨਕਲਾਬੀ ਦਹਿਸ਼ਤਪਸੰਦੀ ਵਿਚਾਰਾਂ ਦਾ ਪਿਆ ਜਾਦੂ ਕਮਜ਼ੋਰ ਹੋਇਆ ਅਤੇ ਉਨ੍ਹਾਂ ਨੇ ਅਗਵਾਈ ਲਈ ਮਾਰਕਸਵਾਦ ਵੱਲ ਰੁੱਖ ਕੀਤਾ। ਭਗਤ ਸਿੰਘ ਨੇ ਦੁਨੀਆ ਭਰ ਦੇ ਸਾਹਿਤ, ਇਤਿਹਾਸ, ਜੀਵਨੀਆਂ, ਅਰਥ-ਸ਼ਾਸਤਰ ਤੋਂ ਬਿਨਾਂ ਸਾਕੁਨਿਨ ਦੀ "ਰੱਬ ਅਤੇ ਰਾਜ", ਕਰੋਪੋਤਕਿਨ ਦੀ ਆਪ ਬੀਤੀ, ਬਾਕੂਨਿਨ ਦੀ ਰੱਬ, ਆਇਰਿਸ ਰਿਪਬਲਿਕਨ ਆਰਮੀ ਦੇ ਮਾਇਕਲ ਕੋਲਿਨਜ਼ ਤੋਂ ਬਿਨ੍ਹਾਂ ਭਾਰਤੀ ਕਲਾਸੀਕਲ ਸਾਹਿਤ ਅਤੇ ਆਖਰੀ ਸਮੇਂ ਲੈਨਿਨ ਅਤੇ ਟਰਾਟਸਕੀ ਦੇ ਵਿਚਾਰਾਂ ਨੂੰ ਪੜ੍ਹਿਆ। ਫਾਂਸੀ ਤੋਂ ਪਹਿਲਾਂ ਭਗਤ ਸਿੰਘ ਨੇ ਰਾਜਸੀ ਤੌਰ 'ਤੇ ਚੇਤਨ ਅਤੇ ਜਾਗਰੂਕ ਹੋ ਕੇ ਇਨਕਲਾਬੀ ਦਹਿਸ਼ਤਗਰਦੀ ਵਿਚਾਰਾਂ ਦੀ ਥਾਂ ਲੋਕਾਂ ਨੂੰ ਜਾਗਰੂਕ ਕਰਕੇ ਜਨਤਕ ਸੰਘਰਸ਼ਾਂ ਲਈ ਜ਼ੋਰ ਦਿੱਤਾ ਸੀ। ਭਗਤ ਸਿੰਘ ਨੇ ਆਜ਼ਾਦ ਸੋਚ ਅਤੇ ਵਿਗਿਆਨਕ ਵਿਸ਼ਲੇਸ਼ਣ ਕਰਨ ਲਈ ਖੂਬ ਅਧਿਅਨ ਕੀਤਾ। ਨੌਜਵਾਨ ਭਾਰਤ ਸਭਾ ਅਤੇ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਦਾ ਗਠਨ ਉਸ ਦੀ ਰਾਜਸੀ, ਸਮਾਜੀ ਅਤੇ ਆਰਥਿਕ ਪ੍ਰਬੰਧ ਬਾਰੇ ਪਹੁੰਚ ਵੱਲ ਇਸ਼ਾਰਾ ਹੈ।

ਭਾਰਤ ਅੰਦਰ ਆਜ਼ਾਦੀ ਅੰਦੋਲਨ ਵਿੱਚ ਪਾਏ ਯੋਗਦਾਨ ਕਰਕੇ ਹੋਰਨਾਂ ਤੋਂ ਇਲਾਵਾ ਦੋ ਅਹਿਮ ਸਖਸ਼ੀਅਤਾਂ ਸਨ, 'ਜਿਨ੍ਹਾਂ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ! ਇਕ ਸ਼ਹੀਦ ਭਗਤ ਸਿੰਘ ਤੇ ਦੂਸਰਾ ਗਾਂਧੀ ਜੀ। ਆਜ਼ਾਦੀ ਬਾਦ ਦੇਸ਼ ਦੇ ਪੂੰਜੀਵਾਦੀ ਧਾਰਨਾ ਵਾਲੇ ਹਾਕਮਾਂ ਨੇ ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਨੂੰ ਉਸ ਦੀ ਪਰਪੱਕ ਵਿਚਾਰਧਾਰਾ ਕਰਕੇ ਕੌਮੀ ਪੱਧਰ 'ਤੇ ਅਜੇ ਤਕ ਵੀ ਮਾਨਤਾ ਨਹੀਂ ਦਿੱਤੀ। ਇਸ ਦੇ ਬਾਵਜੂਦ ਵੀ ਉਹ ਅੱਜ ਦੇਸ਼ ਦੇ ਨੌਜਵਾਨਾਂ 'ਚ ਖਾਸ ਸਥਾਨ ਰੱਖਦਾ ਹੈ। ਉਸ ਦੇ ਵਿਚਾਰ, ਲਿਖਤਾਂ ਅਤੇ ਕੁਰਬਾਨੀ ਨੂੰ ਮਿਟਾਇਆ ਨਹੀਂ ਜਾ ਸਕਦਾ। ਭਗਤ ਸਿੰਘ "ਨੌਜਵਾਨ-ਸ਼ਕਤੀ" ਅਤੇ ਉਨ੍ਹਾਂ ਦੀਆਂ ਭਾਵਨਾਂ ਨੂੰ ਬਹੁਤ ਚੰਗੀ ਤਰ੍ਹਾਂ ਪਛਾਣਦਾ ਸੀ ! ਨੌਜਵਾਨਾਂ ਦੇ ਨਾਂ ਬਹੁਤ ਸਾਰੇ ਸੰਦੇਸ਼ਾਂ 'ਚ ਉਸ ਨੇ ਨੌਜਵਾਨਾਂ ਨੂੰ ਅੱਗੇ ਆਉਣ ਅਤੇ ਜੋ ਮਹਾਨ ਕਾਰਜ ਉਨ੍ਹਾਂ ਨੇ ਨੇਪਰੇ ਚਾੜ੍ਹਨਾ ਹੈ, ਉਸ ਨੂੰ ਸਮਝਣ ਲਈ ਕਿਹਾ। ਉਹਨਾਂ ਨੂੰ ਆਪਣੇ ਦਿਲ 'ਚ ਇਹ ਗੱਲ ਵਸਾ ਲੈਣੀ ਚਾਹੀਦੀ ਹੈ, 'ਕਿ ਸਫਲਤਾ ਤਾਂ ਸਬਬ ਨਾਲ ਹੈ, ਜਦਕਿ ਕੁਰਬਾਨੀ ਇਕ ਨਿਯਮ ਹੈ। ਅੱਜ ਜਦੋਂ ਦੇਸ਼ ਦੇ ਹਾਕਮਾਂ ਨੇ ਨੌਜਵਾਨਾਂ ਨੂੰ ਨਸ਼ਿਆਂ, ਅੰਧ-ਵਿਸ਼ਵਾਸ਼ਾਂ ਅਤੇ ਖੱਪਤਵਾਦੀ ਚਮਕ-ਦਮਕ ਰਾਹੀ ਬਰਬਾਦੀ ਵੱਲ ਧੱਕ ਦਿੱਤਾ ਹੈ, ਤਾਂ ਭਗਤ ਸਿੰਘ ਦੇ ਉਪਰੋਕਤ ਕਥਨਾਂ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਉਸ ਨੇ ਭਾਰਤ ਦੇ ਨੌਜਵਾਨਾਂ ਨੂੰ ਕਿਹਾ ਸੀ, "ਕਿ ਆਪਣਾ ਭਰਮ ਛੱਡੋ, ਨਿਡਰ ਹੋ ਕੇ ਹਕੀਕਤ ਦਾ ਸਾਹਮਣਾ ਕਰੋ। ਸੰਘਰਸ਼ਾਂ, ਕਠਿਨਾਈਆਂ ਅਤੇ ਬਲੀਦਾਨਾਂ ਤੋਂ ਨਾ ਘਬਰਾਓ। ਮਾਇਆਵਾਦ, ਕਿਸਮਤਵਾਦ, ਈਸ਼ਵਰਵਾਦ ਆਦਿ ਨੂੰ ਮੈਂ ਚੰਦ ਕੁ ਲੋਟੂਆਂ ਵੱਲੋਂ ਸਾਧਾਰਨ ਜਨਤਾ ਨੂੰ ਭੁਚਲਾਉਣ ਲਈ ਖੋਜੀ ਗਈ ਜ਼ਹਿਰੀਲੀ ਘੁੱਟੀ ਤੋਂ ਵੱਧ ਮੈਂ ਕੁਝ ਨਹੀਂ ਸਮਝਦਾ (ਪੀ-ਪਲਜ਼ ਅਖਬਾਰ ਲਾਹੌਰ) !

ਭਗਤ ਸਿੰਘ ਇਕ ਤਰਕਸ਼ੀਲ ਅਤੇ ਵਿਰੋਧ ਵਿਕਾਸੀ ਪਦਾਰਥਵਾਦੀ ਸੋਚ ਦਾ ਪੱਕਾ ਧਾਰਨੀ ਸੀ। ਹਾਕਮਾਂ ਅਤੇ ਅਖੌਤੀ ਬਾਬਿਆਂ ਵੱਲੋਂ ਅੱਜ ਜੋ ਭਰਮ ਭੁਲੇਖੇ ਪਾ ਕੇ ਗਰੀਬ ਜਨਤਾ ਨੂੰ ਅੰਧੇਰੇ ਵੱਲ ਧੱਕਿਆ ਜਾ ਰਿਹਾ ਹੈ, ਵਿਰੁਧ ਉਸ ਦੇ ਵਿਚਾਰ ਸਨ, *ਕਿ ਰੱਬ, ਪੁਨਰ ਜਨਮ, ਸਵਰਗ, ਦੰਡ ਅਤੇ ਰੱਬ ਵੱਲੋਂ ਕੀਤੇ ਜਾਣ ਵਾਲੇ ਜੀਵਨ ਦੇ ਹਿਸਾਬ-ਕਿਤਾਬ ਆਦਿ 'ਚ ਕੋਈ ਵਿਸ਼ਵਾਸ਼ ਨਾ ਰੱਖੋ। ਸਗੋਂ ਸਾਨੂੰ ਜੀਵਨ ਅਤੇ ਮੌਤ ਦੇ ਵਿਸ਼ੇ ਬਾਰੇ ਹਮੇਸ਼ਾਂ ਪਦਾਰਥਵਾਦੀ ਢੰਗ ਨਾਲ ਸੋਚਣਾ ਚਾਹੀਦਾ ਹੈ। ਰੱਬ! ਉਪਰ ਵਿਸ਼ਵਾਸ਼ ਰਹੱਸਵਾਦ (ਗੈਬੀ ਸ਼ਕਤੀ) ਦਾ ਹੀ ਨਤੀਜਾ ਹੈ। ਰਹੱਸਵਾਦ! ਮਾਨਸਿਕ ਕਮਜ਼ੋਰੀ ਦੀ ਸੁਭਾਵਿਕ ਪੈਦਾਵਾਰ ਹੈ। ਅੱਜ ਵੀ ਦੇਸ਼ ਅੰਦਰ ਫਿਰਕਾਪ੍ਰਸਤੀ, ਕੱਟੜਵਾਦ ਅਤੇ ਅੰਧ-ਵਿਸ਼ਵਾਸ਼ਾਂ ਸਬੰਧੀ ਭਗਤ ਸਿੰਘ ਦੀ ਵਿਗਿਆਨਕ ਸੋਚ ਬਿਲਕੁਲ ਢੁੱਕਵੀਂ ਅਤੇ ਦਰੁਸਤ ਹੈ। ਧਰਮ! ਜਦੋਂ ਸਿਆਸਤ ਨਾਲ ਘੁਲ-ਮਿਲ ਜਾਂਦਾ ਹੈ ਤਾਂ ਇਹ ਇਕ ਘਾਤਕ ਜ਼ਹਿਰ ਬਣ ਜਾਂਦੀ ਹੈ, ਜੋ ਭਰਾ ਨੂੰ ਭਰਾ ਨਾਲ ਲੜਾਉਂਦੀ ਹੈ, ਜੁਝਾਰੂ ਮਾਨਸਿਕਤਾ ਨੂੰ ਕਮਜ਼ੋਰ ਕਰਦੀ ਹੈ, "ਇਸ ਤਰ੍ਹਾਂ ਕੌਮ ਨੂੰ ਸਾਮਰਾਜੀ ਸਾਜਿਸ਼ਾਂ ਦੇ

(ਸ਼ਫ਼ਾ 7 ਦੀ ਬਾਕੀ)

ਹਮਲਾਵਰ ਤਸੀਹਿਆ ਦਾ ਸ਼ਿਕਾਰ ਬਣਾ ਦਿੰਦੀ ਹੈ। ਉਸ ਦੀ ਉਪਰੋਕਤ ਵਿਗਿਆਨਕ ਸੋਚ ਹੋਣ 'ਤੇ ਵੀ ਕੋਈ ਉਸ ਨੂੰ ਹੈਟ ਪਹਿਨਾ ਕੇ, ਕੋਈ ਪੱਗ ਬੰਨ੍ਹੀ ਦਿਖਾ ਕੇ ਅਤੇ ਹੱਥ 'ਚ ਪਿਸਤੌਲ ਫੜਾਅ ਕੇ ਵੰਡੀਆਂ ਪਾ ਰਹੇ ਹਨ। ਭਗਤ ਸਿੰਘ ਨੇ ਖੁਦ ਧਰਮ ਬਾਰੇ ਲਿਖਿਆ, ਕਿ ਜਿਹੜਾ ਧਰਮ ਇਨਸਾਨ ਨੂੰ ਇਨਸਾਨ ਤੋਂ ਵੱਖ ਕਰੇ, ਮੁਹੱਬਤ ਦੀ ਥਾਂ ਨਫ਼ਰਤ ਸਿਖਾਏ, ਅੰਧ-ਵਿਸ਼ਵਾਸ਼ਾਂ ਨੂੰ ਉਤਸ਼ਾਹਿਤ ਕਰਕੇ ਲੋਕਾਂ ਦੇ ਬੌਧਿਕ ਵਿਕਾਸ 'ਚ ਰੁਕਾਵਟ ਬਣੇ ਅਤੇ ਦਿਮਾ॥ ਨੂੰ ਖੁੰਡਾ ਕਰੇ, ਉਹ ਮੇਰਾ ਕਦੀ ਧਰਮ ਨਹੀਂ ਹੋ ਸਕਦਾ।

ਸ਼ਹੀਦ ਭਗਤ ਸਿੰਘ ਦੀ ਵਿਸ਼ਲੇਸ਼ਣੀ ਸੋਚ ਕਾਲਜ ਦੇ ਸਮੇਂ ਜੋ ਪਨਪੀ ਸੀ, ਉਸ ਨੂੰ ਪਿੰ: ਸ਼ਬੀਲ ਦਾਸ ਦੇ ਵਿਚਾਰਾਂ ਅਤੇ ਦਵਾਰਕਾ ਦਾਸ ਲਾਇਬ੍ਰੇਰੀ ਦੀਆਂ ਵੱਡ-ਮੁੱਲੀਆਂ ਪੁਸਤਕਾਂ ਦੇ ਅਧਿਐਨ ਨੇ ਹੋਰ ਪ੍ਰਪੱਕ ਕੀਤਾ। 1919 ਦੇ ਜੱਲ੍ਹਿਆਵਾਲਾ ਬਾਗ ਦੇ ਸਾਕੇ ਬਾਦ 1920-21 ਦੌਰਾਨ ਦੇਸ਼ ਅੰਦਰ ਚਲਾਏ ਸੱਤਿਆਗ੍ਰਿਹ ਅੰਦੋਲਨ ਨੂੰ ਗਾਂਧੀ ਜੀ ਵੱਲੋਂ ਵਾਪਸ ਲੈਣ ਕਾਰਨ, *ਸਾਰੇ ਦੇਸ਼ ਭਰ ਦੇ ਨੌਜਵਾਨਾਂ ਅੰਦਰ ਇਕ ਰੋਹ ਪੈਦਾ ਹੋਇਆ। ਜਿਸ ਦਾ ਸਿੱਟਾ, ਦੇਸ਼ ਵਿੱਚੋਂ ਬਰਤਾਨਵੀ ਸਾਮਰਾਜੀਆਂ ਨੂੰ ਬਾਹਰ ਕੱਢਣ ਲਈ ਗਰਮ ਖਿਆਲੀ ਨੌਜਵਾਨਾਂ ਵੱਲੋਂ ਹਥਿਆਰ ਬੰਦ ਢੰਗ ਅਪਣਾਇਆ ਗਿਆ। ਭਗਤ ਸਿੰਘ ਅਤੇ ਉਸ ਦੇ ਸਾਥੀਆਂ ਵੱਲੋਂ 1925 ਨੂੰ ਭਾਰਤ ਨੌਜਵਾਨ ਸਭਾ ਅਤੇ ਪਿਛੋਂ 1928 ਨੂੰ "ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ" ਦਾ ਗਠਨ ਕੀਤਾ ਗਿਆ। ਪਰ ਸਾਂਡਰਸ ਦੇ ਕਤਲ ਬਾਦ ਭਗਤ ਸਿੰਘ ਨੇ ਦਿੱਲੀ ਅਸੰਬਲੀ 'ਚ 8 ਅਪ੍ਰੈਲ 1929 ਨੂੰ ਬੰਬ ਸੁਟੇ ਜਾਣ 'ਤੇ ਗ੍ਰਿਫਤਾਰ ਹੋਣ 'ਤੇ , ਜੇਲ੍ਹ ਸਮੇਂ ਦੌਰਾਨ ਬਹੁਤ ਸਾਰੇ ਫਲਸਫ਼ਿਆ, ਇਤਿਹਾਸ, ਵਿਚਾਰਾਂ, ਲਿਖਤਾਂ ਅਤੇ ਬਹਿਸਾਂ ਬਾਦ ਇਕ ਪਰਪੱਕ ਮਾਰਕਸਵਾਦੀ ਵੱਜੋ ਮੰਨਿਆ, ਕਿ ਕਤਲਾਂ ਜਾਂ ਪਿਸਤੌਲ ਦੀ ਗੋਲੀ ਰਾਹੀ ਸਮਾਜਕ ਤਬਦੀਲੀ ਨਹੀਂ ਆ ਸਕਦੀ? ਸਮਾਜਕ ਤਬਦੀਲੀ ਲਈ ਕਿਸਾਨਾਂ, ਮਜ਼ਦੂਰਾਂ, ਕਿਰਤੀਆਂ ਅਤੇ ਨੌਜਵਾਨਾਂ ਦੀ ਇਕ ਮਜ਼ਬੂਤ ਜੱਥੇਬੰਦੀ ਹੋਣੀ ਚਾਹੀਦੀ ਹੈ। ਹਿੰਸਾ ਦੀ ਵਰਤੋ ਤਦ ਹੀ ਹੋਣੀ ਚਾਹੀਦੀ ਹੈ, ਜਦੋਂ ਬੇਹੱਦ ਔਖੀ ਸਥਿਤੀ 'ਚ ਨਿਕਲਣ ਦਾ ਕੋਈ ਹੋਰ ਰਾਹ ਨਾ ਹੋਵੇ? ਇਹ ਵਰਤੋਂ ਸਮਾਜਕ ਤਬਦੀਲੀ ਲਈ ਹੀ ਕੀਤੀ ਜਾ ਸਕਦੀ ਹੈ, ਇਕ ਕੌਮ ਨੂੰ ਦੂਸਰੀ ਕੌਮ ਜਾਂ ਇਕ ਧਰਮ ਨੂੰ ਦੂਸਰੇ ਧਰਮ ਵਿਰੁੱਧ ਨਹੀਂ? ਆਪਣੇ ਉਪਰੋਕਤ ਵਿਚਾਰਾਂ ਲਈ ਉਹ ਦਲੀਲ ਦਿੰਦੇ ਹਨ, ਕਿ ਮੈਂ ਤੇ ਤੁਸੀਂ ਇਸ ਦੇਸ਼ ਵਿੱਚ ਸੋਸ਼ਲਿਜ਼ਮ ਤੇ ਕਮਿਊਨਿਜ਼ਮ ਦੇ ਖਿਆਲਾਂ ਨੂੰ ਜਨਮ ਨਹੀਂ ਦਿੱਤਾ। ਬਲਕਿ ਇਹ ਵਕਤ ਅਤੇ ਹਲਾਤਾਂ ਦਾ ਸਾਡੇ ਉਪਰ ਅਸਰ ਦਾ ਨਤੀਜਾ ਹੈ।

ਜੱਥੇਬੰਦਕ ਸ਼ਕਤੀ ਪ੍ਰਤੀ ਆਪਣਾ ਨਜ਼ਰੀਆਂ ਪੇਸ਼ ਕਰਦੇ ਹੋਏ ਭਗਤ ਸਿੰਘ ਨੇ ਕਿਹਾ,ਕਿ ਜਦ ਅਸੀਂ ਇਸ ਕਿਸਮ ਦੇ ਮੁਸ਼ਕਿਲ ਕੰਮ ਨੂੰ ਹੱਥ 'ਚ ਲਿਆ ਹੈ, ਤਾਂ ਜਾਰੀ ਰੱਖਣਾ ਚਾਹੀਦਾ ਹੈ ਅਤੇ ਅੱਗੇ ਵਧਾਉਣਾ ਚਾਹੀਦਾ ਹੈ। ਪਹਿਲਾ ਆਪਣਾ ਨਿਜ਼ਵਾਦ ਖਤਮ ਕਰੋ। ਨਿੱਜੀ ਆਰਾਮ ਦੇ ਸੁਪਨੇ ਲਾਂਹ ਕੇ ਇਕ ਪਾਸ ਰੱਖ ਦਿਓ ਤੇ ਫਿਰ ਕੰਮ ਸ਼ੁਰੂ ਕਰੋ। ਇੰਚ ਇੰਚ ਕਰਕੇ ਤੁਸੀ ਅੱਗੇ ਵੱਧੋਗੇ। ਪਰ ਸਾਮਰਾਜੀ ਜ਼ਬਰ ਵੀ ਤੇਜ਼ ਹੋਵੇਗਾ? ਉਹ ਵਿਅੱਕਤੀਆਂ ਨੂੰ ਕਤਲ ਕਰ ਸਕਦੇ ਹਨ, ਪਰ ਵਿਚਾਰਾਂ ਨੂੰ ਨਹੀਂ? ਮਨੁੱਖਤਾ ਪ੍ਰਤੀ ਵਿਚਾਰ ਪ੍ਰਗਟ ਕਰਦੇ ਹੋਏ ਭਗਤ ਸਿੰਘ ਲਿਖਦਾ ਹੈ, ਕਿ ਜਿਸ ਦਿਨ ਮਨੁੱਖਤਾ ਦੀ ਸੇਵਾ ਅਤੇ ਦੁੱਖ ਝਾਗ ਰਹੀ ਮਨੁੱਖਤਾ ਦੀ ਨਿਜ਼ਾਤ ਦੀ ਭਾਵਨਾ ਨਾਲ ਮਰਦ-ਔਰਤਾਂ ਅੱਗੇ ਆ ਗਏ, ਉਸ ਦਿਨ ਤੋਂ ਆਜ਼ਾਦੀ ਦਾ ਯੁੱਗ ਸ਼ੁਰੂ ਹੋਵੇਗਾ। ਦੇਸ਼ ਦੀ ਆਜ਼ਾਦੀ ਲਈ ਸਭ ਤੋਂ ਪਹਿਲਾ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਨੇ ਹੀ ਆਵਾਜ਼ ਬੁਲੰਦ ਕੀਤੀ। ਜਦਕਿ ਕਾਂਗਰਸ ਪਾਰਟੀ ਵੱਲੋਂ ਇਹ ਮੱਤਾ 20-ਮਾਰਚ 1929 ਨੂੰ ਪੇਸ਼ ਕੀਤਾ। ਕਿਰਤੀਆਂ ਅਤੇ ਸ਼ਹਿਰੀ ਆਜ਼ਾਦੀਆਂ ਵਿਰੁਧ ਬਰਤਾਨਵੀ ਸਾਮਰਾਜ ਵੱਲੋਂ ਪੇਸ਼ ਪਬਲਿਕ ਸੇਫਟੀ ਬਿਲ ਅਤੇ ਸਨਅਤੀ ਵਿਵਾਦ ਬਿਲ ਦੇ ਵਿਰੋਧ ਵਿੱਚ "ਬੋਲੇ ਸਾਮਰਾਜੀਆਂ" ਤੇ ਉਨ੍ਹਾਂ ਨਾਲ ਮੇਲ ਮਿਲਾਪ ਰੱਖਣ ਵਾਲੇ ਭਾਰਤੀਆਂ ਦੇ ਕੰਨ ਖੋਲ੍ਹਣ ਲਈ ਭਗਤ ਸਿੰਘ ਅਤੇ ਉਸ ਦੇ ਸਾਥੀ ਬੀ.ਕੇ.ਦੱਤ ਨੇ 8 ਅਪ੍ਰੈਲ 1929 ਨੂੰ ਕੌਮੀ ਅਸੰਬਲੀ 'ਚ ਇਕ ਨੁਕਸਾਨ ਰਹਿਤ ਬੰਬ ਸੁੱਟ ਕੇ ਸਾਰੇ ਭਾਰਤੀਆਂ ਨੂੰ ਚੌਕਸ ਕੀਤਾ ਸੀ। ਇਹ ਕਦਮ! ਦੇਸ਼ ਦੇ ਲੋਕਾਂ ਨੂੰ ਜਾਗਰੂਕ ਕਰਨ ਵਾਲਾ ਸੀ। ਉਨ੍ਹਾਂ ਦੀ ਇਸ ਵਿਚਾਰਧਾਰਾ ਦੀ ਪਰਪੱਕਤਾ ਦੇਖ ਕੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ 20-ਮਾਰਚ 1931 ਨੂੰ ਦਿੱਲੀ ਦੇ ਇਕ ਵਿਸ਼ਾਲ ਇਕੱਠ (ਜਿਸ ਨੂੰ ਸਾਮਰਾਜੀਆ ਦੇ ਦਬਾਅ ਅਧੀਨ ਗਾਂਧੀ ਜੀ ਨੇ ਰੋਕਣਾ ਚਾਹਿਆ ਸੀ) ਵਿੱਚ ਕਿਹਾ ਸੀ, ਕਿ ਭਗਤ ਸਿੰਘ ਇਕ ਵਿਅੱਕਤੀ ਨਹੀਂ "ਪਰਤੀਕ" ਹੈ !

ਸ਼ਹੀਦ ਭਗਤ ਸਿਘ ਕੌਮਾਂਤਰੀਵਾਦ, ਦੇਸ਼ ਭਗਤ ਅਤੇ ਪਰਪੱਕ ਸਿਆਸੀ ਚਿੰਤਕ ਸੀ। ਉਸ ਨੇ ਸਾਰੀ ਦੁਨੀਆਂ ਅੰਦਰ ਹੋਈਆਂ ਕ੍ਰਾਂਤੀਆਂ, ਦਾਰਸ਼ਨਿਕਾਂ, ਲਹਿਰਾਂ, ਪਲੈਟੋ, ਅਰਸਤੂ, ਮਾਰਕਸਵਾਦ, ਏਜ਼ਲਜ ਅਤੇ ਫਾਂਸੀ ਤੋਂ ਕੁਝ ਪਲ ਪਹਿਲਾਂ ਲੈਨਿਨ ਸਬੰਧੀ ਅਧਿਅਨ ਕੀਤਾ। ਇਸ ਤੋਂ ਇਲਾਵਾ ਬਹੁਤ ਸਾਰਾ ਭਾਰਤੀ ਤੇ ਵਿਦੇਸ਼ੀ ਕਲਾਸੀਕਲ ਇਤਿਹਾਸ ਅਤੇ ਲਿਟਰੇਚਰ ਵੀ ਜੇਲ੍ਹ ਦੌਰਾਨ ਹੀ ਪੜ੍ਹਿਆ। 16-17 ਸਾਲ ਦੀ ਉਮਰ ਵਿੱਚ ਹੀ ਉਸ ਨੇ ਲਿਖਣਾ ਸ਼ੁਰੂ ਕਰ ਦਿੱਤਾ ਸੀ। ਉਹ 6-ਜ਼ਬਾਨਾਂ ਦਾ ਮਾਹਿਰ ਸੀ। 1924-25 ਦੌਰਾਨ ਉਸ ਨੇ 'ਕਿਰਤੀ ਰਸਾਲੇ' 'ਚ ਭਾਈ ਸੰਤੋਖ ਸਿੰਘ ਅਤੇ ਭਾਈ ਰਤਨ ਸਿੰਘ ਨਾਲ ਲਿਖਣਾ ਸ਼ੁਰੂ ਕੀਤਾ। ਛੇਤੀ ਹੀ ਉਹ ਕਾਨਪੁਰ ਚਲਾ ਗਿਆ। ਜਿਥੇ ਉਸ ਨੇ ਕਈ ਅਖਬਾਰਾਂ 'ਚ ਬਲਵੰਤ ਸਿੰਘ ਦੇ ਨਾਂ ਹੇਠ ਲਿਖਣਾ ਸ਼ੁਰੂ ਕੀਤਾ। ਇਥੇ ਹੀ ਉਸ ਦਾ ਗਨੇਸ਼ ਸ਼ੰਕਰ ਵਿਦਿਆਰਥੀ ਰਾਹੀ ਮੇਲ ਪ੍ਰਸਿਧ ਕਮਿਊਨਿਸਟ ਆਗੂ ਮੁਜੱਫਰ ਅਹਿਮਦ, ਸੱਤਿਆ ਭਗਤ, ਰਾਧਾ ਮੋਹਨ ਗੋਕਲ, ਸ਼ੌਕਤ ਉਸਮਾਨੀ ਆਦਿ ਬੁਧੀਜੀਵੀਆਂ ਨਾਲ ਹੋਇਆ। ਜੋ ਵਿਚਾਰ ਕਿਰਤੀ ਰਸਾਲੇ ਦੌਰਾਨ ਕੰਮ ਕਰਦਿਆਂ ਉਸ ਦੀ ਸਮਝ ਦਾ ਹਿਸਾ ਨਹੀਂ ਸੀ ਬਣੇ, ਇਥੇ ਉਸ ਨੇ ਕਾਫੀ ਸਪਸ਼ਟਤਾ ਮਹਿਸੂਸ ਕੀਤੀ। ਗਦਰ ਪਾਰਟੀ ਦੇ ਆਗੂ ਭਾਈ ਰਤਨ ਸਿੰਘ, ਕਮਿਊਨਿਸਟ ਆਗੂ ਸੋਹਣ ਸਿੰਘ ਜੋਸ਼ ਨਾਲ ਵੀ ਵਿਚਾਰ ਚਰਚਾ ਹੁੰਦੀ ਰਹੀ। ਜੇਲ੍ਹ ਅੰਦਰ ਸ਼ਹੀਦ ਭਗਤ ਸਿੰਘ ਨੇ ਭਾਰਤੀ ਸਮਾਜ ਵਾਰੇ ਕਿਹਾ, ਕਿ ਭਾਰਤੀ ਸਮਾਜ ਦੇ ਪੱਛੜੇਪਣ ਲਈ ਸਾਮੰਤਵਾਦੀ ਸੰਸਕਰਣ ਅਤੇ ਅੰਧ-ਵਿਸ਼ਵਾਸ਼ ਦੋਸ਼ੀ ਹਨ। ਇਸ ਵਿਰੁਧ ਵਿਗਿਆਨਕ ਪਹੁੰਚ ਅਪਣਾ ਕੇ ਹੀ ਅਸੀਂ ਵਿਰੋਧ ਵਿਕਾਸੀ ਢੰਗ ਰਾਹੀਂ ਸਮਾਜ ਨੂੰ ਤਬਦੀਲ ਕਰ ਸਕਦੇ ਹਾਂ। ਉਸ ਦੇ ਇਕ ਕੌਮਾਂਤਰੀਵਾਦੀ ਸੰਕਲਪ ਕਾਰਨ ਹੀ ਉਹ ਭਾਰਤ ਅੰਦਰ 20-ਵੀਂ ਸਦੀ ਦੀ ਇਕ ਮਹਾਨ ਸਖਸ਼ੀਅਤ ਹੋ ਗੁਜ਼ਰਿਆ। 1920 ਦੇ ਸੱਤਿਆਗ੍ਰਿਹ ਦੀ ਵਾਪਸੀ ਬਾਦ ਭਾਰਤ ਅੰਦਰ ਗਾਂਧੀ ਦੀ ਅਗਵਾਈ ਵਿੱਚ ਨਰਮ-ਦਲੀਆਂ ਦੇ ਮੁਕਾਬਲੇ ਭਗਤ ਸਿੰਘ ਦੀ ਅਗਵਾਈ 'ਚ ਗਰਮ-ਦਲੀਏ ਨੌਜਵਾਨਾਂ ਨੇ ਆਜ਼ਾਦੀ ਦੀ ਲੜਾਈ ਨੂੰ ਹੋਰ ਪ੍ਰਚੰਡ ਕੀਤਾ। 24 ਸਾਲ ਤੋਂ ਘੱਟ ਉਮਰ ਵਿੱਚ ਹੀ ਭਗਤ ਸਿੰਘ ਇਕ ਮਹਾਨ ਬੁੱਧੀਜੀਵੀ, ਚਿੰਤਕ ਅਤੇ ਆਖਰੀ ਵੇਲੇ ਇਕ ਮਾਰਕਸੀ ਵਿਦਿਆਰਥੀ ਵੱਜੋਂ 23 ਮਾਰਚ, 1931 ਨੂੰ ਆਪਣੇ ਦੋ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਨਾਲ ਫਾਂਸੀ ਦੇ ਤਖਤੇ ਤੇ ਚੜ੍ਹ ਗਿਆ !

ਉਹ ਇਕ ਅਧਿਅਨ-ਪਸੰਦ ਚੇਤੰਨ ਨੌਜਵਾਨ ਅਤੇ ਗਤੀਸ਼ੀਲ ਸ਼ਖਸੀਅਤ ਸੀ। ਉਸ ਦੀ ਪ੍ਰਤਿਭਾ, ਦ੍ਰਿੜਤਾ, ਦਲੇਰੀ, ਸਮਰੱਥਾ ਅਤੇ ਪਰਪੱਕਤਾ ਬਾਰੇ ਉਸ ਦੀਆਂ ਲਿਖਤਾਂ, ਬਿਆਨ ਅਤੇ ਡਾਇਰੀ ਅੱਜ ਵੀ ਗਵਾਹੀ ਭਰ ਰਹੀਆਂ ਹਨ। ਉਸ ਦੇ ਖਤ, ਲਿਖਤਾਂ, ਕੋਰਟ ਬਿਆਨਾਂ ਤੋਂ ਇਲਾਵਾ ਸਮਾਜਵਾਦ ਕੀ ਹੈ, ਮੈਂ ਨਾਸਤਿਕ ਕਿਉ ਹਾਂ, ਬੰਬ ਦਾ ਫਲਸਫ਼ਾ, ਸੁਖਦੇਵ ਨੂੰ ਖਤ, ਕਸ਼ਟਾਂ ਤੋਂ ਭੱਜਣਾ ਕਾਇਰਤਾ ਹੈ, ਕੌਮ ਦੇ ਨਾਂ ਸੰਦੇਸ਼, ਆਜ਼ਾਦੀ ਦੀ ਲੜਾਈ ਅਤੇ ਉਸ ਤੋਂ ਬਾਦ, ਫਾਂਸੀ ਨਹੀ ਗੋਲੀ ਨਾਲ ਉਡਾਇਆ ਜਾਵੇ, ਹੋਲੀ ਦੇ ਦਿਨ ਖ਼ੂਨ ਦੇ ਛਿੱਟੇ (ਆਟੋ ਬਾਇਓਗ੍ਰਾਫੀ), ਸ਼ਹੀਦ ਕਰਤਾਰ ਸਿੰਘ ਸਰਾਭਾ, ਕੂਕਾ ਲਹਿਰ, ਅਨਾਰਕਿਜ਼ਮ, ਵਿਦਿਆਰਥੀ ਤੇ ਸਿਆਸਤ (ਡੋਰ ਟੂ ਡੈਥ), ਅਛੂਤਾਂ ਦਾ ਸਵਾਲ, ਜੇਲ੍ਹ ਡਾਇਰੀ ਆਦਿ ਰਚਨਾਵਾਂ ਪੜ੍ਹਨ ਯੋਗ ਹੀ ਨਹੀ, ਸਗੋਂ ਅਜੋਕੇ ਸੰਦਰਭ ਵਿੱਚ ਪੂਰੀ ਤਰ੍ਹਾਂ ਪ੍ਰਸੰਗਿਕ ਹਨ! ਉਹ ਇਕ ਦਾਰਸ਼ਨਿਕ ਅਤੇ ਸ਼ਹਾਦਤ ਵੇਲੇ ਇਕ ਸਿਆਸੀ ਚਿੰਤਨ ਸੀ ਜਿਸ 'ਤੇ ਕਿਸੇ ਕਿਸਮ ਦੀ ਕੋਈ ਉਂਗਲ ਨਹੀਂ ਉਠਾਈ ਜਾ ਸਕਦੀ ਸੀ। ਅੱਜ ਅਸੀਂ 20-ਵੀਂ ਸਦੀ ਦੇ ਇਨ੍ਹਾਂ ਮਹਾਨ ਨਾਇਕਾ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀ 88-ਵੀਂ ਸ਼ਹਾਦਤ 'ਤੇ ਸ਼ਰਧਾ ਦੇ ਫੁੱਲ ਭੇਂਟ ਕਰਕੇ ਉਨ੍ਹਾਂ ਨੂੰ ਯਾਦ ਕਰ ਰਹੇ ਹਾਂ! ਪਰ ਦੇਸ਼ ਦੀਆਂ ਰਾਜ ਕਰ ਰਹੀਆਂ ਹਾਕਮ ਜਮਾਤਾਂ ਦੀਆਂ ਪਾਰਟੀਆਂ ਦੀਆਂ ਸਰਕਾਰਾਂ ਵੱਲੋਂ ਇਨ੍ਹਾਂ ਮਹਾਨ ਸਪੂਤਾਂ ਨੂੰ ਕੌਮੀ ਪੱਧਰ ਤੇ ਅੱਜ ਤੱਕ ਬਣਦੀ ਮਾਨਤਾ ਨਹੀਂ ਦਿੱਤੀ ਹੈ। ਆਖਰੀ ਸਮੇਂ ਭਗਤ ਸਿੰਘ ਨੇ ਕਿਹਾ ਸੀ, ਕਿ ਇਨਕਲਾਬ ਨਿਸ਼ਚੇ ਹੀ ਬਿਨਾਂ ਸੋਚੀ ਸਮਝੀ, ਕਤਲਾਂ ਤੇ ਅਗਜ਼ਾਨੀ ਦੀ ਦਰਿੰਦਾ ਮੁਹਿੰਮ ਨਹੀਂ, ਇਨਕਲਾਬ ਕੋਈ ਮਯੂਸੀ 'ਚ ਪੈਦਾ ਹੋਇਆ ਫਲਸਫ਼ਾ ਵੀ ਨਹੀਂ ਅਤੇ ਨਾ ਹੀ ਸਰ-ਫਰੋਸ਼ੀ ਦਾ ਕੋਈ ਸਿਧਾਂਤ ਹੈ। ਇਨਕਲਾਬ ਰੱਬ ਵਿਰੋਧੀ ਤਾਂ ਹੋ ਸਕਦਾ ਹੈ, ਪਰ ਮਨੁੱਖ ਵਿਰੋਧੀ ਨਹੀਂ। ਇਹ ਇਕਪੁਖਤਾ ਤੇ ਜ਼ਿੰਦਾ ਤਾਕਤ ਹੈ। ਇਹ ਕੌਮਾਂ ਨੂੰ ਆਪਣੇ ਪੈਰਾਂ ਤੇ ਖੜਾ ਕਰੇਗਾ? ਇਸ ਦੇ ਬਾਵਜੂਦ ਵੀ, ਅੱਜ ਵੀ ਪੂੰਜੀਵਾਦੀ ਅਤੇ ਉਨ੍ਹਾਂ ਦੇ ਬੁਧੀਜੀਵੀ ਪੈਰੋਕਾਰ ਆਪਣੀਆਂ ਲਿਖਤਾਂ 'ਚ ਉਸ ਨੂੰ (ਭਗਤ ਸਿੰਘ) ਅਰਾਜਕਤਾਵਾਦੀ ਪੇਸ਼ ਕਰਦੇ ਹਨ। ਭਾਵੇਂ ਉਨ੍ਹਾਂ ਸਾਹਮਣੇ ਬਰਤਾਨਵੀ ਬਸਤੀਵਾਦੀ ਸਾਮਰਾਜ ਅਤੇ ਮਾਜੂਦਾ ਭਾਰਤ ਦੇ ਹਾਕਮ ਜਿਨ੍ਹਾਂ ਦੇ ਰਾਜ ਅੰਦਰ ਰੋਜ਼ਾਨਾਂ ਸੈਕੜੇ ਲੋਕਾਂ ਨੂੰ ਨੰਗ-ਭੁੱਖ ਅਤੇ ਬਿਮਾਰੀਆਂ ਕਾਰਨ ਮਰਨਾ ਪੈ ਰਿਹਾ ਹੈ, ਉਹ ਦੁਧ ਧੋਤੇ ਨਜ਼ਰ ਆ ਰਹੇ ਹਨ। ਭਗਤ ਸਿੰਘ ਨੇ ਤਾਂ ਇਕਵਾਰ ਗੋਲੀ ਚਲਾਈ ਅਤੇ ਖੁਦ ਉਸ ਨੇ ਕਬੂਲ ਕੀਤਾ ਸੀ, ਕਿ ਬੰਬ ਅਤੇ ਪਿਸਤੌਲ ਕਦੇ ਇਨਕਲਾਬ ਨਹੀਂ ਲਿਆਉਂਦੇ, ਬਲਕਿ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ ਤੋਂ ਤਿੱਖੀ ਹੁੰਦੀ ਹੈ। ਪਰ ਹਾਕਮ ਰੋਜ਼ਾਨਾਂ ਗੋਲੀਆਂ ਚਲਾ ਕੇ ਹੱਕ ਮੰਗਦੇ ਲੋਕਾਂ ਦਾ ਕਤਲ ਕਰ ਰਹੇ ਹਨ। ਇਸ ਲਈ ਅਰਾਜਕਤਾਵਾਦੀ ਇਹ ਹਾਕਮ ਹੁੰਦੇ ਹਨ?

ਅੱਜ ! ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀ ਸ਼ਹਾਦਤ ਨੂੰ ਯਾਦ ਕਰਦਿਆ, ਜਿੱਥੇ ਉਸ ਦੇ ਰਾਹ 'ਤੇ ਚੱਲਣ ਦੀ ਹਾਮੀ ਭਰੀਏ, ਉਥੇ ਉਸ ਦੇ ਕਥਨਾਂ ਅਨੁਸਾਰ, ਮੇਰੀ ਜ਼ਿੰਦਗੀ! ਦਾ ਮਹਾਨ ਮਕਸਦ, ਭਾਵ ਭਾਰਤ ਦੀ ਆਜ਼ਾਦੀ ਦੇ ਕਾਜ ਦੇ ਲੇਖੇ ਲਾਉਣਾ ਸੀ। ਇਸ ਲਈ ਮੇਰੀ ਜ਼ਿੰਦਗੀ 'ਚ ਆਰਾਮ ਅਤੇ ਦੁਨਿਆਵੀ ਖਾਹਿਸ਼ਾਂ ਵਾਸਤੇ ਕੋਈ ਖਿੱਚ ਨਹੀਂ? ਬੱਸ ! ਸੰਪੂਰਨ ਇਨਕਲਾਬ। ਇਸ ਲਈ ਸਾਨੂੰ ਵੀ ਇਸ ਦੀ ਪੂਰਤੀ ਲਈ ਅਮਲੀ ਰੂਪ ਵਿੱਚ ਪੈਹਿਰਾ ਦੇਣਾ ਪੈਣਾ ਹੈ। ਜਿਸ ਲਈ ਭਗਤ ਸਿੰਘ ਨੇ ਸੰਕਲਪ ਲਿਆ ਸੀ, ਕਿ ਦੇਸ਼ ਵਿੱਚੋਂ ਸਾਮਰਾਜੀਆਂ ਨੂੰ ਬਾਹਰ ਕੱਢਣਾ ਹੈ, ਇਨਕਲਾਬ ਲਿਆ ਕੇ ਮਨੁੱਖ ਹੱਥੋ ਮਨੁੱਖ ਦੀ ਹੁੰਦੀ ਲੁੱਟ-ਖਸੁੱਟ ਰਹਿਤ ਸਮਾਜ ਦੀ ਸਿਰਜਨਾ ਕਰਨੀ। ਹਰ ਤਰ੍ਹਾਂ ਦੀ ਫਿਰਕਾਪ੍ਰਸਤੀ ਅਤੇ ਕੱਟੜਵਾਦ ਦਾ ਖਾਤਮਾ ਹੋਵੇ। ਉਸ ਨੇ ਇਕ ਅਜਿਹੇ ਭਾਰਤ ਦੀ ਸਿਰਜਨਾ ਦਾ ਜੋ ਸੁਪਨਾ ਸੰਜੋਇਆ ਸੀ, ਜਿਥੇ ਜਨਤਾ, ਕਾਸ਼ਤਕਾਰ ਅਤੇ ਮਜ਼ਦੂਰ ਭੁੱਖੇ ਨਾ ਮਰਨ! ਇਹ ਸੁਪਨੇ ! ਅੱਜੇ ਵੀ ਅਧੂਰੇ ਹਨ। ਹੁਣ ਲੋੜ ਹੈ ! ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਦੀ ਲੋੜਬੰਦੀ ਨੂੰ ਅਮਲੀ ਜਾਮਾ ਪਹਿਨਾਉਣ ਲਈ, ਭਾਰਤ ਅੰਦਰ ਲੋਕ ਜਮੂਹਰੀ ਇਨਕਲਾਬ ਦੀ ਸੰਪੂਰਨਤਾ ਲਈ ਯੋਗਦਾਨ ਪਾਉਣ ਦੀ !!

ਜਬ ਲਿਖੋ ਤਾਰੀਖ ਗੁਲਸ਼ਨ ਕੀ,
ਯਹ ਲਿਖਨਾ ਮਤ ਭੁਲਨਾ !!
ਕਿ ਹਮਨੇ ਭੀ ਲੁਟਾਯਾ ਹੈ ਆਸ਼ਿਆਂ ਅਪਨਾ!!
ਮੇਰੀ ਹਵਾਂ ਮੇ ਰਹੇਗੀ ਖਯਾਲ ਕੀ ਖੁਸ਼ਬੂ,
ਯਹ ਮੁਸ਼ਤ-ਖਾਕ ਹੈ ਫਾਨੀ, ਰਹੇ ਨਾ ਰਹੇ!!!

# Familiarity Breeds Resistance: Harris-era parents know there's nothing innovative about Ontario's education cuts



Erika Shaker




I came of age as an activist and researcher when Mike Harris blustered his way into power in the 90s. His education minister, John Snobelen, famously a high school dropout, was much more comfortable referring to students as "clients," parents as "customers" and teachers as "front line service providers," and spoke approvingly about "creating a crisis" to justify overhauling the system.

And so we got labour unrest, gutted public infrastructure, and a funding formula that pulled over $2 billion out of public education.

This resulted in a number of trends which have only grown more prevalent: an insufficient basis of funding or other resources to meet the needs of all kids, particularly students for whom English or French was not a first language, or kids with special needs. Increased normalization of private financing to inequitably address the shortfall through fundraising, user fees, corporate and community handouts…which exacerbates the problem of how already-vulnerable communities are further marginalized. And continually deteriorating infrastructure, on top of a $16 billion backlog.

When they were elected, the Liberals implemented some good policies: full-day kindergarten is a positive addition, though absent the wrap-around care it proved less transformative than it could have been. An updated Health and Phys-ed curriculum update was also welcome (and though it became a political football in the provincial election, to a large extent the government reinstated it after cancelling it). And certainly the money the Liberals provided for various projects and top-ups was welcome, after years of deliberate and what seemed to be almost gleeful underfunding.

But the Liberals did not address the structural flaws of the funding formula, so a number of student needs still went unmet, and the systemic underfunding continued ecause things we consider to be a fundamental human right and a public good can't be provided through good will and temporary or quick-fix pockets of cash. They require codified policy, long term financial guarantees, and measures to ensure accountability.

So when a new government is elected, and further under-resources public education, limits services, and in their media comments tries to pit teachers, education workers and unions against parents and students, parents of a certain age—like me—find that this feels all too familiar.

Except now it's being done to our kids.

***

Currently we have a population increasingly disenfranchised, dealing with inequality and precarity which makes it even more difficult for people to build community and engage with each other, let alone be as involved in their kids' education as they would like. And because of overlapping vulnerabilities, this impacts some families and communities more than others. We also have the deliberate undermining of programs that exist to help mitigate this disengagement, or the money required to keep them operating in a dependable way.

To counter this disengagement, we need to ensure that we are talking with and listening to each other, because this is the only way we can advocate for well-funded, high quality, publicly accountable schools, where kids' needs are met, and where educators and education workers have the resources required to meet kids where they're at, and communicate effectively with parents and caregivers. This commitment to broad engagement is fundamental to pushing back against the cuts that will not serve any of us well, and will disproportionately hurt those who are already most marginalized and vulnerable.

So long as the current funding formula remains in place, schools and kids will continue to be under-resourced, even if the government of the day is less right-leaning. This is why we need to reject the argument that turning back the clock to just before this current round of cuts is good enough. It's not. And while I am deeply concerned about the direction of any funding formula review that this current government might undertake, we need to start thinking about not just protecting the schools we have now—which leave too many people out in the cold—but building a movement to advocate for the schools we need and that our kids deserve.

These days the government's rhetoric and policy direction is getting a rough ride. As a recent Environics poll makes clear, parents understand that larger classes do not build resilience. All school boards are experiencing cuts in total operating funding, in per pupil funding, or both. Mandatory e-learning does not create more choice for students. A market-based service model is extremely detrimental for kids with autism. Limiting course options for kids is short-sighted and contradictory. In five years there will be 6,000 to 10,000 fewer teaching positions (depending on which government number we're using). CCPA Ontario's Ricardo Tranjan mapped this to show what this means to communities across the province.

***

My partner—who I met during the Days of Action—and I have two kids; one in high school, one in elementary. They provide me with all sorts of opportunities to rethink the world, live my research and question my assumptions.

They've also given me insight into how differently kids learn, what works well for them, what doesn't, and how that can change. And this provides me with a number of opportunities to really think about how I, as a parent, best work with their schools to support them.

Both my kids have had excellent ECEs, educators, education workers and administrators. These are people who have worked hard, listened well, and as patiently as possible navigated larger than optimal classes and the additional demands of school plays, school clubs and team sports.

My eldest is creative, but a fairly traditional learner. She takes instructions exceedingly well, has a good sense of what's expected, navigates social situations with aplomb, is emotionally mature, works well independently, and has always been able to advocate extremely effectively for herself.

My youngest is less predictable, more out-of-the-box, with less patience for "playing the game," some of which of course has to do with how we socialize boys and girls differently. He needs more time to express himself clearly, more time to settle, and more breaks. Adults and caregivers require more time and patience to navigate his leaps of logic (and recover from their laughter at his quirky sense of humour).

I know my daughter will be shortchanged by what's being done to public education. This infuriates me.

My son, however, won't just be shortchanged. He will be damaged academically and socially by these cuts. He's more likely to be that kid who will get caught in the shuffle, whose silent signals of discomfort or confusion—that often look like disinterest—can go unnoticed in a larger classroom; whose requirements for a more flexible approach while he gets comfortable with his surroundings and what's expected of him are less likely to be met. And not because educators and education workers and schools aren't working as hard as they can, and operating with the best of intentions, but because of the erosion of the system's ability to care for and meet the needs of kids who are already more vulnerable.

Of course, we'll mitigate that to the best of our ability, with meetings and tutors and extracurricular activities and extra attention that the school can simply no longer provide—not for lack of trying, but because of the higher number of kids each educator and education worker is responsible for. When it comes down to it, my son is one of the lucky ones. But access to a human right—and quality education education is a human right—should never be about luck. And it should certainly never be about privilege.

And surely our kids—all our kids—deserve more than, at best, being merely shortchanged.

A version of this commentary appears in the winter/spring 2020 issue of Our Schools / Our Selves, which is included with the January/ February CCPA Monitor. OS/OS will now be appearing twice a year in the Monitor, and available on the CCPA website.

**Erika Shaker is interim director of the CCPA National Office and Editor of Our Schools / Our Selves. She is on Twitter at @ErikaShaker.**

SHAHEED BHAGAT SINGH BOOK CENTRE



ਸ਼ਹੀਦ ਭਗਤ ਸਿੰਘ ਬੁੱਕ ਸੈਂਟਰ



A Non-Profit, Volunteer Service to Promote
New Readership & Encourage New Writers!

Book Exhibition & Sale!

Contact: Master Bhajan Singh at 403-455-4220

ਸੀ.ਏ.ਏ. (ਨਾਗਰਿਕਤਾ ਸੋਧ ਐਕਟ)

# ਉੱਪਰ ਸਰਕਾਰੀ ਲਿੱਪਾਪੋਚੀ ਦੀ ਚੀਰਫਾੜ



ਐਡਵੋਕੇਟ ਮਿਹਰ ਦੇਸਾਈ
ਪੇਸ਼: ਅਤੇ ਅਨੁਵਾਦ: ਬੂਟਾ ਸਿੰਘ

ਸੀ.ਏ.ਏ.-ਐੱਨ.ਆਰ.ਸੀ. ਬਾਰੇ ਕੇਂਦਰ ਸਰਕਾਰ ਵੱਲੋਂ ਜੋ ਸਵਾਲਨੁਮਾ ਸਪਸ਼ਟੀਕਰਨ ਦਿੱਤਾ ਗਿਆ ਹੈ ਉਹ ਪੂਰੀ ਤਰ੍ਹਾਂ ਗੁੰਮਰਾਹ ਕਰਨ ਵਾਲਾ ਹੈ ਅਤੇ ਕਈ ਵਾਰ ਤਾਂ ਇਹ ਉੱਕਾ ਹੀ ਝੂਠੀ ਜਾਣਕਾਰੀ ਵੀ ਦਿੰਦਾ ਹੈ। ਇਹ ਜਿੰਨਾ ਦੱਸਦਾ ਹੈ ਉਸ ਤੋਂ ਕਿਤੇ ਵਧੇਰੇ ਲੁਕੋਂਦਾ ਹੈ। ਸਰਕਾਰ ਨੇ ਹਰ ਸਵਾਲ ਦੇ ਜੋ ਜਵਾਬ ਦਿੱਤੇ ਹਨ, ਉਹਨਾਂ ਦੇ ਨਾਲ-ਨਾਲ ਹਰ ਜਵਾਬ ਦੇ ਅੰਤ ਵਿਚ ਮੈਂ ਆਪਣੇ ਵੱਲੋਂ ਟਿੱਪਣੀਆਂ ਦਿੱਤੀਆਂ ਹਨ ਤਾਂ ਜੁ ਪਾਠਕ ਖ਼ੁਦ ਸਮਝ ਸਕਣ ਕਿ ਸਰਕਾਰ ਵੱਲੋਂ ਦਿੱਤੇ ਜਵਾਬ ਕਿੰਨੇ ਗੁੰਮਰਾਹਕੁਨ ਹਨ।

ਇਹ ਗ਼ੌਰਤਲਬ ਹੈ ਕਿ ਅਕਸਰ ਪੁੱਛੇ ਜਾਣ ਵਾਲੇ ਸਭ ਤੋਂ ਮਹੱਤਵਪੂਰਨ ਸਵਾਲਾਂ ਨੂੰ ਸਰਕਾਰ ਵੱਲੋਂ ਇਹਨਾਂ ਸਵਾਲਾਂ-ਜਵਾਬਾਂ ਵਿਚ ਉਠਾਇਆ ਹੀ ਨਹੀਂ ਗਿਆ।

ਜਿਹਨਾਂ ਅੱਠ ਸਵਾਲਾਂ ਨੂੰ ਉਠਾਏ ਜਾਣ ਦੀ ਜ਼ਰੂਰਤ ਸੀ ਅਤੇ ਜੋ ਸਰਕਾਰ ਦੇ ਸਵਾਲਾਂ-ਜਵਾਬਾਂ ਵਿੱਚੋਂ ਗ਼ਾਇਬ ਹਨ, ਉਹ ਇਸ ਤਰ੍ਹਾਂ ਹਨ-

**ਪਹਿਲਾ**: ਇਸ ਸੂਚੀ ਵਿਚ ਸਿਰਫ਼ ਤਿੰਨ ਮੁਲਕਾਂ - ਪਾਕਿਸਤਾਨ, ਅਫ਼ਗਾਨਿਸਤਾਨ ਅਤੇ ਬੰਗਲਾਦੇਸ਼ - ਦੇ ਸਤਾਏ ਹੋਏ ਧਾਰਮਿਕ ਸਮੂਹਾਂ ਨੂੰ ਹੀ ਕਿਉਂ ਸ਼ਾਮਲ ਕੀਤਾ ਗਿਆ ਹੈ। ਹੋਰ ਗੁਆਂਢੀ ਮੁਲਕਾਂ, ਜਿਵੇਂ ਸ਼੍ਰੀਲੰਕਾ (ਸਾਰੇ ਧਰਮਾਂ ਦੇ ਤਾਮਿਲ), ਮਿਆਂਮਾਰ (ਰੋਹਿੰਗਿਆ) ਅਤੇ ਚੀਨ (ਖ਼ਾਸ ਕਰਕੇ ਬੁੱਧ ਧਰਮ ਨੂੰ ਮੰਨਣ ਵਾਲੇ ਤਿੱਬਤੀ ਅਤੇ ਉਈਗਰ) ਦੀਆਂ ਧਾਰਮਿਕ ਘੱਟਗਿਣਤੀਆਂ ਨੂੰ ਇਸ ਵਿਚ ਕਿਉਂ ਸ਼ਾਮਲ ਨਹੀਂ ਕੀਤਾ ਗਿਆ ਹੈ। ਇਸ ਦਾ ਕਾਰਨ ਮੁਲਕ ਦੀ ਵੰਡ ਨਹੀਂ ਕਹੀ ਜਾ ਸਕਦੀ ਕਿਉਂਕਿ ਅਫ਼ਗਾਨਿਸਤਾਨ ਦਾ ਵੰਡ ਨਾਲ ਕੋਈ ਵੀ ਲੈਣਾ-ਦੇਣਾ ਨਹੀਂ ਸੀ। ਹਾਲਾਂਕਿ ਸੀ.ਏ.ਏ. ਵਿਚ ਜਿਹਨਾਂ ਫਿਰਕਿਆਂ ਦਾ ਜ਼ਿਕਰ ਕੀਤਾ ਗਿਆ ਹੈ ਉਹਨਾਂ ਉੱਪਰ ਜ਼ੁਲਮ ਹੁੰਦੇ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਲੇਕਿਨ ਇਹ ਸਮਝਣਾ ਜ਼ਰੂਰੀ ਹੈ ਕਿ ਕਿਉਂ ਸਿਰਫ਼ ਕੁਛ ਖ਼ਾਸ ਮੁਲਕਾਂ ਦੇ ਖ਼ਾਸ ਸਮੂਹਾਂ ਨੂੰ ਹੀ ਇਸ ਵਿਚ ਸ਼ਾਮਲ ਕੀਤਾ ਗਿਆ ਹੈ।

**ਦੂਸਰਾ**: ਜਦ ਅਫ਼ਗਾਨਿਸਤਾਨ, ਪਾਕਿਸਤਾਨ ਅਤੇ ਬੰਗਲਾਦੇਸ਼ ਦੀਆਂ ਜ਼ੁਲਮਾਂ ਦਾ ਸ਼ਿਕਾਰ ਧਾਰਮਿਕ ਘੱਟਗਿਣਤੀਆਂ ਨੂੰ ਸੁਰੱਖਿਆ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਫਿਰ ਉਹਨਾਂ ਹੀ ਮੁਲਕਾਂ ਦੇ ਬਲੂਚ, ਅਹਿਮਦੀਆ ਅਤੇ ਸ਼ੀਆ ਆਦਿ ਹੋਰ ਜ਼ੁਲਮ ਦਾ ਸ਼ਿਕਾਰ ਘੱਟਗਿਣਤੀਆਂ ਨੂੰ ਇਸੇ ਤਰ੍ਹਾਂ ਦੀ ਸੁਰੱਖਿਆ ਕਿਉਂ ਨਹੀਂ ਮੁਹੱਈਆ ਕਰਵਾਈ ਜਾ ਰਹੀ। ਉਹਨਾਂ ਉੱਪਰ ਜ਼ੁਲਮਾਂ ਦੇ ਵੀ ਲੋੜੀਂਦੇ ਸਬੂਤ ਮੌਜੂਦ ਹਨ। ਸਿਰਫ਼ ਇਕ ਮਿਸਾਲ ਹੀ ਇਸ ਨੂੰ ਸਮਝਣ ਲਈ ਕਾਫ਼ੀ ਹੈ: ਪਾਕਿਸਤਾਨ ਵਿਚ ਅਹਿਮਦੀਆ ਫਿਰਕੇ ਨੂੰ 1974 'ਚ ਗ਼ੈਰਮੁਸਲਿਮ ਘੱਟਗਿਣਤੀ ਕਰਾਰ ਦਿੱਤਾ ਗਿਆ ਸੀ ਅਤੇ ਅਹਿਮਦੀਆ ਲੋਕ ਹਾਲਾਂਕਿ ਖ਼ੁਦ ਨੂੰ ਮੁਸਲਿਮ ਹੀ ਮੰਨਦੇ ਸਨ, ਇਸ ਦੇ ਬਾਵਜੂਦ 1984 'ਚ ਕਾਨੂੰਨ ਪਾਸ ਕਰਕੇ ਉਹਨਾਂ ਦੇ ਲਈ ਖ਼ੁਦ ਨੂੰ ਮੁਸਲਮਾਨ ਕਹਿਣਾ, ਇਸਲਾਮ ਨੂੰ ਆਪਣਾ ਧਰਮ ਦੱਸਣਾ, ਜਾਂ ਜਨਤਕ ਤੌਰ 'ਤੇ ਇਸਲਾਮ ਧਰਮ ਦਾ ਪਾਲਣ ਕਰਨਾ ਸਜ਼ਾਯੋਗ ਜੁਰਮ ਕਰਾਰ ਦੇ ਦਿੱਤਾ ਗਿਆ। ਪਾਕਿਸਤਾਨ ਵਿਚ ਅਹਿਮਦੀਆ ਲੋਕਾਂ ਉੱਪਰ ਲਗਾਤਾਰ ਜ਼ੁਲਮ ਹੁੰਦੇ ਰਹੇ ਹਨ ਅਤੇ ਉਹਨਾਂ ਦੀਆਂ ਹੱਤਿਆਵਾਂ ਕੀਤੀਆਂ ਜਾਂਦੀਆਂ ਰਹੀਆਂ ਹਨ। ਜ਼ਾਹਿਰਾ ਤੌਰ 'ਤੇ ਉਹ ਇਕ ਜ਼ੁਲਮਾਂ ਦੇ ਸਤਾਏ ਸਮੂਹ ਹਨ। ਇਕ ਹੋਰ ਮਿਸਾਲ ਲੈ ਲਓ, ਪਿਛਲੇ ਕਈ ਦਹਾਕਿਆਂ ਤੋਂ ਚਕਮਾ ਕਬੀਲੇ ਦੇ ਲੋਕ ਜ਼ੁਲਮ ਢਾਏ ਜਾਣ ਅਤੇ ਹੋਰ ਕਾਰਨਾਂ ਕਰਕੇ ਬੰਗਲਾਦੇਸ਼ ਤੋਂ ਉੱਤਰ-ਪੂਰਬੀ ਰਾਜਾਂ ਵਿਚ ਹਜ਼ਾਰਾਂ ਦੀ ਗਿਣਤੀ 'ਚ ਆ ਕੇ ਵਸ ਗਏ ਹਨ। ਉਹਨਾਂ ਵਿੱਚੋਂ ਕਈਆਂ ਨੂੰ ਨਾਗਰਿਕਤਾ ਮਿਲ ਚੁੱਕੀ ਹੈ ਲੇਕਿਨ ਕਈ ਐਸੇ ਹਨ ਜਿਹਨਾਂ ਨੂੰ ਨਾਗਰਿਕਤਾ ਨਹੀਂ ਦਿੱਤੀ ਗਈ ਹੈ ਅਤੇ ਉਹ ਨਾਗਰਿਕਤਾ ਦੀ ਮੰਗ ਕਰ ਰਹੇ ਹਨ। ਉਹਨਾਂ ਦੀ ਇਕ ਵੱਡੀ ਤਾਦਾਦ ਬੁੱਧ ਧਰਮ ਨੂੰ ਮੰਨਣ ਵਾਲੀ ਹੈ, ਇਸ ਲਈ ਉਹ ਸੀ.ਏ.ਏ. ਦੇ ਤਹਿਤ ਨਾਗਰਿਕਤਾ ਦੇ ਹੱਕਦਾਰ ਹਨ। ਲੇਕਿਨ ਉਹਨਾਂ ਦਾ ਇਕ ਹਿੱਸਾ ਐਸਾ ਵੀ ਹੈ ਜੋ ਇਸਲਾਮ ਨੂੰ ਮੰਨਦਾ ਹੈ। ਤਾਂ ਕੀ ਤੁਸੀਂ ਗ਼ੈਰਮੁਸਲਿਮ ਚਕਮਾ ਲੋਕਾਂ ਨੂੰ ਨਾਗਰਿਕਤਾ ਦਿਓਗੇ ਅਤੇ ਮੁਸਲਿਮ ਚਕਮਾ ਨੂੰ ਨਹੀਂ ਦਿਓਗੇ, ਜਦਕਿ ਦੇਖਿਆ ਜਾਵੇ ਤਾਂ ਉਹਨਾਂ ਦੀ ਹਾਲਤ ਇੱਕੋ ਜਹੀ ਹੀ ਹੈ?

**ਤੀਸਰਾ**: 1951 ਦੀ ਰਫ਼ਿਊਜੀ ਕਨਵੈਨਸ਼ਨ ਅਤੇ 1967 ਦੇ ਪ੍ਰੋਟੋਕੋਲ ਦੇ ਤਹਿਤ, ਉਹਨਾਂ ਲੋਕਾਂ ਨੂੰ ਸ਼ਰਣਾਰਥੀ ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ ਜੋ ਜਾਤੀ, ਧਰਮ, ਰਾਸ਼ਟਰੀਅਤਾ, ਕਿਸੇ ਖ਼ਾਸ ਸਮਾਜੀ ਸਮੂਹ ਦੇ ਮੈਂਬਰ ਹੋਣ ਜਾਂ ਖ਼ਾਸ ਰਾਜਨੀਤਕ ਮੱਤ ਦੇ ਕਾਰਨ ਜ਼ੁਲਮਾਂ ਦੇ ਸਤਾਏ ਹੁੰਦੇ ਹਨ। ਇਹਨਾਂ ਦੋਨਾਂ ਵਿੱਚੋਂ ਭਾਰਤ ਹਾਲਾਂਕਿ ਕਿਸੇ ਦਾ ਵੀ ਮੈਂਬਰ ਨਹੀਂ ਹੈ ਫਿਰ ਵੀ ਜੇ ਜ਼ੁਲਮ ਹੀ ਸ਼ਰਣਾਰਥੀਆਂ ਨੂੰ ਨਾਗਰਿਕਤਾ ਦੇਣ ਦਾ ਪੈਮਾਨਾ ਹੈ ਤਾ ਕਿਉਂ ਸਿਰਫ਼ ਗ਼ੈਰਮੁਸਲਿਮ ਧਾਰਮਿਕ ਸਮੂਹਾਂ ਨੂੰ ਹੀ ਜ਼ੁਲਮ ਦੇ ਸਤਾਏ ਮੰਨ ਕੇ ਇਹ ਤਮਾਮ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਉਹਨਾਂ ਨੂੰ ਕਿਉਂ ਨਹੀਂ ਜੋ ਹੋਰ ਕਾਰਨਾਂ ਕਰਕੇ ਜ਼ੁਲਮ ਦਾ ਸ਼ਿਕਾਰ ਹਨ? ਮਿਸਾਲ ਵਜੋਂ, 19 ਦਸੰਬਰ 2019 ਨੂੰ ਇਕ ਪਾਕਿਸਤਾਨੀ ਸਿੱਖਿਆ ਸ਼ਾਸਤਰੀ ਜ਼ੁਨੈਦ ਹਾਫ਼ਿਜ਼ ਨੂੰ ਅੱਲਾ ਦੀ ਨਿੰਦਾ ਦੇ ਲਈ ਮੌਤ ਦੀ ਸਜ਼ਾ ਦਿੱਤੀ ਗਈ ਸੀ। ਇਹ ਸਾਫ਼ ਤੌਰ 'ਤੇ ਬੋਲਣ ਦੀ ਆਜ਼ਾਦੀ ਕਾਰਨ ਕੀਤਾ ਜਾਣ ਵਾਲਾ ਜ਼ੁਲਮ ਸੀ। ਗੁਆਂਢੀ ਮੁਲਕਾਂ ਵਿਚ ਇਸ ਤਰ੍ਹਾਂ ਜਾਂ ਕਿਸੇ ਹੋਰ ਤਰੀਕੇ ਨਾਲ ਲੋਕਾਂ ਦੀ ਇਕ ਬਹੁਤ ਬੜੀ ਆਬਾਦੀ ਰਾਜਨੀਤਕ ਤੌਰ 'ਤੇ ਜ਼ੁਲਮਾਂ ਦੀ ਸ਼ਿਕਾਰ ਹੈ। ਜੇ ਭਾਰਤ ਮਜ਼ਲੂਮਾਂ ਦੀ ਮਦਦ ਕਰਨਾ ਹੀ ਚਾਹੁੰਦਾ ਹੈ ਤਾਂ ਭਾਰਤੀ ਨਾਗਰਿਕਤਾ ਉਹਨਾਂ ਨੂੰ ਕਿਉਂ ਨਹੀਂ ਦਿੱਤੀ ਜਾ ਰਹੀ ਜਿਹਨਾਂ ਉੱਪਰ ਧਰਮ ਤੋਂ ਬਿਨਾਂ ਹੋਰ ਅਧਾਰਾਂ ਉੱਪਰ ਜ਼ੁਲਮ ਕੀਤੇ ਜਾ ਰਹੇ ਹਨ?

**ਚੌਥਾ**: ਕੁਛ ਲੋਕਾਂ ਨੂੰ ਉਹਨਾਂ ਦੇ ਧਰਮ ਦੇ ਅਧਾਰ 'ਤੇ ਨਾਗਰਿਕਤਾ ਕਿਉਂ ਦਿੱਤੀ ਜਾ ਰਹੀ ਹੈ। ਇਹ ਸਰੇਆਮ ਧਰਮਨਿਰਪੇਖਤਾ ਦੇ ਖ਼ਿਲਾਫ਼ ਹੈ, ਜੋ ਨਾ ਸਿਰਫ਼ ਸੰਵਿਧਾਨ ਦੀ ਆਦਿਕਾ ਦਾ ਹਿੱਸਾ ਹੈ ਸਗੋਂ ਜਿਸ ਨੂੰ ਸੁਪਰੀਮ ਕੋਰਟ ਵੱਲੋਂ ਸੰਵਿਧਾਨ ਦੀ ਮੂਲ ਸੰਰਚਨਾ ਦਾ ਅੰਗ ਮੰਨਿਆ ਗਿਆ ਹੈ। ਭਾਰਤ ਦਾ ਸੰਵਿਧਾਨ ਉਹ ਪਹਿਲਾ ਦਸਤਾਵੇਜ਼ ਹੈ ਜੋ ਨਾਗਰਿਕਤਾ ਨੂੰ ਤੈਅ ਕਰਦਾ ਹੈ ਅਤੇ ਨਾਗਰਿਕਤਾ ਦਿੰਦਾ ਹੈ। ਜ਼ਾਹਿਰ ਹੈ ਇਹ ਮੁਲਕ ਦੀ ਵੰਡ ਅਤੇ ਉਸ ਨਾਲ ਹੋਏ ਤਮਾਮ ਜ਼ਖ਼ਮਾਂ ਦੇ ਫ਼ੌਰਨ ਬਾਦ ਹੀ ਅਮਲ ਵਿਚ ਆਇਆ। ਇਸ ਦੇ ਬਾਵਜੂਦ, ਇਸ ਨੇ ਪਾਕਿਸਤਾਨ (ਪੂਰਬੀ ਅਤੇ ਪੱਛਮੀ ਦੋਨਾਂ) ਦੇ ਪ੍ਰਵਾਸੀਆਂ ਨੂੰ ਨਾਗਰਿਕਤਾ ਲੈਣ ਦੀ ਇਜਾਜ਼ਤ ਦਿੱਤੀ ਅਤੇ ਕਦੇ ਧਰਮ ਦੇ ਆਧਾਰ 'ਤੇ ਉਹਨਾਂ ਦਰਮਿਆਨ ਵਿਤਕਰਾ ਨਹੀਂ ਕੀਤਾ। ਅਸਾਮ ਸਮਝੌਤੇ ਵਿਚ ਨਾਗਰਿਕਤਾ ਤੈਅ ਕਰਨ ਲਈ ਅਸਾਮ ਵਿਚ ਪ੍ਰਵੇਸ਼ ਕਰਨ ਦੀ ਅੰਤਮ ਮਿਤੀ (ਕਟ-ਆਫ਼-ਡੇਟ) 25 ਮਾਰਚ 1971 ਰੱਖੀ ਗਈ ਸੀ ਲੇਕਿਨ ਧਾਰਮਿਕ ਆਧਾਰ 'ਤੇ ਉਸ ਵਿਚ ਕੋਈ ਭੇਦਭਾਵ ਨਹੀਂ ਕੀਤਾ ਗਿਆ ਸੀ। ਆਵਾਸੀ (ਅਸਾਮ ਤੋਂ ਨਿਕਾਲਾ) ਕਾਨੂੰਨ, 1950 ਵੀ ਧਰਮ ਦੇ ਆਧਾਰ 'ਤੇ ਕੋਈ ਭੇਦਭਾਵ ਨਹੀਂ ਕਰਦਾ ਹੈ। ਇਸ ਲਈ ਧਾਰਮਿਕ ਕੋਣ ਸ਼ਾਮਲ ਕਰਨ ਦੀ ਕੋਈ ਵਾਜਬੀਅਤ ਨਹੀਂ ਹੈ। ਜੇ ਗੁਆਂਢੀ ਮੁਲਕਾਂ ਦੇ ਜ਼ੁਲਮਾਂ ਦੇ ਸਤਾਏ ਵਿਅਕਤੀਆਂ ਨੂੰ ਸੁਰੱਖਿਆ ਦੇਣੀ ਹੀ ਸੀ ਤਾਂ ਇਹ ਸੁਰੱਖਿਆ ਜ਼ੁਲਮਾਂ ਦੇ ਸਤਾਏ ਹੋਏ ਸਾਰੇ ਵਿਅਕਤੀਆਂ ਨੂੰ ਮਿਲਣੀ ਚਾਹੀਦੀ ਸੀ।

**ਪੰਜਵਾਂ**: ਸੀ.ਏ.ਏ. ਦੇ ਤਹਿਤ ਨਾਗਰਿਕਤਾ ਸਿਰਫ਼ ਉਹਨਾਂ ਲੋਕਾਂ ਨੂੰ ਹੀ ਕਿਉਂ ਦਿੱਤੀ ਜਾ ਰਹੀ ਹੈ ਜੋ 31 ਦਸੰਬਰ 2014 ਤੋਂ ਪਹਿਲਾਂ ਭਾਰਤ ਆਏ ਹਨ? ਕੀ ਇਹਨਾਂ ਮੁਲਕਾਂ ਵਿਚ 31 ਦਸੰਬਰ 2014 ਤੋਂ ਬਾਦ ਜ਼ੁਲਮ ਬੰਦ ਹੋ ਗਏ ਹਨ।

**ਛੇਵਾਂ**: ਐੱਨ.ਆਰ.ਸੀ. ਵਿਚ ਵਿਤੀ ਅਤੇ ਮਨੁੱਖੀ ਵਸੀਲਿਆਂ ਉੱਪਰ ਹੋਣ ਵਾਲਾ ਖ਼ਰਚ ਕੀ ਹੋਵੇਗਾ ਅਤੇ ਕੀ ਭਾਰਤ ਇਸ ਬੋਝ ਦਾ ਜ਼ੋਖ਼ਮ ਲੈ ਵੀ ਸਕੇਗਾ। ਅਸਾਮ ਵਿਚ 100 ਦੇ ਕਰੀਬ ਆਪਣੀ ਜਾਨ ਗਵਾ ਚੁੱਕੇ ਹਨ ਅਤੇ ਉਹਨਾਂ ਦੀ ਮੌਤ ਨਾਗਰਿਕਤਾ ਨਾਲ ਜੁੜੇ ਮਾਮਲਿਆਂ ਨਾਲ ਸੰਬੰਧਤ ਹੈ। ਜਿੱਥੇ ਕੁਛ ਲੋਕਾਂ ਨੇ ਕੌਮੀ ਨਾਗਰਿਕ ਰਜਿਸਟਰ (ਐੱਨ.ਆਰ.ਸੀ.) ਦੇ ਕਰਕੇ ਪ੍ਰੇਸ਼ਾਨੀ, ਚਿੰਤਾ ਅਤੇ ਲਾਚਾਰੀ 'ਚ ਖ਼ੁਦਕੁਸ਼ੀ ਕਰ ਲਈ ਹੈ, ਉੱਥੇ ਕੁਛ ਨੇ ਨਜ਼ਰਬੰਦੀ ਕੈਂਪਾਂ ਵਿਚ ਕੈਦ ਕੀਤੇ ਜਾਣ ਦੇ ਡਰੋਂ ਜਾਨ ਦੇ ਦਿੱਤੀ ਹੈ। ਕੁਛ ਐਸੇ ਲੋਕ ਵੀ ਹਨ ਜਿਹਨਾਂ ਦੀ ਮੌਤ ਨਜ਼ਰਬੰਦੀ ਕੈਂਪਾਂ ਵਿਚ ਸ਼ੱਕੀ ਹਾਲਾਤਾਂ ਵਿਚ ਹੋਈ ਹੈ। (ਸਿਟੀਜ਼ਨਜ਼ ਫ਼ਾਰ ਜਸਟਿਸ ਐਂਡ ਪੀਸ ਸੰਸਥਾ ਵੱਲੋਂ ਅਸਾਮ ਵਿਚ ਕੀਤੀ ਮੌਤਾਂ ਦੀ ਛਾਣਬੀਣ ਤੋਂ ਪਤਾ ਲੱਗਦਾ ਹੈ ਕਿ 28 ਮੌਤਾਂ ਨਜ਼ਰਬੰਦੀ ਕੈਂਪਾਂ ਵਿਚ ਹੋਈਆਂ ਅਤੇ ਬਾਕੀ ਮੌਤਾਂ ਘਰਾਂ ਵਿਚ ਖ਼ੁਦਕੁਸ਼ੀ ਨਾਲ, ਦਿਲ ਦੇ ਦੌਰੇ ਜਾਂ ਗੰਭੀਰ ਸੱਟਾਂ ਲੱਗਣ ਨਾਲ ਹੋਈਆਂ) ਅਸਾਮ ਦੇ ਐੱਨ.ਆਰ.ਸੀ. ਦੀ ਲਾਗਤ 1600 ਕਰੋੜ ਰੁਪਏ ਸੀ ਅਤੇ 3.3 ਕਰੋੜ ਲੋਕਾਂ ਦੇ ਨਾਂਅ ਦਰਜ ਕਰਨ ਲਈ 50 ਹਜ਼ਾਰ ਮੁਲਾਜ਼ਮ ਤਾਇਨਾਤ ਕੀਤੇ ਗਏ ਸਨ। ਹੁਣ ਅਸੀਂ ਇਹ ਜਾਣਦੇ ਹਾਂ ਕਿ ਜਦ ਰਜਿਸਟਰ ਮੁਕੰਮਲ ਹੋਇਆ ਤਾਂ 19 ਲੱਖ ਲੋਕ, ਜਿਹਨਾਂ ਵਿੱਚੋਂ ਸਾਰੇ ਧਰਮਾਂ ਨਾਲ ਜੁੜੇ ਜ਼ਿਆਦਾਤਰ ਲੋਕ ਅਸਲ ਵਿਚ ਨਾਗਰਿਕ ਸਨ, ਉਸ ਰਜਿਸਟਰ ਤੋਂ ਬਾਹਰ ਹੋ ਗਏ ਹਨ। ਜੇ ਅਸੀਂ ਸਿਰਫ਼ 87.9 ਕਰੋੜ ਭਾਰਤੀ ਵੋਟਰਾਂ ਨੂੰ ਗਿਣੀਏ ਅਤੇ ਇਸ ਨੂੰ ਮੋਟੇ ਤੌਰ 'ਤੇ ਗਣਨਾ ਮੰਨ ਲਈਏ ਤਾਂ ਪੂਰੇ ਭਾਰਤ ਦੇ ਲਈ ਐੱਨ.ਆਰ.ਸੀ. ਦਾ ਖ਼ਰਚ 4.26 ਲੱਖ ਕਰੋੜ ਰੁਪਏ ਆਵੇਗਾ ਅਤੇ ਇਸ ਨੂੰ ਅੰਜਾਮ ਦੇਣ ਲਈ 1.33 ਕਰੋੜ ਮੁਲਾਜ਼ਮਾਂ ਦੀ ਲੋੜ ਪਵੇਗੀ। ਇਸ ਦੇ ਨਾਲ ਹੀ ਨਜ਼ਰਬੰਦੀ ਕੈਂਪ ਉਸਾਰਨ ਦੀ ਲੋੜ ਪਵੇਗੀ, ਇਹ ਖ਼ਰਚ ਲੋਕਾਂ ਉੱਪਰ ਪੈਣ ਵਾਲੇ ਪਹਿਲੇ ਭਾਰੀ ਬੋਝ ਤੋਂ ਇਲਾਵਾ ਹੈ। ਜੇ ਅਸਾਮ ਵਿਚ ਦੇਖਿਆ ਜਾਵੇ ਤਾਂ ਇਕ ਬੜੀ ਗਿਣਤੀ ਵਿਚ ਲੋਕ ਆਪਣੀ ਜ਼ਮੀਨ ਵੇਚਣ ਲਈ ਮਜਬੂਰ ਹੋਏ ਹਨ ਅਤੇ ਹਾਈ ਕੋਰਟ ਅਤੇ ਬਦੇਸ਼ੀ ਟ੍ਰਿਬਿਊਨਲ ਵਿਚ ਆਪਣੇ ਮੁਕੱਦਮੇ ਦੀ ਪੈਰਵੀ ਕਰਨ ਲਈ ਵਕੀਲਾਂ ਦੀਆਂ ਜੇਬਾਂ ਭਰਨ ਦੇ ਚੱਕਰ ਵਿਚ ਕੰਗਾਲ ਹੁੰਦੇ ਜਾਂਦੇ ਹਨ।

**ਸੱਤਵਾਂ**: ਕੀ ਐੱਨ.ਆਰ.ਸੀ. ਦੀ ਕੋਈ ਜ਼ਰੂਰਤ ਵੀ ਹੈ? ਐੱਨ.ਆਰ.ਸੀ. ਮੁਲਕ ਦੇ ਨਾਗਰਿਕਾਂ ਦਾ ਇਕ ਰਜਿਸਟਰ ਹੈ। ਭਾਰਤੀ ਸੰਵਿਧਾਨ ਦੀ ਧਾਰਾ 326 ਅਤੇ ਲੋਕ ਪ੍ਰਤੀਨਿੱਧਤਾ ਕਾਨੂੰਨ, 1950 ਦੇ ਤਹਿਤ ਸਿਰਫ਼ ਨਾਗਰਿਕਾਂ ਨੂੰ ਹੀ ਵੋਟ ਦਾ ਹੱਕ ਦਿੱਤਾ ਗਿਆ ਹੈ। ਇਸ ਲਈ ਉਹ ਸਾਰੇ ਲੋਕ ਜੋ ਵੋਟਰ ਸੂਚੀ ਵਿਚ ਹਨ, ਇਹ ਜ਼ਾਹਿਰ ਹੈ ਕਿ ਉਹਨਾਂ ਨੂੰ ਨਾਗਰਿਕ ਮੰਨਿਆ ਗਿਆ ਹੈ। ਪੂਰੇ ਭਾਰਤ ਦੀਆਂ ਵੋਟਰ ਸੂਚੀਆਂ ਨੂੰ ਇਕੱਠਾ ਕਰਨ 'ਤੇ ਆਪਣੇ ਆਪ ਹੀ 18 ਸਾਲ ਤੋਂ ਉੱਪਰ ਦੇ ਸਾਰੇ ਲੋਕਾਂ ਦਾ ਸੰਪੂਰਨ ਨਾਗਰਿਕਤਾ ਰਜਿਸਟਰ ਮਿਲ ਜਾਵੇਗਾ। ਤਾਂ ਫਿਰ ਇਹ ਸਭ ਕੁਛ ਕਿਉਂ ਦੁਹਰਾਇਆ ਜਾਵੇ? 18 ਸਾਲ ਤੋਂ ਘੱਟ ਉਮਰ ਦੇ ਲੋਕ ਇਸ ਦੇ ਯੋਗ ਨਹੀਂ ਹੁੰਦੇ ਕਿ ਉਹ ਆਪਣੇ ਤੌਰ 'ਤੇ ਕਿਸੇ ਦੂਜੇ ਮੁਲਕ ਤੋਂ ਭਾਰਤ ਵਿਚ ਆ ਸਕਣ। ਇਸ ਲਈ, ਉਹਨਾਂ ਦੇ ਮਾਂ-ਪਿਓ ਜੇ ਵੋਟਰ ਸੂਚੀ ਵਿਚ ਸ਼ਾਮਲ ਹਨ ਤਾਂ ਬੱਚੇ ਖ਼ੁਦ ਹੀ (ਕੁਛ ਵਿਸ਼ੇਸ਼ ਮਾਮਲਿਆਂ ਨੂੰ ਛੱਡ ਕੇ) ਨਾਗਰਿਕ ਬਣ ਜਾਣਗੇ। ਤਾਂ ਫਿਰ ਹਰੇਕ ਦੇ ਲਈ ਆਪਣੇ ਨਾਗਰਿਕ ਹੋਣ ਦਾ ਸਬੂਤ ਦੇਣਾ ਲਾਜ਼ਮੀ ਬਣਾ ਦੇਣ ਦਾ ਅਸਲੀ ਮਕਸਦ ਕੀ ਹੋ ਸਕਦਾ ਹੈ? ਇਸ ਦੇ ਪਿੱਛੇ ਤਾਂ ਇਹੀ ਮਨਸ਼ਾ ਕੰਮ ਕਰਦੀ ਹੋ ਸਕਦੀ ਹੈ ਕਿ ਸਾਰੇ ਭਾਈਚਾਰਿਆਂ (ਖ਼ਾਸ ਕਰਕੇ ਦਲਿਤਾਂ, ਆਦਿਵਾਸੀਆਂ, ਔਰਤਾਂ ਅਤੇ ਟਰਾਂਸਜੈਂਡਰ ਲੋਕਾਂ) ਦੇ ਗ਼ਰੀਬਾਂ ਦੀ ਇਕ ਬੜੀ ਆਬਾਦੀ ਅਤੇ ਮੁਸਲਮਾਨਾਂ ਦੇ ਇਕ ਹਿੱਸੇ ਨੂੰ ਨਾਗਰਿਕਤਾ ਦੇ ਹੱਕ ਤੋਂ ਵਾਂਝੇ ਕਰ ਦਿੱਤਾ ਜਾਵੇ। ਐੱਨ.ਆਰ.ਸੀ. ਦੇ ਬਿਨਾਂ ਵੀ ਬਦੇਸ਼ੀਆਂ ਸੰਬੰਧੀ ਐਕਟ, 1946 ਦੇ ਤਹਿਤ ਸਰਕਾਰ ਨੂੰ ਨਾਜਾਇਜ਼ ਆਵਾਸੀਆਂ ਨੂੰ ਬਾਹਰ ਕੱਢਣ ਦਾ ਹੱਕ ਹਾਸਲ ਹੈ। ਦਹਾਕਿਆਂ ਤੋਂ ਉਹਨਾਂ ਲੋਕਾਂ ਨੂੰ "ਹਟਾਉਣ" ਲਈ, ਜਿਹਨਾਂ ਨੂੰ ਬਦੇਸ਼ੀ ਮੰਨਿਆ ਜਾਂਦਾ ਹੈ, ਬਾਕਾਇਦਾ ਮੁਕੱਦਮੇ ਚਲਾਏ ਜਾਂਦੇ ਹਨ। ਐੱਨ.ਆਰ.ਸੀ. ਦੀ ਇਹ ਪੂਰੀ ਕਵਾਇਦ ਹੋਰ ਕੁਛ ਨਹੀਂ ਬਸ ਖ਼ੌਫ਼ ਪੈਦਾ ਕਰਨਾ ਅਤੇ ਐਸੇ ਲੋਕਾਂ ਦਾ ਇਕ ਵਿਸ਼ਾਲ ਸਮੂਹ ਬਣਾਉਣਾ ਹੈ ਜੋ ਵੋਟਰ ਨਹੀਂ ਹੋਣਗੇ, ਇੱਥੋਂ ਤੱਕ ਕਿ ਜੇ ਉਹ ਆਜ਼ਾਦ ਵੀ ਹੋ ਜਾਣ ਤਾਂ ਬਿਨਾਂ ਕਿਸੇ ਹੱਕ ਦੇ ਇਕ ਐਸੀ ਆਬਾਦੀ ਵਿਚ ਸ਼ਾਮਲ ਹੋਣਗੇ ਜੋ ਮਜ਼ਦੂਰ ਦੇ ਰੂਪ ਵਿਚ ਬੇਹੱਦ ਸਸਤੀਆਂ ਦਰਾਂ 'ਤੇ ਸਨਅਤਕਾਰਾਂ ਅਤੇ ਉਹਨਾਂ ਦੇ ਦਲਾਲਾਂ ਲਈ ਉੱਪਲਭਧ ਹੋਣਗੇ।

**ਅੱਠਵਾਂ**: ਜੇ ਪ੍ਰਧਾਨ ਮੰਤਰੀ ਕਹਿ ਰਿਹਾ ਹੈ ਕਿ ਐੱਨ.ਆਰ.ਸੀ. ਦੀ ਪ੍ਰਕਿਰਿਆ ਸ਼ੁਰੂ ਕਰਨ ਦੀ ਕੋਈ ਯੋਜਨਾ ਨਹੀਂ ਹੈ ਤਾਂ ਜਨ-ਸੰਖਿਆ ਰਜਿਸਟਰ (ਐੱਨ.ਪੀ.ਆਰ.) ਦੀ ਕਵਾਇਦ ਕਿਉਂ ਕੀਤੀ ਜਾ ਰਹੀ ਹੈ। 31 ਜੁਲਾਈ 2019 ਨੂੰ ਕੇਂਦਰ ਸਰਕਾਰ ਵੱਲੋਂ ਇਕ ਨੋਟੀਫ਼ੀਕੇਸ਼ਨ ਜਾਰੀ ਕੀਤਾ ਗਿਆ ਕਿ 1 ਅਪ੍ਰੈਲ 2020 ਤੋਂ 30 ਸਤੰਬਰ 2020 ਦਰਮਿਆਨ ਪੂਰੇ ਮੁਲਕ ਵਿਚ ਐੱਨ.ਪੀ.ਆਰ. ਦੀ ਪ੍ਰਕਿਰਿਆ ਚਲਾਈ ਜਾਵੇਗੀ। ਮਰਦਮਸ਼ੁਮਾਰੀ (ਸੈਂਸਿਜ਼) ਅਤੇ ਜਨਸੰਖਿਆ ਦਰਮਿਆਨ ਭੁਲੇਖਾ ਖੜ੍ਹਾ

JTS
Farhad Zain
Mohammed
General Manager
5601 46St SE
Calgary, AB T2C 4Y5
farhad_its@hotmail.com
Logistics Ltd Calgary Alberta
Warehousing / Distribution
Office : 403-723-2379
Fax : 1888-732-1303
Cell : 403-519-9373

ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਲੇਕਿਨ ਜਨਸੰਖਿਆ ਰਜਿਸਟਰ ਐੱਨ.ਆਰ.ਸੀ. ਦੇ ਨਿਯਮ 4 ਦਾ ਹਿੱਸਾ ਹੈ ਜਦਕਿ ਮਰਦਮਸ਼ੁਮਾਰੀ ਮਰਦਮਸ਼ੁਮਾਰੀ ਐਕਟ ਦੇ ਅਧੀਨ ਹੈ ਜੋ ਪੂਰੀ ਤਰ੍ਹਾਂ ਇਕ ਸੁਤੰਤਰ ਐਕਟ ਹੈ ਅਤੇ ਜਿਸ ਦਾ ਉਦੇਸ਼ ਪੂਰੀ ਤਰ੍ਹਾਂ ਵੱਖਰਾ ਹੈ। ਇਸ ਲਈ ਜਦ ਜਨਸੰਖਿਆ ਰਜਿਸਟਰ ਤਿਆਰ ਕੀਤਾ ਜਾ ਰਿਹਾ ਹੈ ਤਾਂ ਇਹ ਐੱਨ.ਆਰ.ਸੀ.ਦੀ ਦਿਸ਼ਾ ਵਿਚ ਪਹਿਲਾ ਕਦਮ ਹੈ। "ਜਨਸੰਖਿਆ ਰਜਿਸਟਰ" ਦਾ ਇਸ ਤੋਂ ਸਿਵਾਏ ਹੋਰ ਕੋਈ ਉਦੇਸ਼ ਨਹੀਂ ਹੈ ਕਿ ਇਹ ਪੂਰੇ ਭਾਰਤ ਵਿਚ ਐੱਨ.ਆਰ.ਸੀ. ਦੇ ਕੰਮ ਨੂੰ ਅੱਗੇ ਵਧਾਏ।

ਆਓ ਹੁਣ ਸਰਕਾਰ ਦੇ ਸਵਾਲਾਂ-ਜਵਾਬਾਂ ਨੂੰ ਦੇਖੀਏ।

**ਸਵਾਲ ਨੰ. 1:** ਕੀ ਐੱਨ.ਆਰ.ਸੀ., ਸੀ.ਏ.ਏ. ਦਾ ਹੀ ਇਕ ਅੰਗ ਹੈ?

**ਸਰਕਾਰ ਦਾ ਜਵਾਬ:** ਨਹੀਂ, ਸੀ.ਏ.ਏ. ਇਕ ਵੱਖਰਾ ਕਾਨੂੰਨ ਹੈ ਅਤੇ ਐੱਨ. ਆਰ. ਸੀ ਇਕ ਵੱਖਰੀ ਪ੍ਰਕਿਰਿਆ ਹੈ। ਸੀ.ਏ.ਏ.ਸੰਸਦ ਵਿਚ ਪਾਸ ਹੋਣ ਤੋਂ ਬਾਦ ਪੂਰੇ ਮੁਲਕ ਵਿਚ ਲਾਗੂ ਹੋਇਆ ਹੈ, ਜਦਕਿ ਮੁਲਕ ਦੇ ਪੈਮਾਨੇ 'ਤੇ ਐੱਨ. ਆਰ. ਸੀ.ਦੇ ਨਿਯਮ ਅਤੇ ਪ੍ਰਕਿਰਿਆਵਾਂ ਅਜੇ ਤੈਅ ਨਹੀਂ ਹੋਈਆਂ ਹਨ। ਅਸਾਮ ਵਿਚ ਚੱਲਣ ਵਾਲੀ ਐੱਨ.ਆਰ.ਸੀ. ਪ੍ਰਕਿਰਿਆ ਨੂੰ ਮਾਣਯੋਗ ਸੁਪਰੀਮ ਕੋਰਟ ਵੱਲੋਂ ਲਾਗੂ ਕਰਵਾਇਆ ਜਾ ਰਿਹਾ ਹੈ ਅਤੇ ਇਹ ਅਸਾਮ ਸਮਝੌਤੇ ਦੇ ਆਦੇਸ਼ ਤਹਿਤ ਹੈ।

**ਮੇਰੀ ਟਿੱਪਣੀ:** ਇਹ ਸਿਰਫ਼ ਅੰਸ਼ਕ ਸਚਾਈ ਹੈ। ਨਾਗਰਿਕਤਾ ਸੋਧ ਐਕਟ 2019 (ਸੀ.ਏ.ਏ.) ਨਾਗਰਿਕਤਾ ਐਕਟ ਵਿਚ ਕੀਤੀ ਗਈ ਸੋਧ ਹੈ। ਐੱਨ.ਆਰ.ਸੀ. ਪ੍ਰਕਿਰਿਆ 'ਨਾਗਰਿਕਾਂ ਦੀ ਨਾਗਰਿਕਤਾ ਰਜਿਸਟ੍ਰੇਸ਼ਨ ਅਤੇ ਰਾਸ਼ਟਰੀ ਸ਼ਨਾਖ਼ਤੀ ਕਾਰਡ ਜਾਰੀ ਕਰਨ ਸੰਬੰਧੀ ਨਿਯਮ 2003' ਦੇ ਅਧੀਨ ਆਉਂਦੀ ਹੈ। ਐੱਨ. ਆਰ. ਸੀ. ਨਿਯਮ ਪਹਿਲਾਂ ਹੀ 2003 ਵਿਚ ਨੋਟੀਫ਼ਾਈ ਕੀਤੇ ਜਾ ਚੁੱਕੇ ਹਨ। ਇਹ ਨਿਯਮ ਨਾਗਰਿਕਤਾ ਐਕਟ ਦੇ ਤਹਿਤ ਹਨ। ਸੀ.ਏ.ਏ.ਅਤੇ ਐੱਨ. ਆਰ. ਸੀ.ਦੇ ਤਹਿਤ ਲਾਜ਼ਮੀ ਦਸਤਾਵੇਜ਼ਾਂ ਨੂੰ ਅਜੇ ਨੋਟੀਫ਼ਾਈ ਕੀਤਾ ਜਾਣਾ ਹੈ। ਸੀ.ਏ.ਏ. ਦੇ ਤਹਿਤ ਹਿੰਦੂ, ਈਸਾਈ, ਬੋਧੀ, ਪਾਰਸੀ, ਜੈਨੀ, ਸਿੱਖ ਫ਼ਿਰਕਿਆਂ ਦੇ ਵਿਅਕਤੀ ਦੇ ਲਈ ਇਹ ਦਿਖਾਉਣਾ ਲਾਜ਼ਮੀ ਹੈ ਕਿ ਉਹ 31 ਦਸੰਬਰ 2014 ਤੋਂ ਪਹਿਲਾਂ ਪਾਕਿਸਤਾਨ, ਬੰਗਲਾਦੇਸ਼ ਜਾਂ ਅਫ਼ਗਾਨਿਸਤਾਨ ਤੋਂ ਭਾਰਤ ਵਿਚ ਆਇਆ ਹੈ। ਹਾਲਾਂਕਿ ਇਹ ਤੈਅ ਨਹੀਂ ਕੀਤਾ ਗਿਆ ਹੈ ਕਿ ਇਸ ਨੂੰ ਸਾਬਤ ਕਰਨ ਲਈ ਕੀ ਸਬੂਤ ਲਾਜ਼ਮੀ ਹਨ। ਇਸੇ ਤਰ੍ਹਾਂ ਐੱਨ.ਆਰ.ਸੀ. ਦੇ ਤਹਿਤ ਨਾਗਰਿਕਤਾ ਸਾਬਤ ਕਰਨ ਲਈ ਲਾਜ਼ਮੀ ਦਸਤਾਵੇਜ਼ ਕਿਸ ਤਰ੍ਹਾਂ ਦੇ ਹੋਣਗੇ ਇਹ ਵੀ ਅਜੇ ਦੱਸਿਆ ਨਹੀਂ ਗਿਆ ਹੈ। ਐੱਨ. ਆਰ. ਸੀ. ਤੋਂ ਬਿਨਾਂ ਵੀ ਸੀ.ਏ.ਏ.ਬਣਿਆ ਰਹਿ ਸਕਦਾ ਹੈ, ਇਸ ਮਾਇਨੇ 'ਚ ਕਿ ਜੋ ਪ੍ਰਵਾਸੀ ਸੀ.ਏ.ਏ. ਦੇ ਤਹਿਤ ਸੁਰੱਖਿਅਤ ਹਨ ਉਹ ਕਿਸੇ ਐੱਨ.ਆਰ.ਸੀ. ਪ੍ਰਕਿਰਿਆ ਦੇ ਤਹਿਤ ਆਏ ਬਗ਼ੈਰ ਨਾਗਰਿਕਤਾ ਦੀ ਮੰਗ ਕਰ ਸਕਦੇ ਹਨ, ਲੇਕਿਨ ਹੁਣ ਸੀ.ਏ.ਏ. ਦੇ ਬਿਨਾਂ ਐੱਨ.ਆਰ.ਸੀ. ਨਹੀਂ ਹੋ ਸਕਦਾ। ਇਹ ਇਸ ਲਈ, ਕਿਉਂਕਿ ਸੀ.ਏ.ਏ. ਕਾਨੂੰਨ ਬਣ ਚੁੱਕਾ ਹੈ (ਜਦ ਤੱਕ ਕਿ ਸੁਪਰੀਮ ਕੋਰਟ ਇਸ ਨੂੰ ਰੱਦ ਨਹੀਂ ਕਰ ਦਿੰਦੀ) ਅਤੇ ਐੱਨ.ਆਰ.ਸੀ.ਦੇ ਤਹਿਤ ਨਾਗਰਿਕਤਾ ਨਿਸ਼ਚਿਤ ਕਰਦੇ ਵਕਤ ਇਹ ਤੈਅ ਕਰਨ ਲਈ ਕਿ ਕੋਈ ਵਿਅਕਤੀ ਨਾਗਰਿਕ ਹੈ ਜਾਂ ਨਹੀਂ, ਸੀ.ਏ.ਏ. ਨੂੰ ਧਿਆਨ ਵਿਚ ਰੱਖਣਾ ਹੋਵੇਗਾ।

**ਸਵਾਲ ਨੰ.2:** ਕੀ ਭਾਰਤੀ ਮੁਸਲਮਾਨਾਂ ਨੂੰ ਸੀ.ਏ.ਏ.ਅਤੇ ਐੱਨ. ਆਰ. ਸੀ. ਨੂੰ ਲੈ ਕੇ ਚਿੰਤਾ ਕਰਨ ਦੀ ਲੋੜ ਨਹੀਂ ਹੈ?

**ਜਵਾਬ:** ਸੀ.ਏ.ਏ. ਜਾਂ ਐੱਨ.ਆਰ.ਸੀ. ਦੇ ਬਾਰੇ ਕਿਸੇ ਵੀ ਧਰਮ ਦੇ ਭਾਰਤੀ ਨਾਗਰਿਕ ਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ।

**ਮੇਰੀ ਟਿੱਪਣੀ:** ਇਹ ਪੂਰੀ ਤਰ੍ਹਾਂ ਗੁੰਮਰਾਹਕੁਨ ਹੈ। ਦਰਅਸਲ, ਐੱਨ. ਆਰ. ਸੀ. ਦੀ ਪ੍ਰਕਿਰਿਆ ਹੀ ਇਹ ਤੈਅ ਕਰੇਗੀ ਕਿ ਤੁਸੀਂ ਭਾਰਤੀ ਨਾਗਰਿਕ ਹੋ ਜਾਂ ਨਹੀਂ। ਇਸ ਲਈ ਜੇ ਤੁਹਾਨੂੰ ਇਹ ਲੱਗਦਾ ਵੀ ਹੈ ਕਿ ਤੁਸੀਂ ਇਕ ਭਾਰਤੀ ਨਾਗਰਿਕ ਹੋ, ਜਿਸ ਦੇ ਕੋਲ ਪਾਸਪੋਰਟ, ਵੋਟਰ ਕਾਰਡ, ਰਾਸ਼ਨ ਕਾਰਡ, ਆਧਾਰ ਕਾਰਡ, ਪੈਨ ਕਾਰਡ ਆਦਿ ਹੈ ਤਾਂ ਵੀ ਐੱਨ.ਆਰ.ਸੀ. ਦੀ ਪ੍ਰਕਿਰਿਆ ਵਿਚ ਤੁਸੀਂ ਬਾਹਰ ਰੱਖੇ ਜਾ ਸਕਦੇ ਹੋ। ਇਹ ਸਾਰੇ ਧਰਮਾਂ ਦੇ ਲਈ ਸੱਚ ਹੋਵੇਗਾ। ਇਕ ਵਾਰ ਜਦ ਤੁਹਾਨੂੰ ਨਾਗਰਿਕ ਐਲਾਨ ਦਿੱਤਾ ਜਾਂਦਾ ਹੈ ਉਸ ਹਾਲਤ ਵਿਚ ਹੀ ਇਹ ਕਿਹਾ ਜਾ ਸਕਦਾ ਹੈ ਕਿ ਤੁਹਾਨੂੰ ਚਿੰਤਾ ਕਰਨ ਦੀ ਲੋੜ ਨਹੀਂ ਹੈ, ਲੇਕਿਨ ਇਹ ਕਿਸੇ ਨੂੰ ਵੀ ਪਤਾ ਨਹੀਂ ਹੁੰਦਾ ਕਿ ਐੱਨ.ਆਰ.ਸੀ. ਦੇ ਤਹਿਤ ਉਸ ਨੂੰ ਨਾਗਰਿਕ ਐਲਾਨਿਆ ਵੀ ਜਾਵੇਗਾ ਜਾਂ ਨਹੀਂ। ਵੱਖ-ਵੱਖ ਦਸਤਾਵੇਜ਼ਾਂ ਵਿਚ ਨਾਂਅ ਦਾ (ਚਾਹੇ ਉਹ ਖ਼ੁਦ ਦਾ ਨਾਂਅ ਹੋਵੇ ਜਾਂ ਤੁਹਾਡੇ ਮਾਂ-ਪਿਓ ਦਾ) ਇਕ ਮਾਮੂਲੀ ਜਿਹਾ ਫ਼ਰਕ ਆਉਣ 'ਤੇ ਹੀ ਲੋਕ ਅਸਾਮ ਦੇ ਐੱਨ.ਆਰ.ਸੀ. ਤੋਂ ਬਾਹਰ ਕਰ ਦਿੱਤੇ ਗਏ ਅਤੇ ਹੁਣ ਉਹ ਕਿਸੇ ਵੀ ਰਾਜ ਦੇ ਨਾਗਰਿਕ ਨਹੀਂ ਰਹੇ।

**ਸਵਾਲ ਨੰ. 3:** ਕੀ ਐੱਨ.ਆਰ.ਸੀ. ਕਿਸੇ ਖ਼ਾਸ ਧਰਮ ਦੇ ਲੋਕਾਂ ਦੇ ਲਈ ਹੋਵੇਗਾ?

**ਜਵਾਬ:** ਨਹੀਂ। ਐੱਨ.ਆਰ.ਸੀ. ਦਾ

# ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ ਦਲਿਤ, ਆਦਿਵਾਸੀ, ਹੋਰ ਹਾਸ਼ੀਆਗਤ ਅਤੇ ਗ਼ਰੀਬ ਲੋਕ

## *(ਸਿਟੀਜ਼ਨ ਫਾਰ ਜਸਟਿਸ ਐਂਡ ਪੀਸ ਦੀ ਲਿਖਤ ਦੇ ਮੁੱਖ ਅੰਸ਼)*

ਪਹਿਲੀ ਅਪ੍ਰੈਲ 2020 ਤੋਂ ਲੈ ਕੇ 30 ਸਤੰਬਰ 2020 ਤੱਕ ਜੋ ਵਸੋਂ ਦੇ ਅੰਕੜੇ ਇਕੱਠੇ ਕੀਤੇ ਜਾਣਗੇ ਉਹਨਾਂ ਨੂੰ ਐੱਨ. ਆਰ. ਸੀ. ਵਿਚ ਬਦਲ ਦਿੱਤਾ ਜਾਵੇਗਾ। ਅਸਾਮ ਵਿਚ ਐੱਨ.ਸੀ.ਆਰ. ਤਹਿਤ 19 ਲੱਖ ਲੋਕਾਂ ਦੀ ਨਾਗਰਿਕਤਾ ਖੋਹ ਲਈ ਗਈ, ਉਸੇ ਨੂੰ ਹੁਣ ਪੂਰੇ ਭਾਰਤ ਵਿਚ ਦੁਹਰਾਇਆ ਜਾਵੇਗਾ। ਟਰੇਡ ਯੂਨੀਅਨਾਂ ਅਤੇ ਕਾਰਕੁਨਾਂ ਨੂੰ ਪਤਾ ਹੈ ਕਿ ਸਭ ਤੋਂ ਵੱਧ ਨੁਕਸਾਨ ਗ਼ੈਰਜਥੇਬੰਦ ਖੇਤਰ ਦੇ ਮਜ਼ਦੂਰਾਂ, ਆਦਿਵਾਸੀਆਂ-ਵਣ ਵਾਸੀਆਂ, ਐੱਸ. ਟੀ./ਐੱਸ.ਟੀ., ਓ. ਬੀ. ਸੀ. ਅਤੇ ਮੁਸਲਮਾਨਾਂ ਦਾ ਹੋਵੇਗਾ। ਇਸ ਪਿੱਛੇ ਲੁਕੀ ਪਾਟਕ ਪਾਊ ਨੀਤੀ ਅਤੇ ਗ਼ਰੀਬ ਵਿਰੋਧੀ ਚਾਲ ਦੇ ਖ਼ਤਰੇ ਨੂੰ ਭਾਰਤੀਆਂ ਨੇ ਸਮਝ ਲਿਆ ਹੈ ਇਸੇ ਕਰਕੇ ਇਸ ਦਾ ਐਨਾ ਵਿਰੋਧ ਹੋ ਰਿਹਾ ਹੈ।

**ਸਭ ਤੋਂ ਵੱਧ ਕਿਸ ਨੂੰ ਸਤਾਏ ਜਾਣ ਦੀ ਸੰਭਾਵਨਾ ਹੈ?**

ਭਾਰਤ ਦੀ ਵਿਸ਼ਾਲ ਆਬਾਦੀ (40 ਫ਼ੀ ਸਦੀ ਤੋਂ ਜ਼ਿਆਦਾ) ਗ਼ਰੀਬੀ ਦੇ ਕਾਰਨ ਹਾਸ਼ੀਏ ਉੱਪਰ ਹੈ। ਇਹਨਾਂ ਵਿਚ ਅੱਠ ਕਰੋੜ ਆਦਿਵਾਸੀ ਅਤੇ ਵਣ ਵਾਸੀ ਹਨ। ਮੋਟੇ ਤੌਰ 'ਤੇ 27-28ਫ਼ੀ ਸਦੀ ਦਲਿਤ, ਛੋਟੇ, ਸੀਮਾਂਤ ਕਿਸਾਨ, ਪ੍ਰਵਾਸੀ ਕਿਰਤੀ ਅਤੇ ਖ਼ਾਸ ਕਰਕੇ ਗ਼ੈਰਜਥੇਬੰਦ ਖੇਤਰ ਦੇ ਕਿਰਤੀ ਅਤੇ ਨਿਸ਼ਚੇ ਹੀ ਮੁਸਲਮਾਨ ਹਨ। ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਹੋਰ ਪਿਛੜੇ ਵਰਗਾਂ ਨੂੰ ਇਤਿਹਾਸਕ ਤੌਰ 'ਤੇ ਸਿੱਖਿਆ ਅਤੇ ਜਾਇਦਾਦ ਦੀ ਮਾਲਕੀ ਤੋਂ ਦੂਰ ਰੱਖਿਆ ਗਿਆ ਹੈ। ਜਦ ਇਹ ਕਵਾਇਦ ਸ਼ੁਰੂ ਹੋਵੇਗੀ ਤਾਂ ਇਹ ਸਾਰੇ ਪ੍ਰਭਾਵਿਤ ਹੋਣਗੇ।

ਭਾਰਤ ਵਿਚ 40 ਕਰੋੜ ਲੋਕ ਗ਼ੈਰਜਥੇਬੰਦ ਖੇਤਰ ਵਿਚ ਕੰਮ ਕਰਦੇ ਹਨ ਜੋ ਕੰਮ-ਸ਼ਕਤੀ ਦਾ 90ਫ਼ੀ ਸਦੀ ਹਨ। ਇਹਨਾਂ ਵਿੱਚੋਂ 3.9 ਕਰੋੜ ਮੁਸਲਮਾਨ ਹਨ, 3.65 ਕਰੋੜ ਮਰਦ ਅਤੇ ਬਾਕੀ 30 ਲੱਖ ਔਰਤਾਂ। ਕਈ ਘਰਾਂ ਵਿਚ ਸਿਰਫ਼ ਇਕ ਹੀ ਕਮਾਊ ਜੀਅ ਹੁੰਦਾ ਹੈ, ਜੋ ਜ਼ਿਆਦਾਤਰ ਮਰਦ ਹੁੰਦਾ ਹੈ। ਨਾਗਰਿਕਤਾ ਸਾਬਤ ਕਰਨ ਲਈ ਕਾਗਜ਼ ਇਕੱਠੇ ਕਰਨ ਦੇ ਚੱਕਰ ਵਿਚ ਕੰਮ ਛੱਡਣ ਲਈ ਮਜਬੂਰ ਹੋਣ 'ਤੇ ਉਸ ਪਰਿਵਾਰ ਦਾ ਵਿੱਤੀ ਨੁਕਸਾਨ ਹੋਣ ਨਾਲ ਉਹ ਪਰਿਵਾਰ ਹੋਰ ਵੀ ਗ਼ਰੀਬ ਹੋ ਜਾਵੇਗਾ।

1. **ਕਿੱਤੇ ਦੀਆਂ ਸ਼ਰਤਾਂ ਤਹਿਤ:** ਛੋਟੇ ਅਤੇ ਸੀਮਾਂਤ ਕਿਸਾਨ, ਬੇਜ਼ਮੀਨੇ ਖੇਤ ਮਜ਼ਦੂਰ, ਬਟਾਈਦਾਰ, ਮਛੇਰੇ, ਇਸੇ ਤਰ੍ਹਾਂ ਪਸ਼ੂ ਪਾਲਣ, ਬੀੜੀ ਕਾਰੋਬਾਰ, ਲੇਬਲਿੰਗ ਅਤੇ ਪੈਕਿੰਗ, ਇਮਾਰਤਾਂ ਅਤੇ ਹੋਰ ਉਸਾਰੀ ਦੇ ਕੰਮ 'ਚ ਲੱਗੇ ਕਿਰਤੀ, ਚਮੜੇ ਦਾ ਕੰਮ ਕਰਨ ਵਾਲੇ, ਬੁਣਕਰ, ਦਸਤਕਾਰ, ਭੱਠਿਆਂ ਅਤੇ ਖਣਨ ਉਦਯੋਗ ਵਿਚ ਲੱਗੇ ਕਿਰਤੀ, ਆਰਾ ਮਿੱਲਾਂ, ਤੇਲ ਮਿੱਲਾਂ ਵਗੈਰਾ ਦੇ ਕਿਰਤੀ ਇਸ ਸ਼੍ਰੇਣੀ ਵਿਚ ਆਉਂਦੇ ਹਨ।
2. **ਰੋਜ਼ਗਾਰ ਦੀ ਕਿਸਮ ਅਤੇ ਉਸ ਦੀਆਂ ਸ਼ਰਤਾਂ ਤਹਿਤ:** ਖੇਤੀ ਨਾਲ ਜੁੜੇ ਮਜ਼ਦੂਰ, ਬੰਧੂਆ ਮਜ਼ਦੂਰ, ਪ੍ਰਵਾਸੀ ਕਿਰਤੀ, ਠੇਕੇ 'ਤੇ ਕੰਮ ਕਰਨ ਵਾਲੇ ਅਤੇ ਕੱਚੇ ਕਾਮੇ ਇਸ ਸ਼੍ਰੇਣੀ ਵਿਚ ਆਉਂਦੇ ਹਨ।
3. **ਵਿਸ਼ੇਸ਼ ਤੌਰ 'ਤੇ ਦੁਖਿਆਰੀ ਸ਼੍ਰੇਣੀ ਦੇ ਕਿਰਤੀ:** ਤਾੜੀ ਕੱਢਣ ਵਾਲੇ, ਸਫ਼ਾਈ ਕਰਨ ਵਾਲੇ, ਕੂੜਾ ਚੁੱਕਣ ਵਾਲੇ, ਗੱਡੇ ਵਾਹੁਣ ਵਾਲੇ, ਮਾਲ ਲੱਦਣ ਤੇ ਲਾਹੁਣ ਵਾਲੇ।
4. ਜਣੇਪਾ ਕਰਾਉਣ ਵਾਲੀਆਂ ਦਾਈਆਂ, ਘਰੇਲੂ ਨੌਕਰ, ਮਛੇਰੇ, ਹਜਾਮ, ਰੇੜ੍ਹੀ-ਫੜ੍ਹੀ ਲਾਉਣ ਵਾਲੇ, ਅਖ਼ਬਾਰਾਂ ਵੰਡਣ ਵਾਲੇ ਆਦਿ ਜੋ ਕੰਮ ਦੀਆਂ ਸ਼ਰਤਾਂ ਤਹਿਤ ਕੰਮ ਕਰਨ ਵਾਲੇ ਕਿਰਤੀ ਹਨ।

ਇਹ ਜ਼ਿਆਦਾਤਰ ਐੱਸ.ਸੀ./ਐੱਸ. ਟੀ., ਓ.ਬੀ.ਸੀ. ਅਤੇ ਧਾਰਮਿਕ ਘੱਟ ਗਿਣਤੀਆਂ ਦੇ ਲੋਕਾਂ ਕੋਲ ਪੱਕੇ ਰਿਹਾਇਸ਼ੀ ਪਤੇ, ਜਨਮ ਜਾਂ ਸਕੂਲ ਦੇ ਸਰਟੀਫ਼ੀਕੇਟ ਨਹੀਂ ਹੁੰਦੇ। ਉਹਨਾਂ ਦੇ ਲਈ ਵੋਟਰ ਕਾਰਡ ਅਤੇ ਆਧਾਰ ਸ਼ਨਾਖ਼ਤੀ ਕਾਰਡ ਬਣਾਉਣ ਲਈ ਅਪਲਾਈ ਕਰਨਾ ਵੀ ਬਿਪਤਾ ਹੁੰਦਾ ਹੈ। (2018 'ਚ ਇਲੈਕ੍ਰਾਨਿਕਸ ਅਤੇ ਆਈ.ਟੀ. ਰਾਜ ਮੰਤਰੀ ਨੇ ਸੰਸਦ ਨੂੰ ਦੱਸਿਆ ਸੀ ਕਿ ਕੁਲ ਆਬਾਦੀ ਦੇ 89ਫ਼ੀ ਸਦੀ ਦਾ ਆਧਾਰ ਕਾਰਡ ਬਣਾਇਆ ਗਿਆ ਹੈ। 2019 'ਚ ਭਾਰਤ ਵਿਚ 90 ਕਰੋੜ ਯੋਗ ਵੋਟਰ ਸਨ ਜਿਹਨਾਂ ਵਿੱਚੋਂ 95.64ਫ਼ੀ ਸਦੀ ਕੋਲ ਫ਼ੋਟੋ ਸ਼ਨਾਖ਼ਤੀ ਕਾਰਡ ਸਨ। ਸਰਕਾਰ ਹੁਣ ਤੱਕ ਸਪਸ਼ਟ ਨਹੀਂ ਕਰ ਰਹੀ ਕਿ ਬਾਈਮੀਟਰਿਕ ਸ਼ਨਾਖ਼ਤ ਜਾਂ ਵੋਟਰ ਕਾਰਡ ਨੂੰ ਸਬੂਤ ਮੰਨਿਆ ਜਾਵੇਗਾ ਜਾਂ ਨਹੀਂ।)

**ਕਿਉਂ?**

**ਇਸ ਨੂੰ ਸਮਝਣ ਲਈ ਇਹ ਮਿਸਾਲਾਂ ਦੇਖੋ:**

1. ਬੰਗਲੁਰੂ ਦੇ ਕੱਪੜਾ ਉਦਯੋਗ ਵਿਚ ਗ਼ੈਰਰਸਮੀਂ ਔਰਤ ਕਿਰਤੀਆਂ ਨੂੰ ਅਜੇ ਵੀ ਆਧਾਰ ਦੇ ਲਈ ਨਾਮਾਂਕਣ ਕਰਨਾ ਮੁਸ਼ਕਲ ਲੱਗ ਰਿਹਾ ਹੈ ਕਿਉਂਕਿ ਰਿਹਾਇਸ਼ੀ ਪਤੇ ਦੇ ਸਬੂਤ ਲਈ ਕਈ ਦਸਤਾਵੇਜ਼ ਚਾਹੀਦੇ ਹਨ। ਪ੍ਰਵਾਸੀਆਂ ਦੇ ਘਰ ਹੋਰ ਰਾਜਾਂ ਵਿਚ ਹੋਣ ਕਾਰਨ ਸਬੂਤ ਪੇਸ਼ ਕਰਨੇ ਮੁਸ਼ਕਲ ਹੁੰਦੇ ਹਨ।
2. ਬੰਗਲੁਰੂ ਵਿਚ ਏ. ਪੀ. ਐੱਮ. ਸੀ. ਮਾਰਕੀਟ ਵਿਚ 3000 ਤੋਂ ਵਧੇਰੇ ਹੈੱਡ ਲੋਡਰਾਂ ਕੋਲ ਕੋਈ ਦਸਤਾਵੇਜ਼ ਨਹੀਂ ਹੈ। ਵੋਟਰ ਕਾਰਡ ਵੀ ਨਹੀਂ ਹੈ।
3. ਗਰੇਟਰ ਮੁੰਬਈ ਨਗਰ ਨਿਗਮ ਵਿਚ 2700 ਠੇਕੇ 'ਤੇ ਕੰਮ ਕਰਦੇ 2700 ਸਫ਼ਾਈ ਕਾਮਿਆਂ ਨੂੰ 12 ਸਾਲ ਦੇ ਸੰਘਰਸ਼ ਤੋਂ ਬਾਦ ਪੱਕੇ ਕੀਤਾ ਗਿਆ। ਸੁਪਰੀਮ ਕੋਰਟ ਨੇ 7/04/2017 ਨੂੰ ਹਾਈਕੋਰਟ ਦੇ ਆਦੇਸ਼ ਦੀ ਪੁਸ਼ਟੀ ਕਰਕੇ ਉਹਨਾਂ ਦੇ ਪੱਖ ਵਿਚ ਫ਼ੈਸਲਾ ਦਿੱਤਾ। ਲੇਕਿਨ ਨਗਰ ਨਿਗਮ ਨੇ 2370 ਦਾਅਵੇ ਸ਼ਬਦ-ਜੋੜਾਂ ਦੀ ਗ਼ਲਤੀ ਦੇ ਅਧਾਰ 'ਤੇ ਰੱਦ ਕਰ ਦਿੱਤੇ (ਕੁਛ ਇਸੇ ਤਰ੍ਹਾਂ ਦਾ ਅਸਾਮ ਵਿਚ ਗ਼ਰੀਬਾਂ ਅਤੇ ਹਾਸ਼ੀਆਗਤ ਹਿੱਸਿਆਂ ਨਾਲ ਕੀਤਾ ਗਿਆ ਹੈ!) ਜਿਵੇਂ ਦੀਪਕ ਜਾਂ ਦਿਪਕ, ਵਸੰਤ ਜਾਂ ਬਸੰਤ, ਹਰੀਜਨ ਜਾਂ ਅਰਜੁਨ। ਨਾਵਾਂ ਦੀਆਂ ਗ਼ਲਤੀਆਂ ਦੀ ਦਰੁਸਤੀ ਕਰਾਉਣ ਲਈ ਕਚਰਾ ਵਹਾਤੁਕ ਸ਼ਰਮਿਕ ਸੰਘ ਨੂੰ ਢਾਈ ਸਾਲ ਲੱਗ ਗਏ। (ਪੰਜਾਬ ਦੇ ਲੁਧਿਆਣਾ ਅਤੇ ਹੋਰ ਸ਼ਹਿਰਾਂ ਅਤੇ ਪਿੰਡਾਂ ਵਿਚ ਕੰਮ ਕਰਦੇ ਪ੍ਰਵਾਸੀ ਕਿਰਤੀਆਂ ਨੂੰ ਵੀ ਇਸੇ ਸਮੱਸਿਆ ਦਾ ਸਾਹਮਣਾ ਕਰਨਾ ਪਵੇਗਾ।)

**ਅਸਾਮ ਦੇ ਤਜ਼ਰਬੇ ਦੇ ਮੱਦੇਨਜ਼ਰ:** ਅਸਾਮ ਵਿਚ 14 ਦਸਤਾਵੇਜ਼ਾਂ (ਅਤੇ ਦੋ ਹੋਰ "ਕਮਜ਼ੋਰ" ਦਸਤਾਵੇਜ਼ਾਂ) ਤੋਂ ਇਲਾਵਾ ਅਰਜ਼ੀ ਦੇਣ ਵਾਲਿਆਂ ਕੋਲ ਸ਼ਰਣਾਰਥੀ ਰਜਿਸਟ੍ਰੇਸ਼ਨ ਸਰਟੀਫ਼ਿਕੇਟ, ਜਨਮ ਸਰਟੀਫ਼ਿਕੇਟ, ਐੱਲ.ਆਈ.ਸੀ. ਪਾਲਿਸੀ, ਜ਼ਮੀਨ ਅਤੇ ਕਿਰਾਏਦਾਰੀ ਦੇ ਰਿਕਾਰਡ, ਨਾਗਰਿਕਤਾ ਸਰਟੀਫ਼ੀਕੇਟ, ਪਾਸਪੋਰਟ, ਸਰਕਾਰ ਵੱਲੋਂ ਜਾਰੀ ਕੀਤੇ ਲਾਇਸੰਸ ਜਾਂ ਸਰਟੀਫ਼ੀਕੇਟ ਦੇ ਨਾਲ ਬੈਂਕ/ਡਾਕਖ਼ਾਨੇ ਦੇ ਖ਼ਾਤੇ, ਪੱਕੀ ਰਿਹਾਇਸ਼ ਦੇ ਸਰਟੀਫ਼ੀਕੇਟ, ਸਰਕਾਰੀ ਰੋਜ਼ਗਾਰ ਦੇ ਸਰਟੀਫ਼ੀਕੇਟ, ਸਿੱਖਿਆ ਸਰਟੀਫ਼ਿਕੇਟ ਅਤੇ ਅਦਾਲਤੀ ਰਿਕਾਰਡ ਵਗੈਰਾ ਦਸਤਾਵੇਜ਼ ਪੇਸ਼ ਕਰਨ ਦਾ ਬਦਲ ਵੀ ਸੀ। ਫਿਰ ਵੀ 19 ਲੱਖ ਲੋਕ ਨਾਗਰਿਕਤਾ ਤੋਂ ਵਾਂਝੇ ਹੋਣ ਨਾਲ "ਗ਼ੈਰਕਾਨੂੰਨੀ ਅਵਾਸੀ" ਕਰਾਰ ਦੇ ਦਿੱਤੇ ਗਏ।

**ਸਭ ਤੋਂ ਵਧੇਰੇ ਮਾਰ ਔਰਤਾਂ ਉੱਪਰ:** ਅਸਾਮ ਵਿਚ ਐੱਨ.ਆਰ.ਸੀ. ਪ੍ਰਕਿਰਿਆ ਵਿੱਚੋਂ ਦਸਤਾਵੇਜ਼ ਨਾ ਹੋਣ ਕਾਰਨ ਬਾਹਰ ਰੱਖੇ ਗਏ ਲੋਕਾਂ ਦਾ 69ਫ਼ੀ ਸਦੀ ਔਰਤਾਂ ਸਨ। ਮੁੱਖ ਤੌਰ 'ਤੇ ਗ਼ਰੀਬ ਪਰਿਵਾਰਾਂ ਦੀਆਂ ਔਰਤਾਂ। 1985 ਤੱਕ ਅਸਾਮ ਵਿਚ ਜਨਮ ਅਤੇ ਮੌਤ ਦੀ ਰਜਿਸਟ੍ਰੇਸ਼ਨ ਲਾਜ਼ਮੀ ਨਹੀਂ ਸੀ। ਐੱਨ.ਆਰ.ਸੀ. ਪ੍ਰਕਿਰਿਆ ਵਿਚ ਇਸ ਦਾ ਨੋਟਿਸ ਹੀ ਨਹੀਂ ਲਿਆ ਗਿਆ। 18 ਸਾਲ ਦੀਆਂ ਹੋਣ ਤੋਂ ਪਹਿਲਾਂ ਹੀ ਕਈ ਔਰਤਾਂ ਦਾ ਵਿਆਹ ਹੋ ਚੁੱਕਾ ਸੀ, ਇਸ ਕਰਕੇ ਉਹਨਾਂ ਦਾ ਨਾਂਅ ਉਹਨਾਂ ਦੇ ਮਾਂ-ਪਿਓ ਦੇ ਨਾਲ ਵੋਟਰ ਸੂਚੀ ਵਿਚ ਨਹੀਂ ਹੋਵੇਗਾ। ਐੱਨ.ਆਰ.ਸੀ. ਪ੍ਰਕਿਰਿਆ ਬਾਰੇ ਜਾਣਕਾਰੀ ਨਾ ਹੋਣਾ, ਪਿਤਰਸੱਤਾ ਕਾਰਨ ਮਰਦਾਂ ਉੱਪਰ ਵਿਤੀ ਨਿਰਭਰਤਾ ਅਤੇ ਹੋਰ ਫ਼ੈਸਲੇ ਲੈਣ ਵਿਚ ਨਿਰਭਰਤਾ ਕਾਰਨ ਛੇਤੀ ਵਿਆਹੀਆਂ ਜਾਣ ਅਤੇ ਕੁੜੀਆਂ ਦੀ ਪੜ੍ਹਾਈ ਨੂੰ ਅੱਖੋਂ ਪਰੋਖੇ ਕੀਤੇ ਜਾਣ ਦੇ ਦਸਤੂਰ ਨੇ ਉਹਨਾਂ ਦਾ ਯੋਗ ਸ਼ਨਾਖ਼ਤੀ ਦਸਤਾਵੇਜ਼ ਬਣਾਉਣ ਦਾ ਹੱਕ ਹੀ ਖੋਹ ਲਿਆ ਸੀ। ਪੇਂਡੂ ਇਲਾਕਿਆਂ ਜਾਂ ਰੂੜ੍ਹੀਵਾਦੀ ਪਰਿਵਾਰਾਂ ਵਿਚ ਜ਼ਿਆਦਾਤਰ ਔਰਤਾਂ ਸ਼ਨਾਖ਼ਤੀ ਕਾਰਡ ਲਈ ਰਜਿਸਟ੍ਰੇਸ਼ਨ ਨਹੀਂ ਕਰਵਾਉਂਦੀਆਂ। ਵਿਦਿਅਕ ਡਿਗਰੀ ਅਤੇ ਜ਼ਮੀਨੀਂ ਦਸਤਾਵੇਜ਼ਾਂ ਤੋਂ ਬਿਨਾਂ ਔਰਤਾਂ ਕੋਲ ਸੁਤੰਤਰ ਸ਼ਨਾਖ਼ਤੀ ਦਸਤਾਵੇਜ਼ ਨਹੀਂ ਹੁੰਦੇ ਜਿਸ ਕਾਰਨ ਐੱਨ.ਆਰ.ਸੀ. ਪ੍ਰਕਿਰਿਆ ਦੀ ਮਾਰ ਉਹਨਾਂ ਉੱਪਰ ਖ਼ਾਸ ਤੌਰ 'ਤੇ ਪੈਂਦੀ ਹੈ।

ਹਾਸ਼ੀਆਗਤ ਵਰਗ, ਮੁਸਲਿਮ, ਐੱਸ. ਸੀ., ਐੱਸ.ਟੀ., ਵਣ ਵਾਸੀ : ਬੜੇ ਪੈਮਾਨੇ 'ਤੇ ਅਨਪੜ੍ਹਤਾ ਅਤੇ ਦਸਤਾਵੇਜ਼ਾਂ ਦੀ ਸੰਭਾਲ ਦੀ ਜਾਗਰੂਕਤਾ ਨਾ ਹੋਣ ਕਾਰਨ ਦਲਿਤ ਅਤੇ ਆਦਿਵਾਸੀ ਬਹੁਤ ਜ਼ਿਆਦਾ ਪ੍ਰਭਾਵਿਤ ਹੋਣਗੇ। ਅਸਾਮ ਐੱਨ. ਆਰ. ਸੀ. ਵਿਚ 1 ਲੱਖ ਤੋਂ ਉੱਪਰ ਐੱਸ.ਸੀ.-ਐੱਸ.ਟੀ., ਜੋ ਅਸਾਮ ਦੇ ਮੂਲ ਵਾਸੀ ਸਨ, 1971 ਵਿਚ ਆਪਣੀ ਵਿਰਾਸਤ ਸਾਬਤ ਕਰਨ ਤੋਂ ਅਸਮਰੱਥ ਹੋਣ ਕਾਰਨ ਸੂਚੀ 'ਚੋਂ ਬਾਹਰ ਹੋ ਗਏ ਸਨ। ਇਸ ਤੋਂ ਇਲਾਵਾ, ਆਦਿਵਾਸੀ, ਵਣ ਵਾਸੀ, ਬੇਜ਼ਮੀਨੇ ਛੋਟੇ ਕਿਸਾਨ, ਝੁੱਗੀ ਵਾਸੀ, 'ਸਰਕਾਰੀ' ਜ਼ਮੀਨ ਉੱਪਰ ਮੁੜ ਵਸੇਬਾ ਕੀਤੇ ਦੰਗਾ-ਪੀੜਤ। ਦਹਿ-ਲੱਖਾਂ ਐਸੇ ਭਾਰਤੀ ਹਨ ਜੋ ਜਿਸ ਜ਼ਮੀਨ ਉੱਪਰ ਰਹਿੰਦੇ ਹਨ ਉਹ ਕਾਨੂੰਨੀ ਹੱਕ ਜਾਂ ਦਸਤਾਵੇਜ਼ਾਂ ਮੁਤਾਬਿਕ ਉਹਨਾਂ ਦੀ ਨਹੀਂ ਹੈ, ਹਾਲਾਂਕਿ ਉਹ ਦਹਾਕਿਆਂ ਤੋਂ ਕਾਬਜ਼ ਹਨ। ਸਰਕਾਰ ਪਬਲਿਕ ਜ਼ਮੀਨ ਨੂੰ 'ਸਰਕਾਰੀ ਜ਼ਮੀਨ' ਦੱਸ ਕੇ ਆਪਣੇ ਮੁਕੰਮਲ ਕਬਜ਼ੇ ਲਈ ਇਸ ਉੱਪਰ ਕਾਬਜ਼ ਲੋਕਾਂ ਨੂੰ ਜਦ ਚਾਹੇ ਉਠਾ ਦਿੰਦੀ ਹੈ। ਇਸ ਨਾਲ ਪਿਛਲੇ ਸੱਤ ਦਹਾਕਿਆਂ ਵਿਚ ਲੋਕਾਂ ਨੂੰ ਉਜਾੜੇ, ਮਨੁੱਖੀ ਹੱਕਾਂ ਦੇ ਘਾਣ ਅਤੇ ਕੰਗਾਲੀ ਦਾ ਸਾਹਮਣਾ ਕਰਨਾ ਪਿਆ ਹੈ। ਅੱਜ ਵੀ ਵਣ ਵਾਸੀ ਅਤੇ ਆਦਿਵਾਸੀ ਜੰਗਲਾਤ ਦੀ ਜ਼ਮੀਨ, ਫਾਰੈਸਟ ਰਾਈਟਸ ਐਕਟ 2006 ਤਹਿਤ ਆਪਣੀਆਂ ਇਤਿਹਾਸਕ ਵਿਰਾਸਤਾਂ ਉੱਪਰ ਵਿਅਕਤੀਗਤ ਅਤੇ ਸਮੂਹਿਕ ਹੱਕ ਨੂੰ ਕਾਨੂੰਨੀ ਰੂਪ ਵਿਚ ਸਥਾਪਤ ਕਰਨ ਲਈ ਸੰਘਰਸ਼ ਕਰ ਰਹੇ ਹਨ। ਐੱਨ. ਪੀ. ਆਰ. ਅਤੇ ਐੱਨ.ਆਰ.ਸੀ. ਦੀ ਇਹਨਾਂ ਉੱਪਰ ਕਿੰਨੀ ਮਾਰ ਪਵੇਗੀ!

ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ ਗ਼ਰੀਬ

ਭਾਰਤੀ ਸਮਾਜ ਵਿਚ ਵੱਡੀ ਉੱਥਲ-ਪੁੱਥਲ ਹੋਣ ਦੇ ਨਾਲ-ਨਾਲ ਐੱਨ.ਸੀ.ਆਰ. ਗ਼ਰੀਬਾਂ ਨੂੰ ਸਭ ਤੋਂ ਵੱਧ ਉਜਾੜੇਗਾ। ਕਾਗਜ਼ ਇਕੱਠੇ ਕਰਨ ਅਤੇ ਅਧਿਕਾਰੀਆਂ ਦੀ ਲੁੱਟ ਦਾ ਸ਼ਿਕਾਰ ਇਹ ਲੋਕ ਹੀ ਹੋਣਗੇ। ਗੱਲ ਸਿਰਫ਼ ਧਾਰਮਿਕ ਘੱਟਗਿਣਤੀਆਂ, ਖ਼ਾਸ ਕਰਕੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾ ਕੇ ਹਿੰਦੂ ਰਾਸ਼ਟਰ ਬਣਾਉਣ ਤੱਕ ਸੀਮਤ ਨਹੀਂ ਹੈ। ਅਸਲ ਵਿਚ ਕਮਜ਼ੋਰ ਅਤੇ ਹਾਸ਼ੀਆਗਤ ਸ਼੍ਰੇਣੀਆਂ ਦੇ ਸਾਰੇ ਗ਼ਰੀਬ ਇਸ ਦੀ ਲਪੇਟ ਵਿਚ ਆਉਣਗੇ।

ਇਹ ਅੰਕੜੇ ਬਹੁਤ ਕੁਛ ਬਿਆਨ ਕਰਦੇ ਹਨ:

ਵੋਟਰ ਰਜਿਸਟ੍ਰੇਸ਼ਨ: ਭਾਰਤ ਵਿਚ ਵੋਟਰ ਰਜਿਸਟ੍ਰੇਸ਼ਨ 100 ਫ਼ੀਸਦੀ ਨਹੀਂ ਹੈ। ਜੋ ਮੁਲਕ ਵੋਟਰਾਂ ਦੀ ਰਜਿਸਟ੍ਰੇਸ਼ਨ ਵੀ ਨਹੀਂ ਕਰ ਸਕਿਆ ਕੀ ਉਸ ਤੋਂ ਨਿਰਪੱਖ ਨਾਗਰਿਕਤਾ ਪ੍ਰਕਿਰਿਆ ਦੀ ਉਮੀਦ ਕੀਤੀ ਜਾ ਸਕਦੀ ਹੈ?

ਜਨਮ ਰਜਿਸਟ੍ਰੇਸ਼ਨ: ਜਨਮ ਅਤੇ ਮੌਤ ਰਜਿਸਟ੍ਰੇਸ਼ਨ ਐਕਟ 1969 'ਚ ਕਾਨੂੰਨ ਬਣਿਆ ਜਿਸ ਤਹਿਤ ਜਨਮ ਦੀ ਰਜਿਸਟ੍ਰੇਸ਼ਨ ਲਾਜ਼ਮੀ ਹੋ ਗਈ। ਜਦਕਿ, ਯੂਨੀਸੈੱਫ ਅਨੁਸਾਰ ਮੁਲਕ ਵਿਚ ਜਨਮ ਦੀ ਰਜਿਸਟ੍ਰੇਸ਼ਨ 58ਫ਼ੀ ਸਦੀ ਅਤੇ ਮੌਤ ਦੀ 54ਫ਼ੀ ਸਦੀ ਹੈ। ਹਰ ਸਾਲ 42ਫ਼ੀ ਸਦੀ, ਯਾਨੀ ਇਕ ਕਰੋੜ ਦੇ ਲਗਭਗ ਜਨਮ ਅਣਰਜਿਸਟ੍ਰਡ ਰਹਿ ਜਾਂਦੇ ਹਨ। ਜ਼ਰਾ ਕਲਪਨਾ ਕਰੋ ਕਿ 1971 ਤੋਂ ਪਹਿਲਾਂ ਕੀ ਸਥਿਤੀ ਹੋਵੇਗੀ! ਜਾਂ ਜੋ ਵੀ ਨਵੀਂ ਕੱਟ-ਆਫ਼ ਮਿਤੀ ਹੋਵੇਗੀ! ਫਿਰ ਮੁਕੰਮਲ ਐੱਨ.ਪੀ.ਆਰ./ਐੱਨ.ਆਰ.ਸੀ.ਕਿਵੇਂ ਸੰਭਵ ਹੈ?

ਪੱਕੀ ਰਿਹਾਇਸ਼: 2001 ਦੀ ਮਰਦਮਸ਼ੁਮਾਰੀ ਅਨੁਸਾਰ 18.70 ਕਰੋੜ ਘਰਾਂ ਨੂੰ 19.20 ਕਰੋੜ ਪਰਿਵਾਰਾਂ ਦੇ ਰਿਹਾਇਸ਼ੀ ਘਰਾਂ ਜਾਂ ਰਿਹਾਇਸ਼ ਅਤੇ ਹੋਰ ਵਰਤੋਂ ਲਈ ਘਰਾਂ ਵਜੋਂ ਦਰਜ ਕੀਤਾ ਗਿਆ। 2011 ਦੀ ਮਰਦਮਸ਼ੁਮਾਰੀ ਅਨੁਸਾਰ ਪਰਿਵਾਰਾਂ ਦੀ ਗਿਣਤੀ 24.67 ਸੀ।

ਪਾਸਪੋਰਟ: ਇਸ ਵਕਤ ਭਾਰਤ ਦੀ ਕੁਲ 130 ਕਰੋੜ ਆਬਾਦੀ ਹੈ ਇਸ ਵਿੱਚੋਂ ਸਿਰਫ਼ 6.5 ਕਰੋੜ ਕੋਲ ਹੀ ਪਾਸਪੋਰਟ ਹਨ।

ਐੱਲ.ਆਈ.ਸੀ. ਦਸਤਾਵੇਜ਼: ਅੱਜ ਵੀ ਭਾਰਤ ਵਿਚ ਬਹੁਤ ਘੱਟ ਲੋਕ ਬੀਮਾ ਕਰਵਾਉਂਦੇ ਹਨ। ਸਿਹਤ ਅਤੇ ਪੈਸੇ ਦੇ ਮਸਲੇ ਵੀ ਹਨ ਨਾਲ ਹੀ ਇਸ ਦੇ ਅਯੋਗ ਰਹਿਣ ਦੇ ਹੋਰ ਵੀ ਕਈ ਕਾਰਨ ਹਨ। ਇੰਸ਼ੋਰੈਂਸ ਰੈਗੂਲੇਟਰੀ ਅਤੇ ਡਿਵੈਲਪਮੈਂਟ ਅਥਾਰਟੀ ਆਫ ਇੰਡੀਆ ਦੇ ਕਿਤਾਬਚੇ ("ਭਾਰਤੀ ਬੀਮਾ ਅੰਕੜੇ 2016-2017") ਅਨੁਸਾਰ 25ਫ਼ੀ ਸਦੀ ਸਦੀ ਹੀ ਬੀਮਾ ਦੇ ਘੇਰੇ ਦੇ ਅੰਦਰ ਹੈ, 75ਫ਼ੀ ਸਦੀ ਯਾਨੀ 98.80 ਕਰੋੜ ਭਾਰਤੀ ਬੀਮੇ ਦੇ ਘੇਰੇ ਤੋਂ ਬਾਹਰ ਹਨ।

ਬੈਂਕ ਅਕਾਊਂਟ: ਅੱਜ ਵੀ 19 ਕਰੋੜ ਭਾਰਤੀਆਂ ਕੋਲ ਬੈਂਕਾਂ ਦੇ ਖ਼ਾਤੇ ਨਹੀਂ ਹਨ। ਫਿਰ ਜਿਹਨਾਂ ਕੋਲ ਜ਼ਮੀਨ ਜਾਂ ਘਰ ਨਹੀਂ ਉਹਨਾਂ ਲਈ ਐੱਨ.ਪੀ.ਆਰ./ਐੱਨ.ਆਰ.ਸੀ. ਲਈ ਲੋੜੀਂਦੇ ਸਬੂਤ/ਦਸਤਾਵੇਜ਼ੀ ਮਾਪਦੰਡ ਕੀ ਹੋਣਗੇ?

ਪ੍ਰਵਾਸੀ ਕਿਰਤੀ: ਐੱਨ.ਪੀ.ਆਰ./ਐੱਨ.ਆਰ.ਸੀ. ਪ੍ਰਵਾਸੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਜਾਂ ਰਿਕਾਰਡ ਕਿਵੇਂ ਕਰੇਗਾ ਜਿਹਨਾਂ ਕੋਲ ਕੋਈ ਘਰ ਜਾਂ ਜ਼ਮੀਨ ਨਹੀਂ ਜਿਹਨਾਂ ਨੂੰ ਵੋਟ ਦਾ ਹੱਕ ਵੀ ਨਹੀਂ ਦਿੱਤਾ ਗਿਆ? ਇਸ ਪ੍ਰਕਿਰਿਆ ਵਿਚ (ਸ਼ਾਮਲ ਕਰਨ/ਬਾਹਰ ਕੱਢ ਦੇਣ) ਇਸ ਵਰਗ ਦਾ ਕੀ ਬਣੇਗਾ ਜਿਹਨਾਂ ਦੀ ਜ਼ਿੰਦਗੀ ਰਾਜ ਦੀਆਂ ਲੋਕ-ਭਲਾਈ ਯੋਜਨਾਵਾਂ ਦੀ ਮੁਥਾਜ ਹੈ? ਉਹਨਾਂ ਲਈ ਤਾਂ ਇਹ ਭਿਆਨਕ ਆਫ਼ਤ ਬਣ ਜਾਵੇਗਾ।

ਯੂਨੈਸਕੋ ਅਨੁਸਾਰ ਭਾਰਤ ਦੀ ਸਾਖ਼ਰਤਾ ਦਰ 70.47ਫ਼ੀ ਸਦੀ (2018) ਹੈ। ਜੇ ਐੱਨ.ਪੀ.ਆਰ. (ਜੋ ਕਿ 'ਘਰ-ਘਰ ਦਾ' ਸਰਵੇ ਹੈ) ਲਈ ਜਾਣਕਾਰੀ ਪ੍ਰਕਿਰਿਆ, ਇਸ ਦੇ ਮਾਪਦੰਡ, ਤੌਰ-ਤਰੀਕੇ, ਮਰਦਮਸ਼ੁਮਾਰੀ ਦੀ ਤਰ੍ਹਾਂ ਜਾਣਕਾਰੀ ਇਕੱਠੀ ਕਰਨ (ਸ਼ਾਮਲ ਕਰਨ) ਦੀ ਪ੍ਰਕਿਰਿਆ ਨਹੀਂ ਰਹਿੰਦੇ ਤਾਂ ਪੂਰੇ ਮੁਲਕ ਵਿਚ ਇਹ ਅਸਾਮ ਤੋਂ ਵੀ ਕਿਤੇ ਵੱਡੀ ਬਿਪਤਾ ਬਣ ਸਕਦੀ ਹੈ।

ਧਰਮ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਐੱਨ.ਆਰ.ਸੀ. ਭਾਰਤ ਦੇ ਹਰ ਨਾਗਰਿਕ ਲਈ ਹੈ। ਇਹ ਇਕ ਨਾਗਰਿਕ ਰਜਿਸਟਰ ਹੈ, ਜਿਸ ਵਿਚ ਹਰ ਕਿਸੇ ਦੇ ਨਾਂਅ ਰਿਕਾਰਡ ਕੀਤੇ ਜਾਣਗੇ।

**ਮੇਰੀ ਟਿੱਪਣੀ:** ਹਕੀਕਤ ਇਹ ਹੈ ਕਿ ਇਸ ਨਾਲ ਹਾਸ਼ੀਆਗਤ ਹਿੱਸਿਆਂ ਦੇ ਵੱਡੀ ਗਿਣਤੀ ਲੋਕਾਂ ਨੂੰ ਇਸ ਤੋਂ ਬਾਹਰ ਕੀਤੇ ਜਾਣ ਦੀ ਸੰਭਾਵਨਾ ਹੈ ਜੋ ਲੋੜੀਂਦੇ ਦਸਤਾਵੇਜ਼ਾਂ ਦੀ ਅਣਹੋਂਦ ਕਾਰਨ ਆਪਣੀ ਨਾਗਰਿਕਤਾ ਸਥਾਪਤ ਨਹੀਂ ਕਰ ਸਕਦੇ। ਸਵਾਲ ਤਾਂ ਇਹ ਹੈ ਕਿ ਕੀ ਐੱਨ.ਆਰ.ਸੀ. ਦੀ ਕੋਈ ਲੋੜ ਵੀ ਹੈ।

**ਸਵਾਲ ਨੰ. 4:** ਕੀ ਐੱਨ.ਆਰ.ਸੀ. ਧਾਰਮਿਕ ਅਧਾਰ 'ਤੇ ਲੋਕਾਂ ਨੂੰ ਬਾਹਰ ਕਰੇਗਾ?

**ਜਵਾਬ:** ਨਹੀਂ, ਐੱਨ.ਆਰ.ਸੀ. ਕਿਸੇ ਧਰਮ ਦੇ ਸੰਬੰਧ ਵਿਚ ਬਿਲਕੁਲ ਨਹੀਂ ਹੈ। ਐੱਨ. ਆਰ. ਸੀ. ਨੂੰ ਜਦ ਵੀ ਲਾਗੂ ਕੀਤਾ ਜਾਵੇਗਾ ਤਾਂ ਇਸ ਨੂੰ ਨਾ ਤਾਂ ਧਰਮ ਦੇ ਆਧਾਰ 'ਤੇ ਲਾਗੂ ਕੀਤਾ ਜਾਵੇਗਾ ਅਤੇ ਨਾ ਹੀ ਇਸ ਨੂੰ ਧਰਮ ਦੇ ਆਧਾਰ 'ਤੇ ਅਮਲ ਵਿਚ ਲਿਆਂਦਾ ਜਾ ਸਕਦਾ ਹੈ। ਕਿਸੇ ਨੂੰ ਵੀ ਸਿਰਫ਼ ਇਸ ਆਧਾਰ 'ਤੇ ਬਾਹਰ ਨਹੀਂ ਕੀਤਾ ਜਾ ਸਕਦਾ ਕਿ ਉਹ ਕਿਸੇ ਖ਼ਾਸ ਧਰਮ ਨੂੰ ਮੰਨਦਾ ਹੈ।

**ਮੇਰੀ ਟਿੱਪਣੀ:** ਇਹ ਸੱਚ ਨਹੀਂ ਹੈ। ਇਕ ਮਿਸਾਲ ਲੈਂਦੇ ਹਾਂ। ਮੈਂ ਇਕ ਗ਼ਰੀਬ ਮੁਸਲਮਾਨ ਹਾਂ। ਮੈਂ ਭਾਰਤ ਤੋਂ ਹਾਂ। ਮੇਰੇ ਬਾਪ-ਦਾਦਾ ਭਾਰਤ ਤੋਂ ਹਨ। ਲੇਕਿਨ ਮੇਰੇ ਕੋਲ ਜਨਮ ਦਾ ਕੋਈ ਸਬੂਤ ਨਹੀਂ ਹੈ। ਮੈਨੂੰ ਐੱਨ.ਆਰ.ਸੀ.ਵਿਚ ਸ਼ਾਮਲ ਨਹੀਂ ਕੀਤਾ ਜਾਵੇਗਾ ਅਤੇ ਮੇਰੇ ਨਾਲ ਨਜਾਇਜ਼ ਪ੍ਰਵਾਸੀ ਮੰਨ ਕੇ ਸਲੂਕ ਕੀਤਾ ਜਾਵੇਗਾ, ਅਤੇ ਇਸ ਤੋਂ ਬਾਦ ਸੀ.ਏ.ਏ.ਮੈਨੂੰ ਛਾਂਟ ਕੇ ਬਾਹਰ ਕੱਢ ਦੇਵੇਗਾ।

ਮੈਂ ਇਕ ਗ਼ਰੀਬ ਹਿੰਦੂ ਹਾਂ। ਮੈਂ ਭਾਰਤ ਤੋਂ ਹਾਂ। ਮੇਰੇ ਬਾਪ-ਦਾਦਾ ਭਾਰਤ ਤੋਂ ਹਨ। ਮੇਰੇ ਕੋਲ ਜਨਮ ਦਾ ਕੋਈ ਸਬੂਤ ਨਹੀਂ ਹੈ। ਸੀ.ਏ.ਏ.ਦੇ ਤਹਿਤ ਮੈਂ ਦਾਅਵਾ ਕਰਦਾ ਹਾਂ ਕਿ ਮੈਂ ਪਾਕਿਸਤਾਨ ਤੋਂ ਆਇਆ ਹਾਂ। ਉੱਥੇ ਜ਼ੁਲਮ ਢਾਹੇ ਜਾਣ ਕਾਰਨ ਮੇਰੇ ਸਾਰੇ ਦਸਤਾਵੇਜ਼ ਪਾਕਿਸਤਾਨ ਵਿਚ ਹੀ ਗੁੰਮ ਹੋ ਗਏ। ਮੈਨੂੰ ਭਾਰਤੀ ਨਾਗਰਿਕਤਾ ਦੇ ਦਿੱਤੀ ਜਾਵੇਗੀ।

ਜਾਂ ਦੂਜੀ ਮਿਸਾਲ ਲਓ। ਮੈਂ ਇਕ ਅਹਿਮਦੀਆ ਮੁਸਲਮਾਨ ਹਾਂ ਜੋ ਉੱਥੇ ਜ਼ੁਲਮਾਂ ਦਾ ਸ਼ਿਕਾਰ ਹੋਣ ਕਾਰਨ ਪਾਕਿਸਤਾਨ ਤੋਂ ਆ ਗਿਆ। ਲੇਕਿਨ ਸੀ.ਏ.ਏ. ਦੇ ਤਹਿਤ ਮੈਨੂੰ ਗ਼ੈਰਕਾਨੂੰਨੀ ਆਵਾਸੀ ਮੰਨਿਆ ਜਾਵੇਗਾ ਅਤੇ ਨਜ਼ਰਬੰਦੀ ਕੈਂਪ ਵਿਚ ਭੇਜ ਦਿੱਤਾ ਜਾਵੇਗਾ।

ਮੈਂ ਇਕ ਹਿੰਦੂ ਹਾਂ। ਮੈਂ ਜ਼ੁਲਮਾਂ ਦਾ ਸਤਾਇਆ ਹੋਣ ਕਾਰਨ ਪਾਕਿਸਤਾਨ ਤੋਂ ਆਇਆ ਹਾਂ। ਮੈਨੂੰ ਨਾਗਰਿਕਤਾ ਦੇ ਦਿੱਤੀ ਜਾਵੇਗੀ।

**ਸਵਾਲ ਨੰ. 5:** ਐੱਨ.ਆਰ.ਸੀ. ਲਿਆ ਕੇ ਕੀ ਸਾਨੂੰ ਭਾਰਤੀ ਹੋਣ ਦਾ ਸਬੂਤ ਦੇਣ ਲਈ ਕਿਹਾ ਜਾਵੇਗਾ?

**ਜਵਾਬ:** ਸਭ ਤੋਂ ਪਹਿਲਾਂ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਐੱਨ.ਆਰ.ਸੀ. ਦੀ ਪ੍ਰਕਿਰਿਆ ਨੂੰ ਕੌਮੀ ਪੱਧਰ 'ਤੇ ਸ਼ੁਰੂ ਕਰਨ ਦਾ ਕੋਈ ਐਲਾਨ ਨਹੀਂ ਕੀਤਾ ਗਿਆ ਹੈ। ਜੇ ਇਸ ਨੂੰ ਲਾਗੂ ਕੀਤਾ ਜਾਂਦਾ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਹੈ ਕਿਸੇ ਤੋਂ ਵੀ ਭਾਰਤੀ ਹੋਣ ਦਾ ਸਬੂਤ ਮੰਗਿਆ ਜਾਵੇਗਾ। ਐੱਨ.ਆਰ.ਸੀ. ਤਾਂ ਬਸ ਇਕ ਆਮ ਪ੍ਰਕਿਰਿਆ ਹੈ ਤਾਂ ਜੁ ਤੁਹਾਡਾ ਨਾਂਅ ਰਜਿਸਟਰ ਵਿਚ ਦਰਜ ਕੀਤਾ ਜਾ ਸਕੇ। ਜਿਸ ਤਰ੍ਹਾਂ ਅਸੀਂ ਆਪਣਾ ਨਾਂਅ ਵੋਟਰ ਸੂਚੀ ਵਿਚ ਦਰਜ ਕਰਾਉਣ ਜਾਂ ਆਧਾਰ ਕਾਰਡ ਹਾਸਲ ਕਰਨ ਦੇ ਲਈ ਸ਼ਨਾਖ਼ਤੀ ਕਾਰਡ ਜਾਂ ਕੋਈ ਹੋਰ ਕਾਗਜ਼ਾਤ ਪੇਸ਼ ਕਰਦੇ ਹਾਂ ਐਨ ਉਸੇ ਤਰ੍ਹਾਂ ਦੇ ਕਾਗਜ਼ਾਤ ਐੱਨ.ਆਰ.ਸੀ.ਦੇ ਲਈ ਵੀ ਦੇਣੇ ਹੋਣਗੇ, ਜਦ ਅਤੇ ਜਿਉਂ ਹੀ ਇਹ ਲਾਗੂ ਹੁੰਦਾ ਹੈ।

**ਮੇਰੀ ਟਿੱਪਣੀ:** ਬਿਲਕੁਲ ਗ਼ਲਤ। 31 ਜੁਲਾਈ 2019 ਨੂੰ ਇਕ ਗਜ਼ਟ ਨੋਟੀਫ਼ੀਕੇਸ਼ਨ ਜਾਰੀ ਕੀਤਾ ਗਿਆ ਸੀ ਜਿਸ ਵਿਚ ਕਿਹਾ ਗਿਆ ਸੀ ਕਿ 1 ਅਪ੍ਰੈਲ 2020 ਤੋਂ 30 ਸਤੰਬਰ 2020 ਦੇ ਦਰਮਿਆਨ ਪੂਰੇ ਭਾਰਤ ਵਿਚ ਰਾਸ਼ਟਰੀ ਜਨਸੰਖਿਆ ਰਜਿਸਟ੍ਰੇਸ਼ਨ ਲਾਗੂ ਕੀਤੀ ਜਾਵੇਗੀ। ਇਹ ਉਸ ਮਰਦਮਸ਼ੁਮਾਰੀ ਤੋਂ ਵੱਖਰੀ ਹੈ ਜੋ ਮਰਦਮਸ਼ੁਮਾਰੀ ਐਕਟ ਦੇ ਤਹਿਤ ਕੀਤੀ ਜਾਂਦੀ ਹੈ। ਐੱਨ.ਪੀ.ਆਰ., ਐੱਨ.ਆਰ.ਸੀ. ਨਿਯਮ ਦੀ ਧਾਰਾ 4 ਦੇ ਤਹਿਤ ਕੀਤਾ ਜਾਂਦਾ ਹੈ। ਇਸ ਲਈ ਇਹ ਐੱਨ.ਆਰ.ਸੀ. ਪ੍ਰਕਿਰਿਆ ਦਾ ਹੀ ਅੰਗ ਹੈ। ਇਹਨਾਂ ਵਿੱਚੋਂ ਕਿਹੜੇ ਦਸਤਾਵੇਜ਼ ਦਿਖਾਉਣੇ ਪੈਣਗੇ ਇਹ ਅਜੇ ਵੀ ਸਪਸ਼ਟ ਨਹੀਂ ਹੈ। ਇਸ ਲਈ ਇਹ ਕਹਿਣਾ ਗ਼ਲਤ ਹੋਵੇਗਾ ਕਿ ਇਸ ਦੇ ਲਈ ਵੀ ਉਹੀ ਦਸਤਾਵੇਜ਼ ਮੰਗੇ ਜਾਣਗੇ ਜੋ ਵੋਟਰ ਕਾਰਡ ਜਾਂ ਆਧਾਰ ਕਾਰਡ ਬਣਾਉਣ ਦੇ ਲਈ ਮੰਗੇ ਜਾਂਦੇ ਹਨ।

ਇਸ ਤੋਂ ਬਿਨਾਂ ਐਸੀਆਂ ਖ਼ਬਰਾਂ ਵੀ ਆਈਆਂ ਹਨ ਕਿ ਤਾਮਿਲਨਾਡੂ ਦੇ ਤਿੰਨ ਜ਼ਿਲਿਆਂ ਵਿਚ ਐੱਨ.ਪੀ.ਆਰ.ਨਾਲ ਜੁੜੇ ਮੁੱਢਲੇ ਅਧਿਐਨ (ਪਾਈਲਟ ਸਟੱਡੀਜ਼) ਪਹਿਲਾਂ ਹੀ ਅਗਸਤ 2019 ਵਿਚ ਕਰਵਾਏ ਜਾ ਚੁੱਕੇ ਹਨ।

**ਸਵਾਲ ਨੰ.6:** ਨਾਗਰਿਕਤਾ ਕਿਵੇਂ ਤੈਅ ਕੀਤੀ ਜਾਂਦੀ ਹੈ?ਕੀ ਇਹ ਸਰਕਾਰ ਦੇ ਹੱਥ ਵਿਚ ਹੋਵੇਗਾ?

**ਜਵਾਬ:** ਕਿਸੇ ਵੀ ਵਿਅਕਤੀ ਦੀ ਨਾਗਰਿਕਤਾ ਦਾ ਨਿਰਣਾ ਨਾਗਰਿਕਤਾ ਨਿਯਮ 2009 ਦੇ ਆਧਾਰ 'ਤੇ ਕੀਤਾ ਜਾਂਦਾ ਹੈ। ਇਹ ਨਿਯਮ ਨਾਗਰਿਕਤਾ ਐਕਟ 1955 'ਤੇ ਆਧਾਰਤ ਹੈ। ਇਹ ਨਿਯਮ ਜਨਤਕ ਤੌਰ 'ਤੇ ਹਰ ਕਿਸੇ ਦੇ ਸਾਹਮਣੇ ਹੈ। ਇਹ ਪੰਜ ਤਰੀਕੇ ਹਨ ਜਿਹਨਾਂ ਨਾਲ ਕੋਈ ਵੀ ਵਿਅਕਤੀ ਭਾਰਤ ਦਾ ਨਾਗਰਿਕ ਬਣ ਸਕਦਾ ਹੈ:

1. ਜਨਮ ਤੋਂ ਨਾਗਰਿਕਤਾ।
2. ਵੰਸ਼ ਦੁਆਰਾ ਨਾਗਰਿਕਤਾ।
3. ਰਜਿਸਟ੍ਰੇਸ਼ਨ ਦੁਆਰਾ ਨਾਗਰਿਕਤਾ।
4. ਦੇਸੀਕਰਨ (naturalization) ਦੁਆਰਾ ਨਾਗਰਿਕਤਾ।
5. ਸ਼ਾਮਲ ਕਰ ਲਏ ਜਾਣ ਦੁਆਰਾ ਨਾਗਰਿਕਤਾ।

**ਮੇਰੀ ਟਿੱਪਣੀ:** ਇੱਥੇ ਉਹੀ ਚੀਜ਼ ਦੱਸੀ ਜਾ ਰਹੀ ਹੈ ਜੋ ਪਹਿਲਾਂ ਤੋਂ ਹੀ ਸਪਸ਼ਟ ਹੈ। ਲੇਕਿਨ ਅੰਤਮ ਤੌਰ 'ਤੇ ਤਾਂ ਸਰਕਾਰ ਹੀ ਇਹ ਤੈਅ ਕਰੇਗੀ ਕਿ ਕਿਹੜੇ ਦਸਤਾਵੇਜ਼ ਮੰਨੇ ਜਾਣਗੇ ਅਤੇ ਕਿਹੜੇ ਨਹੀਂ ਮੰਨੇ ਜਾਣਗੇ। ਸਰਕਾਰੀ ਅਧਿਕਾਰੀ ਹੀ ਇਹ ਤੈਅ ਕਰਨਗੇ ਕਿ ਕੋਈ ਵਿਸ਼ੇਸ਼ ਦਸਤਾਵੇਜ਼ ਯੋਗ ਹੈ ਜਾਂ ਨਹੀਂ। ਦਸਤਾਵੇਜ਼ ਅਸਲੀ ਹੈ ਜਾਂ ਨਹੀਂ ਅਤੇ ਕੋਈ ਵਿਅਕਤੀ ਬਦੇਸ਼ੀ ਹੈ ਜਾਂ ਨਹੀਂ, ਇਸ ਦੇ ਬਾਰੇ ਬਦੇਸ਼ੀ ਟ੍ਰਿਬਿਊਨਲ ਫ਼ੈਸਲਾ ਸੁਣਾਉਣਗੇ। ਅਸਾਮ ਵਿਚ ਬਦੇਸ਼ੀ ਟ੍ਰਿਬਿਊਨਲ ਦੇ ਅਨੁਭਵ ਤੋਂ ਇਹ ਪਤਾ ਚੱਲਦਾ ਹੈ ਕਿ ਬਿਲਕੁਲ ਗ਼ੈਰਤਜ਼ਰਬੇਕਾਰ ਵਿਅਕਤੀਆਂ ਨੂੰ ਜੱਜ ਲਗਾ ਦਿੱਤਾ ਜਾਂਦਾ ਹੈ ਅਤੇ ਉਹਨਾਂ ਨੂੰ ਇਹ ਟੀਚਾ ਦੇ ਦਿੱਤਾ ਜਾਂਦਾ ਹੈ ਕਿ ਕਿੰਨੀ ਗਿਣਤੀ ਵਿਚ ਲੋਕਾਂ ਨੂੰ ਬਦੇਸ਼ੀ ਕਰਾਰ ਦੇਣਾ ਹੈ। ਇਹ ਗੰਭੀਰ ਇਲਜ਼ਾਮ ਲੱਗ ਚੁੱਕਾ ਹੈ ਕਿ ਇਹ ਟੀਚਾ ਪੂਰਾ ਨਾ ਕਰਨ 'ਤੇ ਉਹਨਾਂ ਨੂੰ ਇਸ ਡਿਊਟੀ ਤੋਂ ਲਾਂਭੇ ਕਰ ਦਿੱਤਾ ਗਿਆ। ਮੁਲਕ ਵਿਚ ਦਹਿ-ਹਜ਼ਾਰਾਂ ਬਦੇਸ਼ੀ ਟ੍ਰਿਬਿਊਨਲ ਬਣਾਉਣ ਦੀ ਜ਼ਰੂਰਤ ਪਵੇਗੀ। ਅਦਾਲਤਾਂ ਵਿਚ ਜੋ ਪੋਸਟਾਂ ਖਾਲੀ ਪਈਆਂ ਹਨ ਉਹਨਾਂ ਨੂੰ ਤਾਂ ਭਰਿਆ ਨਹੀਂ ਜਾ ਸਕਿਆ। ਇਹਨਾਂ ਨਿਯੁਕਤੀਆਂ ਦੇ ਲਈ ਧਨ ਅਤੇ ਮੁਲਾਜ਼ਮ ਕਿੱਥੋਂ ਲਿਆਂਦੇ ਜਾਣਗੇ? ਇਹਨਾਂ ਸਵਾਲਾਂ ਦੇ ਕੋਈ ਜਵਾਬ ਨਹੀਂ ਹਨ।

**ਸਵਾਲ ਨੰ. 7:** ਕੀ ਮੈਨੂੰ ਆਪਣੀ ਭਾਰਤੀ ਨਾਗਰਿਕਤਾ ਸਾਬਤ ਕਰਨ ਲਈ ਮਾਂ-ਪਿਓ ਦੇ ਜਨਮ ਆਦਿ ਦਾ ਵੇਰਵਾ ਦੇਣਾ ਪਵੇਗਾ?

**ਜਵਾਬ:** ਤੁਹਾਨੂੰ ਬਸ ਆਪਣੇ ਜਨਮ ਦਾ ਵੇਰਵਾ ਜਿਵੇਂ ਕਿ ਜਨਮ ਦੀ ਤਾਰੀਕ, ਮਹੀਨਾ, ਸਾਲ ਅਤੇ ਜਨਮ ਸਥਾਨ ਦੱਸਣਾ ਪਵੇਗਾ। ਜੇ ਤੁਹਾਡੇ ਕੋਲ ਆਪਣੇ ਜਨਮ ਦਾ ਵੇਰਵਾ ਨਹੀਂ ਹੈ ਤਾਂ ਤੁਹਾਨੂੰ ਆਪਣੇ ਮਾਤਾ-ਪਿਤਾ ਦੇ ਜਨਮ ਦੇ ਉਹੀ ਵੇਰਵੇ ਦੇਣੇ ਹੋਣਗੇ। ਲੇਕਿਨ ਮਾਂ-ਪਿਓ ਦਾ ਜਾਂ ਉਹਨਾਂ ਦੇ ਦੁਆਰਾ ਕੋਈ ਵੀ ਦਸਤਾਵੇਜ਼ ਪੇਸ਼ ਕਰਨ ਦੀ ਕੋਈ ਬੰਦਸ਼ ਨਹੀਂ ਹੈ। ਜਨਮ ਮਿਤੀ ਅਤੇ ਜਨਮ ਸਥਾਨ ਨਾਲ ਸੰਬੰਧਤ ਕੋਈ ਵੀ ਦਸਤਾਵੇਜ਼ ਜਮਾਂ ਕਰਾਕੇ ਨਾਗਰਿਕਤਾ ਸਾਬਤ ਕੀਤੀ ਜਾ ਸਕਦੀ ਹੈ। ਹਾਲਾਂਕਿ ਇਸ ਬਾਰੇ ਅਜੇ ਫ਼ੈਸਲਾ ਹੋਣਾ ਬਾਕੀ ਹੈ ਕਿ ਐਸੇ ਕਿਹੜੇ ਕਿਹੜੇ ਦਸਤਾਵੇਜ਼ ਸਵੀਕਾਰ ਕੀਤੇ ਜਾਣਗੇ। ਇਹਨਾਂ ਵਿਚ ਵੋਟਰ ਕਾਰਡ, ਪਾਸਪੋਰਟ, ਆਧਾਰ ਕਾਰਡ, ਲਾਇਸੈਂਸ ਦੇ ਕਾਗਜ਼, ਬੀਮੇ ਦੇ ਕਾਗਜ਼, ਜਨਮ ਸਰਟੀਫ਼ੀਕੇਟ, ਸਕੂਲ ਛੱਡਣ ਦਾ ਸਰਟੀਫ਼ੀਕੇਟ, ਜ਼ਮੀਨ ਜਾਂ ਮਕਾਨ ਨਾਲ ਸੰਬੰਧਤ ਦਸਤਾਵੇਜ਼ ਜਾਂ ਇਸੇ ਤਰ੍ਹਾਂ ਹੋਰ ਦਸਤਾਵੇਜ਼ਾਂ ਨੂੰ, ਜੋ ਸਰਕਾਰੀ ਅਧਿਕਾਰੀਆਂ ਵੱਲੋਂ ਜਾਰੀ ਕੀਤੇ ਗਏ ਹਨ, ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਸੂਚੀ ਵਿਚ ਹੋਰ ਦਸਤਾਵੇਜ਼ ਵੀ ਸ਼ਾਮਲ ਕੀਤੇ ਜਾਣ ਦੀ ਸੰਭਾਵਨਾ ਹੈ ਤਾਂ ਜੁ ਕਿਸੇ ਵੀ ਭਾਰਤੀ ਨਾਗਰਿਕ ਨੂੰ ਗ਼ੈਰਜ਼ਰੂਰੀ ਪ੍ਰੇਸ਼ਾਨੀ ਨਾ ਉਠਾਉਣੀ ਪਵੇ।

**ਮੇਰੀ ਟਿੱਪਣੀ** : ਪੂਰੀ ਤਰ੍ਹਾਂ ਗ਼ਲਤ। ਨਾਗਰਿਕਤਾ ਐਕਟ 1955 ਵਿਚ ਹੋਈ ਸੋਧ ਦੇ ਅਨੁਸਾਰ ਜਨਮ ਦੁਆਰਾ ਨਾਗਰਿਕਤਾ ਇਸ ਗੱਲ ਉੱਪਰ ਨਿਰਭਰ ਕਰਦੀ ਹੈ ਕਿ ਤੁਸੀਂ ਪੈਦਾ ਕਦੋਂ ਹੋਏ ਸੀ। ਜੇ ਤੁਹਾਡਾ ਜਨਮ 1 ਜੁਲਾਈ 1987 ਤੋਂ ਪਹਿਲਾਂ ਹੋਇਆ ਹੈ ਤਾਂ ਇਹ ਸਾਬਤ ਕਰਨ ਲਈ ਕਾਫ਼ੀ ਹੈ ਕਿ ਤੁਸੀਂ ਭਾਰਤ ਵਿਚ ਪੈਦਾ ਹੋਏ ਸੀ। ਲੇਕਿਨ ਨਾਗਰਿਕਤਾ ਐਕਟ ਵਿਚ ਬਾਦ ਵਿਚ ਹੋਈਆਂ ਸੋਧਾਂ ਦੇ ਕਾਰਨ ਜੇ ਤੁਸੀਂ 1 ਜੁਲਾਈ 1987 ਤੋਂ ਲੈ ਕੇ 3 ਸਤੰਬਰ 2004 ਦਰਮਿਆਨ ਪੈਦਾ ਹੋਏ ਹੋ ਤਾਂ ਤੁਹਾਨੂੰ ਨਾ ਸਿਰਫ਼ ਇਹ ਸਾਬਤ ਕਰਨਾ ਪਵੇਗਾ ਕਿ ਤੁਸੀਂ ਭਾਰਤ ਵਿਚ ਪੈਦਾ ਹੋਏ ਸੀ, ਸਗੋਂ ਇਹ ਵੀ ਸਾਬਤ ਕਰਨਾ ਪਵੇਗਾ ਤੁਹਾਡੇ ਜਨਮ ਦੇ ਸਮੇਂ ਤੁਹਾਡੇ ਮਾਂ-ਪਿਓ ਵਿੱਚੋਂ ਕੋਈ ਇਕ ਭਾਰਤ ਦਾ ਨਾਗਰਿਕ ਸੀ। ਜੇ ਤੁਹਾਡਾ ਜਨਮ 3 ਦਸੰਬਰ 2004 ਤੋਂ ਬਾਦ ਹੋਇਆ ਹੈ ਤਾਂ ਤੁਹਾਨੂੰ ਇਹ ਸਾਬਤ ਕਰਨਾ ਪਵੇਗਾ ਕਿ ਤੁਸੀਂ ਭਾਰਤ ਵਿਚ ਪੈਦਾ ਹੋਏ ਸੀ ਅਤੇ ਤੁਹਾਡੇ ਜਨਮ ਦੇ ਸਮੇਂ ਤੁਹਾਡੇ ਮਾਂ-ਪਿਓ ਦੋਨਾਂ ਵਿੱਚੋਂ ਇਕ ਭਾਰਤ ਦਾ ਨਾਗਰਿਕ ਸੀ ਅਤੇ ਦੂਸਰਾ ਨਜਾਇਜ਼ ਆਵਾਸੀ (ਇਮੀਗਰੈਂਟ) ਨਹੀਂ ਸੀ।

ਜੋ ਦਸਤਾਵੇਜ਼ ਮੰਗੇ ਜਾਣ ਦੀ ਸੰਭਾਵਨਾ ਹੈ ਉਹਨਾਂ ਦੇ ਬਾਰੇ ਵੀ ਗ਼ਲਤ ਬਿਆਨੀ ਕੀਤੀ ਜਾ ਰਹੀ ਹੈ। ਸਭ ਤੋਂ ਪਹਿਲਾਂ ਤਾਂ ਇਹ ਕਿ ਸਰਕਾਰ ਨੂੰ ਜਨਸੰਖਿਆ ਰਜਿਸਟਰ ਸ਼ੁਰੂ ਕਰਨ ਤੋਂ ਪਹਿਲਾਂ ਦਸਤਾਵੇਜ਼ਾਂ ਦੀ ਇਕ ਸੂਚੀ ਤੈਅ ਕਰਨ ਤੋਂ ਰੋਕਿਆ ਕਿਸ ਨੇ ਹੈ, ਤਾਂ ਜੁ ਲੋਕਾਂ ਨੂੰ ਇਹ ਤਾਂ ਸਪਸ਼ਟ ਹੋ ਜਾਵੇ ਕਿ ਉਹਨਾਂ ਨੂੰ ਕਿਹੜਾ-ਕਿਹੜਾ ਦਸਤਾਵੇਜ਼ ਜਮਾਂ ਕਰਾਉਣਾ ਪਵੇਗਾ। ਦੂਸਰਾ, ਇਹ ਕਹਿਣਾ ਕਿ ਨਾਗਰਿਕਤਾ ਸਾਬਤ ਕਰਨ ਦੇ ਦਸਤਾਵੇਜ਼ਾਂ ਵਿੱਚੋਂ ਇਕ ਆਧਾਰ ਕਾਰਡ ਹੋਵੇਗਾ, ਪੂਰੀ ਤਰ੍ਹਾਂ ਗ਼ਲਤ ਹੈ। ਆਧਾਰ ਐਕਟ ਦੀ ਧਾਰਾ 9 ਕਹਿੰਦੀ ਹੈ: 'ਆਧਾਰ ਨੰਬਰ ਜਾਂ ਉਸ ਦਾ ਸਹੀ ਹੋਣਾ ਆਧਾਰ-ਨੰਬਰ ਧਾਰਕ ਨੂੰ ਆਪਣੇ ਆਪ ਵਿਚ ਹੀ ਨਾਗਰਿਕਤਾ ਦਾ ਜਾਂ ਬਾਸ਼ਿੰਦਾ ਹੋਣ ਦਾ ਹੱਕ ਨਹੀਂ ਦਿੰਦਾ ਜਾਂ ਇਹ ਇਸ ਦਾ ਸਬੂਤ ਨਹੀਂ ਬਣ ਜਾਂਦਾ।'

**ਸਵਾਲ ਨੰ.8:** ਕੀ ਮੈਨੂੰ 1971 ਤੋਂ ਪਹਿਲਾਂ ਦੀ ਵੰਸ਼ਾਵਲੀ ਸਾਬਤ ਕਰਨੀ ਪਵੇਗੀ?

**ਜਵਾਬ:** ਨਹੀਂ। 1971 ਤੋਂ ਪਹਿਲਾਂ ਦੀ ਵੰਸ਼ਾਵਲੀ ਦੇ ਲਈ ਤੁਹਾਨੂੰ ਕਿਸੇ ਤਰ੍ਹਾਂ ਦਾ ਸ਼ਨਾਖ਼ਤੀ ਪੱਤਰ ਜਾਂ ਮਾਂ-ਪਿਓ/ਪੁਰਖਿਆਂ ਦੇ ਜਨਮ ਸਰਟੀਫ਼ੀਕੇਟ ਵਰਗੇ ਕੋਈ ਦਸਤਾਵੇਜ਼ ਜਮਾਂ ਨਹੀਂ ਕਰਾਉਣੇ ਪੈਣਗੇ। ਇਹ ਸਿਰਫ਼ ਅਸਾਮ ਐੱਨ. ਆਰ. ਸੀ.ਦੇ ਲਈ ਲਾਜ਼ਮੀ ਸੀ ਜੋ "ਅਸਾਮ ਸਮਝੌਤਾ" ਅਤੇ ਮਾਣਯੋਗ ਸੁਪਰੀਮ ਕੋਰਟ ਦੇ ਆਦੇਸ਼ 'ਤੇ ਆਧਾਰਤ ਸੀ। ਮੁਲਕ ਦੇ ਬਾਕੀ ਹਿੱਸਿਆਂ ਲਈ ਐੱਨ.ਆਰ.ਸੀ. ਪ੍ਰਕਿਰਿਆ ਪੂਰੀ ਤਰ੍ਹਾਂ ਵੱਖਰੀ ਅਤੇ ਨਾਗਰਿਕਤਾ (ਨਾਗਰਿਕਾਂ ਦੀ ਰਜਿਸਟ੍ਰੇਸ਼ਨ ਅਤੇ ਰਾਸ਼ਟਰੀ ਸ਼ਨਾਖ਼ਤੀ ਕਾਰਡ ਜਾਰੀ ਕਰਨਾ) ਨਿਯਮ-2003 ਦੇ ਤਹਿਤ ਹੋਵੇਗੀ।

**ਮੇਰੀ ਟਿੱਪਣੀ:** ਹਾਲਾਂਕਿ ਇਹ ਸੱਚ ਹੈ ਕਿ ਅਸਾਮ ਪ੍ਰਕਿਰਿਆ ਵੱਖਰੀ ਸੀ ਲੇਕਿਨ ਸੀ.ਏ.ਏ.ਨਾਲ ਇਸ ਉੱਪਰ ਹੋਰ ਜ਼ਿਆਦਾ ਅਸਰ ਪਵੇਗਾ, ਸੱਚ ਤਾਂ ਇਹ ਹੈ ਕਿ ਭਾਰਤ ਸਰਕਾਰ ਨੇ ਇਹ ਐਲਾਨ ਕੀਤਾ ਹੈ ਕਿ ਅਸਾਮ ਵਿਚ ਉਹਨਾਂ ਵੱਲੋਂ ਪੂਰਾ ਐੱਨ.ਆਰ.ਸੀ.ਦੁਬਾਰਾ ਤਿਆਰ ਕਰਵਾਇਆ ਜਾਵੇਗਾ।

ਅਸਾਮ ਵਿਚ ਚੱਲੀ ਅਤੇ ਭਾਰਤ ਦੇ ਬਾਕੀ ਹਿੱਸਿਆਂ ਵਿਚ ਚੱਲਣ ਵਾਲੀ ਪ੍ਰਕਿਰਿਆ ਦੋਨਾਂ ਦਾ ਮਨੋਰਥ ਨਾਗਰਿਕਾਂ ਦੀ ਇਕ ਸੂਚੀ ਬਣਾਉਣਾ ਅਤੇ ਜੋ ਇਸ ਸੂਚੀ ਵਿਚ ਨਹੀਂ ਆਉਂਦੇ ਉਹਨਾਂ ਨੂੰ ਵੋਟ ਦੇ ਹੱਕ ਤੋਂ ਵਾਂਝੇ ਕਰਨਾ ਹੈ। ਜਿਵੇਂ ਕਿ ਸਵਾਲ 7 ਦੇ ਜਵਾਬ ਵਿਚ ਲਿਖਿਆ ਗਿਆ ਹੈ ਨਾਗਰਿਕਤਾ ਸਥਾਪਤ ਕਰਨ ਦੇ ਲਈ ਲੋੜੀਂਦੇ ਮਾਪਦੰਡ ਵੱਖੋ-ਵੱਖਰੀ ਤਰ੍ਹਾਂ ਦੇ ਹਨ।

**ਸਵਾਲ ਨੰ.9:** ਜੇ ਸ਼ਨਾਖ਼ਤ ਸਾਬਤ ਕਰਨਾ ਐਨਾ ਹੀ ਸੌਖਾ ਹੈ ਤਾਂ ਐੱਨ. ਆਰ. ਸੀ. ਦੇ ਕਰਕੇ ਅਸਾਮ ਵਿਚ 19 ਲੱਖ ਲੋਕ ਇਸ ਨਾਲ ਕਿਵੇਂ ਪ੍ਰਭਾਵਿਤ ਹੋ ਗਏ?

**ਜਵਾਬ:** ਅਸਾਮ ਵਿਚ ਘੁਸਪੈਠ ਇਕ ਪੁਰਾਣੀ ਸਮੱਸਿਆ ਹੈ। ਇਸ ਉੱਪਰ ਰੋਕ ਲਗਾਉਣ ਲਈ ਇਕ ਅੰਦੋਲਨ ਚੱਲਿਆ ਸੀ ਅਤੇ 1985 'ਚ ਤੱਤਕਾਲੀ ਰਾਜੀਵ ਗਾਂਧੀ ਸਰਕਾਰ ਨੇ ਘੁਸਪੈਠੀਆਂ ਦੀ ਸ਼ਨਾਖ਼ਤ ਕਰਨ ਲਈ ਐੱਨ. ਆਰ. ਸੀ. ਬਣਾਉਣ ਦਾ ਸਮਝੌਤਾ ਕੀਤਾ ਜਿਸ ਵਿਚ ਅੰਤਮ ਤਾਰੀਕ (ਕਟ-ਆਫ਼-ਡੇਟ) 25 ਮਾਰਚ 1971 ਮੰਨੀ ਗਈ।

**ਮੇਰੀ ਟਿੱਪਣੀ:** ਹਕੀਕਤ ਇਹ ਹੈ ਕਿ ਇਸ ਅਸਾਮ ਸਮਝੌਤੇ ਨੂੰ ਸੀ.ਏ.ਏ. ਦੁਆਰਾ ਰੱਦ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਅਸਾਮ ਵਿਚ ਵੀ, ਸਾਰੇ ਦਸਤਾਵੇਜ਼ ਹੋਣ ਦੇ ਬਾਵਜੂਦ ਬੜੀ ਤਾਦਾਦ ਵਿਚ ਲੋਕਾਂ ਨੂੰ ਗ਼ੈਰਨਾਗਰਿਕ ਕਰਾਰ ਦੇ ਦਿੱਤਾ ਗਿਆ ਹੈ। ਇਕ ਅਰਥ ਵਿਚ ਦੇਖਿਆ ਜਾਵੇ (ਹਾਲਾਂਕਿ ਇਹ ਇਕ ਸੀਮਤ ਦਲੀਲ ਹੀ ਹੈ) ਤਾਂ ਭਾਰਤ ਦੇ ਬਾਕੀ ਭਾਗ ਦੇ ਮੁਕਾਬਲੇ ਅਸਾਮ ਵਿਚ ਨਾਗਰਿਕਤਾ ਸਾਬਤ ਕਰਨਾ ਸੌਖਾ ਹੈ। ਜੇ ਤੁਸੀਂ ਇਹ ਸਾਬਤ ਕਰ ਦਿੰਦੇ ਹੋ ਕਿ ਤੁਸੀਂ ਬੰਗਲਾਦੇਸ਼ ਤੋਂ, ਫਰਜ਼ ਕਰੋ ਕਿ 1964 'ਚ ਭਾਰਤ ਵਿਚ ਦਾਖ਼ਲ ਹੋਏ ਹੋ ਤਾਂ ਤੁਸੀਂ ਨਾਗਰਿਕਤਾ ਦੇ ਹੱਕਦਾਰ ਹੋਵੋਗੇ। ਮੁਲਕ ਦੇ ਬਾਕੀ ਭਾਗ ਵਿਚ ਇਹੀ ਕਾਫ਼ੀ ਨਹੀਂ ਹੋਵੇਗਾ। ਜੇ ਤੁਸੀਂ 26 ਜਨਵਰੀ 1950 ਤੋਂ ਬਾਦ ਪਾਕਿਸਤਾਨ ਤੋਂ, ਇੱਥੋਂ ਤੱਕ ਕਿ ਬੰਗਲਾਦੇਸ਼ ਤੋਂ ਵੀ, ਭਾਰਤ ਦੇ ਕਿਸੇ ਹੋਰ ਹਿੱਸੇ ਵਿਚ ਆਏ ਹੋ ਤਾਂ ਤੁਹਾਨੂੰ ਨਜਾਇਜ਼ ਅਵਾਸੀ ਮੰਨਿਆ ਜਾਵੇਗਾ। ਕੁਛ ਅੱਪਵਾਦਾਂ ਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਭਾਰਤੀ ਨਾਗਰਿਕ ਫਿਰ ਹੀ ਮੰਨੇ ਜਾਵੋਗੇ ਜੇ ਤੁਸੀਂ ਭਾਰਤ ਵਿਚ ਜਨਮ ਲਿਆ ਹੈ। ਇਸ ਲਈ ਜੇ ਤੁਸੀਂ 1964 ਵਿਚ ਅਸਾਮ ਵਿਚ ਪ੍ਰਵੇਸ਼ ਕੀਤਾ ਹੈ ਤਾਂ ਤੁਹਾਡੇ ਲਈ ਆਪਣੇ ਜਨਮ ਨੂੰ ਸਾਬਤ ਕਰਨਾ ਜ਼ਰੂਰੀ ਨਹੀਂ, ਬਸ਼ਰਤੇ ਕਿ ਤੁਸੀਂ ਇਹ ਸਾਬਤ ਕਰ ਸਕੋ ਕਿ ਤੁਸੀਂ ਅਸਾਮ ਵਿਚ ਉਦੋਂ ਤੋਂ ਰਹਿ ਰਹੇ ਹੋ, ਜਿਸ ਨੂੰ ਪ੍ਰਾਪਰਟੀ ਕਾਰਡ ਆਦਿ ਵਰਗੇ ਕਈ ਹੋਰ ਦਸਤਾਵੇਜ਼ਾਂ ਨਾਲ ਸਾਬਤ ਕੀਤਾ ਜਾ ਸਕਦਾ ਹੈ। ਲੇਕਿਨ ਭਾਰਤ ਦੇ ਹੋਰ ਹਿੱਸਿਆਂ ਵਿਚ ਇੰਨਾ ਹੀ ਕਾਫ਼ੀ ਨਹੀਂ ਹੋਵੇਗਾ। ਬੇਸ਼ੱਕ, ਕਈ ਦੂਸਰੇ ਮਾਮਲਿਆਂ ਵਿਚ, ਅਸਾਮ ਵਿਚ ਵਿਅਕਤੀਆਂ ਲਈ ਨਾਗਰਿਕਤਾ ਹਾਸਲ ਕਰਨਾ ਭਾਰਤ ਦੇ ਬਾਕੀ ਹਿੱਸੇ ਦੇ ਮੁਕਾਬਲੇ ਜ਼ਿਆਦਾ ਮੁਸ਼ਕਲ ਹੈ।

**ਸਵਾਲ ਨੰ. 10:** ਐੱਨ.ਆਰ.ਸੀ. ਦੇ ਦੌਰਾਨ ਕੀ ਸਾਨੂੰ ਉਹਨਾਂ ਪੁਰਾਣੇ ਦਸਤਾਵੇਜ਼ਾਂ ਨੂੰ ਜਮਾਂ ਕਰਾਉਣ ਲਈ ਕਿਹਾ ਜਾਵੇਗਾ ਜਿਹਨਾਂ ਨੂੰ ਇਕੱਠਾ ਕਰਨਾ ਮੁਸ਼ਕਲ ਹੈ?

**ਜਵਾਬ:** ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ। ਸ਼ਨਾਖ਼ਤ ਸਾਬਤ ਕਰਨ ਲਈ ਸਿਰਫ਼ ਆਮ ਦਸਤਾਵੇਜ਼ ਦੇਣੇ ਹੋਣਗੇ। ਜਦ ਕੌਮੀ ਪੱਧਰ 'ਤੇ ਐੱਨ.ਆਰ.ਸੀ. ਦਾ ਐਲਾਨ ਕੀਤਾ ਜਾਵੇਗਾ ਤਾਂ ਇਸ ਦੇ ਲਈ ਨਿਯਮ ਅਤੇ ਨਿਰਦੇਸ਼ ਇਸ ਤਰ੍ਹਾਂ ਬਣਾਏ ਜਾਣਗੇ ਕਿ ਕਿਸੇ ਨੂੰ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਸਰਕਾਰ ਦਾ ਆਪਣੇ ਨਾਗਰਿਕਾਂ ਨੂੰ ਤੰਗ-ਪ੍ਰੇਸ਼ਾਨ ਕਰਨ ਦਾ ਕੋਈ ਇਰਾਦਾ ਨਹੀਂ ਹੈ।

**ਮੇਰੀ ਟਿੱਪਣੀ:** ਇਕ ਵਾਰ ਫਿਰ ਗ਼ਲਤ। ਇਸ ਜਵਾਬ ਦਾ ਕੋਈ ਆਧਾਰ ਨਹੀਂ ਹੈ ਜਦ ਨਾਗਰਿਕਤਾ ਐਕਟ 1955 ਦੀ ਸੋਧ ਇਹ ਮਾਪਦੰਡ ਹੀ ਤੈਅ ਕਰ ਦੇਵੇ ਜਿਸ ਦੇ ਆਧਾਰ 'ਤੇ ਤੁਹਾਡੇ ਮਾਂ-ਪਿਓ ਤੋਂ ਭਾਰਤ ਦਾ ਨਾਗਰਿਕ ਹੋਣ ਦਾ ਸਬੂਤ ਮੰਗਿਆ ਜਾਵੇ ਅਤੇ ਜੋ ਇਸ ਗੱਲ ਉੱਪਰ ਮੁਨੱਸਰ ਕਰਦਾ ਹੋਵੇ ਕਿ ਤੁਸੀਂ ਪੈਦਾ ਕਦੋਂ ਹੋਏ। ਇਸ ਦੀ ਬਜਾਏ ਇਹ ਪਤਾ ਲਾਉਣ ਲਈ ਕਿ ਕੌਣ ਨਾਗਰਿਕ ਨਹੀਂ ਹੈ ਬਦੇਸ਼ੀਆਂ ਨਾਲ ਜੁੜੇ ਕਾਨੂੰਨ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਕਰਨਾ ਹੀ ਕਾਫ਼ੀ ਹੋਵੇਗਾ।

**ਸਵਾਲ ਨੰ. 11:** ਜੇ ਕੋਈ ਵਿਅਕਤੀ ਅਨਪੜ੍ਹ ਹੈ ਅਤੇ ਉਸ ਦੇ ਕੋਲ ਲੋੜੀਂਦੇ ਦਸਤਾਵੇਜ਼ ਨਹੀਂ ਹਨ, ਫਿਰ ਕੀ ਹੋਵੇਗਾ?

**ਜਵਾਬ:** ਐਸੇ ਮਾਮਲੇ ਵਿਚ ਅਧਿਕਾਰੀ ਉਸ ਵਿਅਕਤੀ ਨੂੰ ਗਵਾਹ ਪੇਸ਼ ਕਰਨ ਦੀ ਇਜਾਜ਼ਤ ਦੇਣਗੇ। ਨਾਲ ਹੀ, ਉਸ ਨੂੰ ਹੋਰ ਗਵਾਹੀ ਅਤੇ ਭਾਈਚਾਰੇ ਦੀ ਪ੍ਰਮਾਣਿਕਤਾ ਪੇਸ਼ ਕਰਨ ਆਦਿ ਦੀ ਇਜਾਜ਼ਤ ਵੀ ਹੋਵੇਗੀ। ਇਕ ਉਚਿਤ ਪ੍ਰਕਿਰਿਆ ਦਾ ਪਾਲਣ ਕੀਤਾ ਜਾਵੇਗਾ। ਕਿਸੇ ਵੀ ਭਾਰਤੀ ਨਾਗਰਿਕ ਨੂੰ ਨਜਾਇਜ਼ ਪ੍ਰੇਸ਼ਾਨੀ ਵਿਚ ਨਹੀਂ ਪਾਇਆ ਜਾਵੇਗਾ।

**ਮੇਰੀ ਟਿੱਪਣੀ:** ਇਹ ਕਿਸ ਆਧਾਰ 'ਤੇ ਕਿਹਾ ਜਾ ਰਿਹਾ ਹੈ? ਜਨਮ ਸਾਬਤ ਕਰਨ ਲਈ ਕੋਈ ਨਿਯਮ ਤੈਅ ਨਹੀਂ ਹੈ। ਅੱਜ ਕਾਨੂੰਨ ਦੇ ਤਹਿਤ ਜੋ ਇੱਕੋਇਕ ਵਿਵਸਥਾ ਨਿਰਧਾਰਤ ਹੈ ਉਹ ਜਨਮ ਅਤੇ ਮੌਤ ਸੰਬੰਧੀ ਲਾਜ਼ਮੀ ਰਜਿਸਟ੍ਰੇਸ਼ਨ ਐਕਟ 1969 ਤਹਿਤ ਹੈ। ਇਸ ਵਿਵਸਥਾ ਅਨੁਸਾਰ ਘੱਟੋ-ਘੱਟ 1969 ਤੋਂ ਲੈ ਕੇ ਹਰੇਕ ਜਨਮ ਦੀ ਰਜਿਸਟ੍ਰੇਸ਼ਨ ਲਾਜ਼ਮੀ ਹੈ। ਲੇਕਿਨ ਪੇਂਡੂ ਇਲਾਕਿਆਂ ਵਿਚ ਲੋਕਾਂ ਦੀ ਬਹੁਤ ਬੜੀ ਤਾਦਾਦ ਅਤੇ ਸ਼ਹਿਰੀ ਇਲਾਕਿਆਂ ਵਿਚ ਵੀ ਬਹੁਤ ਸਾਰੇ ਲੋਕ ਜਨਮ ਦੀ ਰਜਿਟ੍ਰੇਸ਼ਨ ਨਹੀਂ ਕਰਵਾਉਂਦੇ, ਜਿਹਨਾਂ ਵਿਚ ਵੱਡੀ ਗਿਣਤੀ ਝੁੱਗੀ-ਝੌਂਪੜੀ ਅਤੇ ਫੁੱਟਪਾਥਾਂ ਉੱਪਰ ਰਹਿਣ ਵਾਲੇ ਲੋਕ ਆਦਿ ਸ਼ਾਮਲ ਹਨ। ਕਿਸੇ ਨਿਯਮ, ਰੈਗੂਲੇਸ਼ਨ, ਨੋਟੀਫ਼ੀਕੇਸ਼ਨ, ਜਾਂ ਹੋਰ ਸਰਕਾਰੀ ਆਦੇਸ਼ ਦੀ ਅਣਹੋਂਦ ਵਿਚ ਇਹ ਕਿਸ ਆਧਾਰ 'ਤੇ ਕਿਹਾ ਜਾ ਰਿਹਾ ਹੈ ਕਿ ਗਵਾਹ ਪੇਸ਼ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ?

**ਸਵਾਲ ਨੰ.12:** ਭਾਰਤ ਵਿਚ ਵੱਡੀ ਤਾਦਾਦ ਵਿਚ ਐਸੇ ਲੋਕ ਹਨ ਜਿਹਨਾਂ ਦੇ ਕੋਲ ਘਰ ਨਹੀਂ ਹਨ, ਜੋ ਗ਼ਰੀਬ ਹਨ ਅਤੇ ਪੜ੍ਹੇਲਿਖੇ ਨਹੀਂ ਹਨ ਅਤੇ ਉਹਨਾਂ ਕੋਲ ਸ਼ਨਾਖ਼ਤ ਦਾ ਕੋਈ ਆਧਾਰ ਨਹੀਂ ਹੈ। ਐਸੇ ਲੋਕਾਂ ਦਾ ਕੀ ਹੋਵੇਗਾ?

**ਜਵਾਬ:** ਇਹ ਪੂਰੀ ਤਰ੍ਹਾਂ ਸਹੀ ਨਹੀਂ ਹੈ। ਕੋਈ ਤਾਂ ਆਧਾਰ ਹੈ ਜਿਸ ਦੇ ਆਧਾਰ 'ਤੇ ਉਹ ਲੋਕ ਵੋਟ ਦਿੰਦੇ ਹਨ ਅਤੇ ਸਰਕਾਰ ਦੀਆਂ ਲੋਕ-ਭਲਾਈ ਸਕੀਮਾਂ ਦਾ ਉਹ ਲਾਭ ਵੀ ਲੈਂਦੇ ਹਨ। ਉਸੇ ਆਧਾਰ 'ਤੇ ਉਹਨਾਂ ਦੀ ਸ਼ਨਾਖ਼ਤ ਸਥਾਪਤ ਕੀਤੀ ਜਾਵੇਗੀ।

**ਮੇਰੀ ਟਿੱਪਣੀ:** ਸਾਨੂੰ ਨਹੀਂ ਪਤਾ ਇਹ ਕਿਸ ਆਧਾਰ 'ਤੇ ਕਿਹਾ ਜਾ ਰਿਹਾ ਹੈ। ਲੋਕ-ਭਲਾਈ ਯੋਜਨਾਵਾਂ ਦਾ ਲਾਭ ਲੈਣ ਨਾਲ ਨਾਗਰਿਕਤਾ ਸਥਾਪਤ ਨਹੀਂ ਹੋ ਜਾਂਦੀ। ਕੋਈ ਕਾਨੂੰਨ ਇਹ ਨਹੀਂ ਕਹਿੰਦਾ। ਇਸ ਦੇ ਨਾਲ ਹੀ ਇਹ ਸਵਾਲ ਸ਼ਨਾਖ਼ਤ ਸਥਾਪਤ ਕਰਨ ਦਾ ਨਹੀਂ ਸਗੋਂ ਨਾਗਰਿਕਤਾ ਸਾਬਤ ਕਰਨ ਦਾ ਹੈ।

**ਸਵਾਲ ਨੰ. 13:** ਕੀ ਐੱਨ.ਆਰ.ਸੀ. ਦਸਤਾਵੇਜ਼ਾਂ ਸਹਿਤ/ਦਸਤਾਵੇਜ਼ਾਂ ਤੋਂ ਬਗ਼ੈਰ ਕਿਸੇ ਨੂੰ ਟਰਾਂਸਜੈਂਡਰ, ਨਾਸਤਿਕ, ਆਦਿਵਾਸੀ, ਦਲਿਤ, ਔਰਤ ਅਤੇ ਬੇਜ਼ਮੀਨਾ ਹੋਣ ਕਰਕੇ ਬਾਹਰ ਕਰਦਾ ਹੈ?

**ਜਵਾਬ:** ਨਹੀਂ। ਐੱਨ.ਆਰ.ਸੀ. ਜਦ ਵੀ ਲਾਗੂ ਹੋਵੇਗਾ ਉਪਰੋਕਤ ਵਿੱਚੋਂ ਕੋਈ ਵੀ ਪ੍ਰਭਾਵਿਤ ਨਹੀਂ ਹੋਵੇਗਾ।

**ਮੇਰੀ ਟਿੱਪਣੀ:** ਤਕਨੀਕੀ ਤੌਰ 'ਤੇ ਉਪਰੋਕਤ ਵਿੱਚੋਂ ਕੋਈ ਵੀ ਵਾਂਝਾ ਨਹੀਂ ਹੋਵੇਗਾ। ਲੇਕਿਨ ਗ਼ਰੀਬ ਦਲਿਤ, ਆਦਿਵਾਸੀ, ਔਰਤਾਂ ਅਤੇ ਬੇਜ਼ਮੀਨੇ ਲੋਕ ਦਸਤਾਵੇਜ਼ਾਂ ਤੋਂ ਬਗ਼ੈਰ ਜਾਂ ਦਸਤਾਵੇਜ਼ਾਂ ਸਹਿਤ ਜਿਹਨਾਂ ਵਿਚ ਨਾਵਾਂ ਦਾ ਕੋਈ ਅੰਤਰ ਆ ਗਿਆ ਹੋਵੇ ਕਿਵੇਂ ਸਾਬਤ ਕਰਨਗੇ ਕਿ ਉਹ ਭਾਰਤੀ ਨਾਗਰਿਕ ਹਨ। ਇਸ ਤਰ੍ਹਾਂ ਉਹਨਾਂ ਦੀ ਇਕ ਬੜੀ ਆਬਾਦੀ ਨੂੰ ਕਿਸੇ ਮਨਮਾਨੇ ਮਾਪਦੰਡ ਦੇ ਆਧਾਰ 'ਤੇ ਬਾਹਰ ਰੱਖਿਆ ਜਾ ਸਕਦਾ ਹੈ।

•••

# ਸੰਵਿਧਾਨ ਦੀਆਂ ਨਾਗਰਿਕਤਾ ਧਾਰਾਵਾਂ ਅੰਦਰ ਮੌਜੂਦ ਹੈ ਵਿਤਕਰੇਬਾਜੀ, ਫਿਰਕਾਪ੍ਰਸਤੀ ਤੇ ਜ਼ੋਰ ਜਬਰਦਸਤੀ

(ਸਫ਼ਾ 1 ਦੀ ਬਾਕੀ)

ਤੇ ਜੇ ਅਬਾਦੀ ਦਾ ਹਿੱਸਾ ਖਦੇੜ ਦਿਤਾ ਹੈ ਤਾਂ ਇਹ ਇਕਜੁਟ ਭਾਰਤ ਦੇ ਪ੍ਰਸੰਗ 'ਚ ਅੰਦਰੂਨੀ ਉਜਾੜੇ ਦਾ ਮਾਮਲਾ ਬਣਦਾ ਸੀ, ਇਸ ਕਰਕੇ ਇਹ ਹਿੰਦੂ ਸਿੱਖਾਂ ਲਈ ਸ਼ਰਨ ਨਾਲੋਂ ਵਧ ਆਪਣੇ ਹੀ ਮੁਲਕ ਅੰਦਰ ਪ੍ਰਵਾਸ/ਵਿਸਥਾਪਨ ਦਾ ਕੇਸ ਹੈ ਇਸ ਲਈ ਉਹਨਾਂ ਦਾ ਨਾਗਰਿਕਤਾ ਦਾ ਹੱਕ ਉਸ ਵਕਤ ਸ਼ਰਨ ਦਾ ਮਾਮਲਾ ਨਹੀਂ ਸੀ। ਸ਼ਰਨ ਦਾ ਸੰਕਲਪ ਬਾਹਰਲੇ ਮੁਲਕ ਤੋਂ ਆਏ ਲੋਕਾਂ ਨਾਲ ਸਬੰਧਤ ਹੁੰਦਾ ਹੈ। ਸੋ, ਪਾਕਿਸਤਾਨ ਤੋਂ ਉਜੜ ਕੇ ਆਏ ਲੋਕਾਂ ਦਾ ਮੌਜੂਦਾ ਭਾਰਤ ਤੇ ਪੂਰਾ ਜੱਦੀ ਹੱਕ ਸੀ ਤੇ ਉਹਨਾਂ ਦੇ ਬਸਰ ਤੇ ਸਹਾਰੇ ਜ਼ੁੰਮੇਵਾਰੀ ਸਾਰੇ ਭਾਰਤੀਆਂ ਦੀ ਸੀ ਤੇ ਭਾਰਤੀ ਰਾਜ ਦਾ ਸਾਂਝਾ ਫਰਜ ਸੀ।)

ਇਸੇ ਤਰ੍ਹਾਂ ਤੀਸਰਾ ਗਰੁੱਪ ਜੋ ਮੌਜੂਦਾ ਭਾਰਤ ਦੇ ਜੱਦੀ ਮੁਸਲਮਾਨ ਸਨ ਤੇ ਜਿਹਨਾਂ ਨੂੰ ਮਾਰਕੁਟ ਕੇ ਜਬਰਦਸਤੀ ਪਾਕਿਸਤਾਨ ਖਦੇੜ ਦਿੱਤਾ ਗਿਆ ਸੀ, ਉਹਨਾਂ ਦੀ ਹਿਫਾਜਤ, ਵਾਪਸੀ ਤੇ ਮੁੜ ਵਸੇਬੇ ਦੀ ਯਕੀਨਦਹਾਨੀ ਭਾਰਤੀ ਰਾਜ ਦਾ ਫਰਜ ਸੀ ਤੇ ਇਸ ਲਈ ਉਹਨਾਂ ਲਈ ਨਾਗਰਿਕਤਾ ਦੇ ਹੱਕ ਦਾ ਬੰਦੋਬਸਤ ਕੀਤਾ ਜਾਣਾ ਬਣਦਾ ਸੀ। ਫਸਾਦਾਂ ਦੇ ਟਿਕਟਕਾ ਤੋਂ ਬਾਅਦ, ਉਜੜ ਕੇ, ਸਭ ਘਰ ਘਾਟ ਛੱਡ ਕੇ ਗਏ ਜੱਦੀ ਮੁਸਲਮਾਨਾਂ ਨੂੰ ਵਾਪਸੀ ਤੇ ਨਾਗਰਿਕਤਾ ਦੀ ਕਾਨੂੰਨੀ ਗੁੰਜਾਇਸ਼ ਦਿਤੀ ਜਾਣੀ ਚਾਹੀਦੀ ਸੀ। ਮਿਸਾਲ ਵਜੋਂ ਅੱਜ ਬਰਮਾ ਹਕੂਮਤ ਨੇ ਰੋਹਿੰਗੀਆ ਮੁਸਲਮਾਨਾਂ ਨੂੰ ਖਦੇੜ ਕੇ ਆਪਣੇ ਮੁਲਕ 'ਚੋਂ ਭਜਾ ਦਿਤਾ ਹੈ। ਉਹਨਾਂ ਦੇ ਪਿੰਡਾ ਦਾ ਨਾਮੋਨਿਸ਼ਾਨ ਖਤਮ ਕਰਕੇ ਨਵੀਆਂ ਅਬਾਦੀਆਂ ਵਸਾ ਦਿੱਤੀਆਂ ਹਨ। ਹੁਣ ਜੇ ਬਰਮਾ ਹਕੂਮਤ ਕਹੇ ਕਿ ਤੁਸੀਂ ਭਾਰਤ ਜਾਂ ਬੰਗਲਾਦੇਸ਼ ਪ੍ਰਵਾਸ ਕਰ ਗਏ ਹੋ ਤੇ ਤੁਹਾਡਾ ਵਾਪਸੀ ਅਤੇ ਬਰਮਾ ਦੀ ਨਾਗਰਿਕਤਾ ਦਾ ਕੋਈ ਹੱਕ ਨਹੀਂ ਤਾਂ ਇਹ ਕਿਸੇ ਵੀ ਨਿਆਂਈ ਕਾਨੂੰਨ ਦੇ ਪੈਮਾਨੇ ਤੇ ਖਰੇ ਉਤਰਣ ਵਾਲੀ ਗੱਲ ਨਹੀਂ। ਇਹ ਮਸਲਾ ਭਾਰਤ 'ਚੋਂ ਖਦੇੜੇ ਗਏ ਮੁਸਲਮਾਨਾਂ ਦਾ ਸੀ। ਭਾਰਤ ਨੇ 1948 ਵਿਚ ਯੂਐਨ ਦੇ ਮਨੁਖੀ ਅਧਿਕਾਰਾਂ ਦੇ ਉਸ ਐਲਾਨਨਾਮੇ ਤੇ ਦਸਤਖਤ ਕੀਤੇ ਸਨ ਜੋ ਅਜਿਹੇ ਖਦੇੜੇ ਗਏ ਲੋਕਾਂ ਦੀ ਵਾਪਸੀ ਦੇ ਹੱਕ ਨੂੰ ਪ੍ਰਵਾਨਗੀ ਦਿੰਦਾ ਹੈ। ਉਂਝ ਵੀ, ਜੇ ਭਾਰਤ ਉਸੇ ਸਮੇਂ ਪਾਕਿਸਤਾਨ 'ਚ ਖਦੇੜੇ ਗਏ ਹਿੰਦੂ ਸਿਖਾਂ ਨੂੰ ਨਾਗਰਿਕਤਾ ਦੇ ਰਿਹਾ ਸੀ ਤਾਂ ਇਹ ਵਾਜਬ ਤਵਕੋ ਬਣਦੀ ਹੈ ਕਿ ਇਸਦਾ ਸੰਵਿਧਾਨ ਉਸੇ ਸਮੇਂ ਵਾਪਸ ਆਉਣਾ ਚਾਹੁੰਦੇ ਭਾਰਤ ਦੇ ਜੱਦੀ ਮੁਸਲਮਾਨਾਂ ਲਈ ਵੀ ਨਾਗਰਿਕਤਾ ਦੀ ਗੁੰਜਾਇਸ਼ ਰੱਖਦਾ।

ਇਸ ਇਤਿਹਾਸਕ ਪਿਛੋਕੜ ਵਿਚ ਦੇਖੀਏ ਤਾਂ ਉਪਰ ਜਿਕਰ ਕੀਤੇ ਪਹਿਲੇ ਸਮੂਹ ਲਈ ਸੰਵਿਧਾਨ ਦੀ ਧਾਰਾ 5 ਵਿਚ ਬੰਦੋਬਸਤ ਕੀਤਾ ਗਿਆ ਹੈ। ਉਸ ਸਮੇਂ ਭਾਰਤ ਵਿਚ ਰਹਿ ਗਏ ਸਭ ਧਰਮੀ ਲੋਕਾਂ ਲਈ ਸਮਾਨ ਨਾਗਰਿਕਤਾ ਦਾ ਬੰਦੋਬਸਤ ਇਸ ਧਾਰਾ ਵਿਚ ਕੀਤਾ ਗਿਆ ਹੈ ਪਰ ਇਹ ਹੱਕ ਧਾਰਾ 10 ਤਹਿਤ ਪਾਰਲੀਮੈਂਟ ਤੇ ਕਾਬਜ ਸਰਕਾਰ ਦੇ ਰਹਿਮੋਕਰਮ 'ਤੇ ਛੱਡਿਆ ਗਿਆ ਹੈ ਜਿਸ ਬਾਰੇ ਅਸੀਂ ਅੱਗੇ ਚਰਚਾ ਕਰਾਂਗੇ। ਧਾਰਾ 6 ਉਪਰ ਜ਼ਿਕਰ ਕੀਤੇ ਦੂਸਰੇ ਸਮੂਹ ਲਈ ਨਾਗਰਿਕਤਾ ਦਾ ਬੰਦੋਬਸਤ ਕਰਦੀ ਹੈ। ਇਹ ਧਾਰਾ ਪਾਕਿਸਤਾਨ 'ਚੋਂ ਖਦੇੜੇ ਗਏ ਹਿੰਦੂ ਸਿਖਾਂ ਨੂੰ ਦੋ ਭਾਗਾਂ 'ਚ ਵੰਡਦੀ ਹੈ। ਜੋ ਹਿੰਦੂ/ਸਿੱਖ ਜੁਲਾਈ 1948 ਤੋਂ ਪਹਿਲਾਂ ਮੌਜੂਦਾ ਭਾਰਤ ਆਏ ਉਹਨਾਂ ਨੂੰ ਬਿਨਾਂ ਕਿਸੇ ਫਾਰਮੈਲਟੀ ਨਾਗਰਿਕਤਾ ਦੇ ਦਿੱਤੀ ਗਈ। ਜੋ ਹਿੰਦੂ/ਸਿੱਖ ਜੁਲਾਈ 1948 ਤੋਂ 1950 ਵਿਚਕਾਰ ਸੰਵਿਧਾਨ ਲਾਗੂ ਹੋਣ ਤੱਕ ਆਏ, ਉਹਨਾਂ ਦੀ ਇਕ ਵਿਸ਼ੇਸ਼ ਅਧਿਕਾਰੀ ਤੋਂ ਰਜਿਸਟਰੇਸ਼ਨ ਕਰਕੇ ਨਾਗਰਿਕਤਾ ਦੇਣ ਦਾ ਬੰਦੋਬਸਤ ਕੀਤਾ ਗਿਆ।

ਧਾਰਾ 7, ਉਪਰ ਜ਼ਿਕਰ ਕੀਤੇ ਤੀਸਰੇ ਸਮੂਹ ਦੇ ਸਬੰਧ ਵਿਚ ਨਾਗਰਿਕਤਾ ਤੈਅ ਕਰਦੀ ਹੈ। ਇਸ ਅਨੁਸਾਰ ਜੋ ਜੱਦੀ ਮੁਸਲਮਾਨ ਮਾਰਚ 1947 ਤੋਂ ਬਾਅਦ ਭਾਰਤ ਵਿਚੋਂ ਉਜਾੜ ਕੇ ਪਾਕਿਸਤਾਨ ਜਾਂ ਹੁਣ ਦੇ ਬੰਗਲਾਦੇਸ਼ ਵਿਚ ਭੇਜ ਦਿਤੇ ਗਏ, ਜਿਹਨਾਂ ਦੀ ਜ਼ਮੀਨਾਂ ਜਾਇਦਾਦਾਂ ਭਾਰਤ ਵਿਚ ਰੱਖ ਲਈਆਂ ਗਈਆਂ, ਮਾਲ ਅਸਬਾਬ ਲੁਟ ਲਏ ਗਏ : ਉਹਨਾਂ ਦੀ ਨਾਗਰਿਕਤਾ ਖਤਮ ਕਰ ਦਿਤੀ ਗਈ। ਦਰਅਸਲ, ਟਿਕਟਕਾਅ ਹੋਣ ਤੋਂ ਬਾਅਦ ਉਜੜੇ ਲੋਕਾਂ ਅੰਦਰ ਜੱਦੀ ਥਾਵਾਂ ਵੱਲ ਪਰਤਣ ਦਾ ਰਝਾਨ ਸਾਹਮਣੇ ਆਇਆ ਤਾਂ ਜੁਲਾਈ 1948 ਵਿੱਚ ਭਾਰਤ ਨੇ ਪੱਛਮੀ ਪਾਕਿਸਤਾਨ ਤੋਂ ਆਮਦ 'ਤੇ ਕੰਟਰੋਲ ਆਰਡੀਨੈਂਸ (The Influx from West Pakistan (Control) Ordinance, 1948) ਪਾਸ ਕਰਕੇ ਜੱਦੀ ਮੁਸਲਮਾਨਾਂ ਦੀ ਵਾਪਸੀ ਠੱਲ ਦਿਤੀ। ਇਸ ਆਰਡੀਨੈਂਸ 'ਚ ਅਸਥਾਈ ਗੇੜੇ, ਤੇ ਪੱਕੀ ਵਾਪਸੀ ਸਬੰਧੀ ਪਰਮਿਟ ਸਿਸਟਮ ਤੈਅ ਕੀਤਾ ਗਿਆ। ਪੱਕੀ ਵਾਪਸੀ ਸਬੰਧੀ ਲਾਹੌਰ ਵਿਚ ਭਾਰਤ ਸਰਕਾਰ ਦੇ ਨੁਮਾਇੰਦੇ ਤੋਂ ਵਿਸ਼ੇਸ਼ ਪਰਮਿਟ ਦੀਆਂ ਸ਼ਰਤਾਂ ਤੈਅ ਕਰਕੇ ਕਾਨੂੰਨੀ ਗਧੀਗੇੜ ਦੀ ਅਜਿਹੀ ਪੁਣਨੀ ਬਣਾ ਦਿਤੀ ਗਈ ਜਿਸ ਵਿਚੋਂ ਲੰਘਣਾ, ਕਤਲ ਤੇ ਲੁਟ ਮਾਰ ਝੱਲ ਕੇ ਗਏ ਰੁਲਦੇ-ਪੁਲਦੇ ਮੁਸਲਮਾਨਾਂ, ਜਿੰਨਾਂ ਦੀ ਵੱਡੀ ਗਿਣਤੀ ਅਨਪੜ੍ਹ ਸੀ, ਵਾਸਤੇ ਨਾਮੁਮਕਿਨ ਹੋ ਨਿਬੜਿਆ। ਸੰਵਿਧਾਨ ਦੀ ਧਾਰਾ 7 ਅੰਦਰ ਸਿਰਫ ਉਹਨਾਂ ਜੱਦੀ ਮੁਸਲਮਾਨਾਂ ਨੂੰ ਵਾਪਸੀ ਤੇ ਨਾਗਰਿਕਤਾ ਦਾ ਹੱਕ ਛੱਡਿਆ ਦਿੱਤਾ ਗਿਆ ਜੋ ਇਸ ਪੁਣਨੀ 'ਚੋਂ ਟੱਪ ਸਕਦੇ ਸੀ ਜੋ ਉਹਨਾਂ ਹਾਲਤਾਂ ਅੰਦਰ ਅਸੰਭਵ ਤੋਂ ਪਰਲਾ ਮਾਮਲਾ ਸੀ। ਵਾਪਰਿਆ ਇਹ ਕਿ ਵਾਪਸ ਪਰਤੇ ਮੁਸਲਮਾਨਾਂ ਨੂੰ ਕਾਨੂੰਨ 'ਚ ਵਾਪਰੀਆਂ ਇਹਨਾਂ ਤਬਦੀਲੀਆਂ ਦਾ ਕੋਈ ਇਲਮ ਹੀ ਨਹੀਂ ਸੀ ਹੁੰਦਾ। ਵਾਪਸੀ, ਉਹਨਾਂ ਵਾਸਤੇ ਗੱਡੀ ਫੜਕੇ ਘਰ ਜਾਣ ਵਰਗਾ ਮਾਮਲਾ ਸੀ। ਜਦੋਂ ਛਾਂਟ ਛਾਂਟ ਕੇ ਪੁਲਿਸ ਵਾਪਸ ਪਰਤੇ ਮੁਸਲਮਾਨਾਂ ਨੂੰ ਗਿਰਫਤਾਰ ਕਰਨ ਲੱਗੀ ਤੇ ਉਹਨਾਂ ਤੋਂ ਪਰਮਿਟ ਮੰਗੇ ਗਏ, ਉਦੋਂ ਉਹਨਾਂ ਨੂੰ ਪਤਾ ਲਗਿਆ ਕਿ ਉਹ ਹੁਣ ਕਾਨੂੰਨੀ ਤੌਰ 'ਤੇ ਪ੍ਰਦੇਸੀ ਕਾਨੂੰਨ 1946 (Foreigners Act 1946) ਦੀ ਜਦ 'ਚ ਆ ਗਏ ਹਨ। ਇਸ ਕਾਨੂੰਨ ਤਹਿਤ ਉਹਨਾਂ ਨੂੰ ਬਦੇਸ਼ੀ ਕਰਾਰ ਦੇਣਾ ਬਹੁਤ ਸੀ, ਇਹ ਜ਼ੁੰਮੇਵਾਰੀ ਉਹਨਾਂ ਤੇ ਸੀ ਕਿ ਉਹ ਖੁਦ ਨੂੰ ਭਾਰਤ ਦਾ ਬਸ਼ਿੰਦਾ ਸਾਬਤ ਕਰਨ! ਅਨਪੜ੍ਹ, ਉਜਾੜ ਦਿਤੇ ਗਏ ਲੋਕਾਂ ਵਾਸਤੇ ਕੋਈ ਵਸੀਲਾ ਚਾਰਜੋਈ ਨਹੀਂ ਬਚੀ! ਨਾ ਉਹ ਕੋਈ ਪਰਮਿਟ ਦਿਖਾ ਸਕੇ, ਨਾ ਬਹੁਤੇ ਕੋਈ ਚਾਰਾਜੋਈ ਹੀ ਕਰ ਸਕੇ: ਪਹਿਲਾਂ ਉਹਨਾਂ ਨੂੰ ਦੰਗਈਆਂ ਨੇ ਉਜਾੜਿਆ ਤੇ ਮਗਰੋਂ ਭਾਰਤ ਦੇ ਸਵਿਧਾਨ ਤੇ ਕਾਨੂੰਨ ਨੇ! (ਮਗਰੋਂ ਤਾਂ ਇਹ ਰੀਤ ਹੀ ਬਣ ਗਈ ਹੈ, ਦੰਗਈ ਸ਼ੁਰੂ ਕਰਦੇ ਹਨ ਤੇ ਅਦਾਲਤਾਂ ਸਮਾਪਨ!)

ਮਸਲਨ, ਅਬੂਬਕਰ ਨਾਂ ਦਾ ਇਕ 11 ਸਾਲ ਦਾ ਲੜਕਾ ਹੱਲਿਆਂ ਵੇਲੇ ਜਦ ਮਾਰਧਾੜ ਪਈ ਤਾਂ ਪਰਿਵਾਰ ਤੋਂ ਜੁਦਾ ਹੋਕੇ ਕਿਸੇ ਕਾਫਲੇ ਨਾਲ ਰਲ ਕੇ ਕੇਰਲਾ ਤੋਂ ਪਾਕਿਸਤਾਨ ਚਲਿਆ ਗਿਆ। ਸੁਰਤ ਸੰਭਲਣ ਤੇ ਹੀਲਾ ਵਸੀਲਾ ਜੁਟਾ ਕੇ ਪਰਿਵਾਰ ਨੂੰ ਲਭਦਾ 1954 'ਚ ਪਰਤਿਆ ਤਾਂ ਉਸਨੂੰ ਉਸਦੇ ਪਰਿਵਾਰ ਦੇ ਜੀਅ ਮਿਲ ਗਏ। 1964 ਵਿਚ ਉਹ ਫੜਿਆ ਗਿਆ। ਬਦੇਸ਼ੀ ਟ੍ਰਿਬਿਊਨਲ ਨੇ ਪਾਸਪੋਰਟ ਕਾਨੂੰਨ 1950 ਤੇ ਸਵਿਧਾਨ ਦੀ ਧਾਰਾ 7 ਦੇ ਹਵਾਲੇ ਨਾਲ ਦੇਸ਼ ਨਿਕਾਲਾ ਦੇ ਦਿੱਤਾ। ਅਬੂਬਕਰ ਦੇ ਘਰਦਿਆਂ ਨੇ ਹਾਈ ਕੋਰਟ ਰਿਟ ਕੀਤੀ, ਖਾਰਜ ਹੋ ਗਈ ਤਾਂ ਆਖਰ ਮਸਲਾ ਸੁਪਰੀਮ ਕੋਰਟ ਪਹੁੰਚਿਆ ਜਿਥੇ ਸਵਿਧਾਨਕ ਬੈਂਚ ਨੇ ਸਵਿਧਾਨ ਦੀਆਂ ਧਾਰਾਵਾਂ 5,6 ਤੇ 7 ਦੇ ਹਵਾਲੇ ਨਾਲ ਅਬੂਬਕਰ ਦੀ ਅਪੀਲ ਖਾਰਜ ਕਰ ਦਿੱਤੀ। (ਦੇਖੋ ਸੁਪਰੀਮ ਕੋਰਟ ਜੱਜਮੈਂਟ)

ਇਸੇ ਤਰ੍ਹਾਂ ਰਾਇਪੁਰ (ਮੌਜੂਦਾ ਛਤੀਸਗੜ੍ਹ) ਤੋਂ ਹਬੀਬ ਅਹਿਮਦ ਰਿਜ਼ਵੀ ਨਾਂ ਦਾ ਸ਼ਖਸ 1938 'ਚ ਵਧੀਕ ਅਸਿਸਟੈਂਟ ਕਮਿਸ਼ਨਰ ਰਿਟਾਇਰ ਹੋਇਆ ਸੀ ਅਤੇ ਹੱਲਿਆਂ ਵੇਲੇ ਉਸਦੀ ਬੇਟੀ, ਉਸਦੀ ਸੱਸ ਨਾਲ ਪਾਕਿਸਤਾਨ ਚਲੀ ਗਈ। ਪਰਿਵਾਰ ਦਾ ਇਕ ਹਿੱਸਾ ਮਾਰਧਾੜ 'ਚ ਕਾਫਲਿਆਂ ਨਾਲ ਬਚਦਾ ਬਚਾਉਂਦਾ ਢਾਕਾ ਪਹੁੰਚ ਗਿਆ। ਉਹ ਆਪਣੇ ਕੁਝ ਪਰਿਵਾਰ ਨਾਲ ਰਾਇਪੁਰ ਹੀ ਰਹਿ ਗਿਆ। ਟਿਕਟਕਾ ਤੋਂ ਬਾਅਦ ਉਹ ਆਪਣੇ ਪਰਿਵਾਰ ਨੂੰ ਤਲਾਸ਼ਦਾ ਪਾਕਿਸਤਾਨ ਗਿਆ ਤਾਂ ਮਗਰੋਂ 1948 ਦਾ ਆਰਡੀਨੈਂਸ ਲਾਗੂ ਹੋ ਗਿਆ। ਪੜ੍ਹਿਆ ਲਿਖਿਆ ਹੋਣ ਕਾਰਨ ਉਹ ਪੱਕੇ ਵਸੇਬੇ ਦਾ ਪਰਮਿਟ ਲੈਣ ਲਹੌਰ ਗਿਆ ਤਾਂ ਲਾਹੌਰ ਹਾਈ ਕਮਿਸ਼ਨਰ ਨੇ ਜਵਾਬ ਦਿੱਤਾ ਕਿ ਪੱਕੇ ਵਸੇਬੇ ਦਾ ਪਰਮਿਟ ਦੇਣ 'ਚ ਲੰਮਾ ਸਮਾਂ ਲੱਗੇਗਾ, ਤੁਸੀਂ ਆਰਜ਼ੀ ਰਿਹਾਇਸ਼ ਦਾ ਪਰਮਿਟ ਲੈ ਲਓ। ਉਹ ਆਰਜ਼ੀ ਪਰਮਿਟ ਤੇ ਭਾਰਤ ਆ ਗਿਆ ਤਾਂ ਮਿਆਦ ਪੁਗਣ ਤੋਂ ਪਹਿਲਾਂ, ਕਾਨੂੰਨੀ ਉਲੰਘਣਾ ਤੋਂ ਬਚਣ ਵਾਸਤੇ ਉਹ ਆਪਣੇ ਬਾਕੀ ਪਰਿਵਾਰ ਪਾਸ ਮੌਜੂਦਾ ਬੰਗਲਾਦੇਸ਼ ਚਲਾ ਗਿਆ ਤੇ ਪਰਮਿਟ ਸਿਸਟਮ ਨਾਲ ਵਾਪਸ ਆਉਣ ਦੇ ਯਤਨ ਕੀਤੇ। ਆਖਰ ਉਹ ਪਰਮਾਨੈਂਟ ਪਰਮਿਟ ਲੈਣ 'ਚ ਅਸਫਲ ਰਿਹਾ ਤਾਂ ਉਸਨੇ ਬੰਬੇ ਹਾਈ ਕੋਰਟ 'ਚ ਰਿਟ ਦਾਇਰ ਕੀਤੀ ਜੋ ਖਾਰਜ ਹੋ ਗਈ। ਜਾਹਰ ਤੌਰ ਤੇ ਦੰਗਈ ਉਸਨੂੰ ਨਹੀਂ ਉਜਾੜ ਸਕੇ ਪਰ ਸਵਿਧਾਨ ਤੇ ਕਾਨੂੰਨ ਨੇ ਉਸਦਾ ਉਜਾੜਾ ਕਰ ਦਿਤਾ। (ਦੇਖੋ ਜੱਜਮੈਂਟ)

ਇੱਕ ਹੋਰ ਮਾਮਲੇ ਵਿਚ, 1948 ਗੁਜਰਾਤ ਦੇ ਮੌਜੂਦਾ ਕੱਛ ਏਰੀਆ ਦਾ ਇਕ ਕਬੀਲਾ ਆਪਣੀ ਪੁਰਾਤਨ ਪ੍ਰੰਪਰਾ ਅਨੁਸਾਰ ਉਸ ਇਲਾਕੇ 'ਚ ਆਰਜ਼ੀ ਪ੍ਰਵਾਸ ਕਰ ਗਿਆ ਜੋ ਪਾਕਿਸਤਾਨ 'ਚ ਆ ਗਿਆ ਹੋਇਆ ਸੀ। ਮਾਮਲਾ ਇਹ ਹੈ ਕਿ ਕੱਛ ਦਾ ਇਲਾਕਾ ਰੇਗਿਸਤਾਨੀ ਤੇ ਵੀਰਾਨਾ ਇਲਾਕਾ ਹੈ। ਉਦੋਂ ਦੀਆਂ ਸੰਚਾਰ ਹਾਲਤਾਂ ਅੰਦਰ ਬਹੁਤੀ ਥਾਂ ਲੋਕਾਂ ਨੂੰ ਭਾਰਤ ਪਾਕਿਸਤਾਨ ਦੀ ਹੱਦਬੰਦੀ ਦਾ ਪਤਾ ਨਹੀਂ ਲਗਾ, ਮਗਰਲੇ ਆਰਡੀਨੈਂਸਾ ਦਾ ਤਾਂ ਪਤਾ ਹੀ ਕੀ ਲਗਣਾ ਸੀ। ਤਾਂ ਇਹ ਕਬੀਲਾ ਸੋਕੇ ਦੀਆਂ ਹਾਲਤਾਂ 'ਚ ਆਪਣੀ ਮੂਲ ਜਗ੍ਹਾ ਤੋਂ ਪੱਛਮ ਵੱਲ ਕਿਸੇ ਨਿਸ਼ਚਤ ਸਥਾਨ ਤੇ ਪ੍ਰਵਾਸ ਕਰਦਾ ਆ ਰਿਹਾ ਸੀ। ਸੋਕਾ ਖਤਮ ਹੋਣ ਤੋਂ ਬਾਅਦ ਇਹ ਕਬੀਲਾ ਮੁੜ ਪਰਤ ਆਉਂਦਾ ਸੀ। ਹੱਲਿਆਂ ਵੇਲੇ ਇਹ ਲੋਕ ਇਧਰ ਹੀ ਰਹੇ। ਪਰ ਮਗਰੋਂ 1948 'ਚ ਸੋਕਾ ਪੈ ਗਿਆ ਤੇ ਹੱਦਾਂ ਹੁਣ ਵਾਂਗ ਸਖਤ ਨਹੀਂ ਸਨ ਤੇ ਇਹ ਲੋਕ ਰਵਾਇਤ ਅਨੁਸਾਰ ਪ੍ਰਵਾਸ ਕਰ ਗਏ। 1950 'ਚ ਸੋਕਾ ਖਤਮ ਹੋਇਆ ਤਾਂ ਵਾਪਸ ਆਉਂਦੇ ਇਹ ਟਪਰੀਵਾਸ ਲੋਕ ਗ੍ਰਿਫਤਾਰ ਕਰ ਲਏ ਗਏ। ਇਹਨਾਂ ਨੇ ਅਦਾਲਤ ਤੱਕ ਪਹੁੰਚ ਕੀਤੀ ਤਾਂ ਸੰਵਿਧਾਨ, ਉਕਤ ਆਰਡੀਨੈਂਸ ਦੇ ਹਵਾਲੇ ਨਾਲ ਇਹਨਾਂ ਦੀ ਅਪੀਲ ਖਾਰਜ ਹੋ ਗਈ ਤੇ ਇਹ ਦੇਸਬਦਰ ਕਰ ਦਿੱਤੇ ਗਏ।

ਇਹ ਨਮੂਨੇ ਦੇ ਤੌਰ 'ਤੇ ਮੈਂ ਅਲੱਗ ਅਲੱਗ ਕਿਸਮ ਦੇ ਤਿੰਨ ਕੇਸ ਲਏ ਹਨ। ਉਕਤ ਆਰਡੀਨੈਂਸ ਦੇ ਹਵਾਲੇ ਨਾਲ ਨੈਟ ਤੇ ਬਹੁਤ ਸਾਰੇ ਕੇਸ ਦੇਖੇ ਜਾ ਸਕਦੇ ਹਨ। ਤੇ ਇਹ ਤਾਂ ਉਹ ਲੋਕ ਹਨ ਜੋ ਉਹਨਾਂ ਵਕਤਾਂ ਵਿਚ ਹਾਈ ਕੋਰਟਾਂ ਜਾਂ ਸੁਪਰੀਮ ਕੋਰਟਾਂ ਤੱਕ ਰਸਾਈ ਕਰ ਸਕੇ। ਲੱਖਾਂ ਹੋਰ ਤਾਂ ਬੱਸ ਦੱਵਲ ਦਿੱਤੇ ਗਏ। ਇਸ ਕਾਨੂੰਨੀ ਚਰਚਾ ਤੇ ਇਸਦੇ ਨਤੀਜਿਆਂ ਤੇ ਝਾਤ ਮਾਰਕੇ ਇਹ ਸਪਸ਼ਟ ਹੋ ਜਾਂਦਾ ਹੈ ਕਿ ਜਿਸ ਨੂੰ ਦੰਗਈ ਨੇ ਦਵੱਲ ਦਿੱਤਾ, ਉਸਨੂੰ ਕਾਨੂੰਨ ਨੇ ਵਾਪਸ ਨਹੀਂ ਆਉਣ ਦਿੱਤਾ। (ਦੰਗਈ ਤੇ ਕਾਨੂੰਨ ਦਾ ਇਹ ਸੁਰਤਾਲ, ਬਾਬਰੀ ਮਸਜਿਦ ਫੈਸਲੇ 'ਚ ਵੀ ਜਾਹਰ ਹੋ ਚੁਕਾ ਹੈ।) ਇਹ ਸੰਵਿਧਾਨਕ ਤੇ ਕਾਨੂੰਨੀ ਰਵੱਈਆ, ਭਾਰਤ ਦੇ ਹੁਕਮਰਾਨਾਂ ਵਲੋਂ 1947 ਦੇ ਫਸਾਦਾਂ 'ਚ ਨਿਭਾਏ ਮੁਜਰਮਾਨਾ ਰੋਲ ਦੀ ਵੀ ਪੁਸ਼ਟੀ ਕਰਦਾ ਹੈ। ਉਜਾੜੇ ਗਏ ਲੋਕਾਂ ਦਾ ਪ੍ਰਤਖ ਅਨੁਭਵ ਰਿਹਾ ਹੈ ਕਿ ਉਹਨਾਂ ਤੇ ਹਮਲੇ ਜਥੇਬੰਦ ਕੀਤੇ ਕਾਤਲੀ ਗ੍ਰੋਹਾਂ ਤੇ ਸੁਰੱਖਿਆ ਦਸਤਿਆਂ, ਪੁਲਿਸ ਵਗੈਰਾ ਦੀ ਸਰਗਰਮ ਸ਼ਮੂਲੀਅਤ ਨਾਲ ਕੀਤੇ ਗਏ। ਇਹ ਸਵਾਲ ਹਾਲੇ ਪੁੱਛਿਆ ਨਹੀਂ ਗਿਆ ਕਿ 1947 'ਚ ਜਦੋਂ ਬਗਾਵਤ ਕਰਨ ਵਾਲੇ ਫੌਜੀਆਂ, ਕਿਸਾਨ ਸੰਘਰਸ਼ਾਂ ਤੇ ਹੋਰਨਾਂ ਲੋਕ ਲਹਿਰਾਂ ਖਿਲਾਫ ਮੁਕਦਮੇ ਦਰਜ ਕੀਤੇ ਜਾਣੇ ਬਾਦਸਤੂਰ ਜਾਰੀ ਰਹੇ ਤਾਂ ਫਸਾਦੀਆਂ ਖਿਲਾਫ ਮੁਲਕ ਭਰ 'ਚ ਪਰਚੇ ਦਰਜ ਕਰਨ ਤੋਂ ਕਿਸਨੇ ਰੋਕਿਆ? ਤਾਂ ਇਹ ਸਾਰਾ ਜੁੜਤ ਅਮਲ, ਸਾਮਰਾਜ ਤੇ ਸਥਾਨਕ ਹਾਕਮਾਂ ਖਿਲਾਫ ਉਠ ਰਹੇ ਲੋਕ ਉਭਾਰਾਂ ਨੂੰ ਕੁਚਲਣ ਵਾਸਤੇ ਭਾਰਤ ਤੇ ਪਾਕਿਸਤਾਨ ਦੇ ਹਾਕਮਾਂ ਵਲੋਂ ਜਥੇਬੰਦ ਕੀਤੇ ਭਿਆਨਕ ਕਤਲੇਆਮ ਦੀ ਗਵਾਹੀ ਭਰਦਾ ਹੈ ਤੇ ਨਾਗਰਿਕਤਾ ਕਾਨੂੰਨਾਂ 'ਚ ਇਸ ਰੋਲ ਦੀ ਝਲਕ ਮਿਲਦੀ ਹੈ। ਉਸ ਸਮੇਂ, ਜਦੋਂ ਕੋਈ ਹਿੰਦੂ ਸਿਖ ਪਾਕਿਸਤਾਨ 'ਚੋਂ ਆਕੇ ਭਾਰਤ ਦੀ ਨਾਗਰਿਕਤਾ ਲੈ ਸਕਦਾ ਸੀ, ਉਸੇ ਹੀ ਸਮੇਂ ਇਥੋਂ ਦਵਲਿਆ ਜੱਦੀ ਮੁਸਲਮਾਨ ਸੰਵਿਧਾਨਕ ਤੇ ਕਾਨੂੰਨੀ ਤੌਰ 'ਤੇ ਪਰਤਣ ਤੋਂ ਅਸਮਰਥ ਸੀ। ਉਸਤੋਂ ਨਾਗਰਿਕਤਾ ਖੋਹ ਲਈ ਗਈ। ਇਹ ਧਰਮ ਦੇ ਅਧਾਰ ਤੇ ਭਾਰਤੀ ਰਾਜ ਵਲੋਂ ਕੀਤੇ ਪਹਿਲੇ ਕਾਨੂੰਨੀ ਵਿਤਕਰੇ ਦੀ ਪੁਲਾਂਘ ਸੀ ਜੋ ਹੁਣ ਵਿਤਕਰੇਬਾਜ਼ੀ ਦਾ ਇਕ ਲੰਮਾ ਸਫਰ ਬਣ ਚੁੱਕੀ ਹੈ।

ਹਾਲੇ ਵੀ ਭੁਲੇਖਾ ਹੋਵੇ ਕਿ ਚਲੋ, ਉਸ ਸਮੇਂ ਦੇ ਹਲਾਤਾਂ ਮੁਤਾਬਕ ਅੱਗਾ-ਪਿੱਛਾ ਹੋ ਗਿਆ ਹੋਵੇਗਾ। ਅੱਗੋਂ ਤੋਂ ਤਾਂ ਸੰਵਿਧਾਨ ਨੇ ਸਭ ਦੇ ਨਾਗਰਿਕ ਹੱਕਾਂ ਦੀ ਰਾਖੀ ਦਾ ਬੰਦੋਬਸਤ ਕੀਤਾ ਹੀ ਹੋਵੇਗਾ ਤਾਂ ਸਬਰ ਨਾਲ ਅੱਗੇ ਵਾਸਤੇ ਕੀਤੇ ਸੰਵਿਧਾਨਕ ਬੰਦੋਬਸਤਾਂ ਤੇ ਇਹਨਾਂ ਦੇ ਵਜੂਦ ਸਮਾਏ ਸਿਟਿਆਂ ਤੇ ਵਿਚਾਰ ਕਰੋ। ਧਾਰਾ 10 ਤੇ 11 ਨਾਗਰਿਕਤਾ ਹੱਕਾਂ ਦੇ ਲਾਗੂ ਹੋਣ ਸਬੰਧੀ ਪਾਰਲੀਮੈਂਟ ਦੀਆਂ ਤਾਕਤਾਂ ਬਿਆਨ ਕਰਦੀ ਹੈ। ਧਾਰਾ 10, ਨਾਗਰਿਕਤਾ ਨੂੰ ਪਾਰਲੀਮੈਂਟ ਦੀ ਅਸੀਮਤ ਕਾਨੂੰਨੀ ਤਾਕਤ ਅਧੀਨ ਕਰਦੀ ਹੈ। ਮਤਲਬ ਇਹ ਕਿ ਤੁਸੀਂ ਲੱਖ ਜੱਦੀਪੁਸ਼ਤੀ ਨਾਗਰਿਕ ਹੋਵੋਂ, ਪਰ ਤੁਹਾਡੀ ਨਾਗਰਿਕਤਾ ਤੇ ਇਸ ਨਾਲ ਜੁੜੇ ਬੁਨਿਆਦੀ ਕਾਨੂੰਨੀ ਹੱਕ ਬੇਸ਼ਰਤ ਨਹੀਂ ਸਗੋਂ ਪਾਰਲੀਮੈਂਟ ਦੀ ਮਰਜ਼ੀ ਅਧੀਨ ਹਨ। ਮਿਸਾਲ ਵਜੋਂ ਕੱਲ੍ਹ ਨੂੰ ਪਾਰਲੀਮੈਂਟ ਇਹ ਕਾਨੂੰਨ ਬਣਾ ਦੇਵੇ ਕਿ ਜਿਸਨੂੰ ਦੇਸ਼ਧਰੋਹ ਦੇ ਕੇਸ 'ਚ ਸਜ਼ਾ ਹੋਈ ਹੈ ਤਾਂ ਉਸਦੀ ਨਾਗਰਿਕਤਾ ਰੱਦ ਕੀਤੀ ਜਾਵੇਗੀ ਤਾਂ ਸੰਵਿਧਾਨ ਇਸਦੀ ਇਜਾਜਤ ਦਿੰਦਾ ਹੈ। (ਹੁਣ ਦੇਸ਼ਪ੍ਰੇਮ ਤੇ ਦੇਸ਼ਧ੍ਰੋਹ ਦੀ ਸਿਆਸਤ ਕਿਸੇ ਤੋਂ ਗੁੱਝੀ ਨਹੀਂ) ਜਾਂ, ਕੋਈ ਇਹ ਕਾਨੂੰਨ ਬਣ ਜਾਵੇ ਜੋ ਕਿਸੇ ਖਾਸ ਸਮੂਹ ਦੇ ਸਿਵਲ ਨਾਗਰਿਕ ਅਧਿਕਾਰ ਤਾਂ ਲਾਗੂ ਰਹਿਣ ਦੇਵੇ ਪਰ ਸਿਆਸੀ ਅਧਿਕਾਰ (ਮਸਲਨ ਵੋਟ ਪਾਉਣ ਦਾ ਅਧਿਕਾਰ) ਖੋਹ ਲਵੇ ਤਾਂ ਭਾਰਤ ਦਾ ਸੰਵਿਧਾਨ ਇਸਦੀ ਇਜਾਜਤ ਦਿੰਦਾ ਹੈ। ਇਹ ਨਿਰੋਲ ਕਲਪਨਾ ਨਹੀਂ ਹੈ ਸਗੋਂ ਸੰਵਿਧਾਨ ਘੜਨੀ ਸਭਾ ਅੰਦਰ ਨਾਗਰਿਕ ਕਾਨੂੰਨਾਂ ਦਾ ਖਰੜਾ ਪੇਸ਼ ਕਰਨ ਵੇਲੇ ਡਾ ਅੰਬੇਦਕਰ ਨੇ ਸਪਸ਼ਟ ਕਿਹਾ ਸੀ ਕਿ ਇਹ ਆਰਜੀ ਬੰਦੋਬਸਤ ਹਨ। (ਦੇਖੋ ਡਾ ਅੰਬੇਦਕਰ ਵਲੋਂ ਪੇਸ਼ ਖਰੜਾ)। ਕੁਝ ਹਿੱਸਿਆਂ ਵਲੋਂ ਇਹ ਚਲੰਤ ਚਰਚਾ ਵੀ ਬਹਿਸ ਅਧੀਨ ਆਈ ਸੀ ਜਿਸ ਵਿਚ ਸਿਵਲ ਅਧਿਕਾਰਾਂ ਤੇ ਸਿਆਸੀ ਅਧਿਕਾਰਾਂ ਨੂੰ ਜੁਦਾ ਕਰਨ ਦੇ ਸਿਧਾਂਤਾਂ ਦਾ ਜ਼ਿਕਰ ਹੋਇਆ ਸੀ। ਜੱਦੀ ਨਾਗਰਿਕਾਂ ਦੇ ਨਾਗਰਿਕਤਾ ਹੱਕਾਂ ਨੂੰ ਬੇਸ਼ਰਤ ਕਰਨ ਦੇ ਬੰਦੋਬਸਤ ਦੀ ਬਜਾਏ, ਇਸਨੂੰ ਸੰਵਿਧਾਨ ਨੇ ਪਾਰਲੀਮੈਂਟ ਦੀ ਮਰਜ਼ੀ ਦੇ ਅਧੀਨ ਤੇ ਖੁਲ੍ਹਾ ਰੱਖਿਆ ਹੈ ਜਿਸਦੇ ਵਜੂਦ ਸਮਾਏ ਅਸਰ ਸਾਡੇ ਸਾਹਮਣੇ ਹਨ। (ਸੰਵਿਧਾਨ ਘੜਨੀ ਸਭਾ 'ਚ ਬਹਿਸ ਨੰਗੇ ਚਿੱਟੇ ਤੌਰ 'ਤੇ ਫਿਰਕੂ ਸਰੋਕਾਰਾਂ ਨਾਲ ਰੰਗੀ ਹੋਈ ਸੀ, ਜੋ ਲੋਕ ਸਭਾ ਦੀ ਸਾਈਟ ਤੋਂ ਪੜ੍ਹੀ ਜਾ ਸਕਦੀ ਹੈ।)

ਧਾਰਾ 11 ਬਹੁਤ ਹੀ ਸਪਸ਼ਟਤਾ ਨਾਲ ਕਹਿੰਦੀ ਹੈ ਕਿ ਪਾਰਲੀਮੈਂਟ ਪਾਸ ਨਾਗਰਿਕਤਾ ਦੇਣ ਤੇ ਰੱਦ ਕਰਨ ਸਬੰਧੀ ਕਾਨੂੰਨ ਬਣਾਉਣ ਨਿਯਮ ਬਣਾਉਣ ਤੇ ਕੋਈ ਵੀ ਕਦਮ ਲੈਣ ਦੇ ਅਧਿਕਾਰ ਹਨ। ਸੋ, ਬੇਸ਼ਰਤ ਨਾਗਰਿਕਤਾ ਹੱਕ ਨੂੰ ਸੁਨਿਸ਼ਚਤ ਕਰਨ ਦੀ ਬਜਾਏ, ਇਸ ਅੰਦਰ ਕਿਸੇ ਵੀ ਕਿਸਮ ਦੀ ਦਖਲ ਅੰਦਾਜ਼ੀ ਕਰਨ ਦੇ ਹਕੂਮਤ ਦੇ ਹੱਕ ਨੂੰ ਸੁਨਿਸ਼ਚਤ ਕੀਤਾ ਗਿਆ ਹੈ। ਇਸੇ ਬੰਦੋਬਸਤ ਦਾ ਲਾਹਾ ਲੈਕੇ ਭਾਰਤ ਦੇ ਹਾਕਮਾਂ ਨੇ ਸਮੇਂ ਸਮੇਂ ਨਾਗਰਿਕਤਾ ਕਾਨੂੰਨਾਂ ਅੰਦਰ ਮਨਚਾਹੀਆਂ ਤਬਦੀਲੀਆਂ ਕੀਤੀਆਂ ਹਨ ਤੇ ਮੌਜੂਦਾ ਸੋਧਾਂ ਵੀ ਇਸੇ ਧਾਰਾ ਤਹਿਤ ਪਾਰਲੀਮਾਨੀ ਹੱਕ ਦੀ ਵਰਤੋਂ ਕਰਕੇ ਕੀਤੀ ਗਈ ਹੈ।

ਸੋ, ਲਿਖਤ ਦੀ ਅਗਲੀਆਂ ਕਿਸ਼ਤਾਂ ਵਿਚ 1955 ਦੇ ਨਾਗਰਿਕਤਾ ਕਾਨੂੰਨ, ਨਾਗਰਿਕਤਾ ਰਜਿਸਟਰ ਸਬੰਧੀ ਨਿਯਮਾਂ, 1980ਵਿਆਂ ਦੀ ਸੋਧਾਂ, 2004 ਦੀ ਸੋਧ ਤੇ ਨਿਯਮ ਤੇ ਮੌਜੂਦਾ ਸੋਧਾਂ ਬਾਰੇ ਕਦਮ ਬ ਕਦਮ ਚਰਚਾ ਕਰਦੇ ਹੋਏ ਅਸੀਂ ਦੇਖਾਂਗੇ ਕਿ ਕਿਵੇਂ ਨਾ ਸਿਰਫ ਭਾਰਤੀ ਸੰਵਿਧਾਨ, ਸਗੋਂ ਇਸਦੇ ਸਮੁਚੇ ਪਾਰਲੀਮਾਨੀ ਉਸਾਰ ਨੇ - ਚਾਹੇ ਉਹ ਇਸਦਾ ਕਥਿਤ ਖੱਬਾ ਪੱਖ ਹੋਵੇ, ਸੈਂਟਰ ਹੋਵੇ ਜਾਂ ਸੱਜਾ ਪੱਖ ਤਾਂ ਹੈ ਹੀ; ਇਸ ਫਿਰਕੂ ਵਿਤਕਰੇ ਤੇ ਨਾਗਰਿਕ ਹੱਕਾਂ ਤੇ ਛਾਪੇ ਮਾਰਨ ਦੀ ਸਥਿਤੀ ਨੂੰ ਬਰਕਰਾਰ ਰੱਖਿਆ ਹੈ ਤੇ ਸਗੋਂ ਮਜਬੂਤ ਕੀਤਾ ਹੈ ਤੇ ਇਹ ਵੀ ਕਿ ਮੌਜੂਦਾ ਘਟਨਾਕ੍ਰਮ ਸੰਵਿਧਾਨ ਦੇ ਵਜੂਦ 'ਚ ਪਏ ਵਿਤਕਰੇ ਦਾ ਅਗਲਾ ਵਿਕਾਸ ਹੀ ਹੈ। ਮੌਜੂਦਾ ਅੰਦੋਲਨ ਦੀ ਮੰਗਾਂ ਨੂੰ ਛਾਂਟਣ ਵਾਸਤੇ ਵੀ ਇਸ ਪੜਤਾਲ 'ਤੇ ਇਸਦੀ ਸਮੁਚਤਾ 'ਚ ਵਿਚਾਰ-ਚਰਚਾ ਕਰਨ ਦੀ ਜ਼ਰੂਰਤ

(ਹਵਾਲੇ ਪਹਿਲੇ ਕਮੈਂਟ ਅੰਦਰ)

[ਵਾਧਾ: ਮੌਜੂਦਾ ਅੰਦੋਲਨ ਦੀਆਂ ਹੋਰਨਾਂ ਮੰਗਾਂ ਤੋਂ ਬਿਨਾਂ ਸੰਵਿਧਾਨ ਨਾਲ ਸਬੰਧਤ ਇਹ ਮੰਗਾਂ ਜੋੜੀਆਂ ਜਾ ਸਕਦੀਆਂ ਹਨ ਕਿ :

1. ਸੰਵਿਧਾਨ ਦੀ ਧਾਰਾ 10 ਅੰਦਰ ਸੋਧ ਕੀਤੀ ਜਾਵੇ ਕਿ ਪਾਰਲੀਮੈਂਟ ਕਿਸੇ ਵੀ ਨਾਗਰਿਕ ਜਾਂ ਨਾਗਰਿਕ ਸਮੂਹ ਦੀ ਨਾਗਰਿਕਤਾ ਰੱਦ ਨਹੀਂ ਕਰ ਸਕਦੀ।
2. ਸੰਵਿਧਾਨ ਦੀ ਧਾਰਾ 11 ਅੰਦਰ ਸੋਧ ਕੀਤੀ ਜਾਵੇ ਕਿ ਪਾਰਲੀਮੈਂਟ ਪਾਸ ਨਾਗਰਿਕਤਾ ਟਰਮੀਨੇਟ ਕਰਨ ਸਬੰਧੀ ਕਾਨੂੰਨ ਬਣਾਉਣ ਦਾ ਅਧਿਕਾਰ ਨਹੀਂ ਹੋਵੇਗਾ। (ਬਦੇਸ਼ੀ ਨਾਗਰਿਕਤਾ ਹਾਸਲ ਹੋਣ ਕਾਰਣ ਭਾਰਤ ਦੀ ਨਾਗਰਿਕਤਾ ਖਤਮ ਹੋਣ ਦਾ ਬੰਦੋਬਸਤ ਧਾਰਾ 9 ਵਿਚ ਪਹਿਲਾਂ ਹੀ ਮੌਜੂਦ ਹੈ।
3. ਸੰਵਿਧਾਨ ਦੀ ਧਾਰਾ 11 ਅੰਦਰ ਸੋਧ ਕੀਤੀ ਜਾਵੇ ਕਿ ਪਾਰਲੀਮੈਂਟ ਕਿਸੇ ਕਾਨੂੰਨ ਰਾਹੀਂ ਨਾਗਰਿਕਤਾ ਦੇਣ ਸਬੰਧੀ ਅਜਿਹਾ ਕਾਨੂੰਨ ਪਾਸ ਨਹੀਂ ਕਰ ਸਕਦੀ ਜਿਸ ਨਾਲ ਪ੍ਰਤੱਖ ਜਾਂ ਅਪ੍ਰਤਖ ਤੌਰ 'ਤੇ ਧਰਮ, ਜਾਤ, ਨਸਲ, ਲਿੰਗ ਆਦਿ ਦਾ ਵਿਤਕਰਾ ਪੈਦਾ ਹੁੰਦਾ ਹੋਵੇ।
4. ਸੰਵਿਧਾਨ ਦੀ ਧਾਰਾ 6 ਤੇ 7 ਦਾ ਹੁਣ ਕੋਈ ਮਕਸਦ ਬਾਕੀ ਨਹੀਂ ਰਿਹਾ ਅਤੇ ਇਹਨਾਂ ਵਿਚ ਧਰਮ ਅਧਾਰ ਤੇ ਨਾਗਰਿਕਤਾ ਸਬੰਧੀ ਵਿਤਕਰੇ ਦਾ ਸਿਧਾਂਤ/ਨਿਯਮ ਮੌਜੂਦ ਹੋਣ ਕਾਰਣ ਇਹਨਾਂ ਧਰਾਵਾਂ ਨੂੰ ਸੰਵਿਧਾਨ 'ਚੋਂ ਹਟਾਇਆ ਜਾਵੇ।
5. ਸੰਵਿਧਾਨ ਦੀ ਧਾਰਾ 5 ਵਿਚ ਜਨਮ ਅਧਾਰਤ ਨਾਗਰਿਕਤਾ ਦੇ ਸਿਧਾਂਤ ਨੂੰ ਮਾਨਤਾ ਦਿਤੀ ਗਈ ਹੈ। ਇਸ ਅਨੁਸਾਰ ਜੋ ਵੀ ਭਾਰਤ 'ਚ ਰਹਿੰਦਾ ਹੈ ਤੇ ਇਥੇ ਜਨਮਿਆ ਹੈ ਜਾਂ ਜਿਸਦੇ ਮਾਂ-ਪਿਉ 'ਚੋਂ ਕੋਈ ਇਕ ਭਾਰਤ 'ਚ ਜਨਮਿਆ ਹੈ ਉਸਨੂੰ ਭਾਰਤ ਦਾ ਨਾਗਰਿਕ ਮੰਨਿਆ ਗਿਆ ਹੈ। ਇਸ ਸਿਧਾਂਤ ਨੂੰ ਨਾਗਰਿਕਤਾ ਸਬੰਧੀ ਕੋਈ ਵੀ ਕਾਨੂੰਨ ਜਾਂ ਸੰਵਿਧਾਨਕ ਧਾਰਾ ਦੀ ਵਿਆਖਿਆ ਦਾ ਅਧਾਰ ਮੰਨਿਆ ਜਾਵੇ ਅਤੇ ਜੋ ਵੀ ਕਾਨੂੰਨ ਜਾਂ ਸੰਵਿਧਾਨਕ ਧਾਰਾ ਇਸ ਸਿਧਾਂਤ ਨਾਲ ਜਿਸ ਵੀ ਹੱਦ ਤੱਕ ਬੇਮੇਲ ਹੈ ਉਸਨੂੰ ਰੱਦ ਸਮਝਿਆ ਜਾਵੇ।

# Public Petition for Taking the Notice of Some Canadian Immigration Rules and Related Concerns

February 10th, 2020

To,

All Member¡¦s of Parliament, House of Commons, Ottawa, Ont.

Dear Sir/Madam,

We, the undersigned individuals on behalf of our organizations, wish to bring to your attention some immigration issues which are directly affecting our Canadian Society on daily basis.

The below mentioned are some of the issues which need attention of our parliament. The purpose of this public petition is to submit our concerns so that our honorable members take notice of these issues and act in the parliament accordingly.

1. Need of awareness among international students in Canada;

2. Need to regulate International student tuition fees; and

3. Removal of LMIA condition for work permit extensions.

The second purpose of this letter is to provide you and other appropriate government agencies with a lead to investigate into these matters. We also request and authorize our MP¡¦s to further assign and forward this letter to the appropriate government agencies.

**1. Lack of information and awareness to the students who apply for study visa:**

Lack of accurate information PRIOR to the application process is the real issue.

An international student usually doesn¡¦t have access to a lot of contacts in a foreign country and always use services of local available agents and immigration consultants. These consultants often misguide the students about School, college and education system in Canada. These consultants focus only on their profits. The Nature of proposed study programs, the prospectus of finding a job after finishing the diploma and exact location of the college, are some important factors about which students are not made aware.

Proposed Solutions: we propose that Parliament should make regulations under the Immigration Laws that all schools College who offered admissions to international students should have a regulatory obligation to advise the students about the true facts of the courses, jobs, location and living arrangements in the community. This information should go out to the students directly and not through the agents.

Students can find information related to courses and college on college¡¦s website but again there is lack of resources and awareness and there are some countries where internet service is not available for general public, people just rely on agents.

There are many institutes and colleges in Canada who do not even have proper infrastructure and affiliation, but they accept international students. These colleges who are NOT DESIGNATED LEARNING INSTITUTE should NOT be authorized to offer admissions to international students as this cause misleading information. Students spend significant funds and they are not informed that after finishing the study in such colleges, they would not be eligible to receive PGWP.

These colleges which are running as like private shops are not providing quality education and just focus on making money. Parliament should pass Regulations to control this abuse of the process.

The next check point can be at the visa office processing: Information about the college and further process should be make available to the applicant by reviewing visa officer, so it will be easy for the applicants to decide whether they want to pursue the proposed program or not.

For example, when someone applies to Calgary Board of Education, CBE has a special information package which they would issue to each applicant to make parents and students aware of their academic structure and chances of getting study permit and visa to Canada.

2. Need Regulatory Cap on fees paid by international students: Tuition fees for international students have become particularly burdensome in recent years. Average tuition fees for international undergraduate students is three times more than fees paid by Canadian citizens. At some institute, international students pay over $25,000 a year in undergraduate tuition fees. In addition, professional programs such as medicine and law can cost a staggering $62,000 a year. High differential fees are an unfair burden and a barrier to post-secondary education for international students. Ultimately, such fees could threaten Canada¡¦s ability to attract and retain foreign scholars.

There is need to regulate International student tuition fees as International students are the third biggest revenue generator in Canada. There should be a Cap on fees paid by international students. So that every international student can afford education in Canada.

3. Need to investigate and regulate the LMIA as a condition:

This area needs a big times investigation. There are many financial frauds and exploitations are happening on daily basis with Foreign workers and international students all over Canada. There are many cases where the LMIA are sold to the foreign workers and students. Employers who has the LMIA are openly asking for money to issue the LMIA. The right now the rate for unskilled worker¡¦s LMIA is approximately $30,000 & up. The employers who have LMIA for skilled workers are asking for $ 40,000 to $80,000.00 per LMIA. The LMIA are sold through the consultants who first obtain the LMIA. Then those consultants act as middlemen between the employer and the worker. Usually the consultant would receive cash for this LIMA. Consultant would keep some of the portion of this cash money and will give the balance of the cash to the employer. This is common practice in Calgary and many other cities across Canada. Group of ethnic medias has cover these topics and their transcripts can be obtained for this reference. 4 Titles of Supervisor or Manager position at workplaces to qualify for Permanent Resident It should be noted that this is one area where the international students are being exploited by their Canadian Employers on a large scale. Students who have just passed grade 12 level of education from their home countries are being accepted by Canada Immigration for study permits. This is a good program as these young students can learn quick and can make a big difference in Canadas young work force. However, the real issue is that these students have only school level certificate from their home country and only a Diploma¡¦s level education from Canadian Schools. They would not qualify for Federal Skilled Worker (FSW) category as they would never receive enough Comprehensive Ranking Scores (CRS) in the Express Entry Program. Their maximum CRS would reach 300 plus because of their level of education. This is where the dark and one-way street start. These students are required to have a position of a Supervisor or Manger level with a Canadian Employer. Students would have already spent significant amount of money on their two years education in Canada. They will have PGWP and would be ready to meet the needs of the employer. But the requirement of a title position of a Supervisor or Manager would be something which is not available at most of these independent small or medium size businesses. The business owners who would agree to designate PGWP the positions of Supervisor or Manager, would start exploiting the young workers by asking to pay $40000 to $60000. The worker would be doing the same work as he/she would be doing on a routine work but the requirements of the designated Supervisor would place him/her in a situation that they do not speak about their exploitation. They would rather suffer for two or three years in that exploitation at work place because of the fear that the employer would pull the plug from their file. If the students file is with Provincial Nominee Program (PNP) and the employers are aware that they have the control button, they would misuse that position of trust and would exploit students by threating them that they would withdraw the PNP application. By this time student who have already paid enough funds on his/her pathway to become a PR in Canada, would end up compromising with his exploitation in the hands of his own employer.

This is a POLICY and REGULATION issue. We believe that Parliament can control this. Parliament can make Rules and Regulations in such a way that students who have school or diploma level education would qualify in a different stream than the FSW or express entry. Proposed Solution: We request that by considering the total numbers of international students who have high school diploma from their home country and who has finished two year diploma from any Canadian college should be considered for a young workers pilot project stream. For this purpose, we submit that parliament make the new regulation for this pilot project and invite those students who:

* are already in Canada by year 2020 and would be finishing their diploma in the next two years„ h have finished their diploma and are currently working with registered employer and employer need them regardless of their title position„

* have been working in customer service position and have developed excellent customer services skills. Students who are happy to continue fulfilling the low paying wages but very necessary positions for their employer„

* have met all other requirements of becoming a PR We do not have any personal interest in this matter. We are submitting this information as concerned citizens. We are worried about the backlash the wrong system can bring to our country.

Canada is known as fair and just society. These kinds of exploitation must be stopped by our governments. We believe that our MP and relative committees of our Parliament would consider our request to make the necessary changes to the rule and regulations for a better governance of these matters.

Yours truly, BhajanGill Bhajan Singh Gill Progressive Cultural Association Calgary HarcharanParhar Harcharan Singh Parhar Sikh Virsa International Calgary 208, 4656-Westwinds Dr. NE Calgary AB T3J 3Z5 Tel,: 403-681-8689 Email: virsasikh@gmail.com

## ਇੰਡੀਆ ਵੱਲੋਂ ਮੇਰੇ ਨਾਲ ਇੱਦਾਂ ਵਿਹਾਰ ਕੀਤਾ ਗਿਆ ਜਿਵੇਂ ਮੈਂ ਕੋਈ ਮੁਜ਼ਰਮ ਹੋਵਾਂ: ਬਰਤਾਨਵੀ ਐੱਮ.ਪੀ.



ਨਵੀਂ ਦਿੱਲੀ: ਦਿੱਲੀ ਸਲਤਨਤ ਵੱਲੋਂ ਬੀਤੇ ਕੱਲ੍ਹ (17 ਫਰਵਰੀ ਨੂੰ) ਇੱਕ ਬਰਤਾਨਵੀ ਐੱਮ.ਪੀ. ਨੂੰ ਵਾਪਸ ਮੋੜਨ (ਡਿਪੋਰਟ ਕਰਨ) ਦੀ ਖਬਰ ਮਿਲੀ ਹੈ।

ਲੇਬਰ ਪਾਰਟੀ ਵੱਲੋਂ ਬਰਤਾਨਵੀ ਪਾਰਲੀਮੈਂਟ ਵਿੱਚ ਮੈਂਬਰ ਡੈਬੀ ਅਬਰਾਹਮਸ ਨੂੰ ਦਿੱਲੀ ਸਲਤਨਤ ਦੇ ਕਰਿੰਦਿਆਂ ਨੇ ਉਸ ਵੇਲੇ ਹਵਾਈ ਅੱਡੇ ਉੱਤੇ ਹੀ ਰੋਕ ਲਿਆ ਜਦੋਂ ਕਿ ਉਹ ਦੁਬਈ ਤੋਂ ਭਾਰਤੀ ਉਪਮਹਾਂਦੀਪ ਵਿੱਚ ਹਵਾਈ ਜਹਾਜ ਰਾਹੀਂ ਆਈ ਸੀ।

ਦੱਸ ਦੇਈਏ ਕਿ ਡੈਬੀ ਅਬਰਾਹਮਸ ਕਸ਼ਮੀਰ ਲਈ ਆਲ ਪਾਰਟੀ ਪਾਰਲੀਮਾਨੀ ਗਰੁੱਪ ਦੀ ਮੁਖੀ ਹੈ ਅਤੇ ਕਸ਼ਮੀਰ ਵਿੱਚ ਲਾਈਆਂ ਰੋਕਾਂ ਤੇ ਮਨੁੱਖੀ ਹੱਕਾਂ ਦੇ ਹੋ ਰਹੇ ਘਾਣ ਬਾਰੇ ਉਹ ਖੁੱਲ੍ਹ ਕੇ ਆਪਣੇ ਵਿਚਾਰ ਪ੍ਰਗਟ ਕਰਦੀ ਹੈ।

ਡੈਬੀ ਅਬਰਾਹਮਸ ਨੇ ਇੱਕ ਲਿਖਤੀ ਬਿਆਨ (ਜਿਸ ਦੀ ਨਕਲ ਸਿੱਖ ਸਿਆਸਤ ਕੋਲ ਮੌਜੂਦ ਹੈ) ਜਾਰੀ ਕਰਕੇ ਦੱਸਿਆ ਕਿ ਦਿੱਲੀ ਸਲਤਨਤ ਦੇ ਇਮੀਗ੍ਰੇਸ਼ਨ ਅਧਿਕਾਰੀ ਵੱਲੋਂ ਉਸ ਨੂੰ ਰੋਕ ਲਿਆ ਗਿਆ ਅਤੇ ਉਸ ਨਾਲ ਇੰਝ ਵਿਹਾਰ ਕੀਤਾ ਗਿਆ ਜਿਵੇਂ ਕਿ ਉਹ ਕੋਈ ਮੁਜਰਮ ਹੋਵੇ।

ਬਰਤਾਨਵੀ ਐੱਮ.ਪੀ. ਮੁਤਾਬਕ ਉਹ ਭਾਰਤੀ ਉਪਮਹਾਂਦੀਪ ਵਿੱਚ ਬਕਾਇਦਾ ਵੀਜੇ ਉੱਪਰ ਆਈ ਸੀ ਪਰ ਇੱਥੇ ਪਹੁੰਚਣ ਉੱਤੇ ਉਸ ਨੂੰ ਇਹ ਦੱਸਿਆ ਗਿਆ ਕਿ ਉਸ ਦਾ ਵੀਜਾ ਰੱਦ ਕਰ ਦਿੱਤਾ ਗਿਆ ਹੈ।

ਡੈਬੀ ਅਬਰਾਹਮਸ ਨੇ ਕਿਹਾ ਕਿ ਉਹ ਭਾਰਤੀ ਉਪਮਹਾਂਦੀਪ ਵਿੱਚ ਆਪਣੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਮਿਲਣ ਆਈ ਸੀ।

ਉਸ ਨੇ ਕਿਹਾ ਕਿ ਉਸ ਦੇ ਸਿਆਸਤ ਵਿੱਚ ਆਉਣ ਦਾ ਕਾਰਨ ਇਹ ਹੈ ਕਿ ਸਮਾਜਿਕ ਨਿਆਂ ਅਤੇ ਮਨੁੱਖੀ ਹੱਕ ਸਾਰਿਆਂ ਲਈ ਲਾਗੂ ਹੋਣ ਅਤੇ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਉਹ ਆਪਣੀ ਸਰਕਾਰ ਤੇ ਹੋਰਨਾਂ ਸਰਕਾਰਾਂ ਨੂੰ ਚੁਣੌਤੀ ਦਿੰਦੀ ਰਹੇਗੀ ਅਤੇ ਮਸਲੇ ਚੁੱਕਦੀ ਰਹੇਗੀ।



ਜਸਵੰਤ ਜੀਰਖ

# ਧਰਮਾਂ ਦੇ ਝੂਠੇ ਬੋਲਬਾਲੇ ਵਿੱਚ, ਸਾਡੇ ਵਿਗਿਆਨੀ

ਦੁਨੀਆਂ ਭਰ ਵਿੱਚ ਅੰਧਵਿਸ਼ਵਾਸੀ ਰੂੜੀਵਾਦੀ ਅਤੇ ਧਰਮਾਂ ਤੇ ਅਧਾਰਤ ਸਮਾਜਿਕ ਕਦਰਾਂ ਕੀਮਤਾਂ ਨੂੰ ਵਿਗਿਆਨਿਕ ਵਿਚਾਰਾਂ ਨਾਲ ਝੁਠਲਾਕੇ ਰੱਦ ਕਰਨ ਲਈ ਅਨੇਕਾਂ ਵਿਗਿਆਨੀਆਂ ਨੇ ਆਪਣੀਆਂ ਜ਼ਿੰਦਗੀਆਂ ਨਿਸ਼ਾਵਰ ਕੀਤੀਆਂ। ਭਾਰਤੀ ਹਾਕਮਾਂ ਵੱਲੋਂ ਅੱਜ ਫਿਰ ਇਹਨਾਂ ਵਿਗਿਆਨੀਆਂ ਦੀਆਂ ਖੋਜਾਂ ਨੂੰ ਅੱਖੋਂ ਪਰੋਖੇ ਕਰਦਿਆਂ ਧਰਮਾਂ ਦੀ ਰਾਜਨੀਤੀ ਰਾਹੀਂ ਲੋਕਾਂ ਦੇ ਅਸਲ ਮੁੱਦਿਆਂ ਨੂੰ ਹੱਲ ਕਰਨ ਦੀ ਥਾਂ ਮਨੁੱਖਤਾ ਨੂੰ ਧਰਮਾਂ, ਜਾਤਾਂ, ਫਿਰਕਿਆਂ ਵਿੱਚ ਵੰਡਕੇ ਆਪਣੀਆਂ ਰਾਜ ਗੱਦੀਆਂ ਸਲਾਮਤ ਰੱਖਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਅੱਜ ਵੀ ਸਥਾਪਿਤੀ ਦੇ ਵਿਰੁੱਧ ਸਹੀ ਤੇ ਵਿਗਿਆਨਿਕ ਵਿਚਾਰਾਂ ਨੂੰ ਉਤਸ਼ਾਹਿਤ ਕਰਨ ਵਾਲਿਆਂ ਦਾ ਉਹੀ ਹਸ਼ਰ ਹੋ ਰਿਹਾ ਹੈ ਜੋ ਉਸ ਸਮੇਂ ਦੇ ਵਿਗਿਆਨੀਆਂ ਨਾਲ ਹਕੂਮਤਾਂ ਤੇ ਅਖੌਤੀ ਧਰਮੀ ਅਖਵਾਉਣ ਵਾਲੇ ਕਰਦੇ ਸਨ। ਸੋ ਇਸ ਲਈ ਅੱਜ ਦੇ ਦੌਰ ਵਿੱਚ ਉਹਨਾਂ ਵਿਗਿਆਨੀਆਂ ਦੀ ਮਹੱਤਤਾ ਹੋਰ ਵੀ ਵਧ ਜਾਂਦੀ ਹੈ, ਜ਼ਿਹਨਾਂ ਨੇ ਪੁਰਾਤਨ ਧਰਮ ਗਰੰਥਾਂ ਵਿੱਚ ਦਿੱਤੇ ਉਪਦੇਸਾਂ ਨੂੰ ਝੁਠਲਾਕੇ ਮਨੁੱਖਤਾ ਨੂੰ ਨਵੀਂ ਤੇ ਸਹੀ ਸੇਧ ਦਿੱਤੀ। ਫ਼ਰਵਰੀ ਮਹੀਨੇ ਵਿੱਚ ਜਨਮੇਂ ਇਨ੍ਹਾਂ ਵਿਗਿਆਨੀਆਂ ਵਿੱਚ ਮੁੱਖ ਤੌਰ 'ਤੇ ਨਿਕੋਲਸ ਕਾਪਰਨੀਕਸ, ਗੈਲੀਲੀਓ ਗਾਲਿਨੀ, ਚਾਰਲਸ ਰਾਬਰਟ ਡਾਰਵਿਨ ਅਤੇ ਫ਼ਰਵਰੀ ਵਿੱਚ ਸ਼ਹੀਦ ਕੀਤੇ ਉੱਘੇ ਵਿਗਿਆਨੀ ਬਰੂਨੋ ਦੇ ਨਾਮ ਵਰਨਣ ਯੋਗ ਹਨ। ਅੱਜ ਜਦੋਂ ਅਸੀਂ ਇਹਨਾਂ ਦੇ ਜੀਵਨ ਬਾਰੇ ਪੜ੍ਹਦੇ ਹਾਂ ਤਾਂ ਪਤਾ ਚੱਲਦਾ ਹੈ ਕਿ ਧਾਰਮਿਕ ਕੱਟੜ ਮੂਲਵਾਦੀਆਂ ਵੱਲੋਂ ਆਪਣੇ ਨਿੱਜੀ ਮੁਫ਼ਾਦਾਂ ਬਦਲੇ ਕਿਵੇਂ ਇਹਨਾਂ ਨੂੰ ਜ਼ਲੀਲ ਕਰਦਿਆਂ ਤਸੀਹੇ ਦੇਕੇ ਖਤਮ ਕੀਤਾ ਗਿਆ।

**ਗੈਲਿਲੀਓ ਗਾਲਿਨੀ:** ਇਹਨਾਂ ਦਾ



ਜਨਮ 15 ਫ਼ਰਵਰੀ 1564 ਨੂੰ ਇਟਲੀ ਦੇ ਸ਼ਹਿਰ ਪੀਸਾ ਵਿੱਖੇ, ਇਕ ਸਧਾਰਣ ਪਰਿਵਾਰ ਵਿੱਚ ਪਿਤਾ ਵਿਸੈਂਜੋ ਦੇ ਘਰ ਹੋਇਆ। ਮੁੱਢਲੀ ਸਿੱਖਿਆ ਉਹਨਾਂ ਇੱਕ ਧਾਰਮਿਕ ਸਕੂਲ ਤੋਂ ਸ਼ੁਰੂ ਕੀਤੀ। ਜਦੋਂ ਉਸ ਦਾ ਝੁਕਾਅ ਧਾਰਮ ਵਾਲੇ ਪਾਸੇ ਹੋਣ ਲੱਗਾ ਤਾਂ ਉਸ ਨੂੰ ਉੱਥੋਂ ਹਟਾ ਲਿਆ ਗਿਆ ਕਿਉਂਕਿ ਪਿਤਾ ਉਸਨੂੰ ਡਾਕਟਰ ਬਣਾਉਣਾ ਚਾਹੁੰਦੇ ਸਨ। ਡਾਕਟਰੀ ਦੀ ਪੜ੍ਹਾਈ ਲਈ ਉਸਨੂੰ ਪੀਸਾ ਦੇ ਵਿਸਵਵਿਦਿਆਲੇ ਵਿੱਚ ਦਾਖਲ ਕਰਵਾਇਆ ਗਿਆ। ਪਰ ਉਸ ਨੂੰ ਗਣਿਤ ਵਧੇਰੇ ਚੰਗਾ ਲਗਦਾ ਸੀ। ਇੱਕ ਦਿਨ ਉਹ ਗਣਿਤ ਦਾ ਲੈਕਚਰ, ਬਾਹਰ ਕਮਰੇ ਦੀ ਕੰਧ ਨਾਲ ਕੰਨ ਲਾਕੇ ਸੁਣ ਰਿਹਾ ਸੀ, ਜਿਸਨੂੰ ਇਕ ਅਧਿਕਾਰੀ ਨੇ ਵੇਖ ਲਿਆ ਸੀ। ਇਸੇ ਕਰਕੇ ਉਸ ਦੇ ਮਜ਼ਮੂਨ ਬਦਲਕੇ ਗਣਿਤ ਵਾਲੇ ਕਰ ਦਿੱਤੇ ਸਨ, ਜਿਸ ਕਰਕੇ ਡਾਕਟਰੀ ਵਾਲਾ ਸੁਪਨਾ ਵਿਚਾਲੇ ਹੀ ਟੁੱਟ ਗਿਆ ਉਹ ਛੋਟੇ ਛੋਟੇ ਤਜਰਬੇ ਅਕਸਰ ਹੀ ਕਰਦੇ ਰਹਿੰਦੇ ਸਨ ਅਤੇ ਕੁੱਦਰਤ ਦੇ ਕ੍ਰਿਸਮਿਆਂ 'ਚੋਂ ਕੁੱਝ ਨਾਂ ਕੁੱਝ ਲੱਭਦੇ ਰਹਿੰਦੇ ਸਨ। ਉਸ ਨੇ ਸਿੱਧ ਕੀਤਾ ਕਿ ਜੇ ਦੋ ਵਸਤੂਆਂ (ਇੱਕ ਭਾਰੀ ਤੇ ਇਕ ਹੌਲੀ) ਨੂੰ ਇੱਕੋ ਉਚਾਈ ਤੋਂ ਇੱਕੋ ਸਮੇਂ ਹੇਠਾਂ ਸੁੱਟਿਆ ਜਾਵੇ ਤਾਂ ਇਕੱਠੀਆਂ ਇੱਕੋ ਸਮੇਂ ਵਿੱਚ ਧਰਤੀ ਤੇ ਡਿਗਣਗੀਆਂ। ਇਹ ਤਜਰਬਾ ਉਹਨਾ ਇਕ ਪੌਂਡ ਤੇ ਦਸ ਪੌਂਡ ਵਜ਼ਨ ਦੇ ਦੋ ਗੋਲਿਆਂ ਨੂੰ ਇੱਕੋ ਸਮੇਂ, ਇੱਕੋ ਜਿਹੀ ਉਚਾਈ ਤੋਂ ਹੇਠਾਂ ਸੁੱਟਕੇ ਅਨੇਕਾਂ ਦਰਸ਼ਕਾਂ ਸਾਹਮਣੇ ਵਿਖਾਇਆ। ਪਾਂਡੂਆ ਵਿਸ਼ਵਵਿਦਿਆਲੇ ਵਿੱਚ ਬਤੌਰ ਪ੍ਰੋਫੈਸਰ ਉਹਨਾਂ ਕਈ ਖੋਜਾਂ ਕੀਤੀਆਂ। ਇਹਨਾਂ ਵਿਚ ਕਈ ਯੰਤਰ ਜਿਹਨਾਂ ਵਿੱਚ ਸਿੰਚਾਈ ਕਰਨ ਵਾਲਾ ਉਪਕਰਨ, ਦੂਰਬੀਨ, ਫੌਜਾਂ ਲਈ ਵਿਸ਼ੇਸ ਕੰਪਾਸ ਸਮੇਤ ਬ੍ਰਹਿਸਪਤੀ ਗ੍ਰਹਿ ਦੇ ਚਾਰ ਵੱਡੇ ਚੰਨ ਖੋਜੇ। ਉਹਨਾਂ ਆਕਾਸ਼ ਗੰਗਾ, ਵੀਨਸ, ਚੰਨ ਅਤੇ ਸ਼ਨੀ ਬਾਰੇ ਮਹੱਤਵ ਪੂਰਣ ਜਾਣਕਾਰੀਆਂ ਇਕੱਠੀਆਂ ਕੀਤੀਆਂ। ਵਸਤਾਂ ਦੇ ਤੈਰਨ ਅਤੇ ਜਵਾਰਭਾਟਿਆਂ ਬਾਰੇ ਉਸ ਦੀ ਖੋਜ ਵੀ ਬਹੁਤ ਲਾਹੇਵੰਦ ਸਾਬਤ ਹੋਈ। ਦੂਰਬੀਨ ਦੀ ਖੋਜ ਸਮੇਂ ਰਾਤ ਭਰ ਉਹ ਇੱਕ ਪਹਾੜੀ ਤੇ ਚੜ੍ਹਿਆ ਰਿਹਾ, ਜਿੱਥੋਂ ਦੂਰਬੀਨ ਨਾਲ ਚੰਦਰਮਾਂ ਉੱਪਰ ਪਹਾੜ ਵਿਖਾਈ ਦਿੱਤੇ। ਇਸੇ ਤਰ੍ਹਾਂ ਸੂਰਜ ਤੇ ਤਾਰਿਆਂ ਬਾਰੇ ਵੀ ਕਈ ਖੁਲਾਸੇ ਕੀਤੇ।

ਧਰਤੀ ਦੇ ਸੂਰਜ ਦੁਆਲੇ ਘੁੰਮਣ ਬਾਰੇ ਉਹਨਾਂ ਕਾਪਰਨੀਕਸ ਦੇ ਸਿਧਾਂਤ ਨਾਲ ਸਹਿਮਤੀ ਪਰਗਟਾਈ। ਇਸ ਸਮੇਂ ਕੈਥੋਲਿਕ ਧਰਮੀਆਂ ਦੀਆਂ ਥਾਂ ਥਾਂ ਅਦਾਲਤਾਂ ਜੁੜਦੀਆਂ ਸਨ ਜਿਹਨਾਂ ਦੁਆਰਾ ਖੋਜੀਆਂ ਦੇ ਵਿਚਾਰਾਂ ਉੱਪਰ ਨਜ਼ਰ ਰੱਖੀ ਜਾਂਦੀ ਸੀ। ਇਸਾਈ ਧਰਮ ਦੀ ਸਮਝ ਦੇ ਵਿਰੁਧ ਜਾਂਦੀ ਖੋਜ ਕਰਨ ਵਾਲੇ ਖੋਜੀ ਨੂੰ ਜੇਲ੍ਹਾਂ ਵਿੱਚ ਸੁੱਟ ਦਿੱਤਾ ਜਾਂਦਾ ਸੀ ਅਤੇ ਧਾਰਮਿਕ ਧੱਕੇਸ਼ਾਹੀ ਆਮ ਚਲਦੀ ਸੀ। ਗਲਿਲੀਓ ਨੂੰ ਵੀ ਇਸ ਧੱਕੇਸ਼ਾਹੀ ਦਾ ਇਸੇ ਕਰਕੇ ਸ਼ਿਕਾਰ ਹੋਣਾ ਪਿਆ, ਕਿਉਂਕਿ ਧਰਮ ਵਿਚ ਧਰਤੀ ਨੂੰ ਸਥਿਰ ਅਤੇ ਗ੍ਰਹਿਆਂ ਦਾ ਧਰਤੀ ਦੁਆਲੇ ਘੁੰਮਦੇ ਮੰਨਿਆ ਜਾਂਦਾ ਸੀ। ਇਸੇ ਕਰਕੇ ਅਖੌਤੀ ਧਰਮ ਅਧਾਰਤ ਜੱਜਾਂ ਨੇ ਗਲਿਲੀਓ ਨੂੰ ਆਪਣੀ ਖੋਜ ਝੂਠੀ ਕਹਿਣ ਲਈ ਮਜਬੂਰ ਕੀਤਾ ਗਿਆ। ਗਲਿਲੀਓ ਵੱਲੋਂ ਲਿਖੀਆਂ ਪੁਸਤਕਾਂ ਪੜ੍ਹਨ ਅਤੇ ਪ੍ਰਕਾਸ਼ਤ ਕਰਨ ਉੱਤੇ ਵੀ ਪਾਬੰਦੀ ਲਗਾ ਦਿੱਤੀ ਗਈ। ਉਸਨੂੰ ਜੇਲ੍ਹ ਵਿਚ ਡੱਕ ਦਿੱਤਾ ਗਿਆ। ਜੇਲ੍ਹ ਵਿੱਚ ਹੀ ਉਸਨੇ ਇੱਕ ਹੋਰ ਪੁਸਤਕ ਲਿਖ ਦਿੱਤੀ ਜੋ ਕਿਸੇ ਤਰੀਕੇ ਹਾਲੈਂਡ ਪਹੁੰਚ ਗਈ, ਜਿੱਥੋਂ ਇਹ ਪ੍ਰਕਾਸ਼ਿਤ ਕਰਕੇ ਲੋਕਾਂ ਵਿਚ ਵੰਡ ਦਿੱਤੀ ਗਈ। ਉਸਦੀ ਉਮਰ ਦੇ ਆਖਰੀ ਦਿਨ ਬੜੇ ਦੁੱਖਾਂ ਭਰੇ ਸਨ ਤੇ ਉਸ ਨੂੰ ਦਿਸਣਾ ਵੀ ਬੰਦ ਹੋ ਗਿਆ ਸੀ, ਜਿਸ ਕਰਕੇ ਉਹ ਆਪਣੀ ਕਿਤਾਬ ਨੂੰ ਵੇਖ ਤੱਕ ਵੀ ਨਾ ਸਕੇ। ਵਿਸਵ ਪੱਧਰ ਤੇ ਸੰਨ 2009 ਦੇ ਵਰ੍ਹੇ ਨੂੰ ਉਸ ਦੇ ਸਨਮਾਨ ਵਿੱਚ 'ਅੰਤਰਰਾਸ਼ਟਰੀ ਤਾਰਾ ਵਿਗਿਆਨ' ਦੇ ਤੌਰ 'ਤੇ ਮਨਾਇਆ ਗਿਆ ਸੀ। ਉਹਨਾਂ ਦੀਆਂ ਖੋਜਾਂ ਨੇ ਵਿਗਿਆਨ ਨੂੰ ਧਰਮਾਂ ਦੀ ਚੁੰਗਲ 'ਚੋਂ ਮੁਕਤ ਕਰਵਾਕੇ ਇਕ ਨਵੀਂ ਕ੍ਰਾਂਤੀ ਲਈ ਰਾਹ ਵਿਖਾਇਆ। ਅੰਤ 8 ਜਨਵਰੀ 1642 ਨੂੰ ਗੈਲਿਲੀਓ ਸਾਥੋਂ ਸਦਾ ਲਈ ਵਿਛੜ ਗਏ। ਉਹਨਾਂ ਦੇ ਮੁਰਦਾ ਸਰੀਰ ਨੂੰ ਵੀ ਬੜੇ ਪੱਖਪਾਤੀ ਢੰਗ ਨਾਲ ਇੱਕ ਛੋਟੇ ਜਿਹੇ ਕਮਰੇ ਵਿੱਚ ਦਫ਼ਨਾਇਆ ਗਿਆ ਸੀ।

**ਚਾਰਲਸ ਰਾਬਰਟ ਡਾਰਵਿਨ :**



ਡਾਰਵਿਨ ਵੱਲੋਂ ਖੋਜੇ 'ਜੀਵਨ ਵਿਕਾਸ ਸਿਧਾਂਤ' ਨੇ ਦੁਨੀਆਂ ਭਰ ਦੇ ਧਾਰਮਿਕ ਅਦਾਰਿਆਂ ਵਿੱਚ ਤਰਥੱਲੀ ਮੱਚਾ ਦਿੱਤੀ। ਸਾਰੇ ਧਰਮਾਂ ਵੱਲੋਂ ਧਰਤੀ ਅਤੇ ਇਸ ਉੱਪਰ ਜੀਵਨ ਦੇ ਹੋਂਦ ਵਿੱਚ ਆਉਣ ਪਿੱਛੇ ਕਿਸੇ ਅਗੰਮੀ ਸ਼ਕਤੀ ਦਾ ਹੱਥ ਪ੍ਰਚਾਰਿਆ ਜਾਂਦਾ ਸੀ ਜੋ ਅੱਜ ਤੱਕ ਵੀ ਪ੍ਰਚੱਲਤ ਹੈ। ਪਰ ਡਾਰਵਿਨ ਦੇ ਸਿਧਾਂਤ ਨੇ ਇਹ ਸਭ ਕੁੱਝ ਦਲੀਲਾਂ ਸਹਿਤ ਰੱਦ ਕਰਕੇ ਝੁਠਲਾ ਦਿੱਤਾ ਜਿਸ ਦਾ ਹਰ ਧਰਮ ਨੇ ਜ਼ਬਰਦਸਤ ਵਿਰੋਧ ਕੀਤਾ ਤੇ ਅਜੇ ਵੀ ਕੀਤਾ ਜਾ ਰਿਹਾ ਹੈ ਡਾਰਵਿਨ ਦੀ ਇਹ ਬਹੁਤ ਹੀ ਜੁਰਅੱਤ ਭਰੀ ਕਾਰਵਾਈ ਸੀ ਜਿਸ ਨੂੰ ਦੁਨੀਆਂ ਭਰ ਵਿੱਚ ਮੰਨਿਆ ਜਾਣ ਲੱਗਾ।

ਡਾਰਵਿਨ ਦਾ ਜਨਮ 12 ਫ਼ਰਵਰੀ 1809 ਵਿੱਚ ਇੰਗਲੈਂਡ ਦੇ ਸ਼ਹਿਰ ਸਿਰੀਊਸਵਾਰੀ ਵਿਖੇ ਹੋਇਆ। ਉਸ ਦਾ ਪਿਤਾ ਇੱਕ ਡਾਕਟਰ ਅਤੇ ਮਾਤਾ ਕਲਾਤਮਕ ਰੁੱਚੀਆਂ ਵਾਲੀ ਔਰਤ ਸੀ। ਬਚਪਨ ਤੋਂ ਹੀ ਡਾਰਵਿਨ ਬੜਾ ਚਿੰਤਕ ਅਤੇ ਆਪਣੇ ਆਲੇ ਦੁਆਲੇ ਨੂੰ ਬੜੀ ਨੀਝ ਨਾਲ ਵੇਖਣ ਵਾਲਾ ਬੱਚਾ ਸੀ। ਉਹ ਅਜੇ 8 ਸਾਲਾਂ ਦਾ ਹੀ ਸੀ ਕਿ ਮਾਂ ਦਾ ਛਾਇਆ ਸਿਰੋਂ ਉੱਠ ਗਿਆ।



**ਨਿਕੋਲਸ ਕਾਪਰਨੀਕਸ:-** ਇਸ ਦੀਆਂ ਖੋਜਾਂ ਨੇ ਹਜ਼ਾਰਾਂ ਸਾਲਾਂ ਤੋਂ ਪ੍ਰਚੀਨ ਗ੍ਰੰਥਾਂ ਦੇ ਫੁਰਮਾਨਾ ਨੂੰ ਗਲਤ ਸਿੱਧ ਕੀਤਾ ਜ਼ਿਹਨਾਂ ਨੂੰ ਲੋਕ ਬਿਨਾਂ ਸੋਚੇ ਸਮਝੇ ਹੀ ਮੰਨਦੇ ਆ ਰਹੇ ਸਨ। ਇਹਨਾਂ ਦਾ ਜਨਮ 19 ਫ਼ਰਵਰੀ 1473 ਨੂੰ ਪੋਲੈਂਡ ਦੇ ਪਰਸ਼ੀਆ ਸੂਬੇ ਦੇ ਛੋਟੇ ਜਿਹੇ ਪਿੰਡ ਤੋਰਨ ਵਿਖੇ ਹੋਇਆ ਉਹਨਾਂ ਦੇ ਪਿਤਾ ਤਾਂਬੇ ਦਾ ਵਿਉਪਾਰ ਕਰਦੇ ਸਨ ਜ਼ਿਹਨਾਂ ਦੇ 4 ਬੱਚੇ (ਦੋ ਲੜਕੇ ਤੇ ਦੋ ਲੜਕੀਆਂ) ਸਨ। ਸੰਨ 1483 ਵਿੱਚ ਪਿਤਾ ਦੀ ਮੌਤ ਹੋ ਗਈ, ਜਦੋਂ ਕਾਪਰਨੀਕਸ ਸਿਰਫ 10 ਸਾਲਾਂ ਦਾ ਹੀ ਸੀ। ਇਹਨਾਂ ਦੇ ਮਾਮਾ ਦੋਵਾਂ ਭਰਾਵਾਂ ਨੂੰ ਆਪਣੇ ਕੋਲ ਲੈ ਗਏ ਅਤੇ ਸੇਟ ਜੌਹਨ ਸਕੂਲ ਵਿੱਚ ਦਾਖਲ ਕਰਵਾ ਦਿੱਤਾ। ਇਸ ਤੋਂ ਬਾਅਦ ਇੱਕ ਧਾਰਮਿਕ ਸਕੂਲ ਵਿੱਚ ਪੜ੍ਹਨੇ ਪਾ ਦਿੱਤਾ ਗਿਆ। ਇੱਥੇ ਇਕ ਅਧਿਆਪਕ ਜਿਸਨੂੰ ਧੁੱਪ ਘੜੀਆਂ ਬਣਾਉਣ ਦਾ ਸ਼ੌਕ ਸੀ, ਦਾ ਕਾਪਰਨੀਕਸ ਨਾਲ ਲਗਾਅ ਹੋ ਗਿਆ। ਕਿਹਾ ਜਾਂਦਾ ਹੈ ਕਿ ਇਹਨਾਂ ਨੇ ਰਲਕੇ ਇਕ ਘੜੀ ਬਣਾਈ ਜੋ ਬਲਿਊ ਕਲਾਵੇਕ ਗਿਰਜ਼ਾਘਰ ਦੀ ਦੀਵਾਰ ਉੱਤੇ ਲਟਕਦੀ ਹੈ। ਜਦੋਂ ਕਾਪਰਨੀਕਸ 18 ਸਾਲਾਂ ਦਾ ਸੀ ਜਦੋਂ ਉਸ ਅਤੇ ਉਸ ਦੇ ਭਰਾ ਨੂੰ ਕਰੇਕੋਵ ਵਿਸ਼ਵਵਿਦਿਆਲੇ ਪੜ੍ਹਾਈ ਲਈ ਭੇਜਿਆ ਗਿਆ। ਇੱਥੇ ਖਗੋਲ ਸ਼ਾਸਤਰ ਅਤੇ ਫ਼ਿਲਾਸਫ਼ੀ ਪੜ੍ਹਾਉਂਦੇ ਅਧਿਆਪਕ ਐਲਬਰਟ ਬਰੂਦਜੇਵਸਕੀ ਦਾ ਉਹ ਸਰਧਾਲੂ ਬਣ ਗਿਆ, ਜਿਸਦੇ ਪ੍ਰਭਾਵ ਹੇਠ ਉਸਨੇ ਜੋਤਿਸ਼ ਅਤੇ ਖਗੋਲ ਸ਼ਾਸ਼ਤਰ ਦੀਆਂ ਕਲਾਸਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਜੋ ਕਿ ਵਿਸ਼ਵਵਿਦਿਆਲੇ ਤੋਂ ਬਾਹਰ ਲਗਦੀਆਂ ਸਨ। ਇੱਥੇ ਹੀ ਬ੍ਰਹਿਮੰਡ ਬਾਰੇ ਜਾਨਣ, ਜਾਂਚਣ, ਗਲਤ-ਠੀਕ ਪਰਖਣ ਦੀ ਖੋਜ ਦਾ ਮੁੱਢ ਬੱਝਾ ਸੀ। ਇਹ ਅਜਿਹਾ ਸਮਾਂ ਸੀ ਜਦੋਂ ਪੁਰਾਤਨ ਯੂਨਾਨੀ ਸਾਹਿਤ ਗ੍ਰੰਥਾਂ ਨੂੰ ਘੋਖਣ-ਪਰਖਣ ਵਾਲੇ ਨੂੰ ਧਾਰਮਿਕ ਲੋਕ ਅੱਜ ਦੀ ਤਰ੍ਹਾਂ ਹੀ ਆਪਣਾ ਦੁਸ਼ਮਣ ਸਮਝਦੇ ਸਨ। ਪਰ ਇਸ ਦੇ ਬਾਵਜੂਦ ਵੀ ਸੱਚ ਦੀ ਖੋਜ ਵਿੱਚ ਖੋਜਕਾਰ ਲੱਗੇ ਹੋਏ ਸਨ ਜ਼ਿਹਨਾਂ ਦੀ ਅਗਵਾਈ ਪ੍ਰੋ. ਨੋਵਾਰਾ ਕਰ ਰਹੇ ਸਨ। ਕਾਪਰਨੀਕਸ ਦੇ ਮਾਮਾ ਨੇ ਤਾਂ ਉਸਨੂੰ ਧਾਰਮਿਕ ਪੈਗ਼ੰਬਰਾਂ ਦੀ ਪੜ੍ਹਾਈ ਲਈ ਭੇਜਿਆ ਸੀ, ਪਰ ਉਸ ਨੇ ਤਾਰਿਆਂ, ਗ੍ਰਹਿਆਂ ਨਛੱਤਰਾਂ ਦੀਆਂ ਚਾਲਾਂ ਦੀ ਖੋਜ ਵਿੱਚ ਰੁੱਚੀ ਲਈ। ਭਾਵੇਂ 27 ਜੁਲਾਈ, 1501 ਨੂੰ ਗਿਰਜਾ-ਘਰ ਵਿੱਚ ਕਾਪਰਨੀਕਸ ਨੂੰ ਸ਼ਾਹੀ ਬਸਤਰ ਪਹਿਨਾਕੇ ਅਤੇ ਮੰਤਰਾਂ ਦਾ ਉਚਾਰਣ ਕਰਕੇ ਪਾਦਰੀ ਬਣਾ ਦਿੱਤਾ ਗਿਆ ਪਰ ਅਸਲੋਂ ਉਹ ਇਸ ਧਾਰਮਿਕ ਜ਼ੁੰਮੇਵਾਰੀ ਤੋਂ ਪੱਲ੍ਹਾ ਛਡਾਉਣਾ ਚਾਹੁੰਦਾ ਸੀ। ਇਸੇ ਕਰਕੇ ਉਸਨੇ ਉੱਚ ਧਾਰਮਿਕ ਆਗੂਆਂ ਕੋਲ ਚਕਿੱਤਸਾ ਦੀ ਪੜ੍ਹਾਈ ਕਰਨ ਪੜ੍ਹਾਈ ਕਰਨ ਲਈ ਛੁੱਟੀ ਖ਼ਾਤਰ ਬੇਨਤੀ ਕੀਤੀ ਜੋ ਮੰਨ ਲਈ ਗਈ। ਇਸ ਪੜ੍ਹਾਈ ਲਈ ਉਹ ਇਟਲੀ ਦੀ ਪਾਡੂਆ ਯੂਨੀਵਰਸਿਟੀ ਆ ਗਏ, ਜਿੱਥੇ ਵੱਖ ਵੱਖ ਵਿਦਵਾਨਾਂ ਦੇ ਲੈਕਚਰ ਸੁਣੇ ਜੋ ਆਪੋ ਆਪਣੇ ਮੁਲਕਾਂ ਵਿੱਚ ਅੰਧਵਿਸ਼ਵਾਸਾਂ ਨੂੰ ਖਤਮ ਕਰਨਾ ਚਾਹੁੰਦੇ ਸਨ। ਉਸਨੂੰ ਮਹਿਸੂਸ ਹੋਇਆ ਕਿ ਪੁਰਾਤਨ ਗ੍ਰੰਥਾਂ ਵਿੱਚ ਬ੍ਰਹਿਮੰਡ ਦਾ ਕੇਂਦਰ ਧਰਤੀ ਨੂੰ ਮੰਨਿਆ ਗਿਆ ਹੈ ਜੋ ਗਲਤ ਹੈ। ਇਸ ਸੰਬੰਧੀ ਉਸ ਨੇ ਇਕ 40 ਪੰਨੇ ਦਾ ਹੱਥ ਲਿਖਤ ਖਰੜਾ ਜਿਸ ਵਿੱਚ ਬਾਹਰੀ ਗ੍ਰਹਿਆਂ ਦਾ ਸੂਰਜ ਦੁਆਲੇ ਘੁੰਮਣ ਬਾਰੇ ਵੀ ਵਿਸਥਾਰ ਸੀ। ਰੁੱਤਾਂ ਦੇ ਬਦਲਣ, ਦਿਨਾਂ/ਰਾਤਾਂ ਦਾ ਵੱਡਾ ਛੋਟਾ ਹੋਣਾ, ਧਰਤੀ ਦੇ ਪ੍ਰਬੰਧ ਨੂੰ ਕਿਸੇ ਦੈਵੀ ਤਾਕਤ ਵੱਲੋਂ ਨਾ ਚਲਾਉਣ ਅਤੇ ਕਈ ਅਜਿਹੇ ਸਵਾਲਾਂ ਨੂੰ ਛੂਹਿਆ ਗਿਆ ਜ਼ਿਹਨਾਂ ਬਾਰੇ ਧਾਰਮਿਕ ਗ੍ਰੰਥਾਂ ਦੀ ਸਮਝ ਕਾਪਰਨੀਕਸ ਨਾਲੋਂ ਵੱਖ ਹੋਣ ਬਾਰੇ ਸਪਸਟ ਕੀਤਾ ਗਿਆ ਸੀ।ਕਾਪਰਨੀਕਸ ਦੇ ਗ੍ਰੰਥਾਂ ਤੋਂ ਵੱਖ ਵਿਚਾਰਾਂ ਦਾ ਧਾਰਮਿਕ ਆਗੂਆਂ ਨੇ ਸਖ਼ਤ ਵਿਰੋਧ ਕੀਤਾ ਜੋ ਲੋਕਾਂ ਦੀ ਅੰਨ੍ਹੇ ਵਾਹ ਲੁੱਟ ਕਰਦੇ ਸਨ। ਉਹਨਾਂ ਵੱਲੋਂ ਕਾਪਰਨੀਕਸ ਨੂੰ ਚੋਰ ਕਰਾਰ ਦੇਕੇ ਉਸ ਖ਼ਿਲਾਫ਼ ਕਈ ਤਰ੍ਹਾਂ ਦੇ ਛਡਯੰਤਰਾਂ ਦੇ ਜਾਲ ਵਿਛਾਏ ਗਏ।

ਜ਼ਿੰਦਗੀ ਭਰ ਦੀ ਮਿਹਨਤ ਜੋ ਕਾਪਰਨੀਕਸ ਨੇ ਇੱਕ ਖੋਜ ਕਾਪੀ ਉੱਪਰ ਲਿੱਖ ਰੱਖੀ ਸੀ, ਨੂੰ ਪੂਰੇ 30 ਸਾਲ ਧਾਰਮਿਕ ਲੋਕਾਂ ਤੋਂ ਲੁਕਾਈ ਬੈਠਾ ਰਿਹਾ। ਸੰਨ 1540 'ਚ ਜਾਰਜ ਜੋਏਸਿਮਰੈਕਟਰ ਨੇ ਇਕ ਪੁਸਤਕ ਰਾਹੀਂ ਕਾਪਰਨੀਕਸ ਦਾ ਖੋਜ ਕਾਰਜ ਦੁਨੀਆਂ ਸਾਹਮਣੇ ਲਿਆਂਦਾ। ਇਸ ਉਪਰੰਤ 1541 ਵਿੱਚ ਕਾਪਰਨੀਕਸ ਨੇ ਆਪਣੀ ਖੋਜ ਪੁਸਤਕ ਦਾ ਖਰੜਾ ਆਪਣੇ ਦੋਸਤਾਂ ਹਵਾਲੇ ਕਰ ਦਿੱਤਾ ਸੀ। ਜਦੋਂ 1942 ਵਿੱਚ ਕਾਪਰਨੀਕਸ ਨੂੰ ਬਿਮਾਰੀ ਨੇ ਘੇਰ ਲਿਆ, ਉਸਨੂੰ ਬੇਹੋਸ਼ੀ ਦੇ ਦੌਰੇ ਪੈਣ ਲੱਗੇ, ਖ਼ੂਨ ਦੀਆਂ ਨਸਾਂ ਫਟ ਜਾਂਦੀਆਂ ਜਿਸ ਕਾਰਣ ਉਹ ਬਹੁਤ ਕਮਜ਼ੋਰ ਹੋ ਗਿਆ ਸੀ। ਉਧਰ ਇਸੇ ਸਮੇਂ ਉਹਨਾਂ ਦੀ ਖੋਜ ਪੁਸਤਕ ਡੀ ਰੈਵਲੂਸ਼ਨਰੀਬਸ ਅਰਬੀਅਮ ਕੋਲੈਸਟੀਅਮ



ਛਪ ਰਹੀ ਸੀ ਜੋ ਉਸ ਦੀ ਮੌਤ ਤੋਂ ਪਿੱਛੋਂ ਪ੍ਰਕਾਸ਼ਤ ਹੋਈ।

**ਜੀਓਰਦਾਨੋ ਬਰੂਨੋ:** ਉੱਘੇ ਵਿਗਿਆਨੀ ਬਰੂਨੋ ਨੇ ਕਾਪਰਨੀਕਸ ਦੀ ਪੈਰਵੀ ਹੀ ਨਹੀਂ ਕੀਤੀ ਸਗੋਂ ਉਸਦਾ ਨਵੀਨੀਕਰਨ ਵੀ ਕੀਤਾ। ਉਸ ਦੇ ਆਜ਼ਾਦਾਨਾ ਵਿਚਾਰ ਆਧੁਨਿਕ ਵਿਗਿਆਨਿਕ ਸੋਚ ਅਤੇ ਧਰਮ ਉੱਤੇ ਸਪੱਸਟ ਅਤੇ ਦਲੇਰਾਨਾ ਟਿੱਪਣੀਆਂ ਕਰਨ ਕਰਕੇ, ਰੋਮਨ ਧਾਰਮਿਕ ਕੱਟੜਪੰਥੀਆਂ ਨੇ ਉਸਨੂੰ ਗੁਨਾਹਗਾਰ ਕਰਾਰ ਦੇ ਦਿੱਤਾ। ਇਸ ਦੀ ਸਜ਼ਾ ਵਜੋਂ ਉਸਨੂੰ ਖੰਭੇ ਨਾਲ ਬੰਨ੍ਹ ਕੇ ਜਿਉਂਦਾ ਹੀ ਸਾੜ ਦਿੱਤਾ ਗਿਆ ਸੀ। ਇਸ ਦੀ ਜਨਮ ਤਰੀਖ ਦਾ ਭਾਵੇਂ ਕੋਈ ਅਤਾਪਤਾ ਨਹੀਂ ਉਸ ਨੂੰ ਜਿਉਂਦੇ ਸਾੜਨ ਦੀ ਤਰੀਖ 17 ਫ਼ਰਵਰੀ, 1600 ਪੂਰੀ ਦੁਨੀਆਂ ਜਾਣਦੀ ਹੈ। ਉਹਨਾਂ ਦਾ ਜਨਮ ਇਟਲੀ ਦੇ ਇੱਕ ਛੋਟੇ ਜਿਹੇ ਪਿੰਡ ਨੋਲਾ ਵਿੱਚ ਸਿਪਾਹੀ ਪਿਤਾ ਜਿਓਵਾਨੀ ਬਰੂਨੋ ਅਤੇ ਮਾਤਾ ਫਰਾਓਲੀਸਾ ਸਾਵੋਲੀਨੋ ਦੇ ਘਰ ਹੋਇਆ। ਮੁੱਢਲੀ ਪੜ੍ਹਾਈ ਪ੍ਰਾਈਵੇਟ ਤੌਰ ਤੇ ਕਰਨ ਉਪਰੰਤ ਇੱਕ ਧਾਰਮਿਕ ਮੱਠ ਵਿੱਚ ਦਾਖਲ ਹੋ ਗਿਆ। 24 ਸਾਲ ਦੀ ਉਮਰ ਵਿੱਚ ਉਸਦੀ ਅਧਿਆਤਮਿਕ ਪੜ੍ਹਾਈ ਪੂਰੀ ਹੋਣ ਤੇ, ਉਸਨੂੰ ਪਾਦਰੀ ਬਣਾ ਦਿੱਤਾ ਗਿਆ ਸੀ। ਉਹ ਆਪਣੀ ਸੂਖਮ ਬੁੱਧੀ ਅਤੇ ਯਾਦਾਸ਼ਤ ਦੀ ਬੇਮਿਸਾਲ ਨਿਪੁੰਨਤਾ ਕਾਰਣ ਹਰਮਨ ਪਿਆਰਾ ਹੋ ਚੁੱਕਾ ਸੀ। ਪਰ ਦੂਜੇ ਪਾਸੇ ਉਸਨੂੰ ਧਾਰਮਿਕ ਮੱਕਾਰੀ ਤੋਂ ਚਿੜ੍ਹ ਆਉਣ ਲੱਗ ਗਈ ਸੀ। ਉਸ ਖ਼ਿਲਾਫ਼ ਈਸਾ ਤੋਂ ਮੁਨਕਰ, ਦੋ ਇਤਰਾਜਯੋਗ ਟਿੱਪਣੀਆਂ ਪੜ੍ਹਨ ਕਰਕੇ, ਨਾਸਤਿਕਤਾ ਦੇ ਦੋਸ਼ ਹੇਠ ਧਾਰਮਿਕ ਸੰਘ ਦੇ ਆਗੂ ਵੱਲੋਂ ਇੱਕ ਮੁਕੱਦਮਾ ਚਲਾਇਆ ਗਿਆ। ਇਸ ਤੋਂ ਉਸਨੂੰ ਇਉਂ ਲੱਗਾ ਜਿਵੇਂ ਉਸਨੇ ਕੋਈ ਕਤਲ ਕਰ ਦਿੱਤਾ ਹੋਵੇ, ਇਸ ਕਰਕੇ ਉਹ ਰੋਮ ਵੱਲ ਜਾ ਨਿਕਲਿਆ। ਘੁੰਮਦੇ ਘਮਾਉਂਦੇ ਉਹ ਉਹ ਜਨੇਵਾ ਪਹੁੰਚ ਗਿਆ ਅਤੇ ਮਾੜੇ-ਮੋਟੇ ਕੰਮ ਕੰਮ ਕਰਕੇ ਰੋਟੀ ਦਾ ਪ੍ਰਬੰਧ ਕੀਤਾ। ਪੋਪ ਪਾਇਸ ਪੰਜਵੇਂ ਅਤੇ ਮੁੱਖ ਪਾਦਰੀ ਰੇਲੀਲਾ ਸਾਹਮਣੇ ਜਦੋਂ ਉਸਨੇ ਆਪਣੀ ਯਾਦਾਸ਼ਤ ਦੀ ਤਕਨੀਕ ਦਾ ਪ੍ਰਦਰਸ਼ਨ ਕੀਤਾ ਤਾਂ ਪੋਪ ਬਹੁਤ ਹੀ ਪ੍ਰਭਾਵਿਤ ਹੋਇਆ। ਸੰਨ 1581 'ਚ ਉਹ ਪੈਰਸ ਚਲਾ ਗਿਆ ਜਿੱਥੇ ਕੰਮ ਕਰਨ ਅਤੇ ਪੜ੍ਹਨ ਦਾ ਵਧੀਆ ਮੌਕਾ ਮਿਲ ਗਿਆ। 1582 'ਚ ਉਸਨੇ ਸਿਮਰਤੀ ਤਕਨੀਕ ਦੇ ਤਿੰਨ ਖੋਜ ਗ੍ਰੰਥ ਪ੍ਰਕਾਸ਼ਤ ਕਰਵਾਏ। 'ਕੈਂਡਲ ਮੇਕਰ' ਨਾਂ ਦੀ ਕਾਮੇਡੀ ਪੁਸਤਕ ਵੀ ਪ੍ਰਕਾਸ਼ਤ ਕਰਵਾਈ ਜਿਸ ਵਿੱਚ ਮੌਕੇ ਦੇ ਭਾਈ ਭਤੀਜਾ ਵਾਦ ਦਾ ਵਰਨਣ ਅਤੇ ਨੈਤਿਕ ਤੇ ਸਮਾਜੀ ਲੁੱਟ ਵਿਰੁੱਧ ਰੋਸ ਪ੍ਰਗਟਾਇਆ ਗਿਆ ਸੀ। ਵਿਦਿਆਰਥੀਆਂ ਨੇ ਉਸਨੂੰ ਵੱਖ ਵੱਖ ਵਿਸ਼ਿਆਂ ਤੇ ਲੈਕਚਰ ਦੇਣ ਲਈ ਚੁਣ ਲਿਆ ਅਤੇ ਉਸ ਨੇ ਤਰਕਸੰਗਤ ਵਿਸ਼ਿਆਂ ਉੱਤੇ ਤੀਹ ਲੈਕਚਰਾਂ ਦੀ ਇੱਕ ਲੜੀ ਪੂਰੀ ਕੀਤੀ। ਬਰੂਨੋ ਮੰਨਦਾ ਸੀ ਕਿ ਧਰਤੀ ਸੂਰਜ ਦੁਆਲੇ ਚੱਕਰ ਕੱਢਦੀ ਹੈ ਬ੍ਰਹਿਮੰਡ ਅਨੰਤ ਹੈ, ਇਸ ਦਾ ਕੋਈ ਹੱਦ ਬੰਨਾ ਨਹੀਂ ਤੇ ਅੰਤ ਵੀ ਨਹੀਂ। ਉਸਦੀ ਨਵੇਂ ਵਿਗਿਆਨ ਦੀ ਭੂਮਿਕਾ ਨੂੰ ਉਹਨਾਂ ਧਾਰਮਿਕ ਲੋਕਾਂ ਨੇ ਵਿਵਾਦਾਂ ਵਿੱਚ ਘੇਰ ਲਿਆ ਜ਼ਿਹਨਾਂ ਦਾ ਰੋਜ਼ਗਾਰ ਧਰਮ ਉੱਪਰ ਟਿਕਿਆ ਹੋਇਆ ਸੀ।

ਜਦੋਂ 22 ਮਈ, 1592 ਨੂੰ ਬਰੂਨੋ ਨੂੰ ਗ੍ਰਿਫ਼ਤਾਰ ਕੀਤਾ ਓਦੋਂ ਉਸ ਉੱਤੇ ਧਰਮ ਦੀ ਬੇਅਦਬੀ ਕਰਨ , ਨਾਸਤਿਕ ਹੋਣ , ਧਰਮ ਨੂੰ ਭੰਡਣ, ਨਿੱਜੀ ਤੌਰ ਤੇ ਦੁਰਵਿਹਾਰ ਕਰਨ ਵਰਗੇ ਦੋਸ਼ ਲਗਾਏ ਗਏ ਸਨ। ਉਸਨੇ ਦੋਸ਼ ਕਬੂਲ ਕਰਨ ਦੀ ਬਜਾਏ, ਆਪਣਾ ਪੱਖ ਦਲੀਲ ਪੂਰਵਕ ਪੇਸ਼ ਕੀਤਾ। ਧਾਰਮਿਕ ਕੱਟੜਤਾ ਸੰਬੰਧੀ ਉਸਨੇ ਕਈ ਸ਼ੰਕੇ ਉਜਾਗਰ ਕੀਤੇ ਬਰੂਨੋ ਦੀ ਮੌਤ ਨੂੰ, ਪਾਦਰੀ ਏਂਜਲੋ ਸੋਡਾਨੋ, ਉਸ ਦੀ ਮੌਤ ਦੀ 400ਵੀਂ ਬਰਸੀ 'ਤੇ ਇੱਕ ਨਿਰਾਸ਼ਾਜਨਕ ਪ੍ਰਸੰਗ ਮੰਨਦਾ ਹੈ। ਕਥਾਕਾਰ ਉਸਨੂੰ ਵਿਗਿਆਨ ਦਾ ਸ਼ਹੀਦ ਕਹਿੰਦੇ ਹਨ। ਅੱਜ ਵੀ ਜਦੋਂ ਅਸੀਂ ਇਨ੍ਹਾਂ ਵਿਗਿਆਨੀਆਂ ਨੂੰ ਯਾਦ ਕਰ ਰਹੇ ਹਾਂ, ਤਾਂ ਭਾਰਤ ਦੇ ਕਈ ਸਿਰਕੱਢ ਸਮਾਜ ਚਿੰਤਕ ਜੋ ਵਿਗਿਆਨਿਕ ਕਦਰਾਂ ਕੀਮਤਾਂ ਨੂੰ ਪ੍ਰਣਾਏ ਹੋਏ ਹਨ ਅਤੇ ਸਮਾਜ ਵਿੱਚ ਗਲਤ ਵਰਤਾਰਿਆਂ ਦੇ ਜ਼ੁੰਮੇਵਾਰਾਂ ਖ਼ਿਲਾਫ਼ ਲੋਕਾਂ 'ਚ ਚੇਤਨਾ ਫੈਲਉਂਦੇ ਹਨ, ਜੇਲ੍ਹਾਂ ਅੰਦਰ ਡੱਕੇ ਹੋਏ ਹਨ, ਜਿਹਨਾਂ ਬਾਰੇ ਆਵਾਜ਼ ਉਠਾਉਣ ਦੀ ਲੋੜ ਹੈ।

(ਸਰੋਤ, ਪੁਸਤਕ ਮਹਾਨ ਖੋਜਕਾਰ)

# ਬੀਜੇਪੀ ਸਰਕਾਰ ਦੇ ਕਾਲ਼ੇ ਕਾਨੂੰਨਾਂ CAA, NRC ਅਤੇ NPR ਦੇ ਖਿਲਾਫ਼ ਸੰਘਰਸ਼ ਲੜ ਰਹੇ ਅੰਦੋਲਨਕਾਰੀ ਲੋਕਾਂ ਦੀ ਹਿਮਾਇਤ ਵਿੱਚ ਪ੍ਰੋਗਰਾਮ



**ਅਦਾਰਾ ਸਰੋਕਾਰਾਂ ਦੀ ਆਵਾਜ਼**

ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਸਭਾ, ਵਿਨੀਪੈਗ (ਕਨੇਡਾ) ਦੁਆਰਾ ਮੇਪਲਜ਼ ਕੌਲਿਜੀਏਟ, 1330 ਜੈਫਰਸਨ ਐਵੀਨਿਊ ਵਿਖੇ 26 ਜਨਵਰੀ, 2020 ਨੂੰ ਬੀਜੇਪੀ ਦੇ ਫਾਸ਼ੀਵਾਦੀ ਕਾਨੂੰਨਾਂ CAA, NRC ਅਤੇ NPR ’ਤੇ ਅਤੇ ਇਹਨਾਂ ਕਾਨੂੰਨਾਂ ਖਿਲਾਫ਼ ਪ੍ਰੋਟੈਸਟ ਕਰਦੇ ਹੋਏ ਜਾਮੀਆ, AMU ਅਤੇ JNU ਦੇ ਵਿਦਿਆਰਥੀਆਂ ਅਤੇ ਹੋਰ ਭਾਰਤੀ ਲੋਕਾਂ ਨਾਲ਼ ਹਮਦਰਦੀ ਜਤਾਉਣ ਲਈ ਅਤੇ ਉਹਨਾਂ ’ਤੇ ਪੁਲਸ ਦੁਆਰਾ ਕੀਤੇ ਤਸ਼ੱਦਦ ਦੀ ਨਿੰਦਿਆ ਕਰਨ ਬਾਰੇ ਪ੍ਰੋਗਰਾਮ ਕਰਵਾਇਆ ਗਿਆ। ਇਸ ਸਮਾਗਮ ਦੇ ਮੁੱਖ ਬੁਲਾਰੇ ਪ੍ਰੋ. ਰਾਧਿਕਾ ਡੇਸਾਈ ਸਨ ਜੋ ਕਿ ਯੂਨੀਵਰਸਿਟੀ ਆਫ਼ ਮੈਨੀਟੋਬਾ ਵਿੱਚ ਪੋਲੀਟੀਕਲ ਸਾਇੰਸ ਦੇ ਪ੍ਰੋਫੈਸਰ ਹਨ ਅਤੇ ਸਭਾ ਦੇ ਮੈਂਬਰ ਬਲਜੀਤ ਖ਼ਾਨ ਨੇ ਸਭਾ ਵੱਲੋਂ ਵਿਚਾਰ ਪੇਸ਼ ਕੀਤੇ।

ਇਹ ਕਾਨੂੰਨ ਬੰਗਲਾਦੇਸ਼, ਪਾਕਿਸਤਾਨ ਅਤੇ ਅਫ਼ਗਾਨਿਸਤਾਨ ਵਿੱਚ ਪੜਤਾੜਿਤ ਘੱਟ-ਗਿਣਤੀ ਹਿੰਦੂ, ਸਿੱਖ, ਬੋਧੀ, ਜੈਨੀ, ਪਰਸ਼ੀਅਨ ਅਤੇ ਕ੍ਰਿਸਚਨ ਲੋਕਾਂ ਨੂੰ ਭਾਰਤ ਦੀ ਨਾਗਰਿਕਤਾ ਦੇਣ ਦੀ ਵਿਵਸਥਾ ਕਰਦਾ ਹੈ ਪਰ ਹੋਰ ਮੁਲਕਾਂ ਵਿੱਚ ਪੜਤਾੜਿਤ ਮੁਸਲਮਾਨਾਂ ਨੂੰ ਭਾਰਤੀ ਨਾਗਰਿਕਤਾ ਲੈਣ ਦੇ ਹੱਕ ਤੋਂ ਵਾਂਝਾ ਕਰਦਾ ਹੈ। ਜਦਕਿ ਇਸਲਾਮੀ ਮੁਲਕਾਂ ਵਿੱਚ ਸ਼ੀਆ, ਅਹਿਮਦੀਆ, ਹਜ਼ਰਾ, ਕੁਰਦ ਮੁਸਲਿਮ ਫ਼ਿਰਕਿਆਂ ਦੇ ਲੋਕਾਂ ਨਾਲ਼ ਹੁੰਦੇ ਤਸ਼ੱਦਦ, ਵਿਤਕਰੇ ਅਤੇ ਅੱਤਿਆਚਾਰ ਤੋਂ ਸਮੁੱਚਾ ਜਗਤ ਵਾਕਫ਼ ਹੈ। ਇਸ ਤਰ੍ਹਾਂ ਇਹ ਕਾਨੂੰਨ ਧਰਮ ਦੇ ਅਧਾਰ ’ਤੇ ਨਾਗਰਿਕਤਾ ਦੇਣ ਦਾ ਸਿਧਾਂਤ ਘੜਦਾ ਹੈ ਜੋ ਕਿ ਵਿਤਕਰਾਵਾਦੀ ਅਤੇ ਭਾਰਤ ਸੰਵਿਧਾਨ ਦੀ ਮੂਲ ਧਾਰਨਾ ਕਿ ਭਾਰਤ ਇੱਕ ਧਰਮ-ਨਿਰਪੱਖ ਦੇਸ਼ ਹੈ ’ਤੇ ਗੰਭੀਰ ਹਮਲ਼ਾ ਹੈ।

ਇਸ ਤੋਂ ਇਲਾਵਾ ਇਸ ਕਾਨੂੰਨ ਤਹਿਤ ਭਾਰਤ ਵਿੱਚ ਰਹਿ ਰਹੇ ਹਰ ਇੱਕ ਬੰਦੇ ਨੂੰ ਭਾਰਤ ਦੀ ਨਾਗਰਿਕਤਾ ਦਾ ਸਬੂਤ ਦੇਣਾ ਪੈਣਾ ਹੈ। ਹੈਰਾਨੀ ਦੀ ਗੱਲ ਹੈ ਕਿ ਜਿੰਨ੍ਹਾਂ ਲੋਕਾਂ ਤੋਂ ਵੋਟਾਂ ਲੈ ਕੇ ਸਰਕਾਰ ਬਣੀ ਹੈ ਹੁਣ ਇਹ ਸਰਕਾਰ ਉਹਨਾਂ ਦੀ ਹੀ ਨਾਗਰਿਕਤਾ ਨੂੰ ਪਰਖੇਗੀ। ਜਿਹੜੇ ਹਿੰਦੂ ਲੋਕ ਆਪਣੀ ਨਾਗਰਿਕਤਾ ਸਾਬਤ ਨਹੀਂ ਕਰ ਸਕਣਗੇ ਉਹਨਾਂ ਨੂੰ ਸ਼ਰਨਾਰਥੀ ਬਣਾ ਕੇ ਭਾਰਤੀ ਨਾਗਰਿਕਤਾ ਦੇ ਦਿੱਤੀ ਜਾਵੇਗੀ ਪਰ ਜਿਹੜੇ ਮੁਸਲਮਾਨ ਲੋਕ ਭਾਰਤੀ ਨਾਗਰਿਕਤਾ ਦੇ ਸਬੂਤ ਨਹੀਂ ਦੇ ਸਕਣਗੇ ਉਹਨਾਂ ਨੂੰ ਘੁਸਪੈਠੀਏ ਗਰਦਾਨਕੇ ਜਾਂ ਤਾਂ ਡਿਟੈਂਸ਼ਨ ਸੈਂਟਰਾਂ ਵਿੱਚ ਰੱਖਿਆ ਜਾਵੇਗਾ ਜਾਂ ਫਿਰ ਦੇਸ਼ ਤੋਂ ਬਾਹਰ ਦਾ ਰਸਤਾ ਦਿਖਾਇਆ ਜਾਵੇਗਾ। ਆਦੀਵਾਸੀ, ਦਲਿਤ ਅਤੇ ਕਬਾਇਲੀ ਲੋਕ ਜਿੰਨ੍ਹਾਂ ਦੇ ਘਰ-ਬਾਰ ਆਏ ਸਾਲ਼ ਹੜ੍ਹਾਂ ’ਚ ਰੁੜ੍ਹ ਜਾਂਦੇ ਹਨ ਅਤੇ ਜਿੰਨ੍ਹਾਂ ਨੂੰ ਰੋਜ਼ੀ-ਰੋਟੀ ਦੀ ਭਾਲ਼ ਵਿੱਚ ਕਿਤੇ ਏਥੇ ਅਤੇ ਕਿਤੇ ਓਥੇ ਜਾਣਾ ਪੈਂਦਾ ਹੈ ਜਦੋਂ ਨਾਗਰਿਕਤਾ ਲਈ ਲੋੜੀਂਦੇ ਕਾਗਜ਼-ਪੱਤਰ ਨਹੀਂ ਪੇਸ਼ ਕਰ ਸਕਣਗੇ ਤਾਂ ਆਪਣੇ ਹੀ ਪੁਰਖਿਆਂ ਦੇ ਮੁਲਕ ਵਿੱਚ ਘੁਸਪੈਠੀਏ ਬਣਾਕੇ ਧਰ ਦਿੱਤੇ ਜਾਣਗੇ। ਇਹ ਕਾਨੂੰਨ ਭਾਰਤ ਦੀ ਸਾਂਝੀਵਾਲ਼ਤਾ, ਭਰਾਤਵੀਭਾਵ ਅਤੇ ਹਿੰਦੂ-ਸਿੱਖ-ਮੁਸਲਿਮ ਏਕਤਾ ਦੇ ਤਾਣੇ-ਬਾਣੇ ਨੂੰ ਖੰਡਿਤ ਕਰਦਾ ਹੈ ਅਤੇ ਨਫ਼ਰਤ ਦੇ ਬੀਜ ਬੀਜਦਾ ਹੈ, ‘ਵੰਡ ਕਰੋ ਅਤੇ ਰਾਜ ਕਰੋ’ ਦੀ ਨੀਤੀ ਨੂੰ ਦੁਹਰਾਉਂਦਾ ਹੈ। ਇਹ ਕਾਨੂੰਨ ਬੀਜੇਪੀ ਦੇ ਹਿੰਦੋਸਤਾਨ ਨੂੰ ਇੱਕ ਹਿੰਦੂ ਰਾਸ਼ਟਰ ਬਣਾਉਣ ਦੇ ਏਜੰਡੇ ਨੂੰ ਪ੍ਰਵਾਨ ਚੜ੍ਹਾਉਂਦਾ ਹੈ ਅਤੇ ਮੁਸਲਿਮ ਸਮੁਦਾਇ ਦੇ ਲੋਕਾਂ ਨੂੰ ਦੂਜੇ ਦਰਜ਼ੇ ਦੇ ਸ਼ਹਿਰੀ ਬਣਕੇ ਰਹਿੰਦਿਆਂ ਵੱਧ-ਗਿਣਤੀਆਂ ਦੀ ਅਧੀਨਗੀ ਸਵਿਕਾਰਨ ਲਈ ਮਜ਼ਬੂਰ ਕਰਦਾ ਹੈ। ਰਾਸ਼ਟਰੀ ਸਵੈਮਸੇਵਕ ਸੰਘ, ਇਸ ਦੇ ਸਹਿਯੋਗੀ ਸੰਗਠਨਾਂ ਅਤੇ ਭਾਜਪਾ ਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਕੱਟੜਪੰਥੀ ਰਾਜਨੀਤੀ ਇਸ ਨੂੰ ਲੰਬੇ ਸਮੇਂ ਤੱਕ ਸੱਤਾ ਵਿੱਚ ਰੱਖ ਸਕਦੀ ਹੈ ਇਸੇ ਲਈ ‘ਦੇਸ਼ ਕੇ ਗੱਦਾਰੋਂ ਕੋ, ਗੋਲ਼ੀ ਮਾਰੋ..... ਕੋ’ ਆਦਿ ਨਾਅਰੇ ਪ੍ਰਚੱਲਿਤ ਕੀਤੇ ਜਾ ਰਹੇ ਹਨ।

ਦਰਅਸਲ ਇਸ ਕਾਨੂੰਨ ਦਾ ਪਾਸ ਇੱਕ ਰਾਜਨੀਤਿਕ ਹੱਥਕੰਡਾ ਹੈ ਕਿ ਦੇਸ਼ ਵਿੱਚ ਫੈਲੀ ਹੋਈ ਘੋਰ ਗ਼ਰੀਬੀ, ਬੇਰੋਜ਼ਗਾਰੀ, ਆਰਥਿਕ ਨਾਬਰਾਬਰੀ, ਦਿਨ ਬਦਿਨ ਡਿੱਗ ਰਹੀ ਵਿਕਾਸ ਦਰ, ਸਰਕਾਰੀ ਮਹਿਕਮਿਆਂ ਵਿੱਚ ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਜ਼ਾਤ-ਪਾਤ ਵਰਗੇ ਸਾਰਥਕ ਮੁੱਦਿਆਂ ਵੱਲੋਂ ਆਮ ਲੋਕਾਂ ਦਾ ਧਿਆਨ ਹਟਾਇਆ ਜਾ ਸਕੇ ਅਤੇ ਉਹਨਾਂ ਵਿੱਚ ਧਰਮ ਦੇ ਨਾਂ ’ਤੇ ਵੰਡੀਆਂ ਪਾਈਆਂ ਜਾਣ ਅਤੇ ਉਹ ਕਦੇ ਇੱਕਮੁੱਠ ਹੋ ਕੇ ਆਪਣੀ ਮੰਦਹਾਲੀ ਨੂੰ ਸਿਰੋਂ ਲਾਹਕੇ ਸੁੱਟਣ ਲਈ ਸੰਘਰਸ਼ ਨਾ ਕਰ ਸਕਣ।

ਇਸ ਕਾਨੂੰਨ ਦੇ ਖਿਲਾਫ਼ ਜਾਮੀਆ ਇਸਲਾਮੀਆ ਯੂਨੀਵਰਸਿਟੀ, AMU ਅਤੇ JNU ਦੇ ਵਿਦਿਆਰਥੀਆਂ ਦੁਆਰਾ ਕੀਤੇ ਪ੍ਰੋਟੈਸਟਾਂ ਨੂੰ ਲਤਾੜਣ ਲਈ ਪੁਲਸ ਦੁਆਰਾ ਕੀਤਾ ਤਸ਼ੱਦਦ ਅਤੇ ਧੱਕਾ ਨਿੰਦਣਯੋਗ ਅਤੇ ਲੋਕਤੰਤਰ ਦੇ ਨਾਂ ’ਤੇ ਕਲੰਕ ਹੈ।

ਸ਼ਾਹੀਨ ਬਾਗ਼ ਅਤੇ ਪੂਰੇ ਦੇਸ਼ ਵਿੱਚ ਇਸ ਕਾਨੂੰਨ ਨੂੰ ਵਾਪਸ ਲਏ ਜਾਣ ਦੇ ਲਈ ਅਨੇਕਾਂ ਘੋਲ਼ ਲੜੇ ਜਾ ਰਹੇ ਹਨ ਜਿੰਨ੍ਹਾਂ ਨੂੰ ਮਜੂਦਾ ਸਰਕਾਰ ਦੇ ਪ੍ਰਤੀਨਿਧ ‘ਦੇਸ਼ਧਰੋਹੀ’ ਅਤੇ ‘ਟੁਕੜੇ-ਟੁਕੜੇ ਗੈਂਗ’ ਕਹਿਕੇ ਭੰਡਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਇਹ ਸੰਘਰਸ਼ ਭਾਰਤੀ ਦੀ ਅਜ਼ਾਦੀ ਦੀ ਦੂਜੀ ਲੜਾਈ ਦਾ ਰੂਪ ਧਾਰ ਕਰ ਗਏ ਹਨ ਜੋ ਕਿ ਲੋਕਾਂ ਵਿੱਚ ਚੇਤਨਾ ਦੇ ਉਦੈ ਹੋਣ ਦਾ ਪ੍ਰਤੀਕ ਹੈ।ਅੰਤ ’ਤੇ ਸਟੇਜ ਸੰਚਾਲਕ ਮੰਗਤ ਸਹੋਤਾ ਨੇ ਭਾਜਪਾ ਸਰਕਾਰ ਦੇ ਕਾਲ਼ੇ ਕਾਨੂੰਨਾਂ ਵਿਰੁੱਧ ਸਭਾ ਵੱਲੋਂ ਪਾਏ ਮਤੇ ਪੜ੍ਹੇ ਅਤੇ ਪ੍ਰਵਾਸੀ ਭਾਰਤੀਆਂ ਨੂੰ ਅਪੀਲ ਕੀਤੀ ਕਿ ਉਹ ਮੋਦੀ-ਸ਼ਾਹ ਜੁੰਡਲ਼ੀ ਦੇ ਇਹਨਾਂ ਕਾਨੂੰਨਾਂ ਨੂੰ ਵਾਪਸ ਲਏ ਜਾਣ ਲਈ ਸੰਘਰਸ਼ ਲੜ ਰਹੇ ਅੰਦੋਲਣਕਾਰੀ ਲੋਕਾਂ ’ਤੇ ਹੋ ਰਹੇ ਜ਼ਬਰ-ਜ਼ੁਲਮ ਦੀ ਨਿਖੇਧੀ ਕਰਨ ਅਤੇ ਉਹਨਾਂ ਦੇ ਸੰਘਰਸ਼ ਦਾ ਡਟਵਾਂ ਸਮਰਥਣ ਕਰਨ। ਪਰਵਾਸੀ ਭਾਰਤੀਆਂ ਨੂੰ ਚਾਹੀਦਾ ਹੈ ਕਿ ਉਹ ਇਹਨਾਂ ਕਾਲ਼ੇ ਕਾਨੂੰਨਾਂ ਖਿਲਾਫ਼ ਆਪਣੀ ਅਵਾਜ਼ ਉਠਾਉਣ ਤਾਂ ਕਿ ਅੰਤਰਰਾਸ਼ਟਰੀ ਦਬਾਅ ਕਾਇਮ ਹੋ ਸਕੇ ਕਿ ਫਾਸ਼ੀਵਾਦੀ ਸਰਕਾਰ ਨੂੰ ਇਹ ਕਾਨੂੰਨ ਵਾਪਸ ਲੈਣੇ ਪੈਣ।















# ਜਲ੍ਹਿਆਂਵਾਲਾ ਬਾਗ਼ ਤੋਂ ਸ਼ਾਹੀਨ ਬਾਗ਼

**-ਅਮੋਲਕ ਸਿੰਘ**

ਸਾਡੇ ਮੁਲਕ ਦੇ ਆਜ਼ਾਦੀ ਸੰਗਰਾਮ ਨੂੰ ਨਵਾਂ, ਇਨਕਲਾਬੀ ਅਤੇ ਇਤਿਹਾਸਕ ਮੋੜ ਦੇਣ ਦੀ ਅਮਿਟ ਭੂਮਿਕਾ ਅਦਾ ਕਰਨ ਵਾਲੇ ਜਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕੇ ਦੀ ਅਮਰ ਕਹਾਣੀ, ਹੋਰਨਾ ਸਮੇਤ ਮੁਸਲਮਾਨ ਭਾਈਚਾਰੇ ਦੇ ਲਹੂ ਸੰਗ ਲਿਖੀ ਗਈ ਹੈ। ਬਾਗ਼ ਦੀ ਇਤਿਹਾਸਕ ਗਾਥਾ ਬੋਲਦੀ ਹੈ ਕਿ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਨੇ ਗਲਵੱਕੜੀਆਂ ਪਾ ਕੇ ਸੀਨੇ 'ਚ ਗੋਲੀਆਂ ਖਾਧੀਆਂ।

ਸਾਂਝੇ ਲਹੂ ਸੰਗ ਗੁੰਨ੍ਹੀ ਮਿੱਟੀ ਦੀ ਮਹਿਕ ਅੱਗੇ ਤੁਰੀ। ਨੌਜਵਾਨ ਭਾਰਤ ਸਭਾ ਦੇ ਇਤਿਹਾਸ ਨੇ ਨਵੀਂ ਇਨਕਲਾਬੀ ਪੁਲਾਂਘ ਭਰੀ। ਸ਼ਹੀਦ ਭਗਤ ਸਿੰਘ, ਸ਼ਹੀਦ ਊਧਮ ਸਿੰਘ (ਮੁਹੰਮਦ ਸਿੰਘ ਆਜ਼ਾਦ) ਦੇ ਲਾ-ਮਿਸਾਲ ਸਫ਼ਰ ਦੀਆਂ ਪੈੜਾਂ, ਜਲ੍ਹਿਆਂਵਾਲਾ ਬਾਗ਼ ਦੀ ਲਹੂ ਰੱਤੀ ਮਿੱਟੀ ਨਾਲ ਜੁੜੀਆਂ ਹਨ। ਕਿਸਾਨ ਲਹਿਰਾਂ ਦੀ ਤੰਦ ਵੀ ਇਸ ਬਾਗ਼ ਦੀ ਗਵਾਹੀ ਭਰਦੀ ਹੈ। 'ਬੰਦੇ ਮਾਤਰਮ ਤੋਂ ਇਨਕਲਾਬ-ਜ਼ਿੰਦਾਬਾਦ!' ਤੱਕ ਦੇ ਸਿਫ਼ਤੀ ਪਲਟੇ ਦਾ ਇਤਿਹਾਸ, ਬਾਗ਼ ਦੇ ਕਣ-ਕਣ ਵਿਚੋਂ ਗੂੰਜ਼ਦਾ ਹੈ। ਪੌਣਾਂ ਵਿੱਚ ਗਾਉਂਦਾ ਹੈ।

ਬਦੇਸ਼ੀ ਅੰਗਰੇਜ਼ੀ ਹਕੂਮਤ ਨੇ ਜਿਸ ਭਾਈਚਾਰਕ ਸਾਂਝ ਦੀ ਜੋਟੀ ਭੰਨਣ ਲਈ ਹਰ ਹਰਬਾ ਵਰਤਿਆ। ਉਹੀ ਚਾਲੇ ਦੇਸੀ ਹਾਕਮਾਂ ਨੇ ਫੜ ਰੱਖੇ ਹਨ। ਪਰ ਇਹ ਲਹੂ ਹੈ ਜੋ ਕਦੇ ਝੂਠੇ ਨਗ਼ਮੇ ਨਹੀਂ ਗਾਉਂਦਾ। ਅੱਜ ਜਲ੍ਹਿਆਂਵਾਲਾ ਬਾਗ਼ ਦੀ ਮਿੱਟੀ, ਗੋਲੀਆਂ ਦੇ ਨਿਸ਼ਾਨ, ਸ਼ਹੀਦੀ ਖ਼ੂਹ, ਹਿੰਦੂ, ਮੁਸਲਿਮ, ਸਿੱਖ ਭਾਈਚਾਰੇ ਦੀ ਸਾਂਝੀ ਵਿਰਾਸਤ, ਸਾਂਝੀ ਸ਼ਹਾਦਤ, ਸਾਂਝੀ ਇਤਿਹਾਸਕ ਯਾਦਗਾਰ ਤੋਂ ਵੀ ਹਾਕਮਾਂ ਨੂੰ ਭੈਅ ਆਉਂਦਾ ਹੈ। ਇਸ ਕਰਕੇ ਬਾਗ਼ ਦੁਆਲੇ ਵਾੜ ਗੱਡ ਕੇ, 15 ਅਪ੍ਰੈਲ 2020 ਤੱਕ ਜਨਤਕ ਦਾਖ਼ਲੇ 'ਤੇ ਪਾਬੰਦੀ ਮੜ੍ਹਕੇ ਆਪਣੇ ਚੰਦਰੇ ਮਨਸੂਬੇ ਨੇਪਰੇ ਚਾੜ੍ਹਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਕੀ ਲੋਕਾਂ ਦੀ ਇਤਿਹਾਸਕ ਧਰੋਹਰ ਬਾਰੇ ਲੋਕਾਂ ਨੂੰ ਜਲ੍ਹਿਆਂਵਾਲਾ ਬਾਗ਼ ਅੰਦਰ ਦਾਖਲੇ 'ਤੇ ਮੜ੍ਹੀ ਪਾਬੰਦੀ ਹਟਣ ਤੇ ਹੀ ਪਤਾ ਲੱਗੇਗਾ ਕਿ ਬਾਗ਼ ਦੀ ਇਤਿਹਾਸਕਤਾ ਨੂੰ ਕਿਵੇਂ ਹਕੂਮਤੀ ਰੰਗ 'ਚ ਰੰਗਿਆ ਜਾ ਰਿਹਾ ਹੈ। ਇਤਿਹਾਸਕ ਯਾਦਗਾਰ ਨੂੰ ਲੋਕ ਮਨਾਂ ਤੋਂ ਮੇਟਣ ਲਈ ਸੈਰਗਾਹ 'ਚ ਤਬਦੀਲ ਕੀਤਾ ਜਾ ਰਿਹਾ ਹੈ।

ਹੁਣ ਸ਼ਾਹੀਨ ਬਾਗ਼ 'ਚ ਪੁੱਜ ਗਿਆ ਹੈ, ਜਲ੍ਹਿਆਂਵਾਲਾ ਬਾਗ਼। ਇਹ ਬਾਗ਼, ਫਿਰਕੂ ਹਾਕਮਾਂ ਦੇ ਕਾਲ਼ਜੇ ਹੌਲ ਪਾਉਂਦਾ ਹੈ। ਜਲ੍ਹਿਆਂਵਾਲਾ ਬਾਗ਼ ਤੋਂ ਚੱਲੇ ਜੱਥੇ, ਸ਼ਾਹੀਨ ਬਾਗ਼ ਦੀ ਬੁੱਕਲ ਵਿੱਚ ਜਾ ਵੜਨ, ਇਹ ਫਿਰਕੂ ਜ਼ਹਿਰ ਦੇ ਵਣਜਾਰਿਆਂ ਨੂੰ ਫੁੱਟੀ ਅੱਖ ਨਹੀਂ ਭਾਉਂਦਾ। ਜਲ੍ਹਿਆਂਵਾਲਾ ਬਾਗ਼ ਸਮੇਂ ਰੌਲਟ ਐਕਟ ਵਰਗੇ ਕਾਲ਼ੇ ਕਾਨੂੰਨ ਮੜ੍ਹੇ ਗਏ। ਹੁਣ ਵੀ ਸ਼ਾਹੀਨ ਬਾਗ਼ ਨਾਲ ਜੁੜਨ ਤੋਂ ਰੋਕਣ, ਕਾਲ਼ੇ ਕਾਨੂੰਨਾਂ ਨੂੰ ਮੰਨਣ ਤੋਂ ਨਾਬਰ ਲੋਕਾਂ ਨੂੰ ਖ਼ੌਫ਼ਜਦਾ ਕਰਨ ਲਈ ਐਨ.ਐਸ.ਏ. ਵਰਗੇ ਕਾਲ਼ੇ ਕਾਨੂੰਨ ਮੜ੍ਹੇ ਗਏ। ਜਿਸ ਤਹਿਤ ਨਾ ਵਕੀਲ, ਨਾ ਦਲੀਲ, ਨਾ ਅਪੀਲ ਦਾ ਬੁਲਡੋਜਰ ਚਾੜ੍ਹਕੇ ਜ਼ੁਬਾਨਬੰਦੀ ਦੇ ਫ਼ੁਰਮਾਨ ਠੋਕੇ ਗਏ। ਡੀਟੈਂਸ਼ਨ ਸੈਂਟਰਾਂ ਦੀ ਹੋਂਦ ਤੋਂ ਮੁਕਰਨ ਅਤੇ ਨਾਲ ਦੀ ਨਾਲ ਇਨ੍ਹਾਂ ਦਾ ਡਰਾਵਾ ਦੇਣ ਦਾ ਮਾਹੌਲ ਸਿਰਜਿਆ ਜਾ ਰਿਹਾ ਹੈ। 1919 ਤੋਂ 2019 ਅਤੇ 2020, ਸੌ ਸਾਲ ਬਾਦ ਜਲ੍ਹਿਆਂਵਾਲਾ ਬਾਗ਼ ਤੋਂ ਸ਼ਾਹੀਨ ਬਾਗ਼ ਤੱਕ ਸਿਰ ਜੋੜ ਕੇ ਆਵਾਜ਼ ਉਠਾਉਂਦੇ, ਮਿਲਕੇ ਜੀਣ ਮਰਨ ਦੇ ਨਾਅਰੇ ਲਾਉਂਦੇ ਇਸ ਨਵੇਂ ਸਿਰਜੇ ਜਾ ਰਹੇ ਇਤਿਹਾਸ ਨੇ ਉਸ ਸਵੇਰ ਦਾ ਮੁਖੜਾ ਨਿਹਾਰਨਾ ਹੈ ਜਿਸਦੀ ਗੂੰਜ ਚੁਫ਼ੇਰੇ ਸੁਣਾਈ ਦੇਣ ਲੱਗੀ ਹੈ:

ਵੋ ਦਿਨ ਕਿ ਜਿਸਕਾ ਵਾਅਦਾ ਹੈ
ਹਮ ਦੇਖੇਂਗੇ
ਲਾਜ਼ਿਮ ਹੈ ਕਿ ਹਮ ਭੀ ਦੇਖੇਂਗੇ
ਹਮ ਦੇਖੇਂਗੇ

ਮੋਦੀ-ਸ਼ਾਹ ਲਾਣੇ ਦੀ ਅਗਵਾਈ 'ਚ ਫਿਰਕੂ ਫਾਸ਼ੀ ਝੱਖੜ ਝੁਲਾ ਰਹੀ ਭਾਜਪਾ ਹਕੂਮਤ ਨੇ ਕਦੀ ਹੱਲਾ ਬੋਲਿਆ ਆਦਿਵਾਸੀ ਲੋਕਾਂ 'ਤੇ, ਜੰਗਲ, ਜਲ, ਜ਼ਮੀਨ 'ਤੇ ਦੇਸ਼ੀ ਬਦੇਸ਼ੀ, ਰੱਤ ਪੀਣੇ ਘਰਾਣਿਆਂ ਦਾ ਕਬਜ਼ਾ ਕਰਾਉਣ ਲਈ। ਆਦਿਵਾਸੀਆਂ ਦੀ ਹੱਕੀ ਆਵਾਜ਼ ਲਹੂ 'ਚ ਡਬੋਣ ਲਈ। ਆਦਿਵਾਸੀਆਂ ਦੇ ਸੈਂਕੜੇ ਪਿੰਡ ਅੱਗ 'ਚ ਸਾੜਕੇ ਰਾਖ਼ ਕਰ ਦਿੱਤੇ। ਭੁੱਖਾਂ, ਦੁੱਖਾਂ ਦੇ ਭੰਨੇ ਆਦਿਵਾਸੀਆਂ ਦੀ ਆਬਰੂ ਨਾਲ ਖਿਲਵਾੜ ਕੀਤਾ। ਆਦਿਵਾਸੀਆਂ ਦੀ ਬਾਂਹ ਫੜਨ ਵਾਲਿਆਂ ਨੂੰ ਝੂਠੇ ਪੁਲਸ ਮੁਕਾਬਲਿਆਂ ਦਾ ਡਰਾਮਾ ਰਚਕੇ ਕਤਲ ਕੀਤਾ ਗਿਆ। ਜੰਗਲ ਦੀ ਹਕੀਕੀ ਕਹਾਣੀ ਨੂੰ ਜੰਗਲ ਰਾਜ ਦੇ ਪਰਦੇ ਓਹਲੇ ਢਕਣ ਦਾ ਯਤਨ ਕੀਤਾ ਗਿਆ। ਜੰਗਲ ਚੁੱਪ ਨਹੀਂ ਹੋਇਆ। ਜੰਗਲ, ਜੰਗਲ ਦੇ ਲੋਕਾਂ ਦੀ ਮੁਕਤੀ ਦਾ ਗੀਤ ਗਾਉਂਦਾ ਰਹੇਗਾ।

ਦਲਿਤ ਵਰਗ ਦੀ ਅੰਗੜਾਈ ਭੰਨਣ ਲਈ ਦਰੱਖਤਾਂ ਨਾਲ ਬੰਨ੍ਹ ਕੇ ਕੁਟਾਪਾ ਚਾੜਨ, ਵੀਡੀਓ ਵਾਇਰਲ ਕਰਕੇ ਦਹਿਸ਼ਤਜ਼ਦਾ ਕਰਨ ਅਤੇ ਮਨੂੰਵਾਦੀ ਪਰੰਪਰਾ ਦਾ ਜੂੜ ਪਾ ਕੇ ਰੱਖਣ ਲਈ ਕੀ ਕੀ ਕਾਰੇ ਨਹੀਂ ਕੀਤੇ। ਭੀਮਾ ਕੋਰੇ ਗਾਓ ਵਰਗੇ ਕਾਂਡ ਰਚਕੇ, ਗਊਮਾਤਾ, ਭਾਰਤ ਮਾਤਾ ਦੇ ਜੈਕਾਰੇ ਛੱਡਕੇ ਉਲਟਾ ਮੁਲਕ ਭਰ ਦੇ ਰੋਸ਼ਨ ਦਿਮਾਗ ਬੁੱਧੀਜੀਵੀਆਂ ਉਪਰ ਝੂਠੇ ਕੇਸ ਮੜ੍ਹਕੇ, ਦਲਿਤਾਂ ਦੀ ਆਵਾਜ਼ ਹਨੇਰਗਰਦੀ ਦੇ ਰਾਜ ਵਿੱਚ ਝੁਲਸ ਸੁੱਟਣ ਦੇ ਕਾਰੇ ਕੀਤੇ। ਦਲਿਤ ਮੈਦਾਨ 'ਚ ਨਿੱਤਰੇ। ਚੁੱਪ ਰਹਿਣ ਦੀ ਬਜਾਏ ਉਹ ਹੋਰ ਵੀ ਬੁਲੰਦ ਆਵਾਜ਼ ਨਾਲ ਗਰਜ਼ੇ।

ਮੁਸਲਿਮ ਭਾਈਚਾਰੇ ਨੂੰ ਕਦੇ ਮਾਸ ਰੱਖਣ, ਕਦੇ ਲਵ-ਜਹਾਦ, ਕਦੇ ਭੀੜ ਤੰਤਰ ਦੇ ਛੜਯੰਤਰ ਆਦਿ ਰਾਹੀਂ ਜਲੀਲ ਕਰਨ, ਉਜਾੜਨ, ਜਾਨੋ ਮਾਰਨ ਦੇ ਭੱਠ 'ਚ ਸੁੱਟਿਆ ਗਿਆ। ਮੁਸਲਿਮ ਭਾਈਚਾਰੇ ਨੂੰ 'ਪਾਕੀ' 'ਗਦਾਰ' ਆਦਿ ਆਖਕੇ 'ਗੋਲੀ ਮਾਰੋ... ਕੋ' ਵਰਗੇ ਐਲਾਨ ਕੀਤੇ ਗਏ। ਗੋਲੀਆਂ ਦਾਗ਼ੀਆਂ, ਲਾਇਬਰੇਰੀਆਂ, ਹੋਸਟਲਾਂ ਉਪਰ ਬਦੇਸ਼ੀ ਧਾੜਵੀਆਂ ਵਾਂਗ ਚੜ੍ਹਾਈ ਕੀਤੀ।

ਭਾਜਪਾ ਹਾਕਮ ਇਸ ਕਰਕੇ ਹੋਰ ਵੀ ਭੂਤਰ ਗਏ ਜਦੋਂ ਕਸ਼ਮੀਰ ਨੂੰ ਕਈ ਮਹੀਨਿਆਂ ਤੋਂ ਜੇਲ੍ਹ 'ਚ ਤਬਦੀਲ ਕਰ ਦਿੱਤਾ। ਕਰਫ਼ੀਊ ਅਤੇ ਇੰਟਰਨੈਟ ਸੇਵਾਵਾਂ ਖਤਮ ਕਰਕੇ, ਹਰ ਕਸ਼ਮੀਰੀ ਦੇ ਸਿਰ 'ਤੇ ਬੰਦੂਕਧਾਰੀ ਫੌਜੀ ਖੜ੍ਹਾ ਕਰਕੇ, ਉਹਨਾਂ ਦੇ ਸਾਹ ਸੂਤਣ ਦਾ ਯਤਨ ਕੀਤਾ ਗਿਆ। ਹਾਕਮਾਂ ਨੂੰ ਲੱਗਾ ਕਿ ਮੁਲਕ ਨੂੰ ਕਸ਼ਮੀਰ ਅਤੇ ਪੁਲਵਾਮਾ ਵਰਗੇ ਮੁੱਦਿਆਂ ਉਪਰ ਅੰਧ ਵਿਸ਼ਵਾਸ਼ ਦੀ ਮਿੱਠੀ ਜ਼ਹਿਰੀ ਦੇ ਪਿਆਲਿਆਂ ਨਾਲ ਮਦਹੋਸ਼ ਕਰਕੇ ਆਪਣੇ ਰਾਜ ਭਾਗ ਦੇ ਪਾਵੇ ਮਜ਼ਬੂਤ ਕੀਤੇ ਜਾ ਸਕਦੇ ਹਨ।

ਇਸ ਹੰਕਾਰ ਦੀ ਘੁਮੇਰ ਵਿੱਚ ਹੀ ਆਪਣੇ ਚਿਰਾਂ ਦੇ ਤਹਿਸ਼ੁਦਾ ਏਜੰਡੇ ਨੂੰ ਨੇਪਰੇ ਚਾੜ੍ਹਕੇ ਹਿੰਦੂਤਵ ਫਾਸ਼ੀ ਰਾਜ ਮੜ੍ਹਨ ਲਈ ਸੀ.ਏ.ਏ., ਐਨ.ਆਰ.ਸੀ., ਐਨ.ਪੀ.ਆਰ. ਦੇ ਕਾਲ਼ੇ ਕਾਨੂੰਨਾਂ ਦੀ ਵਾੜ ਗੱਡਣ ਦੇ ਚੱਕਵੇਂ ਪੈਰੀਂ ਚੱਲਣ ਦਾ ਭਰਮ ਪਾਲਿਆ ਗਿਆ। ਇਸਨੇ ਹਾਕਮਾਂ ਦੀ ਸਾਰੀ ਗਿਣਤੀ ਮਿਣਤੀ ਪੁੱਠੀ ਪਾ ਦਿੱਤੀ। ਜੇ.ਐਨ.ਯੂ., ਜਾਮੀਆਂ ਮਿਲੀਆ ਇਸਲਾਮੀਆਂ, ਸ਼ਾਹੀਨ ਬਾਗ਼ ਆਦਿ ਥਾਵਾਂ ਨੂੰ ਲਹੂ 'ਚ ਡਬੋਣ ਅਤੇ ਲੋਕਾਂ ਵਿੱਚ ਇਹਨਾਂ ਦਾ ਹੁਲੀਆ ਵਿਗਾੜ ਕੇ, ਲੋਕਾਂ ਨੂੰ ਹੀ ਲੋਕਾਂ ਨਾਲ ਲੜਾਉਣ ਲਈ ਕੀ-ਕੀ ਪਾਪੜ ਨਹੀਂ ਵੇਲੇ ਗਏ? ਚੁਣੌਤੀ ਭਰੀਆਂ ਹਾਲਤਾਂ ਨਾਲ ਮੱਥਾ ਲਾਉਣ ਲਈ ਯੂਨੀਵਰਸਿਟੀ ਗੇਟਾਂ, ਥਾਣਿਆਂ, ਸੜਕਾਂ ਉਪਰ ਲੋਕ, ਹੜ੍ਹ ਬਣਕੇ ਨਿੱਕਲੇ। ਗੁੰਮਰਾਹਕੁੰਨ ਕੂੜ ਪ੍ਰਚਾਰ ਦੇ ਭਾਂਡੇ ਚੌਰਾਹੇ 'ਚ ਭੰਨੇ ਗਏ।

ਅਜੇਹੇ ਕੁੱਝ ਯਤਨਾ ਖਿਲਾਫ਼ ਵਿਦਿਆਰਥੀਆਂ, ਔਰਤਾਂ ਦਾ ਅਗਲੀ ਕਤਾਰ 'ਚ ਪੈਰ ਜਮਾਕੇ ਸੰਗਰਾਮ ਦਾ ਪਰਚਮ ਚੁੱਕਣਾ, ਮਹੀਨਿਆਂ ਬੱਧੀ ਦਮ ਰੱਖਕੇ ਬਹੁਤ ਹੀ ਸੂਝ-ਬੂਝ ਨਾਲ ਜੱਦੋ ਜਹਿਦ ਕਰਨਾ। ਬੱਚਾ-ਬੱਚਾ ਸੰਘਰਸ਼ ਦੇ ਮੈਦਾਨ 'ਚ ਝੋਕ ਦੇਣਾ; ਆਪਣੇ ਆਪ 'ਚ ਨਵੇਂ ਇਤਿਹਾਸ ਦੇ ਨਵੇਂ ਵਰਕੇ ਲਿਖਣਾ ਹੈ। ਸ਼ਾਹੀਨ ਬਾਗ਼ ਦਾ ਸੰਗਰਾਮ ਇਸਦੀ ਚੋਟੀ ਦੀ ਉਤਸ਼ਾਹਜਨਕ ਮਿਸਾਲ ਹੈ। ਫਿਰਕੂ ਫਾਸ਼ੀ ਹਾਕਮਾਂ ਨੇ ਬਲ ਅਤੇ ਛਲ ਦੇ ਸਾਰੇ ਹਥਿਆਰ ਸ਼ਰ੍ਹੇਆਮ ਵਰਤੇ ਤਾਂ ਜੋ ਮੁਸਲਮਾਨ ਭਾਈਚਾਰੇ ਨੂੰ ਨਿਖੇੜਕੇ, ਚੋਣਵੇਂ ਨਿਸ਼ਾਨੇ ਦੀ ਮਾਰ ਹੇਠ ਲਿਆਂਦਾ ਜਾਵੇ। ਇਹ ਚਾਲਾਂ ਫੇਲ੍ਹ ਕਰਨ ਲਈ ਬੁੱਧੀਜੀਵੀਆਂ, ਲੇਖਕਾਂ, ਰੰਗ ਕਰਮੀਆਂ, ਨਾਮਵਰ ਫ਼ਿਲਮੀ ਹਸਤੀਆਂ, ਸਾਹਿਤਕਾਰਾਂ, ਕਵੀਆਂ, ਚਿੱਤਰਕਾਰਾਂ, ਆਲੋਚਕਾਂ ਅਤੇ ਸੰਸਾਰ ਪ੍ਰਸਿੱਧ ਵਿਦਵਾਨਾਂ ਨੇ ਧੜੱਲੇ ਨਾਲ ਆਵਾਜ਼ ਉਠਾਈ। ਮੁਸਲਿਮ ਔਰਤਾਂ ਬੁਰਕੇ ਲਾਹਕੇ ਹਾਕਮਾਂ ਦੀਆਂ ਫਿਰਕੂ ਯੋਜਨਾਵਾਂ ਦੇ ਬੁਰਕੇ ਲੰਗਾਰ ਕਰਨ ਲੱਗੀਆਂ। ਦਿੱਲੀ ਦਾ ਸ਼ਾਹੀਨ ਬਾਗ਼ ਇੱਕ ਵਾਰ ਫੇਰ ਜਲ੍ਹਿਆਂਵਾਲਾ ਬਾਗ਼ ਦਾ ਇਤਿਹਾਸਕ ਦ੍ਰਿਸ਼ ਪੇਸ਼ ਕਰਨ ਲੱਗਾ। ਥਾਂ-ਥਾਂ ਸ਼ਾਹੀਨ ਬਾਗ਼ ਉੱਗਣ ਲੱਗੇ। ਕਲਮਾਂ, ਬਰੱਸ਼, ਡਫ਼ਲੀਆਂ, ਦਾਤੀਆਂ, ਹਥੌੜੇ ਸਭ ਮਿਲ ਕੇ ਸਾਂਝਾ, ਸਾਂਝੀਵਾਲਤਾ ਦਾ ਸਮੂਹ ਗਾਇਨ ਗਾਉਣ ਲੱਗੇ।

ਹਕੂਮਤੀ ਦਰਬਾਰ, ਅਜੇਹੇ ਸਿਆਸੀ ਪੱਤੇ ਵਰਤਕੇ ਲੋਕਾਂ ਉੱਪਰ ਨਿੱਤ ਨਵੇਂ ਆਰਥਕ ਬੋਝ ਦੀਆਂ ਪੰਡਾਂ ਲੱਦ ਰਿਹਾ ਹੈ। ਕਰਜ਼ੇ, ਖ਼ੁਦਕੁਸ਼ੀਆਂ, ਨਸ਼ੇ, ਬੇਰੁਜ਼ਗਾਰੀ, ਮਹਿੰਗਾਈ, ਨਿਜੀਕਰਣ, ਸਿੱਖਿਆ, ਸਿਹਤ ਵਰਗੇ ਅਨੇਕਾਂ ਲੋਕ ਮਸਲਿਆਂ ਤੋਂ ਲੋਕਾਂ ਦਾ ਧਿਆਨ ਪਾਸੇ ਲਿਜਾਣ ਦੀਆਂ ਸ਼ੈਤਾਨੀਆਂ ਕਰਦਾ ਹੈ। ਜਾਗਦੀ ਲੋਕ ਲਹਿਰ, ਸਭਨਾ ਬਹੁ-ਧਾਰੀ ਹੱਲਿਆਂ ਦਾ ਟਾਕਰਾ ਕਰਦੀ ਹੋਈ ਹੋਰ ਵੀ




ਚੇਤਨ ਅਤੇ ਮਜ਼ਬੂਤ ਹੋਣ ਦੇ ਰਾਹ ਅਗੇਰੇ ਕਦਮ ਵਧਾ ਰਹੀ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਦੇ ਕਿਸਾਨ, ਮਜ਼ਦੂਰ, ਨੌਜਵਾਨ, ਵਿਦਿਆਰਥੀ, ਔਰਤਾਂ, ਤਰਕਸ਼ੀਲ, ਜਮਹੂਰੀ, ਸਾਹਿਤਕ/ ਸਭਿਆਚਾਰਕ ਕਾਮੇ ਧੜੱਲੇ ਨਾਲ ਅੱਗੇ ਆਏ। ਖਾਸ ਕਰਕੇ ਸਮੇਂ-ਸਮੇਂ ਸ਼ਾਹੀਨ ਬਾਗ਼ ਜਾ ਕੇ ਇਕਜੁੱਟਤਾ ਦਾ ਨਿੱਘਾ ਇਜ਼ਹਾਰ ਕਰਨਾ। ਧਰਨੇ, ਮਾਰਚ, ਲੰਗਰ ਵਿਚ ਸਾਂਝੀਵਾਲ ਦਾ ਦਰਿਆ ਬਣਕੇ ਵਗਣਾ ਦਰਸਾਉਂਦਾ ਹੈ ਕਿ ਜਲ੍ਹਿਆਂਵਾਲਾ ਬਾਗ਼ ਅਤੇ ਸ਼ਾਹੀਨ ਬਾਗ਼ ਦੀ ਮਿੱਟੀ ਦੀ ਸਾਂਝ ਵਿਚੋਂ ਨਵੇਂ ਫੁੱਲ ਖਿੜਨਗੇ।

ਸੰਪਰਕ: 94170-76735

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO - Video film with single, double & multiple camera system (Broadcast Quality)
PHOTOGRAPHY - Digital Photography (Coloured, black and white) digital enhancement
MUSIC - DJ, Lighting, screen Projector live sound etc.
403-835-2762 or 29 DREAM (37326)
Special Packages Available For All Occasions

ESTATEVIEW® (Real Estater & Property Management)
Baljinder Bath
Real Estate Associate
Baljinder Bath
Our Brokerage provides Following Services :
All Kind of Real Estate Services
REAL ESTATE
• Help Buyer / Seller
• Free Home Evaluations
• Commercial Buy / Sell / Lease
• Builders / Developers / Investors
PROPERTY MANAGEMENT
• Find Tenants, Collect Rents
• Take Care of Service Calls
• Manage Condo Corporation / Boards
• Non Resident Canadians' NR4 Tax Handling
403-402-6700
E: baljinderbath@yahoo.com
Brokerage Office : 403-400-0000
# 601 - 4656 Westwinds Dr NE
Calgary, AB T3J 3Z5
All our Realtors / Property Managers are Professionally Trained & Licensed
Not All Associates Provide all services. Please contact Associate to find out more.

SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।
For More Information Call
HARCHARAN SINGH PARHAR
403-681-8689
Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E. CALGARY AB T3J 3Z5

# ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਮਾਸਿਕ ਇਕੱਤਰਤਾ ਮਾਤਭਾਸ਼ਾ ਦਿਵਸ ਨੂੰ ਸਮਰਪਿਤ ਰਹੀ



ਕੈਲਗਰੀ, (ਮਾ. ਭਜਨ): ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੀ ਫਰਵਰੀ ਮਹੀਨੇ ਦੀ ਇਕੱਤਰਤਾ, ਇਸ ਮਹੀਨੇ ਦੇ ਤੀਜੇ ਸ਼ਨਿਚਰਵਾਰ, ਜੈਂਸਿਸ ਸੈਂਟਰ ਵਿਖੇ ਭਰਵੀਂ ਹਾਜ਼ਰੀ ਵਿੱਚ ਹੋਈ। ਸਭਾ ਦੀ ਕਾਰਵਾਈ ਸ਼ੁਰੂ ਕਰਦਿਆਂ, ਸਕੱਤਰ ਗੁਰਦੀਸ਼ ਕੌਰ ਗਰੇਵਾਲ ਨੇ ਸਭ ਨੂੰ 'ਜੀ ਆਇਆਂ' ਕਹਿੰਦੇ ਹੋਏ, ਹਾਲ ਹੀ ਵਿੱਚ ਤੁਰ ਗਏ, ਮਾਂ ਬੋਲੀ ਦੇ ਦੋ ਮਹਾਂਰਥੀਆਂ- ਮੈਡਮ ਦਲੀਪ ਕੌਰ ਟਿਵਾਣਾ ਤੇ ਬਾਪੂ ਜਸਵੰਤ ਸਿੰਘ ਕੰਵਲ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਉਹਨਾਂ ਦੀ ਸਾਹਿਤ ਨੂੰ ਵੱਡੀ ਦੇਣ ਦਾ ਜ਼ਿਕਰ ਕੀਤਾ। ਉਹਨਾਂ ਕਿਹਾ ਕਿ- ਕੰਵਲ ਸਾਹਿਬ ਨੇ ਆਪਣੀਆਂ ਲਿਖਤਾਂ ਵਿੱਚ ਹਮੇਸ਼ਾ ਲੋਕ ਲਹਿਰਾਂ ਤੇ ਲੋਕ ਹਿੱਤਾਂ ਦੀ ਗੱਲ ਕੀਤੀ ਹੈ। ਮੈਡਮ ਦਲੀਪ ਕੌਰ ਟਿਵਾਣਾ ਨੂੰ ਆਪਣੇ ਰੋਲ ਮਾਡਲ ਦੱਸਦੇ ਹੋਏ, ਆਪਣੀ ਪਹਿਲੀ ਵਾਰਤਕ ਦੀ ਪੁਸਤਕ ਤੇ, ਉਹਨਾਂ ਵਲੋਂ ਆਈ ਚਿੱਠੀ ਬਾਰੇ ਵੀ ਦੱਸਿਆ। ਮੈਡਮ ਟਿਵਾਣਾ ਦੇ ਵਿਦਿਆਰਥੀ ਤੇ ਕੁਲੀਗ ਰਹੇ, ਡਾ. ਬਲਵਿੰਦਰ ਕੌਰ ਬਰਾੜ ਨੇ ਕਿਹਾ ਕਿ- 'ਲੇਖਕ ਅੱਖਰਾਂ ਦੀਆਂ ਪਗਡੰਡੀਆਂ ਤੋਂ ਲੰਘ ਕੇ ਇੱਕ ਪਿੰਡ ਵਸਾ ਲੈਂਦੇ ਹਨ। ਮਾਤ ਭਾਸ਼ਾ ਦਿਵਸ ਦੀ ਗੱਲ ਕਰਦਿਆਂ, ਗੁਰਚਰਨ ਥਿੰਦ ਨੇ ਇਸ ਦੇ ਪਿਛੋਕੜ ਤੇ ਝਾਤ ਪੁਆਈ। ਗੁਰਦੀਸ਼ ਕੌਰ ਗਰੇਵਾਲ ਨੇ ਵੀ ਕਿਹਾ ਕਿ- ਮਾਂ ਬੋਲੀ ਨੂੰ ਜ਼ਿੰਦਾ ਰੱਖਣ ਲਈ ਘਰਾਂ ਵਿੱਚ ਆਪਣੇ ਗਰੈਂਡ ਚਿਲਡਰਨ ਨਾਲ ਪੰਜਾਬੀ ਬੋਲਣੀ ਤੇ ਉਹਨਾਂ ਨੂੰ ਇਸ ਬੋਲੀ ਨਾਲ ਜੋੜਨਾ- ਸਾਡੀ ਜ਼ਿੰਮੇਵਾਰੀ ਹੈ। ਗੁਰੂ ਘਰਾਂ ਤੇ ਜੈਂਸਿਸ ਸੈਂਟਰ ਵਿਖੇ ਚਲ ਰਹੀਆਂ ਪੰਜਾਬੀ ਦੀਆਂ ਫਰੀ ਕਲਾਸਾਂ ਬਾਰੇ ਜਾਣਕਾਰੀ ਦੇਣ ਉਪਰੰਤ- ਉਹਨਾਂ ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ 21 ਮਾਰਚ ਨੂੰ ਵਾਈਟਹੌਰਨ ਵਿਖੇ, ਬੱਚਿਆਂ ਦੇ ਪੰਜਾਬੀ ਬੋਲਣ ਦੇ ਮੁਕਾਬਲੇ ਦੇ ਸਮਾਗਮ ਦੀ ਸੂਚਨਾ ਦਿੱਤੀ। ਸਭਾ ਦੇ ਪ੍ਰਧਾਨ, ਮੈਡਮ ਬਰਾੜ ਨੇ ਵੀ ਮਾਂ ਬੋਲੀ ਦੀ ਗੱਲ ਕਰਦਿਆਂ ਕਿਹਾ ਕਿ-ਆਪਾਂ ਬੱਚਿਆਂ ਨੂੰ ਬੋਲਣੀ ਸਮਝਣੀ ਹੀ ਨਹੀਂ ਸਗੋਂ ਲਿਖਣੀ ਪੜ੍ਹਨੀ ਵੀ ਸਿਖਾਉਣੀ ਹੈ।

ਰਚਨਾਵਾਂ ਦੇ ਦੌਰ ਤੋਂ ਪਹਿਲਾਂ, ਸਕੱਤਰ ਨੇ ਨਵੇਂ ਆਏ 6 ਮੈਂਬਰਾਂ ਦਾ ਸੁਆਗਤ ਕੀਤਾ ਤੇ ਉਹਨਾਂ ਨੂੰ ਆਪਣੀ ਜਾਣ ਪਛਾਣ ਦੇਣ ਲਈ ਕਿਹਾ। ਜਸਮੇਲ ਕੌਰ ਨੇ ਦੱਸਿਆ ਕਿ ਉਹ ਇੰਡੀਆ ਵਿੱਚ ਯੋਗਾ ਸਿਖਾਉਂਦੇ ਰਹੇ ਹਨ ਤੇ ਨਾਲ ਹੀ ਉਹਨਾਂ ਬਹੁਤ ਹੀ ਸੁਰੀਲੀ ਆਵਾਜ਼ ਵਿਚ ਲੋਕ ਗੀਤ ਵੀ ਸੁਣਾਇਆ। ਮਨਜੀਤ ਕੌਰ ਨੇ ਘੋੜੀ ਸੁਣਾਈ। ਗੁਰਜੀਤ ਵੈਦਵਾਨ ਨੇ ਚਿੰਤਾ ਦੂਰ ਕਰਨ ਲਈ, ਪ੍ਰਮਾਤਮਾ ਦੀ ਯਾਦ ਵਿੱਚ ਜੁੜਨ ਦੇ ਆਪਣੇ ਨਿੱਜੀ ਅਨੁਭਵ ਸਾਂਝੇ ਕੀਤੇ। ਹਰਚਰਨ ਬਾਸੀ ਨੇ 'ਪਿਆਰਾਂ ਦੇ ਦਿਨ' ਦੀ ਆਪਣੀ ਲਿਖੀ ਕਵਿਤਾ, ਜਸਮਿੰਦਰ ਬਰਾੜ ਨੇ ਧਾਰਮਿਕ ਗੀਤ, ਬਲਜੀਤ ਕੌਰ ਨੇ ਲੋਕ ਗੀਤ, ਸਤਵਿੰਦਰ ਫਰਵਾਹਾ ਨੇ ਸ਼ਿਵ ਕੁਮਾਰ ਬਟਾਲਵੀ ਦੀ ਰਚਨਾ ਤੇ ਸ਼ਰਨਜੀਤ ਸੋਹੀ ਨੇ ਲੰਬੀ ਹੇਕ ਵਾਲਾ ਗੀਤ ਗਾ ਕੇ ਰੰਗ ਬੰਨ੍ਹ ਦਿੱਤਾ। ਵਧੇਰੇ ਜਾਣਕਾਰੀ ਲਈ-ਬਲਵਿੰਦਰ ਕੌਰ ਬਰਾੜ 403 590 9629, ਗੁਰਚਰਨ ਥਿੰਦ 403 402 9635 ਜਾਂ ਗੁਰਦੀਸ਼ ਕੌਰ ਗਰੇਵਾਲ ਨਾਲ 403 404 1450 ਤੇ ਸੰਪਰਕ ਕੀਤਾ ਜਾ ਸਕਦਾ ਹੈ।

*'ਅੱਖਰਾਂ ਵਿੱਚ ਸਮੁੰਦਰ ਰੱਖਾਂ, ਮੈਂ ਇਕਬਾਲ ਪੰਜਾਬੀ ਦਾ'*

# ਯੰਗਸਿਤਾਨ ਵਲੋਂ ਮਾਂ ਬੋਲੀ ਦਿਵਸ ਨੂੰ ਸਮਰਪਿਤ ਸਮਾਗਮ

ਕੈਲਗਰੀ, (ਮਾ. ਭਜਨ): ਯੰਗਸਿਤਾਨ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਕੌਮਾਂਤਰੀ ਮਾਂ ਬੋਲੀ ਨੂੰ ਸਮਰਪਿਤ ਸਮਾਗਮ ਕੈਲਗਰੀ ਦੇ ਫਾਲਕਿੰਨਰਿੱਜ-ਕੈਸਲਰਿੱਜ ਕਮਿਊਨਿਟੀ ਹਾਲ ਵਿੱਚ ਕਰਵਾਇਆ ਗਿਆ। ਦੱਸਣਯੋਗ ਹੈ ਕਿ ਯੂਐਨਸਕੋ ਵਲੋਂ 21 ਫਰਵਰੀ ਦਾ ਦਿਨ ਕੌਮਾਂਤਰੀ ਮਾਂ ਬੋਲੀ ਦਿਵਸ ਘੋਸ਼ਿਤ ਕੀਤਾ ਹੋਇਆ ਹੈ ਤੇ ਦੁਨੀਆਂ ਭਰ ਦੇ ਲੋਕ ਇਸ ਦਿਨ ਆਪਣੀ-ਆਪਣੀ ਮਾਂ ਬੋਲੀ ਪ੍ਰਤੀ ਪਿਆਰ ਦਾ ਇਜ਼ਹਾਰ ਕਰਦੇ ਹਨ।

ਢਾਈ ਕੁ ਸੌ ਦੇ ਕਰੀਬ ਦੀ ਹਾਜ਼ਰੀ ਵਾਲ਼ੇ ਇਸ ਸਮਾਗਮ ਵਿੱਚ 40 ਦੇ ਕਰੀਬ ਬੱਚਿਆਂ ਨੇ ਮਿਆਰੀ ਕਵਿਤਾਵਾਂ ਤੇ ਗੀਤ ਪੇਸ਼ ਕਰਕੇ ਪੰਜਾਬੀ ਬੋਲੀ ਨਾਲ਼ ਪਿਆਰ ਦਾ ਇਜ਼ਹਾਰ ਕੀਤਾ। ਯੰਗਸਿਤਾਨ ਦੇ ਕੋਆਰਡੀਨੇਟਰ ਸੁਖਵੀਰ ਗਰੇਵਾਲ ਨੇ ਦੱਸਿਆ ਕਿ ਜੈਨਸਿਸ ਸੈਂਟਰ ਵਿੱਚ ਪੰਜਾਬੀ ਦੀਆਂ ਕਲਾਸਾਂ ਪਿਛਲੇ ਚਾਰ ਸਾਲਾਂ ਤੋਂ ਲਗਾਈਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਹਰ ਸਾਲ ਦੇ ਸ਼ੁਰੂ ਵਿੱਚ ਬੱਚਿਆਂ ਲਈ ਇੱਕ ਕਵਿਤਾ ਦੀ ਵਰਕਸ਼ਾਪ ਲਗਾਈ ਜਾਂਦੀ ਹੈ ਜਿਸ ਵਿੱਚ ਬੱਚਿਆਂ ਨੂੰ ਮਿਆਰੀ ਕਵਿਤਾਵਾਂ ਸਟੇਜ ਤੋਂ ਬੋਲਣ ਦੀ ਤਿਆਰੀ ਕਰਵਾਈ ਜਾਂਦੀ ਹੈ। ਇਹਨਾਂ ਕਲਾਸਾਂ ਲਈ ਬਲਵਿੰਦਰ ਕੌਰ ਬਰਾੜ, ਗੁਰਚਰਨ ਕੌਰ ਥਿੰਦ, ਸਤਵਿੰਦਰ ਕੌਰ, ਜੱਸ ਲੰਮ੍ਹੇ, ਕਿਰਨ ਪੁਰਬਾ, ਰਾਜਵੰਤ ਕੌਰ, ਬਨਦੀਪ ਕੌਰ ਤੇ ਕਮਲਜੀਤ ਕੌਰ ਆਪਣੀਆਂ ਵਲੰਟੀਅਰ ਸੇਵਾਵਾਂ ਦੇ ਰਹੇ ਹਨ।



ਗੁਰਚਰਨ ਕੌਰ ਥਿੰਦ ਦੁਆਰਾ ਮਹਿਮਾਨਾਂ ਨੂੰ ਜੀ ਆਇਆਂ ਕਹਿਣ ਤੋਂ ਬਾਅਦ ਬੱਚਿਆਂ ਨੇ ਕਾਵਿ ਛਹਿਬਰ ਲਗਾਈ। ਬੱਚਿਆਂ ਦੁਆਰਾ ਬੋਲੀਆਂ ਕਵਿਤਾਵਾਂ ਦੇ ਗੰਭੀਰ ਵਿਸ਼ਿਆਂ ਨੇ ਸਭ ਨੂੰ ਮੋਹ ਲਿਆ। ਬੱਚਿਆਂ ਲਈ ਕਰਵਾਏ ਗਏ ਪੰਜਾਬੀ ਗਿਆਨ ਮੁਕਾਬਲੇ ਨੂੰ ਭਰਵਾਂ ਹੁੰਗਾਰਾ ਮਿਲਿਆ। ਇਸ ਮੁਕਾਬਲੇ ਵਿੱਚ 12 ਟੀਮਾਂ ਨੇ ਭਾਗ ਲਿਆ। ਇਸ ਮੁਕਾਬਲੇ ਵਿੱਚ ਸਾਹਿਤਕ, ਸੱਭਿਆਚਾਰਕ ਤੇ ਇਤਿਹਾਸਕ ਵਿਸ਼ਿਆਂ ਤੋਂ ਇਲਾਵਾ ਪੰਜਾਬ ਦੇ ਪੁਰਾਤਨ ਪੇਂਡੂ ਜੀਵਨ ਨਾਲ਼ ਸੰਬਧਿਤ ਸਵਾਲ ਪੁੱਛੇ ਗਏ। ਇਸ ਰੌਚਿਕ ਮੁਕਾਬਲੇ ਨੂੰ ਦਰਸ਼ਕਾਂ ਨੇ ਵੀ ਸਾਹ ਰੋਕ ਕੇ ਦੇਖਿਆ। ਇਸ ਮੁਕਾਬਲੇ ਦੇ ਪਹਿਲੇ ਤਿੰਨ ਜੇਤੂਆਂ ਨੂੰ ਨਕਦ ਇਨਾਮਾਂ ਤੇ ਟਰਾਫੀਆਂ ਨਾਲ਼ ਸਨਮਾਨਿਤ ਕੀਤਾ ਗਿਆ। ਨਵਰੀਤ ਕੌਰ ਤੇ ਪ੍ਰਭਲੀਨ ਕੌਰ ਨੇ ਪਹਿਲਾ ਸਥਾਨ, ਸਫਲ ਮਾਲਵਾ ਤੇ ਕੀਰਤ ਧਾਰਨੀ ਨੇ ਦੂਜਾ ਸਥਾਨ, ਪੁਨੀਤ ਸਿੱਧੂ ਤੇ ਤ੍ਰਿਪਤਪ੍ਰੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਭੰਗੜਾ ਫਲੇਮਜ਼ ਵਲੋਂ ਪੇਸ਼ ਕੀਤੇ ਭੰਗੜੇ ਨੇ ਸਮਾਗਮ ਨੂੰ ਵੱਖਰਾ ਰੰਗ ਪੇਸ਼ ਕੀਤਾ। ਸਮਾਗਮ ਦੇ ਅੰਤ ਵਿੱਚ ਹਰਭਜਨ ਮਾਨ ਦੇ ਗੀਤ 'ਵੇ ਮੈਂ ਤੇਰੀ ਮਾਂ ਦੀ ਬੋਲੀ ਆਂ' 'ਤੇ ਕੋਰੀਓਗਰਾਫੀ ਪੇਸ਼ ਕੀਤੀ ਗਈ ਜਿਸ ਦਾ ਨਿਰਦੇਸ਼ਨ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਵਲੋਂ ਕਮਲਪ੍ਰੀਤ ਪੰਧੇਰ ਨੇ ਦਿੱਤਾ। ਬਲਵਿੰਦਰ ਕੌਰ ਬਰਾੜ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸਮਾਗਮ ਲਈ ਸੈਂਡੀ ਡੀਜੇ (ਫੋਨ ਨੰਬਰ-403-383-0785) ਨੇ ਸਾਊਂਡ ਦੀਆਂ ਫਰੀ ਸੇਵਾਵਾਂ ਦਿੱਤੀਆਂ। ਸਪਾਂਸਰਸ਼ਿਪ ਲਈ ਪਲਾਹਾ ਇੰਸ਼ੋਰੈਂਸ਼, ਮਨਦੀਪ ਦੁੱਗਲ (ਪ੍ਰੋਟੈਕਸ ਬਲਾਕ) ਰਵਿੰਦਰ ਸਿੰਘ (ਬਲਿਊ ਲਾਈਨ ਕੰਸਟਰਕੰਸ਼ਨ) ਤੇ ਡੈਨ ਸਿੱਧੂ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਮੌਕੇ ਮਾਸਟਰ ਭਜਨ, ਕੁਲਬੀਰ ਸਿੰਘ ਸ਼ੇਰਗਿੱਲ, ਸੁਰਜੀਤ ਸਿੰਘ ਹੇਅਰ, ਜਗਦੇਵ ਸਿੰਘ ਸਿੱਧੂ ਤੇ ਜਸਵੀਰ ਸਿੰਘ ਸਹੋਤਾ ਨੇ ਬੱਚਿਆਂ ਨੂੰ ਇਨਾਮ ਵੰਡੇ। ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ ਸੁਖਵੀਰ ਗਰੇਵਾਲ ਨਾਲ਼ ਫੋਨ ਨੰਬਰ 403-402-0770 ਤੇ ਸੰਪਰਕ ਕੀਤਾ ਜਾ ਸਕਦਾ ਹੈ।


ZyTech
BUILDING SYSTEMS

Roof Trusses | Floor Systems | Lumber | Stairs
Tall Wall | Wall Panel | Floor Panel



ਅਸੀਂ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਬਣਾਉਣ ਵਾਸਤੇ ਰੂਫ ਟਰੱਸਜ਼, ਫਲੋਰ ਸਿਸਟਮ, ਲੰਬਰ ਪੈਕੇਜ ਅਤੇ ਸਟੇਅਰਜ਼ ਸਪਲਾਈ ਕਰਦੇ ਹਾਂ, ਜ਼ਿਆਦਾ ਜਾਣਕਾਰੀ ਲਈ ਸਾਡੀ ਨੇੜੇ ਦੀ ਲੁਕੇਸ਼ਨ 'ਤੇ ਸੰਪਰਕ ਕਰੋ।

ਰਘੁਬੀਰ ਸਿੰਘ ਭੰਡਾਲ: 780-980-9192
ਜਸਪਾਲ ਸਿੰਘ ਭੰਡਾਲ: 403-912-3232

BALZAC (CALGARY)
262029 Balzac Blvd
Balzac, AB T4B 2T3
403-912-3232,
Jaspal Bhandal
jaspal@zytechtruss.com

LANGLEY (Lower Mainland)
20289 - 102
Ave Langley,
BC V1M 4B4
604-546-3232
bcsales@zytechtruss.com

LEDUC (EDMONTON)
3907 77th Ave
Leduc Alberta T9E 0B7
Phone:
780-980-9192
Raghubir Bhandal
garry@zytechtruss.com

SASKATOON
Yard #5 Cory Place,
RM of Corman Park,
Mertensville
Saskatoon
306-477-3232
rajeshn@zytechtruss.com



CARE Inc.
Home Health Solutions

403-605-6300
ਪੰਜਾਬੀ ਮਾਰਕੀਟ ਗਰੋਸਰੀ ਸਟੋਰ ਦੇ ਸਾਹਮਣੇ
ਸੋਮਵਾਰ ਤੋਂ ਸ਼ਨੀਵਾਰ 10 ਵਜੇ ਤੋਂ 6 ਵਜੇ ਤੱਕ
ਐਤਵਾਰ ਬੰਦ



"ਮਾਤਾ ਪਿਤਾ ਦਾ ਰੱਖੋ ਖਿਆਲ
ਹੁਣ ਕੇਅਰ ਇੰਕ ਹੈ ਤੁਹਾਡੇ ਨਾਲ"



ਹੁਣ ਤੁਸੀਂ ਸੀਨੀਅਰਜ਼ ਲਈ ਹਰ ਤਰ੍ਹਾਂ ਦੀਆਂ ਲੋੜਾਂ ਸਬੰਧੀ ਵਧੀਆ ਕੁਆਲਿਟੀ ਦਾ ਸਮਾਨ ਪੰਜਾਬੀਆਂ ਦੇ ਗੜ੍ਹ ਵਿੱਚ ਆਪਣੇ ਪੰਜਾਬੀ ਭਰਾਵਾਂ ਕੋਲੋਂ ਹੀ ਲੈ ਸਕਦੇ ਹੋ। ਕੇਅਰ ਇੰਕ ਤੋਂ ਤੁਸੀਂ ਵਧੀਆ ਮਸਾਜ ਚੇਅਰ, ਲਿਫਟ ਚੇਅਰ, ਵੀਲ੍ਹ ਚੇਅਰ, ਵਾਕਰ, ਵਾਕਿੰਗ ਕੈਨਜ, ਸਕੂਟਰ, ਬਾਥਰੂਮ ਸੇਫਟੀ ਪ੍ਰੋਡਕਟਸ, ਸੀਨੀਅਰਜ ਲਈ ਬੈੱਡ, ਗੱਦੇ, ਕਸਟਮ ਮੇਡ ਪਤਾਵੇ, ਕੰਪਰੈਸ਼ਨ ਥੈਰੇਪੀ ਲਈ ਜਰਮਨ ਦੇ ਬਣੇ ਸਮਾਨ ਤੋਂ ਇਲਾਵਾ ਹੋਰ ਵੀ ਬਹੁਤ ਸਾਰਾ ਸਮਾਨ ਲੈ ਸਕਦੇ ਹੋ।

ਨਜ਼ਰ ਚੈਕ ਕਰਵਾਉਣ ਅਤੇ ਐਨਕਾਂ ਦਾ ਵਿਸ਼ੇਸ਼ ਪ੍ਰਬੰਧ

ਸੀਨੀਅਰਜ਼ ਲਈ ਬਹੁਤ ਸਾਰੇ ਸਰਕਾਰੀ ਫੰਡ ਵੀ ਮਿਲਦੇ ਹਨ। ਸਾਡੇ ਕੋਲੋਂ ਤੁਸੀਂ ਫਾਰਮ ਭਰਵਾ ਸਕਦੇ ਹੋ। ਇਹ ਸੇਵਾ ਬਿਲਕੁੱਲ ਮੁਫ਼ਤ ਹੈ। ਜੇਕਰ ਤੁਹਾਡੇ ਕੋਲ ਪਹਿਲਾਂ ਹੀ ਮਨਜ਼ੂਰੀ ਹੈ ਤਾਂ ਵੀ ਤੁਸੀਂ ਸਾਡੇ ਕੋਲੋਂ ਸਮਾਨ ਲੈ ਸਕਦੇ ਹੋ। ਤੁਹਾਡਾ ਪਹਿਲਾਂ ਦਿੱਤਾ ਡਿਪਾਜਿਟ ਅਡਜਸਟ ਕਰ ਦਿੱਤਾ ਜਾਵੇਗਾ।



ਜ਼ਿਆਦਾ ਜਾਣਕਾਰੀ ਲਈ ਵੈਬਸਾਈਟ 'ਤੇ ਕਲਿੱਕ ਕਰੋ
www.careinc.ca

Head Office: #124-4774 Westwinds Drive N.E., Calgary Alberta, Canada
Fax : 403-536-4057 Email : info@careinc.ca Edmonton Store #108-5239 55 Ave. NW, 780-229-3233

# ਸੀ.ਏ.ਏ. ਐਨ.ਆਰ.ਸੀ. ਤੇ ਐਨ.ਪੀ.ਆਰ. ਖਿਲਾਫ ਮਲੇਰਕੋਟਲਾ 'ਚ ਉਮੜਿਆ ਜਨ-ਸੈਲਾਬ





ਚੰਡੀਗੜ੍ਹ,(ਬਲਜਿੰਦਰ) : ਪੰਜਾਬ ਦੇ ਕਿਸਾਨਾਂ, ਖੇਤ ਮਜ਼ਦੂਰਾਂ, ਸੱਨਅਤੀ ਤੇ ਬਿਜਲੀ ਕਾਮਿਆਂ ਅਤੇ ਨੌਜਵਾਨਾਂ ਵਿਦਿਆਰਥੀਆਂ ਦੀਆਂ 14 ਸੰਘਰਸ਼ਸ਼ੀਲ ਜਥੇਬੰਦੀਆਂ ਦੇ ਸੱਦੇ 'ਤੇ ਅੱਜ ਸੀ.ਏ.ਏ., ਐਨ.ਆਰ.ਸੀ.-ਐਨ.ਪੀ.ਆਰ. ਖਿਲਾਫ ਮਲੇਰਕੋਟਲਾ ਦੀ ਦਾਣਾ ਮੰਡੀ 'ਚ ਕੀਤੀ ਸੂਬਾ ਪੱਧਰੀ ਵਿਸ਼ਾਲ ਰੈਲੀ ਦੌਰਾਨ ਹਜ਼ਾਰਾਂ ਔਰਤਾਂ ਸਮੇਤ ਵੱਖ-ਵੱਖ ਧਰਮਾਂ ਤੇ ਜਾਤਾਂ ਦੇ ਕਿਰਤੀ ਲੋਕਾਂ ਦਾ ਜਨ-ਸੈਲਾਬ ਉਮੜ ਆਇਆ। 'ਭਾਈ ਭਾਈ ਨਾਲ ਲੜਨ ਨੀ ਦੇਣਾ, ਸੰਨ ਸੰਤਾਲੀ ਬਣਨ ਨੀ ਦੇਣਾ', 'ਫਾਸੀਵਾਦ ਮੁਰਦਾਬਾਦ' ਆਦਿ ਅਸਮਾਨ ਗੂੰਜਵੇਂ ਨਾਅਰੇ ਬੁਲੰਦ ਕਰਦੇ ਹੋਏ ਲੋਕਾਂ ਦੇ ਵਿਸ਼ਾਲ ਇਕੱਠ ਨੇ ਮੋਦੀ ਸਰਕਾਰ ਤੋਂ ਫਾਸ਼ੀਵਾਦੀ ਕਾਲੇ ਕਨੂੰਨ ਵਾਪਿਸ ਲੈਣ ਦੀ ਮੰਗ ਕੀਤੀ। ਇਸ ਮੌਕੇ ਦਿੱਲੀ ਦੇ ਸ਼ਾਹੀਨ ਬਾਗ, ਜਾਮੀਆਂ ਮਿਲੀਆ ਇਸਲਾਮੀਆ ਯੂਨੀਵਰਸਿਟੀ ਤੇ ਕਾਰਵਾਂ-ਏ ਮੁਹੱਬਤ ਦੇ ਵੱਖ-ਵੱਖ ਡੈਲੀਗੇਸ਼ਨਾਂ ਵਲੋਂ ਵੀ ਸ਼ਿਰਕਤ ਕੀਤੀ ਗਈ। ਸਮੂਹ ਇਕੱਠ ਵਲੋਂ ਇੱਕਜੁੱਟ ਹੋ ਕੇ ਐਲਾਨ ਕੀਤਾ ਗਿਆ ਕਿ ਆਰ.ਐਸ.ਐਸ. ਤੇ ਭਾਜਪਾ ਦੀ ਕੇਂਦਰੀ ਹਕੂਮਤ ਵਲੋਂ ਦੇਸ਼ 'ਚ ਫਿਰਕੂ ਵੰਡੀਆਂ ਪਾਉਣ ਤੇ ਅੰਨ੍ਹਾ ਰਾਸ਼ਟਰਵਾਦ ਭੜਕਾਉਣ ਰਾਹੀਂ ਲੋਕਾਂ ਨੂੰ ਧਰਮ ਦੇ ਨਾਂ 'ਤੇ ਲੜਾਉਣ, ਜਮਹੂਰੀ ਹੱਕਾਂ ਦੇ ਘਾਣ ਤੇ ਲੋਕਾਂ ਦੀ ਲੁੱਟ ਤਿੱਖੀ ਕਰਨ ਦੇ ਖੋਟੇ ਮਨਸੂਬਿਆਂ ਨੂੰ ਉਹ ਸਫਲ ਨਹੀਂ ਹੋਣ ਦੇਣਗੇ। ਇਸ ਮੌਕੇ ਮੋਦੀ ਸਰਕਾਰ ਵਲੋਂ ਦੇਸ਼ 'ਚ ਫੈਲਾਏ ਜਾ ਰਹੇ ਫਿਰਕੂ ਜਹਿਰ ਪਸਾਰੇ ਦੇ ਟਾਕਰੇ ਲਈ ਮੁਹਿੰਮ ਜਾਰੀ ਰੱਖਣ ਦਾ ਅਹਿਦ ਕਰਦਿਆਂ 24 ਤੋਂ 29 ਫਰਵਰੀ ਤੱਕ ਪੰਜਾਬ ਭਰ 'ਚ ਵਿਰੋਧ ਹਫਤਾ ਮਨਾਉਣ ਦਾ ਐਲਾਨ ਕੀਤਾ ਗਿਆ। ਬੁਲਾਰਿਆ ਨੇ ਪੰਜਾਬ ਦੀ ਕਾਂਗਰਸ ਸਰਕਾਰ ਨੂੰ ਵੀ ਸਖਤ ਚਿਤਾਵਨੀ ਦਿੰਦਿਆਂ ਆਖਿਆ ਕਿ ਜੇਕਰ ਉਸ ਵਲੋਂ ਆਨੇ-ਬਹਾਨੇ ਐਨ.ਪੀ.ਆਰ. ਨੂੰ ਲਾਗੂ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਹ ਪੰਜਾਬ ਦੇ ਲੋਕਾਂ ਦੇ ਤਿੱਖੇ ਰੋਹ ਦਾ ਸਾਹਮਣਾ ਕਰਨਾ ਲਈ ਤਿਆਰ ਰਹੇ। ਉਹਨਾਂ ਸਮੇਂ-ਸਮੇਂ ਫਿਰਕੂ ਸਾਜਸ਼ਾਂ ਵਿੱਚ ਸ਼ਾਮਲ ਰਹੀਆਂ ਅਤੇ ਮੌਜੂਦਾ ਫਿਰਕੂ ਫਾਸ਼ੀ ਹੱਲੇ ਦੇ ਪੱਖ ਵਿੱਚ ਸਿੱਧੇ-ਅਸਿੱਧੇ ਰੂਪ ਵਿੱਚ ਭੁਗਤ ਰਹੀਆਂ ਹਾਕਮ ਜਮਾਤੀ ਪਾਰਟੀਆਂ ਨੂੰ ਵੀ ਲੋਕ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ ਦੀ ਤਾੜਨਾ ਕੀਤੀ।

ਅੱਜ ਦੇ ਇਕੱਠ ਨੂੰ ਬੀ.ਕੇ.ਯੂ. ਏਕਤਾ ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਬੀ.ਕੇ.ਯੂ. (ਏਕਤਾ ਡਕੌਂਦਾ) ਦੇ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ, ਟੈਕਸਟਾਇਲ ਹੌਜਰੀ ਕਾਮਗਾਰ ਯੂਨੀਅਨ ਦੇ ਪ੍ਰਧਾਨ ਰਾਜਵਿੰਦਰ ਸਿੰਘ, ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਕਨਵੀਨਰ ਕੰਵਲਜੀਤ ਸਿੰਘ ਪੰਨੂ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਲਛਮਣ ਸਿੰਘ ਸੇਵੇਵਾਲਾ, ਪੀ.ਐਸ.ਯੂ. (ਸ਼ਹੀਦ ਰੰਧਾਵਾ) ਦੇ ਹੁਸ਼ਿਆਰ ਸਿੰਘ, ਪੀ.ਐਸ.ਯੂ. (ਲਲਕਾਰ) ਦੇ ਸੂਬਾ ਆਗੂ ਗੁਰਪ੍ਰੀਤ ਸਿੰਘ, ਇਨਕਲਾਬੀ ਮਜਦੂਰ ਕੇਂਦਰ ਵੱਲੋਂ ਸੁਰਿੰਦਰ ਸਿੰਘ, ਮੋਲਡਰ ਐਂਡ ਸਟੀਲ ਵਰਕਰ ਯੂਨੀਅਨ ਦੇ ਹਰਜਿੰਦਰ ਸਿੰਘ, ਕਾਰਖਾਨਾ ਮਜ਼ਦੂਰ ਯੂਨੀਅਨ ਦੇ ਪ੍ਰਧਾਨ ਲਖਵਿੰਦਰ ਸਿੰਘ, ਔਰਤ ਕਿਸਾਨ ਆਗੂ ਹਰਿੰਦਰ ਬਿੰਦੂ ਅਤੇ ਔਰਤ ਵਿੰਗ ਡਕੌਂਦਾ ਦੀ ਕਿਸਾਨ ਆਗੂ ਅਮਰਜੀਤ ਕੌਰ , ਨੌਜਵਾਨ ਭਾਰਤ ਸਭਾ (ਲਲਕਾਰ) ਦੀ ਆਗੂ ਨਮਿਤਾ, ਨੌਜਵਾਨ ਭਾਰਤ ਸਭਾ ਦੇ ਅਸ਼ਵਨੀ ਘੁੱਦਾ, ਟੀ.ਐਸ.ਯੂ ਦੇ ਪ੍ਰਮੋਦ, ਇਨਕਲਾਬੀ ਨੌਜਵਾਨ ਵਿਦਿਆਰਥੀ ਮੰਚ ਤੋਂ ਹਰਸ਼ਾ ਸਿੰਘ ਨੇ ਸੰਬੋਧਿਤ ਕੀਤਾ।

ਉਕਤ ਆਗੂਆਂ ਤੋਂ ਇਲਾਵਾ ਉੱਘੇ ਬੁੱਧੀਜੀਵੀ ਹਰਸ਼ ਮੰਡੇਰ, ਜਾਮੀਆ ਯੂਨੀਵਰਸਿਟੀ ਤੋਂ ਵਿਦਿਆਰਥੀ ਆਗੂ ਸੈਫ ਉਲ ਇਸਲਾਮ, ਸ਼ਾਹੀਨ ਬਾਗ ਤੋਂ ਵੱਡੇ ਜੱਥੇ ਸਮੇਤ ਰੈਲੀ ਵਿੱਚ ਪਹੁੰਚੇ ਆਗੂ ਤੈਮੂਰ, ਪ੍ਰੋ.ਜਗਮੋਹਣ ਸਿੰਘ, ਡਾ. ਪ੍ਰਮਿੰਦਰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਰਜਿੰਦਰ ਭਦੋੜ ਤਰਕਸ਼ੀਲ ਸੁਸਾਇਟੀ ਪੰਜਾਬ, ਅਮੋਲਕ ਸਿੰਘ ਪਲਸ ਮੰਚ, ਅਬਦੁਲ ਸ਼ਕੂਰ ਤੇ ਸ਼ਗੂਫਤਾ ਯਾਵੇਰ ਜਮਾਤ-ਏ-ਇਸਲਾਮੀ, ਕੁਲਵੰਤ ਸਿੰਘ ਸੰਧੂ ਜਮਹੂਰੀ ਕਿਸਾਨ ਸਭਾ, ਗੁਰਨਾਮ ਸਿੰਘ ਦਾਊਦ ਦਿਹਾਤੀ ਮਜਦੂਰ ਸਭਾ ਨੇ ਵੀ ਸੰਬੋਧਨ ਕੀਤਾ। ਇਹਨਾਂ ਤੋਂ ਇਲਾਵਾ ਹੋਰਨਾਂ ਵੱਖ-ਵੱਖ ਜਥੇਬੰਦੀਆਂ ਨੇ ਵੀ ਹਮਾਇਤ ਕੀਤੀ। ਮਲੇਰਕੋਟਲਾ ਦੀਆਂ ਸਥਾਨਕ ਸਮਾਜਿਕ ਜਥੇਬੰਦੀਆਂ ਨੇ ਵੀ ਸਹਿਯੋਗ ਕਰਦਿਆਂ ਇਸ ਇਕੱਠ ਲਈ ਲੰਗਰ ਦਾ ਪ੍ਰਬੰਧ ਕੀਤਾ।

ਬੁਲਾਰਿਆ ਨੇ ਇੱਕਸੁਰ ਹੋ ਕੇ ਆਖਿਆ ਕਿ ਕਾਲੇ ਕਨੂੰਨ ਸੀ.ਏ.ਏ., ਐਨ.ਆਰ.ਸੀ. ਤੇ ਐਨ.ਪੀ.ਆਰ. ਦੀ ਫਿਰਕੂ ਫਾਸ਼ੀ ਤ੍ਰਿਸ਼ੂਲ ਰਾਹੀਂ ਮੋਦੀ ਸਰਕਾਰ ਦੇਸ਼ 'ਚ ਫਿਰਕੂ ਵੰਡੀਆਂ ਪਾਉਣ ਦਾ ਕੁਕਰਮ ਕਰ ਰਹੀ ਹੈ। ਇਸ ਫਾਸ਼ੀ ਤ੍ਰਿਸ਼ੂਲ ਦਾ ਨਿਸ਼ਾਨਾ ਮੁਸਲਮਾਨਾਂ ਸਮੇਤ ਸਭ ਘੱਟ ਗਿਣਤੀਆਂ, ਸਭ ਕਿਰਤੀ ਲੋਕ, ਦਲਿਤ, ਪਛੜੀਆਂ ਸ਼੍ਰੇਣੀਆਂ, ਦਬਾਈਆਂ ਕੌਮੀਅਤਾਂ, ਲੋਕ ਪੱਖੀ ਬੁੱਧੀਜੀਵੀ, ਧਰਮ ਨਿਰਪੱਖ ਤੇ ਵਿਗਿਆਨਕ ਸੋਚ ਦੇ ਧਾਰਨੀ ਅਤੇ ਹੱਕਾਂ ਲਈ ਜੂਝਦੇ ਸਮੂਹ ਸੰਘਰਸ਼ਸ਼ੀਲ ਲੋਕ ਹਨ। ਉਹਨਾਂ ਦੋਸ਼ ਲਾਇਆ ਕਿ ਆਰ.ਐਸ.ਐਸ. ਤੇ ਭਾਜਪਾ ਹਕੂਮਤ ਦੇ ਗੁੰਡੇ ਟੋਲੇ ਨੇ ਦੇਸ਼ ਭਗਤੀ ਦੇ ਅਰਥਾਂ ਦੇ ਅਨਰਥ ਕਰ ਦਿੱਤੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਲੋਕ ਤੇ ਦੇਸ਼ ਵਿਰੋਧੀ ਨੀਤੀਆਂ ਦੀ ਅਲੋਚਨਾ ਕਰਨ, ਅਜ਼ਾਦੀ ਦੇ ਨਾਹਰੇ ਲਾਉਣ ਤੇ ਜੈ ਸ਼੍ਰੀ ਰਾਮ ਨਾ ਬੋਲਣ ਨੂੰ ਦੇਸ਼ ਧ੍ਰੋਹੀ ਗਰਦਾਨ ਕੇ ਜੇਲ੍ਹਾਂ 'ਚ ਸੁੱਟਣ ਤੇ ਕੱਟੜ ਹਿੰਦੂਤਵੀ ਭੀੜਾਂ ਅਤੇ ਪੁਲਿਸ ਤੋਂ ਕਤਲੇਆਮ ਕਰਾਇਆ ਜਾ ਰਿਹਾ ਹੈ। ਉਹਨਾਂ ਦੋਸ਼ ਲਾਇਆ ਕਿ ਭਾਜਪਾ ਹਕੂਮਤ ਦੇਸ਼ ਭਗਤੀ ਦੇ ਨਾਂਅ ਹੇਠ ਜਲ, ਜੰਗਲ, ਜ਼ਮੀਨ ਤੇ ਹੋਰ ਅਮੀਰ ਕੁਦਰਤੀ ਸ੍ਰੋਤ ਕਾਰਪੋਰੇਟ ਘਰਾਣਿਆ ਨੂੰ ਲੁਟਾਉਣ ਰਾਹੀਂ ਦੇਸ਼ ਦੇ ਲੋਕਾਂ ਨਾਲ ਧ੍ਰੋਹ ਕਮਾ ਰਹੀ ਹੈ। ਉਹਨਾਂ ਕਿਹਾ ਕਿ ਖਰੇ ਦੇਸ਼ ਭਗਤ ਤਾਂ ਮੁਸਲਮਾਨਾਂ ਸਮੇਤ ਸਭ ਧਰਮਾਂ ਦੇ ਉਹ ਕਿਰਤੀ ਲੋਕ ਹਨ ਜੋ ਦੇਸ਼ ਦੀ ਪੈਦਾਵਾਰ 'ਚ ਹਿੱਸਾ ਪਾ ਰਹੇ ਹਨ, ਦੇਸ਼ ਦੇ ਧਰਮ ਨਿਰਪੱਖ ਵਜੂਦ ਨੂੰ ਕਾਇਮ ਰੱਖਣ, ਨਿੱਜੀਕਰਨ-ਉਦਾਰੀਕਰਨ-ਸੰਸਾਰੀਕਰਨ, ਗਰੀਬੀ, ਮਹਿੰਗਾਈ, ਬੇਰੁਜ਼ਗਾਰੀ, ਕਰਜ਼ਾਮਾਰੀ, ਖੁਦਕਸ਼ੀਆਂ ਲਈ ਜਿੰਮੇਵਾਰ ਨੀਤੀਆਂ ਖਿਲਾਫ਼ ਅਤੇ ਅਡਾਨੀਆਂ-ਅੰਬਾਨੀਆਂ ਤੇ ਕਾਰਪੋਰੇਟ ਘਰਾਣਿਆ ਨੂੰ ਲੁਟਾਏ ਜਾ ਰਹੇ ਇੱਥੋਂ ਦੇ ਸ੍ਰੋਤਾਂ ਦੀ ਰਾਖੀ ਲਈ ਜੂਝ ਰਹੇ ਹਨ। ਉਹਨਾਂ ਜੋਰ ਦੇ ਕੇ ਕਿਹਾ ਕਿ ਮੁਲਕ ਦੇ ਲੋਕਾਂ ਨੂੰ ਖਤਰਾ ਮੁਸਲਮਾਨਾਂ ਤੋਂ ਨਹੀਂ ਸਗੋਂ ਦੇਸ਼ ਨੂੰ ਵੇਚਣ ਦੇ ਰਾਹ ਪਈ ਮੋਦੀ ਹਕੂਮਤ ਤੇ ਇਸਦੀਆਂ ਨੀਤੀਆਂ ਤੋਂ ਹੈ।

ਉਹਨਾਂ ਆਖਿਆ ਕਿ ਮੋਦੀ ਹਕੂਮਤ ਦੇਸ਼ ਨੂੰ ਹਿੰਦੂ ਰਾਸ਼ਟਰ ਬਨਾਉਣਾ ਚਾਹੁੰਦੀ ਹੈ ਪਰ ਇਸ ਦਾ ਮਤਲਬ ਹਿੰਦੂ ਧਰਮੀ ਲੋਕਾਂ ਦਾ ਵਿਕਾਸ ਨਹੀਂ, ਸਗੋਂ ਅਜਿਹਾ ਪਿਛਾਖੜੀ ਰਾਜ ਸਥਾਪਤ ਕਰਨਾ ਹੈ ਜਿੱਥੇ ਲੋਕਾਂ ਦੇ ਮੁੱਢਲੇ ਜਮਹੂਰੀ ਤੇ ਕਾਨੂੰਨੀ ਹੱਕਾਂ ਦਾ ਪੂਰੀ ਤਰਾਂ ਘਾਣ ਕੀਤਾ ਜਾ ਸਕੇ ਤਾਂ ਕਿ ਲੋਕ ਆਪਣੇ ਲੁੱਟ-ਖਸੁੱਟ ਵਿਰੁੱਧ ਸੰਘਰਸ਼ ਨਾ ਕਰ ਸਕਣ। ਉਹਨਾਂ ਆਖਿਆ ਕਿ ਦੇਸ਼ ਦੇ ਹਾਕਮਾਂ ਵਲੋਂ ਜਦੋਂ ਦੇਸ਼ 'ਚ ਫਿਰਕੂ ਦੰਗੇ ਭੜਕਾਏ ਗਏ ਹਨ ਤਾਂ ਉਸਦਾ ਸਭ ਤੋਂ ਵੱਧ ਸੰਤਾਪ ਔਰਤਾਂ ਤੇ ਗਰੀਬ ਕਿਰਤੀ ਕਮਾਊ ਲੋਕਾਂ ਨੂੰ ਭੁਗਤਣਾ ਪਿਆ ਹੈ। ਉਹਨਾਂ ਆਖਿਆ ਕਿ ਮੌਜੂਦਾ ਸਮੇਂ ਭਾਜਪਾ ਹਕੂਮਤ ਵਲੋਂ ਕੱਟੜ ਹਿੰਦੂਤਵੀ ਜਨੂਨ ਭੜਕਾ ਕੇ ਮੁਸਲਮਾਨਾਂ ਖਿਲਾਫ ਦੰਗੇ ਭੜਕਾਉਣ ਦੀ ਸਾਜਿਸ਼ ਖਿਲਾਫ ਜਿਵੇਂ ਔਰਤਾਂ-ਨੌਜਵਾਨ ਵਿਦਿਆਰਥੀ, ਬੁੱਧੀਜੀਵੀ, ਕਿਸਾਨ ਤੇ ਮਜ਼ਦੂਰ ਜਾਤਾਂ ਧਰਮਾਂ ਤੋਂ ਉੱਪਰ ਉੱਠਕੇ ਮੈਦਾਨ 'ਚ ਡਟੇ ਹਨ ਉਸਨੇ ਇੱਕਵਾਰ ਹਕੂਮਤੀ ਵਾਰ ਨੂੰ ਕਰਾਰੀ ਟੱਕਰ ਦਿੱਤੀ ਹੈ। ਉਹਨਾਂ ਜੋਰ ਦੇ ਕੇ ਆਖਿਆ ਕਿ ਮੋਦੀ ਦੇ ਫਿਰਕੂ ਫਾਸੀ ਕਦਮਾਂ ਨੂੰ ਦੇਸ਼ ਦੇ ਲੋਕ ਕਦੇ ਸਫਲ ਨਹੀਂ ਹੋਣ ਦੇਣਗੇ ਅਤੇ ਪੰਜਾਬ ਦੇ ਲੋਕ ਇਸ ਸੰਘਰਸ਼ 'ਚ ਡਟਕੇ ਮੈਦਾਨ 'ਚ ਨਿੱਤਰ ਚੁੱਕੇ ਹਨ। ਇਸ ਮੌਕੇ ਮੰਗ ਕੀਤੀ ਕਿ ਸੀ.ਏ.ਏ. ਰੱਦ ਕੀਤਾ ਜਾਵੇ, ਐਨ.ਆਰ.ਸੀ. ਤੇ ਐਨ.ਪੀ.ਆਰ ਦੇ ਕਦਮ ਵਾਪਸ ਲਏ ਜਾਣ, ਇਹਨਾਂ ਦਾ ਵਿਰੋਧ ਕਰਦੇ ਲੋਕਾਂ 'ਤੇ ਪਾਏ ਕੇਸ ਰੱਦ ਕੀਤੇ ਜਾਣ ਤੇ ਗ੍ਰਿਫਤਾਰ ਲੋਕ ਅਤੇ ਬੁੱਧੀਜੀਵੀ ਰਿਹਾਅ ਕੀਤੇ ਜਾਣ, ਜੇ.ਐਨ.ਯੂ. ਤੇ ਜਾਮੀਆ ਯੂਨੀਵਰਸਿਟੀ ਅਤੇ ਮੁਲਕ ਭਰ 'ਚ ਲੋਕਾਂ 'ਤੇ ਜਬਰ ਢਾਹੁਣ ਵਾਲ਼ੇ ਅਧਿਕਾਰੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ, ਜੇ.ਐਨ.ਯੂ. 'ਚ ਨਕਾਬ ਪਾਕੇ ਆਏ ਗੁੰਡਿਆਂ ਅਤੇ ਮੁਸਲਮਾਨਾਂ ਖਿਲਾਫ਼ 'ਗੋਲੀ ਮਾਰੋ' ਜਿਹੇ ਬਿਆਨਾਂ ਨਾਲ਼ ਫਿਰਕੂ ਜਨੂੰਨ ਭੜਕਾਉਣ ਦੇ ਦੋਸ਼ੀ ਯੋਗੀ ਅਦਿੱਤਯਨਾਥ, ਅਨੁਰਾਸ਼ ਠਾਕੁਰ ਜਿਹੇ ਚੋਟੀ ਦੇ ਭਾਜਪਾ ਆਗੂਆਂ, ਸ਼ਾਹੀਨ ਬਾਗ ਅਤੇ ਜਾਮੀਆ ਵਿਖੇ ਗੋਲੀ ਚਲਾਉਣ ਵਾਲੇ ਸੰਘੀ ਗੁੰਡਿਆਂ, ਔਰਤਾਂ ਦੇ ਗੁਪਤ ਅੰਗਾਂ 'ਤੇ ਠੁੱਡੇ ਮਾਰਨ ਵਾਲੇ ਦੋਸ਼ੀ ਪੁਲਿਸ ਅਧਿਕਾਰੀਆਂ ਵਾਲਿਆਂ ਅਤੇ ਗਾਰਗੀ ਕਾਲਜ਼ ਵਿੱਚ ਔਰਤਾਂ ਉੱਤੇ ਜਿਣਸੀ ਹਮਲਾ ਕਰਨ ਵਾਲਿਆਂ ਨੂੰ ਸਖਤ ਸਜਾਵਾਂ ਦਿੱਤੀਆਂ ਜਾਣ, ਦੇਸ਼ ਭਰ 'ਚੋਂ ਨਜ਼ਰਬੰਦੀ ਕੈਂਪ ਖਤਮ ਕਰਕੇ ਉੱਥੇ ਡੱਕੇ ਲੋਕ ਰਿਹਾਅ ਕੀਤੇ ਜਾਣ, ਦਿੱਲੀ 'ਚ ਮੜ੍ਹੇ ਐਨ.ਐਸ.ਏ. ਸਮੇਤ ਸਾਰੇ ਕਾਲ਼ੇ ਕਾਨੂੰਨ ਰੱਦ ਕੀਤੇ ਜਾਣ। ਰੈਲੀ ਵਿੱਚ ਕਸ਼ਮੀਰੀ ਲੋਕਾਂ ਦੇ ਸਵੈ-ਨਿਰਣੇ ਦੇ ਹੱਕ ਨੂੰ ਕੁਚਲਣ, ਉਹਨਾਂ ਉੱਤੇ ਮੜ੍ਹੀਆਂ ਤਾਨਾਸ਼ਾਹ ਪਾਬੰਦੀਆਂ, ਧਾਰਾ 370 ਤੇ 35ਏ ਖਤਮ ਕਰਨ, ਹਜ਼ਾਰਾਂ ਕਸ਼ਮੀਰੀਆਂ ਨੂੰ ਨਾਜਾਇਜ਼ ਜੇਲ੍ਹੀਂ ਡੱਕਣ, ਜ਼ਬਰ ਖਿਲਾਫ਼ ਮਤਾ ਪਾਸ ਕੀਤਾ ਗਿਆ। ਇਸ ਤੋਂ ਇਲਾਵਾ ਕੱਲ੍ਹ ਸੰਗਰੂਰ ਦੇ ਲੌਂਗੋਵਾਲ ਕਸਬੇ ਵਿੱਚ ਸਕੂਲ ਵੈਨ ਦੇ ਦਰਦਨਾਕ ਹਾਦਸੇ ਦੌਰਾਨ ਚਾਰ ਮਾਸੂਮ ਬੱਚਿਆਂ ਦੀ ਹੋਈ ਮੌਤ ਦਾ ਇੱਥੋਂ ਦੇ ਪ੍ਰਬੰਧ ਨੂੰ ਜ਼ਿੰਮੇਵਾਰ ਠਹਿਰਾਉਂਦੇ ਹੋਏ ਸ਼ੋਕ ਮਤਾ ਪਾਸ ਕੀਤਾ।




**Dr. Baltej Parhar,** Chiropractor

Tired of living in pain? Relying on pain medications to get you through the day ? Always getting the same answers or treatments with no results?

Dr. Parhar Strives to ensure his patients are pain-free and able to move again so they can get back to work and doing the things they love. Call and book your consultation today!

* Insurance Billing
* Multidisciplinary care
* Cold Laser Therapy
* 1 on 1 appointments
* Rehab facility on-site
* Educational Classes

ਕੀ ਤੁਸੀਂ ਦਰਦ ਨਾਲ ਜੀਉਂਦੇ ਥੱਕ ਗਏ ਹੋ? ਡਾ. ਪਰਹਾਰ ਨੂੰ ਜਵਾਬ ਲੱਭਣ ਵਿੱਚ ਤੁਹਾਡੀ ਮੱਦਦ ਕਰਨ ਦਿਓ ਤਾਂ ਜੋ ਤੁਸੀਂ ਉਨ੍ਹਾਂ ਚੀਜ਼ਾਂ ਨੂੰ ਵਾਪਸ ਕਰ ਸਕੋ ਜੋ ਤੁਸੀਂ ਪਸੰਦ ਕਰਦੇ ਹੋ। ਅੱਜ ਹੀ ਸਲਾਹ-ਮਸ਼ਵਰੇ ਲਈ ਕਾਲ ਕਰੋ ਜਾਂ ਈ-ਮੇਲ ਕਰੋ।

FLEXOLOGY WELLNESS CLINIC

#3 2015 32nd Ave NE Calgary, AB T2E 6Z3

Ph. 403-764-3539 (FLEX)

Email: baltej.parhar@flexology.ca

FLEXOLOGY WELLNESS

# ਨਗਰ ਕੀਰਤਨਾਂ ਵਿੱਚ ਸ਼ਰਧਾ ਘੱਟ ਅਤੇ ਹੁੱਲੜਬਾਜ਼ੀ ਜ਼ਿਆਦਾ

**- ਸੁਰਜੀਤ ਗੱਗ**



ਨਗਰਕੀਰਤਨਾਂ ਵਿੱਚ ਸ਼ਰਧਾ ਘੱਟ ਅਤੇ ਹੁੱਲੜਬਾਜ਼ੀ ਜ਼ਿਆਦਾ ਹੁੰਦੀ ਹੈ। ਜਦੋਂ ਹੁੱਲੜਬਾਜ਼ੀ ਨੂੰ ਸ਼ਹਿ ਦਿੱਤੀ ਜਾਂਦੀ ਹੈ, ਨੁਕਸਾਨ ਅਣਕਿਆਸਿਆ ਹੁੰਦਾ ਹੈ। ਜੇ ਨਗਰ ਕੀਰਤਨਾਂ ਦੇ ਇਤਿਹਾਸ 'ਤੇ ਝਾਤ ਮਾਰੀ ਜਾਵੇ ਤਾਂ ਇਸ ਦੀਆਂ ਜੜ੍ਹਾਂ ਗ਼ੁਲਾਮਦਾਰੀ ਵਿੱਚੋਂ ਨਿੱਕਲਦੀਆਂ ਹਨ। ਇਸ ਨੂੰ ਰਾਜਿਆਂ-ਮਹਾਰਾਜਿਆਂ ਦੀ ਸ਼ੋਭਾ-ਯਾਤਰਾ ਦਾ ਸੋਧਿਆ ਹੋਇਆ ਉਹ ਰੂਪ ਕਿਹਾ ਜਾ ਸਕਦਾ ਹੈ ਜਿਸ ਵਿੱਚ ਗ਼ੁਲਾਮਾਂ ਨੂੰ ਗ਼ੁਲਾਮੀ ਦਾ ਅਹਿਸਾਸ ਨਹੀਂ ਹੁੰਦਾ। ਰਾਜੇ-ਮਹਾਰਾਜੇ ਜਦੋਂ ਸਫ਼ਰ 'ਤੇ ਨਿੱਕਲਦੇ ਸਨ ਤਾਂ ਮਹੀਨਿਆਂ ਦੇ ਮਹੀਨੇ ਸਫ਼ਰ ਵਿੱਚ ਹੀ ਗੁਜ਼ਰ ਜਾਂਦੇ ਸਨ ਅਤੇ ਅਪਣੇ ਨਾਲ ਸੇਵਾਦਾਰ, ਗ਼ੁਲਾਮ, ਸਿਪਾਹੀ, ਸੰਤਰੀ, ਨਾਚੀਆਂ-ਨਚਾਰ, ਭੰਡ, ਸੰਗੀਤਕਾਰ, ਗਵੱਈਏ, ਰਾਸ਼ਨ-ਪਾਣੀ, ਊਠ-ਘੋੜੇ ਆਦਿ ਸਭ ਕੁੱਝ ਲੈ ਕੇ ਨਿੱਕਲਦੇ ਸਨ। ਨਗਰ ਕੀਰਤਨ ਇਸੇ ਸ਼ੋਭਾ ਯਾਤਰਾ ਦਾ ਸੋਧਿਆ ਹੋਇਆ ਰੂਪ ਹੈ ਜਿਸ ਵਿੱਚ ਰਾਜੇ ਦੀ ਜਗ੍ਹਾ "ਮਾਹਰਾਜ ਸਾਹਿਬ" ਨੇ ਲੈ ਲਈ ਹੈ ਅਤੇ ਬਾਕੀ ਦੀ ਸਾਰੀ ਕਤਾਰਬੰਦੀ ਉਵੇਂ ਹੀ ਚੱਲੀ ਜਾ ਰਹੀ ਹੈ ਜਿਸ ਵਿੱਚ ਸਭ ਤੋਂ ਹੇਠਲੀ ਥਾਂ ਗ਼ੁਲਾਮ ਹੁੰਦੇ ਹਨ, ਜਿਹਨਾਂ ਨੂੰ ਗ਼ੁਲਾਮੀ ਦਾ ਅਹਿਸਾਸ ਨਹੀਂ ਹੁੰਦਾ।

ਪਿਛਲੇ ਦਿਨੀਂ ਅਮ੍ਰਿਤਸਰ ਵਿੱਚ ਹਰਿਮੰਦਰ ਸਾਹਿਬ ਨੂੰ ਜਾਂਦੇ ਰਾਹ ਦੀ ਸੁੰਦਰਤਾ ਵਧਾਉਣ ਲਈ ਲਗਾਏ ਗਏ ਬੁੱਤਾਂ ਨੂੰ ਤੋੜਿਆ ਗਿਆ। ਜਿਹੜਾ ਫ਼ਰਕ ਬੁੱਤ ਲੱਗਣ ਨਾਲ ਨਹੀਂ ਸੀ ਪੈਣਾ, ਉਹ ਬੁੱਤ ਤੋੜਨ ਨਾਲ ਵੀ ਨਹੀਂ ਪੈਣ ਲੱਗਾ। ਪਰ ਇਸ ਸਾਰੇ ਘਟਨਾਕ੍ਰਮ ਵਿੱਚੋਂ ਇਹ ਗੱਲ ਨਿੱਤਰ ਕੇ ਸਾਹਮਣੇ ਆਈ ਹੈ ਕਿ ਕੁੱਝ ਹੁੱਲੜਬਾਜ਼ਾਂ ਨੇ ਪ੍ਰਸ਼ਾਸਨ ਨੂੰ ਚੇਤਾਵਨੀ ਦੇ ਕੇ ਬੁੱਤਾਂ ਦੀ ਭੰਨ-ਤੋੜ ਕੀਤੀ ਹੈ ਅਤੇ ਸਿੱਖ ਪੰਥ ਦੀ ਅਗਵਾਈ ਕਰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਅਪਣੇ ਅੱਗੇ ਝੁਕਾ ਲਿਆ ਹੈ। ਹੁਣ ਸ਼੍ਰੋਮਣੀ ਕਮੇਟੀ ਵੀ ਇਸ ਮਾਮਲੇ 'ਤੇ ਹੁੱਲੜਬਾਜ਼ਾਂ ਦੀ ਅਗਵਾਈ ਵਿੱਚ ਮੋਨ ਹੈ ਅਤੇ ਬਾਹਰੀ ਤੋਰ 'ਤੇ ਨਾਲ ਹੈ। ਹੁਣ ਸ਼੍ਰੋਮਣੀ ਕਮੇਟੀ ਅਜਿਹੇ ਹੁੱਲੜਬਾਜ਼ਾਂ ਅੱਗੇ ਵਿਚਾਰੀ ਜਿਹੀ ਬਣਕੇ ਰਹਿ ਗਈ ਹੈ। ਜੇ ਕਮੇਟੀ ਹੁੱਲੜਬਾਜ਼ਾਂ ਦੇ ਮਗਰ ਨਾ ਚੱਲੇ ਤਾਂ ਇਸ ਦੀ ਅਪਣੀ ਹੋਂਦ ਨੂੰ ਖ਼ਤਰਾ ਹੈ। ਕਿਉਂਕਿ ਧਰਮ ਹੈ ਹੀ ਅਜਿਹਾ ਗਧਾ ਏ ਕਿ ਜਿਸ ਦੇ ਵੀ ਹੱਥ ਡੰਡਾ ਆ ਗਿਆ, ਦੁੜੰਗੇ ਲਵਾਉਂਦਾ ਫ਼ਿਰਦਾ ਹੈ।

ਹੁਣ ਡੰਡਾ ਹੁੱਲੜਬਾਜ਼ਾਂ ਦੇ ਹੱਥ ਹੈ ਅਤੇ ਇਹ ਹੁੱਲੜਬਾਜ਼ ਧਰਮ ਦੇ ਅਪਣੇ ਪੈਦਾ ਕੀਤੇ ਹੋਏ ਹਨ।

ਇਹ ਨੌਜਵਾਨ ਹੁੱਲੜਬਾਜ਼ ਨਹੀਂ ਹਨ। ਨੌਜਵਾਨ ਕਦੇ ਵੀ ਹੁੱਲੜਬਾਜ਼ ਨਹੀਂ ਹੁੰਦੇ। ਇਹਨਾਂ ਨੂੰ ਦਿੱਤੀ ਗਈ ਸਿੱਖਿਆ ਅਤੇ ਸਮਾਜਿਕ ਮਾਹੌਲ ਇਹਨਾਂ ਨੂੰ ਅਪਣੇ ਰੰਗ ਵਿੱਚ ਰੰਗ ਲੈਂਦਾ ਹੈ। ਨੌਜਵਾਨਾਂ ਦੀਆਂ ਲੋੜਾਂ ਹੋਰ ਹੁੰਦੀਆਂ ਹਨ ਅਤੇ ਉਹਨਾਂ ਨੂੰ ਤੋਰ ਕਿਸੇ ਹੋਰ ਪਾਸੇ ਲਿਆ ਜਾਂਦਾ ਹੈ, ਜਿਸ ਦੇ ਸਿੱਟੇ ਭਿਆਨਕ ਹੋਣੇ ਹੀ ਹੁੰਦੇ ਹਨ। ਕਿਰਤੀ ਕਾਮੇ ਕਦੇ ਵੀ ਹੁੱਲੜਬਾਜ਼ ਨਹੀਂ ਹੁੰਦੇ, ਹੁੱਲੜਬਾਜ਼ ਹਮੇਸ਼ਾ ਵਿਹਲੜ ਹੁੰਦੇ ਹਨ ਅਤੇ ਧਰਮ ਵਿਹਲੜਾਂ ਦੀ ਪਨਾਹਗਾਹ ਹੈ। ਇਹ ਵਿਹਲੜ ਵਿਹਲੀਆਂ ਖਾਣ ਲਈ ਕਿਰਤ ਦੀ ਲੁੱਟ 'ਤੇ ਨਿਰਭਰ ਹੁੰਦੇ ਹਨ ਅਤੇ ਇਹ ਲੁੱਟ ਧਰਮ ਦੇ ਨਾਮ 'ਤੇ ਹੁੰਦੀ ਹੈ। ਧਰਮ ਇੱਕ ਅਜਿਹੀ ਸੰਸਥਾ ਹੈ ਜੋ ਕਿਸੇ ਵਿਸ਼ੇਸ਼ ਟੀਚੇ ਨੂੰ ਮੁੱਖ ਰੱਖ ਕੇ ਹੋਂਦ ਵਿੱਚ ਆਇਆ ਲੋਕਾਂ ਦਾ ਸਮੂਹ ਹੁੰਦੀ ਹੈ, ਜੋ ਟੀਚਾ ਪੂਰਾ ਹੋਣ 'ਤੇ ਰਵਾਇਤ ਦਾ ਰੂਪ ਲੈ ਲੈਂਦੀ ਹੈ ਅਤੇ ਪਰਜੀਵੀਆਂ ਦੀ ਖ਼ੁਰਾਕ ਬਣਦੀ ਹੈ। ਇਸੇ ਲਈ ਧਰਮ ਇੱਕ ਅਜਿਹਾ ਕਾਰੋਬਾਰ ਬਣ ਚੁੱਕਾ ਹੈ ਜਿਸ ਵਿੱਚ ਕਦੇ ਵੀ ਘਾਟਾ ਨਹੀਂ ਪੈਂਦਾ ਪਰ ਮੁਕਾਬਲੇਬਾਜ਼ੀ ਪੂਰੀ ਦੁਸ਼ਮਣੀ ਦੀ ਹੱਦ ਤੱਕ ਪੈ ਜਾਂਦੀ ਹੈ। ਕੋਈ ਵੀ ਧਰਮ, ਦੂਸਰੇ ਧਰਮ ਦਾ ਦੁਸ਼ਮਣ ਨਹੀਂ ਹੁੰਦਾ, ਲੋਕਾਂ ਦਾ ਹੀ ਦੁਸ਼ਮਣ ਹੁੰਦਾ ਹੈ। ਧਰਮ ਦੀ ਵਰਤੋਂ ਕਰਨ ਵਾਲ਼ੇ ਬਹੁਤ ਚਲਾਕ ਕਿਸਮ ਦੇ ਵਪਾਰੀ ਹੁੰਦੇ ਹਨ, ਜਿਹਨਾਂ ਦੇ ਇਸ਼ਾਰਿਆਂ 'ਤੇ ਧਰਮ ਚੱਲਦਾ ਹੈ ਅਤੇ ਧਰਮ ਦੇ ਇਸ਼ਾਰਿਆਂ 'ਤੇ ਲੋਕ ਚੱਲਦੇ ਹਨ। ਲੁਟੇਰਿਆਂ ਦੀ ਲੁੱਟ ਨੂੰ ਸਥਾਈ ਬਣਾਈ ਰੱਖਣ ਲਈ ਧਰਮ ਦੀ ਅਹਿਮ ਭੂਮਿਕਾ ਹੈ। ਧਰਮ ਕਿਰਤ ਦੀ ਕਦਰ ਨਹੀਂ ਕਰਦਾ, ਧਨ ਦੀ ਕਦਰ ਕਰਦਾ ਹੈ ਅਤੇ ਧਨ ਹਮੇਸ਼ਾ ਕਿਰਤ ਦੀ ਲੁੱਟ ਕਰਨ ਵਾਲ਼ੇ ਲੁਟੇਰਿਆਂ ਕੋਲ ਹੁੰਦਾ ਹੈ। ਇਸੇ ਲਈ ਧਾਰਮਿਕ ਸਥਾਨਾਂ 'ਤੇ ਲੱਗੇ ਪੱਥਰਾਂ, ਪੱਖਿਆਂ, ਪੌੜੀਆਂ, ਮਰਮਰ ਆਦਿ 'ਤੇ ਧਾਰਮਿਕ ਸਥਾਨਾਂ ਦੀ "ਸੇਵਾ" (ਸੇਵਾਫ਼ਲ) ਕਰਨ ਵਾਲਿਆਂ ਦੇ ਨਾਮ ਉੱਕਰੇ ਹੁੰਦੇ ਹਨ ਤਾਂ ਜੋ ਲੁੱਟ ਵਿੱਚੋਂ ਦਸਵੰਧ ਕੱਢਣ ਵਾਲੇ ਲੁਟੇਰਿਆਂ ਪ੍ਰਤੀ ਲੋਕਾਂ ਵਿੱਚ ਸ਼ਰਧਾ ਭਾਵਨਾ ਬਣੀ ਰਹੇ ਅਤੇ ਉਹ ਨਿਰਵਿਘਨ ਕਿਰਤ ਦੀ ਲੁੱਟ ਕਰਕੇ ਜਾਂ ਕਿਰਤ ਦੀ ਲੁੱਟ ਵਿੱਚ ਸਹਿਯੋਗੀ ਬਣਕੇ ਕੁਦਰਤੀ ਸਾਧਨਾਂ 'ਤੇ ਕਾਬਜ਼ ਰਹਿਣ, ਜਿਹਨਾਂ ਉੱਤੇ ਸਭ ਦਾ ਬਰਾਬਰ ਦਾ ਹੱਕ ਬਣਦਾ ਹੈ।

ਇਹੋ ਧਰਮ ਦੀ ਹਕੀਕਤ ਹੈ ਅਤੇ ਇਸ ਹਕੀਕਤ ਤੋਂ ਪਰਦਾ ਨਾ ਚੁੱਕਿਆ ਜਾਵੇ, ਇਸ ਕੰਮ ਵਾਸਤੇ ਧਰਮ ਨੂੰ ਅਜਿਹੇ ਬਦਮਾਸ਼ਾਂ ਦੀ ਹਮੇਸ਼ਾ ਲੋੜ ਰਹਿੰਦੀ ਹੈ ਜੋ ਲੋਕਾਂ ਨੂੰ ਡਰਾ-ਧਮਕਾ ਕੇ ਕਾਬੂ ਵਿੱਚ ਰੱਖ ਸਕਣ। ਅੰਧਵਿਸ਼ਵਾਸ ਧਰਮ ਦੀ ਚੂਲ਼ ਹੈ ਅਤੇ ਅੰਧਵਿਸ਼ਵਾਸ ਫੈਲਾਉਣ ਲਈ ਧਰਮ ਅਜਿਹੇ ਅਧਿਆਤਮਕ ਆਗੂ ਥੋਕ ਵਿੱਚ ਪੈਦਾ ਕਰਦਾ ਹੈ ਕਿ ਉਹ ਜੋ ਮਰਜ਼ੀ ਅਵਾ-ਤਵਾ ਬੋਲੀ ਜਾਣ, ਲੋਕ ਮੂਰਖ਼ ਬਣਦੇ ਰਹਿਣ, ਧਰਮ ਦਾ ਮਕਸਦ ਹੱਲ ਹੋ ਜਾਂਦਾ ਹੈ। ਪਰ ਜੇ ਇਹਨਾਂ ਅਵਾ-ਤਵਾ ਬੋਲਣ ਵਾਲ਼ਿਆਂ ਵਿੱਚੋਂ ਕੋਈ ਰਣਜੀਤ ਸਿੰਘ ਢੱਡਰੀਆਂ ਵਾਲੇ ਵਰਗਾ ਸਮਾਜਵਾਦੀ ਪਹੁੰਚ ਅਪਣਾ ਲੈਂਦਾ ਹੈ ਤਾਂ ਧਰਮ ਨੂੰ ਖ਼ਤਰਾ ਖੜ੍ਹਾ ਹੋ ਜਾਂਦਾ ਹੈ ਅਤੇ ਧਰਮ ਅਜਿਹੀ ਲੋਕਪੱਖੀ ਆਵਾਜ਼ ਨੂੰ ਦਬਾਉਣ ਲਈ ਓਥੋਂ ਤੱਕ ਜ਼ੋਰ ਲਗਾਉਂਦਾ ਹੈ, ਜਿੱਥੋਂ ਤੱਕ ਪੰਜਾਬੀ ਵਿੱਚ ਕਿਹਾ ਜਾਂਦਾ ਹੈ ਕਿ ਹੁਣ ਚਿੱਤੜਾਂ ਤੱਕ ਜ਼ੋਰ ਲਾ ਕੇ ਵੇਖ ਲਵੇ।

ਤਰਨਤਾਰਨ ਨੇੜੇ ਜਿਹੜਾ ਟਰਾਲੀ ਵਿੱਚ ਵਿਸਫੋਟ ਹੋਇਆ ਹੈ, ਉਹ ਉਸ ਹੁੱਲੜਬਾਜ਼ੀ ਦਾ ਹੀ ਨਤੀਜਾ ਹੈ ਜਿਹੜੀ ਹੁੱਲੜਬਾਜ਼ੀ ਨੂੰ ਧਰਮ ਸ਼ਹਿ ਦਿੰਦਾ ਹੈ। ਇਸੇ ਲਈ ਸ਼੍ਰੋਮਣੀ ਕਮੇਟੀ ਨੇ ਜ਼ਖ਼ਮੀਆਂ ਦੇ ਮੁਫ਼ਤ ਇਲਾਜ ਦਾ ਬੀੜਾ ਚੁੱਕਿਆ ਹੈ ਅਤੇ ਮ੍ਰਿਤਕਾਂ ਵਾਸਤੇ ਮੁਆਵਜ਼ੇ ਦਾ ਐਲਾਨ ਵੀ ਸਰਮਾਏਦਾਰਾਂ ਦੀ ਖੱਬੀ ਬਾਂਹ ਧਰਮ ਵਲੋਂ ਜਾਂ ਸੱਜੀ ਬਾਂਹ ਸਰਕਾਰ ਵਲੋਂ ਕੀਤਾ ਜਾਂਦਾ ਹੈ ਤਾਂ ਜੋ ਲੋਕ ਭੀੜ ਦਾ ਹਿੱਸਾ ਬਣਨ ਤੋਂ ਟਾਲ਼ਾ ਵੱਟਣਾ ਸ਼ੁਰੂ ਨਾ ਕਰ ਦੇਣ। ਅਸਲ ਵਿੱਚ ਇਸ ਹਾਦਸੇ ਕਾਰਣ ਜ਼ਖ਼ਮੀ ਹੋਏ ਲੋਕਾਂ ਜਾਂ ਮ੍ਰਿਤਕਾਂ ਦੇ ਰਿਸ਼ਤੇਦਾਰਾਂ ਤੋਂ ਇਲਾਵਾ ਸਮਾਜ ਚਿੰਤਕਾਂ ਨੂੰ ਹੀ ਠੇਸ ਪਹੁੰਚੀ ਹੈ, ਧਰਮ ਅਜਿਹੇ ਹਾਦਸਿਆਂ ਨਾਲ ਵਧਦਾ-ਫੁੱਲਦਾ ਹੈ।

ਇਹ ਹਾਦਸਾ ਅਜਿਹਾ ਹਾਦਸਾ ਹੈ ਜਿਸ ਦੀ ਭਿਆਨਕਤਾ ਪ੍ਰਤੱਖ ਰੂਪ ਵਿੱਚ ਸਾਹਮਣੇ ਆਈ ਹੈ। ਅਪ੍ਰਤੱਖ ਰੂਪ ਵਿੱਚ ਇਸ ਤੋਂ ਵੀ ਭਿਆਨਕ ਹਾਦਸੇ ਹੋ ਰਹੇ ਹਨ, ਜਿਸ ਵੱਲ੍ਹ ਸਾਡਾ ਧਿਆਨ ਘੱਟ ਜਾਂਦਾ ਹੈ ਜਾਂ ਅਸੀਂ ਸਮਝਣ ਦੀ ਕੋਸ਼ਿਸ਼ ਨਹੀਂ ਕਰਦੇ। ਧਾਰਮਿਕ ਸਥਾਨਾਂ 'ਤੇ ਵੱਜਦੇ ਲਾਊਡ ਸਪੀਕਰਾਂ ਨੇ ਪਸ਼ੂ-ਪੰਛੀਆਂ ਤੱਕ ਬੋਲ਼ੇ ਕਰ ਦਿੱਤੇ ਹਨ। ਧਾਰਮਿਕ ਸਥਾਨਾਂ ਦੇ ਨੇੜੇ ਰਹਿਣ ਵਾਲ਼ੇ ਅੱਧੇ ਤੋਂ ਵੱਧ ਲੋਕ ਮਾਨਸਿਕ ਰੋਗੀ ਹੋ ਚੁੱਕੇ ਹਨ। ਕਿਸੇ ਦੀ ਨੀਂਦ ਪੂਰੀ ਨਹੀਂ ਹੁੰਦੀ ਅਤੇ ਉਹ ਥੱਕਿਆ-ਥੱਕਿਆ ਕੰਮ 'ਤੇ ਜਾਂਦਾ ਹੈ ਤਾਂ ਕੰਮ ਵਾਲ਼ੀਆਂ ਥਾਵਾਂ 'ਤੇ ਹਾਦਸੇ ਦਾ ਸ਼ਿਕਾਰ ਹੁੰਦਾ ਹੈ। ਅਜਿਹੇ ਪੀੜਿਤ ਲੋਕ ਕਦੇ ਵੀ ਅਪਣੇ ਆਪ ਨੂੰ ਪੀੜਿਤ ਨਹੀਂ ਸਮਝਦੇ ਅਤੇ ਬਹੁਤੀ ਵਾਰ ਸੜਕ ਹਾਦਸਿਆਂ ਦਾ ਵੀ ਕਾਰਣ ਬਣਦੇ ਹਨ ਪਰ ਇਸ ਦੇ ਕਾਰਣਾਂ ਦੀ ਤਹਿ ਤੱਕ ਜਾਣ ਦੀ ਲੋੜ ਹੀ ਨਹੀਂ ਸਮਝੀ ਜਾਂਦੀ, ਬੱਸ ਭਾਣਾ ਮੰਨ ਲਿਆ ਜਾਂਦਾ ਹੈ।

ਬਹੁਤੇ ਲੋਕ ਆਖ਼ ਦਿੰਦੇ ਹਨ ਕਿ ਸਮੱਸਿਆ ਤਾਂ ਉਹਨਾਂ ਨੂੰ ਵੀ ਸਮਝ ਆ ਜਾਂਦੀ ਹੈ, ਇਸ ਦਾ ਹੱਲ ਕੀ ਹੋਣਾ ਚਾਹੀਦਾ ਹੈ। ਹੱਲ ਕਦੇ ਵੀ ਸੌਖਾ ਨਹੀਂ ਹੁੰਦਾ, ਹੱਲ ਗੁੰਝਲ਼ਦਾਰ ਹੁੰਦਾ ਹੈ, ਲੰਮਾਂ ਹੁੰਦਾ ਹੈ, ਅਕਾਊ ਹੁੰਦਾ ਹੈ ਪਰ ਹੱਲ, ਹੱਲ ਹੀ ਹੁੰਦਾ ਹੈ। ਨਤੀਜੇ ਆਉਣ ਲਈ ਏਨਾ ਕੁ ਸਮਾਂ ਤਾਂ ਲੱਗਦਾ ਹੈ ਕਿ ਉਹ ਨਤੀਜੇ ਅਗਲੀ ਪੀੜ੍ਹੀ ਹੀ ਵੇਖ ਸਕਦੀ ਹੈ।

ਧਰਮ ਇੱਕ ਵਿਅਕਤੀਗਤ ਮਾਮਲਾ ਹੈ, ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦੋਂ ਇਹ ਸੰਸਥਾਗਤ ਬਣ ਜਾਂਦਾ ਹੈ। ਅਤੇ ਹੁਣ ਧਰਮ ਸੰਸਥਾਗਤ ਬਣ ਚੁੱਕਿਆ ਹੈ। ਜੇ ਤੁਸੀਂ ਸਿੱਖ ਧਰਮ ਵਿੱਚ ਵਿਸ਼ਵਾਸ ਰੱਖਦੇ ਹੋ ਅਤੇ ਅਮ੍ਰਿਤ ਛਕਿਆ ਹੈ ਤਾਂ ਇਹ ਤੁਹਾਡਾ ਉਦੋਂ ਤੱਕ ਹੀ ਵਿਅਕਤੀਗਤ ਮਾਮਲਾ ਹੈ ਜਦੋਂ ਤੱਕ ਇਸ ਵਿੱਚ ਕਿਸੇ ਦੀ ਦਖ਼ਲਅੰਦਾਜ਼ੀ ਨਹੀਂ ਹੁੰਦੀ। ਤੁਸੀਂ ਕਿਸੇ ਗਿਰਜੇ ਘਰ ਜਾ ਕੇ ਪ੍ਰਾਰਥਨਾ ਵਿੱਚ ਸ਼ਾਮਿਲ ਹੋ ਕੇ ਵੇਖ ਲਵੋ, ਤੁਹਾਨੂੰ ਟੋਕਣ ਵਾਲ਼ੇ, ਧਮਕੀਆਂ ਦੇਣ ਵਾਲ਼ੇ, ਏਥੋਂ ਤੱਕ ਕਿ "ਸੋਧਾ" ਲਾਉਣ ਵਾਲ਼ੇ ਤੁਹਾਨੂੰ ਹੀ ਲੱਭਦੇ ਹੋਣਗੇ। ਕਿਉਂਕਿ ਇਹ ਤੁਹਾਡਾ ਨਿਜੀ ਮਾਮਲਾ ਨਹੀਂ ਰਿਹਾ, ਸੰਸਥਾਗਤ ਮਾਮਲਾ ਹੈ ਜੋ ਤੁਹਾਡੀ ਆਜ਼ਾਦੀ ਦਾ ਸਭ ਤੋਂ ਵੱਡਾ ਅਤੇ ਤੁਹਾਡਾ ਸਭ ਤੋਂ ਘਟੀਆ ਦੁਸ਼ਮਣ ਹੈ। ਇਸ ਦੁਸ਼ਮਣ ਤੋਂ ਖਹਿੜਾ ਛੁਡਾਉਣ ਵਿੱਚ ਹੀ ਭਲਾਈ ਹੈ।

ਹਰ ਤਰ੍ਹਾਂ ਦੇ ਲੋਕਾਂ ਨੂੰ ਮਿਲਣਾ, ਹਰ ਤਰਾਂ ਦੇ ਲੋਕਾਂ ਨਾਲ ਵਿਚਰਨਾ, ਵੱਖੋ-ਵੱਖਰੀਆਂ ਸੱਭਿਅਤਾਵਾਂ ਬਾਰੇ ਜਾਣਕਾਰੀ ਹਾਸਲ ਕਰਨੀ, ਖ਼ੁਸ਼ ਰਹਿਣਾ, ਮਨ ਭਾਉਂਦਾ ਖਾਣਾ ਅਤੇ ਪਹਿਨਣਾ, ਲਾਈਲੱਗ ਨਾ ਬਣਨਾ, ਜਗਿਆਸਾ ਨੂੰ ਮਰਨ ਨਾ ਦੇਣਾ, ਬੱਚਿਆਂ 'ਤੇ ਕੁੱਝ ਵੀ ਨਾ ਥੋਪਣਾ, ਕਸਰਤ ਅਤੇ ਸੈਰ ਕਰਨਾ, ਚਾਪਲੂਸੀ, ਭ੍ਰਿਸ਼ਟਾਚਾਰ ਤੋਂ ਇਨਕਾਰੀ ਹੋਣਾ, ਵਿਗਿਆਨੀਆਂ ਅਤੇ ਸਮਾਜ ਸ਼ਾਸਤਰੀਆਂ, ਵਿਦਵਾਨਾਂ ਦੀਆਂ ਜੀਵਨੀਆਂ ਪੜ੍ਹਨੀਆਂ, ਅਪਣੀ ਕਾਬਲੀਅਤ ਦਾ ਫਾਇਦਾ ਉਠਾਉਣਾ, ਨਿੱਜੀ ਸਮੱਸਿਆ ਨੂੰ ਸਮਾਜਿਕ ਸਮੱਸਿਆ ਦੇ ਚੌਖਟੇ ਵਿੱਚੋਂ ਵੇਖਣਾ ਅਤੇ ਸਮਾਜਿਕ ਸਮੱਸਿਆ ਨੂੰ ਨਿੱਜੀ ਸਮੱਸਿਆ ਵਜੋਂ ਵੇਖਣਾ ਅਤੇ ਉਪਰੋਕਤ ਸਭ ਕੁੱਝ ਦਾ ਨਿਚੋੜ ਇਹ ਹੈ ਕਿ ਇਸ ਸਮਾਜ ਪ੍ਰਤੀ ਅਤੇ ਜ਼ਿੰਦਗੀ ਪ੍ਰਤੀ ਤਰਕਸ਼ੀਲ ਨਜ਼ਰੀਆ ਅਪਣਾਉਣਾ। ਤਰਕਸ਼ੀਲ ਨਜ਼ਰੀਆ ਅਤੇ ਸਮਾਜਵਾਦੀ ਪਹੁੰਚ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ, ਜਿਸ ਦਾ ਸੁੱਖ ਸਾਡੀਆਂ ਆਉਣ ਵਾਲ਼ੀਆਂ ਪੀੜ੍ਹੀਆਂ ਭੋਗਣਗੀਆਂ।

## ਲੇਖਕ ਹਰਨੇਕ ਸਿੰਘ ਬੱਧਨੀ ਨੂੰ ਸ਼ਰਧਾਂਜਲੀ !



ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਅਦਾਰਾ ਸਿੱਖ ਵਿਰਸਾ ਇੰਟਰਨੈਸ਼ਨਲ ਅਤੇ ਅਦਾਰਾ ਸਰੋਕਾਰਾਂ ਦੀ ਆਵਾਜ਼ ਵੱਲੋਂ ਅਸੀਂ ਕੈਲਗਰੀ ਨਿਵਾਸੀ ਲੇਖਕ ਤੇ ਗ਼ਜ਼ਲਗੋ ਹਰਨੇਕ ਸਿੰਘ ਬੱਧਨੀ ਦੀ ਅਚਾਨਕ ਮੌਤ ਤੇ ਉਨ੍ਹਾਂ ਦੇ ਪਰਿਵਾਰ ਤੇ ਦੋਸਤਾਂ ਮਿੱਤਰਾਂ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ। ਪੰਜਾਬ ਵਿੱਚ ਉਹ ਟੀਚਰ ਦੇ ਤੌਰ ਤੇ ਸੇਵਾਵਾਂ ਨਿਭਾਉਣ ਤੋਂ ਬਾਅਦ ਪਿਛਲੇ ਕਈ ਸਾਲਾਂ ਤੋਂ ਆਪਣੇ ਬੱਚਿਆਂ ਕੋਲ ਕੈਲਗਰੀ ਰਹਿ ਰਹੇ ਸਨ। ਕੁਝ ਮਹੀਨੇ ਪਹਿਲਾਂ ਪੰਜਾਬ ਗਏ ਸਨ, ਜਿੱਥੇ ਉਨ੍ਹਾਂ ਦਾ ਬੱਧਨੀ ਕਲਾਂ ਵਿਖੇ ਆਪਣੇ ਘਰ ਦਿਹਾਂਤ ਹੋ ਗਿਆ। ਉਹ ਇੱਕ ਸੱਚੇ-ਸੁੱਚੇ, ਮਿਹਨਤੀ ਤੇ ਇਮਾਨਦਾਰ ਇਨਸਾਨ ਸਨ। ਉਨ੍ਹਾਂ ਦੀਆਂ ਗ਼ਜ਼ਲਾਂ ਵਿੱਚੋਂ ਮਨੁੱਖਤਾ ਪ੍ਰਤੀ ਉਨ੍ਹਾਂ ਦਾ ਸਰੋਕਾਰ ਸਪੱਸ਼ਟ ਦਿਸਦਾ ਹੈ। ਉਹ ਮਨੁੱਖਤਾਵਾਦੀ ਤੇ ਅਗਾਂਹਵਧੂ ਸੋਚ ਦੇ ਧਾਰਨੀ ਸਨ। ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਨਾਲ ਉਹ ਹਮੇਸ਼ਾਂ ਸਹਿਯੋਗ ਲਈ ਤੱਤਪਰ ਰਹਿੰਦੇ ਸਨ। ਸਿੱਖ ਵਿਰਸਾ ਮੈਗਜ਼ੀਨ ਤੇ ਅਦਾਰਾ ਸਰੋਕਾਰਾਂ ਦੀ ਆਵਾਜ ਲਈ ਉਹ ਅਕਸਰ ਕਹਾਣੀਆਂ ਤੇ ਗ਼ਜ਼ਲਾਂ ਲਿਖਦੇ ਸਨ। ਅਸੀਂ ਉਨ੍ਹਾਂ ਦੀਆਂ ਸਮਾਜ ਤੇ ਸਾਹਿਤ ਪ੍ਰਤੀ ਸੇਵਾਵਾਂ ਲਈ ਸੱਚੀ ਸ਼ਰਧਾਂਜਲੀ ਪੇਸ਼ ਕਰਦੇ ਹਾਂ।।



# ਕਰੋਨਾ ਵਾਇਰਸ ਦਾ ਨਾਂ ਸੁਣਦਿਆਂ ਸਾਰ ਹੀ ਹੁਣ ਸਭ ਲੋਕ ਭੈਅਭੀਤ ਹੋ ਜਾਂਦੇ ਹਨ

ਕਰੋਨਾ ਵਾਇਰਸ ਦਾ ਨਾਂ ਸੁਣਦਿਆਂ ਸਾਰ ਹੀ ਹੁਣ ਸਭ ਲੋਕ ਭੈਅਭੀਤ ਹੋ ਜਾਂਦੇ ਹਨ। ਜਦ ਕਿ ਕਰੋਨਾ ਵਾਇਰਸ ਦਾ ਬਹੁਤ ਵੱਡਾ ਪਰਿਵਾਰ ਹੈ ਅਤੇ ਇਸਦੇ ਸਾਰੇ ਹੀ ਵਾਇਰਸ ਖਤਰਨਾਕ ਨਹੀਂ ਹਨ। ਯਾਨਿ ਕਿ ਇਹ ਸਿਰਫ ਇੱਕ ਹੀ ਕਿਸਮ ਦਾ ਵਾਇਰਸ ਨਹੀਂ ਹੈ। ਅਤੇ ਨਾਂ ਹੀ ਇਹ ਸਿਰਫ ਚੀਨ ਵਿੱਚ ਹੀ ਹੈ। ਇਹ ਸਾਰੇ ਸੰਸਾਰ ਵਿੱਚ ਅਨੇਕਾਂ ਜੀਵਾਂ ਨੂੰ ਰੋਗੀ ਬਣਾਉਂਦਾ ਹੈ ਅਤੇ ਬਹੁਤ ਜੀਵਾਂ ਅੰਦਰ ਇਹ ਸਾਰੀ ਉਮਰ ਸ਼ਾਂਤੀ ਨਾਲ ਵੀ ਬੈਠਾ ਰਹਿੰਦਾ ਹੈ। ਜਿਵੇਂ ਕਿ ਲੋਕ ਸੱਪਾਂ ਤੋਂ ਡਰਦੇ ਹਨ ਜਦੋਂ ਕਿ ਸਾਰੇ ਸੱਪ ਖਤਰਨਾਕ ਨਹੀਂ ਹੁੰਦੇ ਉਵੇਂ ਹੀ ਸਾਰੇ ਕਰੋਨਾ ਵਾਇਰਸ ਵੀ ਖਤਰਨਾਕ ਨਹੀਂ ਹਨ। ਲੇਕਿਨ ਜਿਸ ਕਰੋਨਾ ਵਾਇਰਸ ਨੇ ਅੱਜ ਸਾਰੇ ਸੰਸਾਰ ਨੂੰ ਡਰਾ ਕੇ ਰੱਖ ਦਿੱਤਾ ਹੈ, ਉਸ ਵਾਇਰਸ ਦਾ ਨਾਂ 2019-nCoV ਹੈ। ਇਵੇਂ ਹੀ ਬਹੁਤੇ ਲੋਕਾਂ ਨੂੰ ਇਸ ਵਾਇਰਸ ਦੁਆਰਾ ਬਣਾਈ ਜਾਂਦੀ ਇਨਫੈਕਸ਼ਨ ਦਾ ਨਾਂ ਪਤਾ ਨਹੀਂ ਹੈ। ਇਸ ਰੋਗ ਦਾ ਨਾਂ COVID-AI ਹੈ।

ਹੁਣ ਤੱਕ ਕਰੋਨਾ ਵਾਇਰਸ ਦੀਆਂ ਸੱਤ ਟਾਈਪਸ ਦਾ ਪਤਾ ਲੱਗਾ ਹੈ ਜੋ ਮਨੁੱਖ ਨੂੰ ਰੋਗੀ ਕਰਦੀਆਂ ਹਨ। ਇਹਨਾਂ ਵਿੱਚ ਜ਼ਿਆਦਾ ਪ੍ਰਚੱਲਿਤ 2295 (alpha coronavirus), NLFC (alpha coronavirus), OCDC (betacoronavirus), HKUA (beta coronavirus) ਹਨ। ਪ੍ਰੰਤੂ ਜ਼ਿਆਦਾ ਖਤਰਨਾਕ ਕਰੋਨਾ ਵਾਇਰਸ ਵਿੱਚ MERS-CoV, ਜੋ MERS ਰੋਗ ਬਣਾਉਂਦੇ ਹਨ ਅਤੇ SARS ਰੋਗ ਬਣਾਉਣ ਵਾਲੇ (SARS-CoV) ਵੀ ਹਨ। ਲੇਕਿਨ ਇਸ ਨਵੇਂ ਸੱਤਵੇਂ ਨੰਬਰ ਦੇ ਨੋਵਲ ਕਰੋਨਾ ਵਾਇਰਸ ਨੇ ਪਹਿਲੀ ਵਾਰ ਮਨੁੱਖ ਨੂੰ ਰੋਗੀ ਕੀਤਾ ਹੈ। ਇਹ 2019 ਚ ਸਾਹਮਣੇ ਆਇਆ ਹੈ। ਇਉਂ ਇਸਦਾ ਨਾਂ 2019 ਨੋਵਲ ਕਰੋਨਾ ਵਾਇਰਸ ਯਾਨਿ ਕਿ 2019-nCov ਰੱਖ ਦਿੱਤਾ ਗਿਆ ਹੈ।

ਇਸ ਵਕਤ ਕਰੋਨਾ ਵਾਇਰਸ 2019-nCoV ਸੰਸਾਰ ਦੇ 30 ਦੇਸ਼ਾਂ ਵਿੱਚ ਫੈਲ ਚੁੱਕਾ ਹੈ। ਚੀਨ ਦੇ ਹੁਬੇਈ ਸੂਬੇ ਦੀ ਰਾਜਧਾਨੀ ਵੂਹਾਨ ਦੀ ਸੀ-ਫੂਡ ਮਾਰਕਿਟ ਤੋਂ ਇਸ COVID-19 ਇਨਫੈਕਸ਼ਨ ਦੇ ਪਹਿਲੇ ਮਰੀਜ਼ ਦਾ ਪਤਾ ਦਸੰਬਰ ਚ ਲੱਗਾ ਸੀ।

ਇਹ ਬੀਮਾਰੀ ਵੀ ਫਲੂ ਵਰਗੀ ਹੋਣ ਕਰਕੇ ਸ਼ੁਰੂ ਵਿੱਚ ਇਸ ਦੇ ਲੱਛਣ ਫਲੂ ਵਰਗੇ ਹੀ ਹੁੰਦੇ ਹਨ।ਇਸਦੇ ਮੁੱਢਲੇ ਲੱਛਣ ਆਮ ਸਰਦੀ ਰੋਗਾਂ ਵਾਂਗ ਹੀ ਹੁੰਦੇ ਹਨ।ਸਾਧਾਰਣ ਖੰਘ ਦੇ ਨਾਲ ਬੁਖਾਰ ਰਹਿਣ ਲਗਦਾ ਹੈ।ਫਿਰ ਬੁਖਾਰ ਤੇਜ਼ ਹੋਣ ਲਗਦਾ ਹੈ ਤੇ ਦਵਾਈ ਨਾਲ ਉਤਰਨੋਂ ਹਟ ਜਾਂਦਾ ਹੈ, ਸਾਹ ਰੁਕਣ ਦੀ ਮਰੀਜ਼ ਸ਼ਿਕਾਇਤ ਕਰਦਾ ਹੈ।ਜਲਦੀ ਹੀ ਖੰਘ ਵਿਗੜਨ ਲਗਦੀ ਹੈ, ਫੇਫੜਿਆਂ 'ਚ ਬਲਗਮ ਭਰਨ ਲਗਦੀ ਹੈ।ਉਸਤੋਂ ਬਾਅਦ ਫੇਫੜਿਆਂ 'ਚ ਜ਼ਖ਼ਮ ਬਣ ਜਾਂਦੇ ਹਨ।ਫੇਫੜੇ ਜਾਮ ਹੋਣ ਲਗਦੇ ਹਨ।ਸਾਹ ਲੈਣ 'ਚ ਦਿੱਕਤ ਵਧ ਜਾਂਦੀ ਹੈ।ਕੁੱਝ ਬੇਹੋਸ਼ ਹੋਣ ਲਗਦੇ ਹਨ।ਕੁੱਝ ਨੂੰ ਬਲਗਮ ਨਾਲ ਖੂਨ ਆਉਣ ਲਗਦਾ ਹੈ।ਇਹੋ ਫੇਫੜਿਆਂ ਦੇ ਜ਼ਖ਼ਮ ਹੀ ਮਰੀਜ਼ ਦੀ ਮੌਤ ਦਾ ਮੁੱਖ ਕਾਰਨ ਬਣਦੇ ਹਨ। ਇਸ ਬੀਮਾਰੀ ਦੇ ਵਾਇਰਸ ਸਰੀਰ 'ਚ ਜਾਣ ਦੇ 2 ਤੋਂ 14 ਦਿਨ 'ਚ ਹੀ ਮਰੀਜ਼ ਦੇ ਲੱਛਣ ਦਿਖਾਈ ਦੇਣ ਲਗਦੇ ਹਨ। ਇਉਂ ਕੁੱਝ ਹੀ ਦਿਨਾਂ 'ਚ ਮਰੀਜ਼ ਦੀ ਇਨਫੈਕਸ਼ਨ ਵਿਗੜ ਜਾਂਦੀ ਹੈ।ਪ੍ਰੰਤੂ ਬਹੁਤ ਕਰੋਨਾ ਵਾਇਰਸ ਦੇ ਇਨਫੈਕਟਿਡ ਮਰੀਜ਼ਾਂ ਦੇ ਕੋਈ ਲੱਛਣ ਨਹੀਂ ਦਿਖਾਈ ਦਿੰਦੇ ਜਾਂ ਬਹੁਤ ਮਾਮੂਲੀ ਜਿਹੀ ਖੰਘ ਜਾਂ ਬੁਖਾਰ ਹੀ ਲੱਛਣ ਵਜੋਂ ਦਿਖਾਈ ਦਿੰਦੇ ਹਨ।

SARS-CoV ਵੀ ਕਰੋਨਾ ਵਾਇਰਸ ਦਾ ਇੱਕ ਖਤਰਨਾਕ ਵਿਸ਼ਾਣੂੰ ਹੈ। ਇਹ ਨੱਕ, ਕੰਨ, ਗਲੇ ਦੇ ਇਲਾਵਾ ਫੇਫੜਿਆਂ ਅਤੇ ਅੰਤੜੀਆਂ ਆਦਿ ਤੇ ਵੀ ਹਮਲਾ ਕਰਦਾ ਹੈ।ਇਹ ਇੱਕ ਹਫਤੇ 'ਚ ਵਿਗੜਨ ਵਾਲੀ ਇਨਫੈਕਸ਼ਨ ਹੁੰਦੀ ਹੈ।ਇਸ ਰੋਗ 'ਚ ਸ਼ੁਰੂ ਚ ਸੁੱਕੀ ਖੰਘ, ਦਸਤ, ਸਰਦੀ, ਸਾਹ ਰੁਕਣਾ, ਸਰੀਰਕ ਦਰਦਾਂ ਆਦਿ ਲੱਛਣ ਹੁੰਦੇ ਹਨ।ਫਿਰ ਅਚਾਨਕ ਮਰੀਜ਼ ਨੂੰ ਨਿਮੋਨੀਆ ਹੋ ਜਾਂਦਾ ਹੈ।ਇਸਦੀ ਆਖਰੀ ਸਟੇਜ ਤੇ ਲਿਵਰ ਫੇਲ, ਫੇਫੜੇ ਫੇਲ, ਗੁਰਦੇ ਫੇਲ੍ਹ ਆਦਿ ਖਤਰਨਾਕ ਸਥਿਤੀ ਬਣ ਜਾਂਦੀ ਹੈ।2002 ਚ ਇਹਨੇ 37 ਮੁਲਕਾਂ ਦੇ 8000 ਤੋਂ ਵੱਧ ਲੋਕਾਂ ਨੂੰ ਇਨਫੈਕਟਿਡ ਕੀਤਾ ਸੀ ਤੇ 750 ਦੀ ਜਾਨ ਲੈ ਲਈ ਸੀ।

MERS ਰੋਗ ਵੀ ਕਰੋਨਾਵਾਇਰਸ ਦੇ MERS-CoV ਵਿਸ਼ਾਣੂੰ ਦੁਆਰਾ 2012 'ਚ ਬਣਾਇਆ ਗਿਆ ਸੀ।ਇਹ ਸਾਉਦੀ ਅਰਬ ਤੋਂ ਸ਼ੁਰੂ ਹੋ ਕੇ ਹੋਰਨਾਂ ਮੁਲਕਾਂ ਵਿੱਚ ਫੈਲ ਗਿਆ ਸੀ। ਇਸ ਦੇ ਲੱਛਣ ਵੀ ਖੰਘ, ਬੁਖਾਰ, ਸਾਹ ਰੁਕਣਾ ਹੀ ਸਨ। ਇਸਨੇ ਵੱਖ ਵੱਖ ਦੇਸ਼ਾਂ ਦੇ 2500 ਤੋਂ ਵੱਧ ਲੋਕਾਂ ਨੂੰ ਅਪਣੇ ਲਪੇਟੇ ਚ ਲੈ ਲਿਆ ਸੀ ਤੇ 691 ਲੋਕਾਂ ਦੀ ਜਾਨ ਲੈ ਲਈ ਸੀ।

ਇਵੇਂ ਹੀ ਮਨੁੱਖ ਨੂੰ ਬਾਕੀ ਜੀਵਾਂ ਤੋਂ ਅਨੇਕਾਂ ਹੋਰ ਵਾਇਰਲ ਰੋਗ ਵੀ ਹੁੰਦੇ ਹੀ ਰਹਿੰਦੇ ਹਨ ਜਿਵੇਂ ਕਿ ਈਬੋਲਾ, ਫਲੂ ਆਦਿ ਰੋਗ ਵੀ ਜੀਵ ਜੰਤੂਆਂ ਤੋਂ ਹੀ ਮਨੁੱਖ ਨੂੰ ਹੋਏ ਹਨ। ਏਡਜ਼ ਵੀ ਪਸ਼ੂਆਂ ਤੋਂ ਹੀ ਮਨੁੱਖ ਨੂੰ ਬਣਨ ਵਾਲਾ ਰੋਗ ਹੈ।

ਵੱਖ ਵੱਖ ਤਰ੍ਹਾਂ ਦੇ ਕਰੋਨਾ ਵਾਇਰਸ ਬਿੱਲੀਆਂ, ਨਿਊਲਿਆਂ, ਚਮਗਿੱਦੜਾਂ, ਸੱਪਾਂ, ਊਠਾਂ, ਚਾਮਚੜਿੱਕਾਂ, ਬਾਂਦਰਾਂ ਆਦਿ ਅਨੇਕਾਂ ਜੀਵਾਂ ਨੂੰ ਰੋਗੀ ਕਰਦੇ ਹਨ। ਜੀਵ ਜੰਤੂਆਂ ਨੂੰ ਵੀ ਇਹ ਇੱਕ ਦੂਜੇ ਤੋਂ ਬਹੁਤ ਘੱਟ ਰੋਗੀ ਕਰਦੇ ਹਨ ਲੇਕਿਨ ਜਦ ਇਹ ਕਿਧਰੇ ਜੀਵਾਂ ਵਿੱਚ ਵੀ ਫੈਲਦੇ ਹੈ ਤਾਂ ਉਹ ਵੀ ਵੱਡੀ ਪੱਧਰ ਤੇ ਮਰਨ ਲਗਦੇ ਹਨ। ਪ੍ਰੰਤੂ ਇਸਦੀ ਮਨੁੱਖਾਂ ਨੂੰ ਇਨਫੈਕਸ਼ਨ ਹੋਣ ਦੇ ਬਹੁਤ ਘੱਟ ਚਾਂਸ ਹੁੰਦੇ ਹਨ। 2019-nCoV ਵਰਗੇ ਅਨੇਕਾਂ ਵਾਇਰਸ ਅਲੱਗ ਅਲੱਗ ਤਰ੍ਹਾਂ ਦੀਆਂ ਇਨਫੈਕਸ਼ਨਜ਼ ਬਣਾਉਂਦੇ ਹਨ ਜਿਹਨਾਂ ਦੇ ਲੱਛਣ ਵੀ ਬਹੁਤ ਫਰਕ ਚ ਹੁੰਦੇ ਹਨ। ਬਹੁਤੇ ਵਾਇਰਸ ਇੱਕ ਦੂਜੇ ਤੋਂ ਸਾਹ, ਖੰਘ, ਛਿੱਕ ਰਾਹੀਂ ਫੈਲਦੇ ਹਨ। ਮਰੀਜ਼ ਨੂੰ ਹੱਥ ਮਿਲਾਉਣ ਬਾਅਦ ਅੱਖਾਂ ਜਾਂ ਬੁੱਲਾਂ ਨੂੰ ਛੂਹਣ ਰਾਹੀਂ ਵੀ ਵਾਇਰਸ ਫੈਲਦੇ ਹਨ। ਲੇਕਿਨ ਕਰੋਨਾ ਵਾਇਰਸ ਬਾਰੇ ਅਜੇ ਇਹ ਪੂਰਾ ਪਤਾ ਨਹੀਂ ਹੈ ਕਿ ਇਹ ਮਰੀਜ਼ ਕੋਲ ਸਿਰਫ ਖੜਨ, ਬੈਠਣ ਜਾਂ ਮਰੀਜ਼ ਦੇ ਨਾਲ ਖਾਣ ਪੀਣ, ਰਹਿਣ ਨਾਲ ਫੈਲਦਾ ਹੈ ਕਿ ਨਹੀਂ। ਕੁੱਝ ਵਾਇਰਸ ਜਿਵੇਂ ਕਿ ਮੀਜ਼ਲਜ਼ ਦੇ ਬਹੁਤ ਜਲਦੀ ਫੈਲਦੇ ਹਨ ਜਦੋਂ ਕਿ ਕਾਫੀ ਵਾਇਰਸ ਐਨੀ ਜਲਦੀ ਨਹੀਂ ਫੈਲਦੇ।

ਇਸ ਵਾਇਰਲ ਇਨਫੈਕਸ਼ਨ ਦਾ ਕੋਈ ਸਪੈਸੀਫਿਕ ਐਂਟੀਵਾਇਰਲ ਟਰੀਟਮੈਂਟ ਵੀ ਅਜੇ ਤੱਕ ਨਹੀਂ ਬਣਿਆ ਅਤੇ ਨਾਂ ਹੀ ਇਸਤੋਂ ਬਚਣ ਲਈ ਕੋਈ ਵੈਕਸੀਨ ਹੀ ਬਣੀ ਹੈ। ਹੋਰ ਵੀ ਬਹੁਤੀਆਂ ਵਾਇਰਲ ਇਨਫੈਕਸ਼ਨਜ਼ ਦਾ ਅਜੇ ਤੱਕ ਕੋਈ ਇਲਾਜ ਨਹੀਂ ਹੁੰਦਾ।

COV94-19 ਪੌਜ਼ਿਟਵ ਮਰੀਜ਼ ਦਾ ਪਤਾ ਲੱਗਣ ਤੇ ਹਸਪਤਾਲ ਚ ਦਾਖ਼ਲ ਰੱਖਕੇ ਸਿਰਫ ਸੱਪੋਰਟਿਵ ਕੇਅਰ ਦਿੱਤੀ ਜਾ ਸਕਦੀ ਹੈ ਤਾਂ ਕਿ ਉਸਦੇ ਵਾਇਟਲ ਔਰਗਨ ਕੰਮ ਕਰਦੇ ਰਹਿਣ। ਕਿਉਂਕਿ ਇਸ ਇਨਫੈਕਸ਼ਨ ਕਾਰਨ ਫੇਫੜੇ, ਦਿਲ, ਜਿਗਰ, ਗੁਰਦੇ ਆਦਿ ਸਭ ਤੋਂ ਪਹਿਲਾਂ ਅਤੇ ਜਲਦੀ ਖਰਾਬ ਹੋ ਕੇ ਮਰੀਜ਼ ਦੀ ਮੌਤ ਹੁੰਦੀ ਹੈ।

ਉਂਜ ਸਭ ਤਰਾਂ ਦੀਆਂ ਵਾਇਰਲ ਇਨਫੈਕਸ਼ਨਜ਼ ਤੋਂ ਬਚਾਅ ਲਈ ਮਰੀਜ਼ ਦੇ ਜ਼ਿਆਦਾ ਨੇੜੇ ਨਹੀਂ ਜਾਣਾ ਚਾਹੀਦਾ। ਮਰੀਜ਼ ਦਾ ਕੁੱਝ ਵੀ ਜੂਠਾ ਖਾਣਾ ਜਾਂ ਪੀਣਾ ਨਹੀਂ ਚਾਹੀਦਾ। ਮਰੀਜ਼ ਨਾਲ ਹੱਥ ਮਿਲਾ ਕੇ ਅੱਖਾਂ ਜਾਂ ਨੱਕ ਬੁੱਲ ਆਦਿ ਤੇ ਨਾਂ ਲਾਉ।ਜੇ ਕਿਤੇ ਹੱਥ ਮਿਲਾਉਣਾ ਪੈ ਜਾਏ ਤਾਂ ਹੱਥਾਂ ਨੂੰ ਸਾਬਨ ਨਾਲ ਧੋ ਲੈਣਾ ਚਾਹੀਦਾ ਹੈ ਜਾਂ ਸੈਨੇਟਾਈਜ਼ ਕਰ ਲੈਣਾ ਚਾਹੀਦਾ ਹੈ। ਮਰੀਜ਼ ਨੂੰ ਵੀ ਮਾਸਕ ਪਹਿਨ ਕੇ ਰੱਖਣਾ ਚਾਹੀਦਾ ਹੈ ਤੇ ਜਦ ਤੱਕ ਇਨਫੈਕਸ਼ਨ ਠੀਕ ਨਾ ਹੋ ਜਾਵੇ ਤਦ ਤੱਕ ਮਰੀਜ਼ ਘਰ ਹੀ ਰਹੇ ਤਾਂ ਚੰਗਾ ਹੈ ਤਾਂ ਕਿ ਹੋਰ ਕਿਸੇ ਨੂੰ ਇਨਫੈਕਸ਼ਨ ਨਾਂ ਹੋਵੇ।

ਕਰੋਨਾ ਵਾਇਰਸ ਬਾਰੇ ਇਸ ਵਕਤ ਇੰਟਰਨੈੱਟ, ਵੱਟਸ ਐਪ ਅਤੇ ਫੇਸਬੁੱਕ ਜਾਂ ਯੂਟਿਊਬ ਤੇ ਬੇਹੱਦ ਗਲਤ ਜਾਣਕਾਰੀਆਂ ਵੀ ਦਿੱਤੀਆਂ ਜਾ ਰਹੀਆਂ ਹਨ। ਅਤੇ ਬੜੇ ਹੀ ਗਲਤ ਇਲਾਜ ਤੇ ਪ੍ਰਹੇਜ਼ ਦੱਸੇ ਜਾ ਰਹੇ ਹਨ। ਕੋਈ ਦੇਸੀ ਦਵਾਈਆਂ ਨਾਲ, ਕੋਈ ਗਾਂ ਦੇ ਪਿਸ਼ਾਬ ਜਾਂ ਗੋਹੇ ਨਾਲ, ਕੋਈ ਹੋਮਿਓਪੈਥਿਕ ਦਵਾਈਆਂ ਨਾਲ ਤੇ ਕੋਈ ਦੁੱਧ ਚ ਹਲਦੀ ਪਾਕੇ ਪੀਣ ਨਾਲ ਕਰੋਨਾ ਵਾਇਰਸ ਤੋਂ ਸ਼ਰਤੀਆ ਤੌਰ ਤੇ ਬਚਣ ਦੇ ਉਪਾਅ ਦੱਸ ਰਿਹਾ ਹੈ। ਜਦੋਂ ਕਿ ਇਸ ਵਾਇਰਸ ਬਾਰੇ ਉਹਨਾਂ ਨੂੰ ਪੂਰੀ ਜਾਣਕਾਰੀ ਹੀ ਨਹੀਂ ਹੈ ਅਤੇ ਨਾਂ ਹੀ ਉਹਨਾਂ ਨੇ ਕਦੇ ਇਸ ਵਾਇਰਸ ਦਾ ਇਲਾਜ ਕੀਤਾ ਹੋਵੇਗਾ। ਇਸ ਵਾਇਰਸ ਦਾ ਇਲਾਜ ਸਿਰਫ ਐਲੋਪੈਥੀ ਚ ਹੀ ਸੰਭਵ ਹੈ। ਹੋਰ ਕਿਸੇ ਵੀ ਪ੍ਰਣਾਲੀ ਚ ਅਜਿਹੇ ਜਲਦੀ ਮਹਾਂਮਾਰੀ ਦਾ ਰੂਪ ਧਾਰਨ ਵਾਲੇ ਖਤਰਨਾਕ ਰੋਗਾਂ ਦਾ ਕੋਈ ਇਲਾਜ ਨਹੀਂ ਹੁੰਦਾ।

ਸਾਨੂੰ ਅਨੇਕਾਂ ਦੇਸ਼ਾਂ ਤੋਂ ਕਰੋਨਾ ਵਾਇਰਸ ਬਾਰੇ ਜਾਣਕਾਰੀ ਲੈਣ ਲਈ ਲੋਕਾਂ ਦੇ ਫੋਨ ਆ ਰਹੇ ਹਨ। ਇੱਕ ਬਜ਼ੁਰਗ ਨੇ ਸਾਨੂੰ ਸੱਰੀ ਤੋਂ ਪੁੱਛਿਆ ਕਿ ਉਹ ਪਿਛਲੇ ਸਾਲ ਵੈਨਕੂਵਰ ਤੋਂ ਦਿੱਲੀ ਜਾਂਦਿਆਂ ਬੀਜਿੰਗ ਹਵਾਈ ਅੱਡੇ 'ਤੇ ਕੁੱਝ ਘੰਟੇ ਰੁਕਿਆ ਸੀ। ਹੁਣ ਉਹਨੂੰ ਬਹੁਤ ਦਿਨਾਂ ਤੋਂ ਖੰਘ ਨਹੀਂ ਹਟਦੀ। ਕਿਤੇ ਉਹਦੇ ਅੰਦਰ ਕਰੋਨਾ ਵਾਇਰਸ ਤਾਂ ਨਹੀਂ ਹੈ। ਅਸੀਂ ਉਹਨੂੰ ਸਮਝਾਇਆ ਕਿ ਕਰੋਨਾ ਵਾਇਰਸ ਦੀ ਲਾਗ ਹੋਣ ਦੇ 14-15 ਦਿਨ ਚ ਹੀ ਮਰੀਜ਼ ਦੀ ਹਾਲਤ ਵਿਗੜਨ ਲੱਗ ਪੈਂਦੀ ਹੈ। ਬਾਕੀ ਸਾਰੇ ਚੀਨ ਚ ਇਹ ਵਾਇਰਸ ਐਨਾ ਨਹੀਂ ਫੈਲਿਆ ਹੋਇਆ।

ਇਵੇਂ ਹੀ ਕਿਸੇ ਨੇ ਸਾਨੂੰ ਕੱਲ ਐਡੀਲੇਡ ਆਸਟਰੇਲੀਆ ਤੋਂ ਪੁੱਛਿਆ ਕਿ ਉਹਨਾਂ ਦੇ ਪਰਿਵਾਰ ਚ ਕੁੱਝ ਦਿਨਾਂ ਤੋਂ ਕਿਸੇ ਦਾ ਗਲਾ ਖਰਾਬ ਹੈ, ਕਿਸੇ ਦੇ ਅੱਖਾਂ ਚੋਂ ਪਾਣੀ ਵਹਿੰਦਾ ਹੈ ਤੇ ਕਿਸੇ ਦਾ ਜ਼ੁਕਾਮ ਠੀਕ ਨਹੀਂ ਹੋ ਰਿਹਾ। ਸਾਰਿਆਂ ਦਾ ਸਰੀਰ ਟੁਟਦਾ ਭਜਦਾ ਹੈ। ਗੁਆਂਢ ਚ ਚੀਨੀਆਂ ਦਾ ਇੱਕ ਛੋਟਾ ਹੋਟਲ ਹੈ। ਕਿਤੇ ਸਾਨੂੰ ਕਰੋਨਾ ਵਾਇਰਸ ਦੀ ਸ਼ਿਕਾਇਤ ਤਾਂ ਨਹੀਂ ਹੈ। ਅਸੀਂ ਉਹਨਾਂ ਨੂੰ ਸਮਝਾਇਆ ਕਿ ਸਾਰੇ ਚੀਨੀਆਂ ਨੂੰ ਕਰੋਨਾ ਵਾਇਰਸ ਦੀ ਇਨਫੈਕਸ਼ਨ ਨਹੀਂ ਹੈ। ਨਾਂ ਹੀ ਏਦਾਂ ਦੂਰ ਤੋਂ ਇਹ ਇਨਫੈਕਸ਼ਨ ਹੁੰਦੀ ਹੈ। ਬਹੁਤ ਲੋਕਾਂ ਨੇ ਕਰੋਨਾ ਵਾਇਰਸ ਕਰਕੇ ਅੰਡੇ, ਮੱਛੀ, ਚਿਕਨ ਖਾਣਾ ਬੰਦ ਕਰ ਦਿੱਤਾ ਹੈ ਤੇ ਬਹੁਤ ਲੋਕਾਂ ਨੇ ਕਿਧਰੇ ਘੁੰਮਣ ਜਾਣ ਦੇ ਟੂਰ ਰੱਦ ਕਰ ਦਿੱਤੇ ਹਨ। ਬਹੁਤ ਲੋਕਾਂ ਨੇ ਚੀਨੀ ਖਿਡੌਣੇ ਜਾਂ ਹੋਰ ਚੀਜ਼ਾਂ ਖਰੀਦਣੀਆਂ ਬੰਦ ਕਰ ਦਿੱਤੀਆਂ ਹਨ। ਅਸਲ ਵਿੱਚ ਇਹ ਵਾਇਰਸ ਬਹੁਤ ਸਰਦੀ ਵਾਲੀਆਂ ਥਾਵਾਂ ਤੇ ਹੀ ਖੁੱਲੇ ਚ ਜ਼ਿਆਦਾ ਸਮਾਂ ਜ਼ਿੰਦਾ ਰਹਿੰਦਾ ਹੈ। 16 ਡਿਗਰੀ ਤੋਂ ਵੱਧ ਤਾਪਮਾਨ ਵਿੱਚ ਇਹ ਵਾਇਰਸ ਕੁੱਝ ਕੁ ਘੰਟੇ ਹੀ ਜ਼ਿੰਦਾ ਰਹਿੰਦਾ ਹੈ ਲੇਕਿਨ 22 ਡਿਗਰੀ ਤੋਂ ਉੱਪਰ ਤਾਪਮਾਨ ਵਿੱਚ ਇਹ ਬਹੁਤ ਜਲਦੀ ਖੁੱਲੇ ਚ ਖਤਮ ਹੋ ਜਾਂਦਾ ਹੈ। ਇਉਂ ਕਰੋਨਾ ਵਾਇਰਸ ਬਾਰੇ ਬਹੁਤ ਲੋਕਾਂ ਚ ਬਹੁਤ ਤਰਾਂ ਦੇ ਵਹਿਮ ਭਰਮ ਫੈਲਾਉਣ ਚ ਬਹੁਤ ਲੋਕ ਲੱਗੇ ਹੋਏ ਹਨ ਜੋ ਕਿ ਅਪਰਾਧ ਹੈ।

ਕੁੱਝ ਲੋਕ ਇਸ ਵਾਇਰਸ ਨੂੰ ਚੀਨ ਦੁਆਰਾ ਬਣਾਇਆ ਗਿਆ ਬਾਇਓਲੋਜੀਕਲ ਹਥਿਆਰ ਦੱਸ ਰਹੇ ਹਨ। ਉਹਨਾਂ ਦਾ ਕਹਿਣਾ ਹੈ ਕਿ ਇਹ ਵਾਇਰਸ ਚੀਨੀ ਸਾਇੰਟਿਸਟਾਂ ਤੋਂ ਗਲਤੀ ਨਾਲ ਆਮ ਲੋਕਾਂ ਚ ਫੈਲ ਗਿਆ। ਅਤੇ ਕੁੱਝ ਲੋਕ ਚੀਨੀਆਂ ਦੇ ਸਾਇੰਸ ਤੇ ਜ਼ਿਆਦਾ ਹੀ ਚੱਲਣ ਅਤੇ ਕੁਦਰਤ ਨਾਲ ਟੱਕਰ ਲੈਣ ਕਾਰਨ ਚੀਨ ਤੇ ਕੁਦਰਤ ਦਾ ਕਹਿਰ ਦੱਸ ਰਹੇ ਹਨ। ਕੁੱਝ ਲੋਕ ਚੀਨੀਆਂ ਦੇ ਨਾਸਤਿਕ ਹੋਣ ਦੀ ਕੁਦਰਤ ਵੱਲੋਂ ਦਿੱਤੀ ਗਈ ਸਜ਼ਾ ਦੱਸ ਰਹੇ ਹਨ।

ਚੀਨ ਵਿੱਚ ਬਹੁਤ ਪੁਰਾਣੇ ਸਮਿਆਂ ਤੋਂ ਹੀ ਮਾਸਾਹਾਰੀ ਭੋਜਨ ਖਾਧੇ ਜਾਂਦੇ ਹਨ। ਉਥੇ ਮੱਝ, ਗਾਂ, ਊਠ, ਘੋਤਾ, ਹਾਥੀ, ਘੋੜਾ, ਬਘਿਆੜ, ਗਿੱਦੜ, ਲੂੰਬੜੀ, ਸ਼ੇਰ, ਰਿੱਛ, ਬਾਂਦਰ, ਕੁੱਤਾ, ਮੋਰ, ਸੱਪ, ਡੱਡੂ, ਉੱਲੂ, ਨਿਉਲਾ, ਬਿੱਲੀ, ਚਮਗਿੱਦੜ, ਕੱਛੂ ਆਦਿ ਜੀਵਾਂ ਨੂੰ ਵੀ ਖਾਧਾ ਜਾਂਦਾ ਹੈ। ਕੁੱਝ ਜਾਨਵਰਾਂ ਦਾ ਮਾਸ ਉਥੇ ਇੱਕ ਰਿਵਾਜ ਵਜੋਂ ਖਾਧਾ ਜਾਂਦਾ ਹੈ ਤੇ ਕੁੱਝ ਦਾ ਮਾਸ ਉਥੋਂ ਦੇ ਦੇਸੀ ਦਵਾਈਆਂ ਦੇ ਮਾਹਿਰਾਂ ਨੇ ਹੀ ਲੋਕਾਂ ਨੂੰ ਲੰਬੀ ਉਮਰ ਕਰਨ ਜਾਂ ਕਿਸੇ ਰੋਗ ਦਾ ਇਲਾਜ ਕਰਨ ਲਈ ਖਾਣ ਲਾਇਆ ਹੈ। ਲੇਕਿਨ ਅਜਿਹੇ ਮਾਸਾਹਾਰੀ ਖਾਣੇ ਸਾਰੇ ਚੀਨੇ ਲੋਕ ਨਹੀਂ ਖਾਂਦੇ।

ਉਥੇ ਵੀ ਬਹੁਤ ਸ਼ੁੱਧ ਸ਼ਾਕਾਹਾਰੀ ਵੀ ਹਨ ਅਤੇ ਬਹੁਤ ਐਸੇ ਵੀ ਹਨ ਜੋ ਸਿਰਫ ਅੰਡਾ, ਮੱਛੀ, ਮੁਰਗਾ, ਟਰਕੀ, ਪੋਰਕ ਆਦਿ ਹੀ ਖਾਂਦੇ ਹਨ। ਲੇਕਿਨ ਅਫਵਾਹਾਂ ਫੈਲਾਉਣ ਵਾਲਿਆਂ ਨੇ ਸਾਰੇ ਚੀਨੀਆਂ ਨੂੰ ਕੁੱਝ ਵੀ ਖਾ ਜਾਣ ਵਾਲੇ ਕਹਿ ਕੇ ਬਦਨਾਮ ਕਰ ਦਿੱਤਾ ਹੈ। ਚੀਨ ਵਿੱਚ ਵੀ ਬਾਕੀ ਦੇਸ਼ਾਂ ਵਾਂਗ ਹੀ ਵੰਨ ਸੁਵੰਨੇ ਖਾਣ ਪੀਣ ਵਾਲੇ ਲੋਕ ਰਹਿੰਦੇ ਹਨ। ਜਿਵੇਂ ਭਾਰਤ ਵਿੱਚ ਵੀ ਅਲੱਗ ਅਲੱਗ ਸੂਬਿਆਂ ਵਿੱਚ ਅਲੱਗ ਅਲੱਗ ਤਰ੍ਹਾਂ ਦੇ ਖਾਣ ਪੀਣ ਹਨ।

ਪੂਰੀ ਦੁਨੀਆਂ ਵਿੱਚ ਹੀ ਲੋਕਾਂ ਨੂੰ ਪਤਾ ਹੈ ਕਿ ਕਰੋਨਾ ਵਾਇਰਸ ਤੋਂ ਪੀੜਤ ਮਰੀਜ਼ ਨੂੰ ਖੰਘ, ਜ਼ੁਕਾਮ, ਬੁਖਾਰ, ਗਲਾ ਖਰਾਬ ਹੁੰਦਾ ਹੈ। ਇਉਂ ਉਹ ਹਰ ਖੰਘਦੇ ਵਿਅਕਤੀ ਤੋਂ ਹੀ ਡਰ ਰਹੇ ਹਨ। ਬਹੁਤ ਲੋਕਾਂ ਨੂੰ ਥੋੜ੍ਹੀ ਖੰਘ ਲੱਗਣ ਤੇ ਇਉਂ ਲੱਗਣ ਲੱਗ ਪੈਂਦਾ ਹੈ ਕਿ ਉਸਨੂੰ ਵੀ ਕਿਤੇ ਕਰੋਨਾ ਵਾਇਰਸ ਦੀ ਇਨਫੈਕਸ਼ਨ ਨਾਂ ਹੋ ਜਾਵੇ।

ਅਸਲ ਵਿੱਚ ਤੁਹਾਨੂੰ ਐਨਾ ਡਰਨ, ਤਣਾਉ ਚ ਆਉਣ ਦੀ ਲੋੜ ਨਹੀਂ ਹੈ। ਕਿਉਂਕਿ ਇਹ ਚੀਨ ਦੇ ਇਲਾਵਾ ਹੋਰ ਕਿਸੇ ਵੀ ਦੇਸ਼ ਵਿੱਚ ਵੱਡੇ ਪੱਧਰ ਤੇ ਨਹੀਂ ਫੈਲਿਆ। ਸ਼ੁਰੂ ਵਿੱਚ ਕੁੱਝ ਕੁ ਲੋਕ ਕਰੋਨਾ ਵਾਇਰਸ ਦੇ ਮਰੀਜ਼ ਚੀਨ 'ਚੋਂ ਜਲਦੀ ਨਾਲ ਨਿਕਲਕੇ ਅਲੱਗ ਦੇਸ਼ਾਂ ਚ ਚਲੇ ਗਏ ਸੀ। ਉਹਨਾਂ ਨੂੰ ਵੀ ਅਲੱਗ ਅਲੱਗ ਦੇਸ਼ਾਂ ਵਿੱਚ ਫੜ ਲਿਆ ਗਿਆ ਸੀ ਤੇ ਉਹਨਾਂ ਚੋਂ ਬਹੁਤਿਆਂ ਦਾ ਸਹੀ ਤਰ੍ਹਾਂ ਇਲਾਜ ਕਰਕੇ ਛੁੱਟੀ ਵੀ ਦੇ ਦਿੱਤੀ ਗਈ ਹੈ। ਚੀਨ ਨੇ ਵੀ ਕਾਫੀ ਹੱਦ ਤੱਕ ਇਸ ਤੇ ਕਾਬੂ ਪਾ ਲਿਆ ਹੈ। ਹੁਣ ਉਥੇ ਸਾਰੇ ਮਰੀਜ਼ ਸਰਕਾਰ ਦੀ ਨਿਗਰਾਨੀ ਹੇਠ ਹੀ ਹਨ। ਅਤੇ ਉਹਨਾਂ 'ਚੋਂ ਬਹੁਤ ਨੂੰ ਠੀਕ ਵੀ ਕਰ ਲਿਆ ਗਿਆ ਹੈ।ਹੁਣ ਉਥੋਂ ਮਰੀਜ਼ਾਂ ਦੇ ਕਿਧਰੇ ਹੋਰ ਦੇਸ਼ ਚ ਨਿਕਲਣ ਤੇ ਵੀ ਪਾਬੰਦੀ ਹੈ।

ਸਿਰਫ ਉਹੀ ਇਸਦੀ ਇਨਫੈਕਸ਼ਨ ਨਾਲ ਜਲਦੀ ਮਰੇ ਹਨ ਜੋ ਬਹੁਤ ਕਮਜ਼ੋਰ ਸਨ, ਕਿਸੇ ਨਸ਼ੇ ਦੇ ਆਦੀ ਸਨ, ਸ਼ੂਗਰ ਰੋਗੀ, ਜਿਗਰ ਰੋਗੀ, ਅਲੱਰਜੀ ਰੋਗੀ ਜਾਂ ਜ਼ਿਆਦਾ ਵੱਡੀ ਉਮਰ ਦੇ ਸਨ। ਲੇਕਿਨ ਫਿਰ ਵੀ ਸਾਰੀ ਦੁਨੀਆਂ ਚ ਕਰੋਨਾ ਵਾਇਰਸ ਬਾਰੇ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ ਅਤੇ ਲੋਕ ਬਹੁਤ ਭੈਅਭੀਤ ਹਨ।

ਵੈਸੇ ਤਾਂ ਸੰਸਾਰ ਦੇ ਕਿਸੇ ਵੀ ਦੇਸ਼ ਵਿੱਚ ਲੋਕ ਅਫਵਾਹਾਂ ਦੇ ਸ਼ਿਕਾਰ ਬਹੁਤ ਜਲਦੀ ਹੁੰਦੇ ਹਨ। ਉਵੇਂ ਹੀ ਐਚੀਨ ਵਿੱਚ ਇਸ ਬੀਮਾਰੀ ਦੇ ਫੈਲਣ ਦੀਆਂ ਅਫਵਾਹਾਂ ਵੀ ਇੱਕਦਮ ਹੀ ਵਧ ਗਈਆਂ ਸੀ। ਨਤੀਜੇ ਵਜੋਂ ਲੋਕਾਂ ਚ ਅਫੜਾ ਦਫੜੀ ਪੈ ਗਈ ਤੇ ਉਹ ਬਹੁਤ ਤੇਜ਼ੀ ਨਾਲ ਵੁਹਾਨ ਸ਼ਹਿਰ ਨੂੰ ਛੱਡਕੇ ਹੋਰਨਾਂ ਇਲਾਕਿਆਂ ਵੱਲ ਦੌੜਨ ਲੱਗ ਪਏ। ਜੇ ਲੋਕ ਪੂਰੀ ਤਰ੍ਹਾਂ ਸਰਕਾਰ ਦਾ ਸਹਿਯੋਗ ਦਿੰਦੇ ਤਾਂ ਐਨੀਆਂ ਮੌਤਾਂ ਨਹੀਂ ਹੋਣੀਆਂ ਸੀ। ਸਰਕਾਰੀ ਤੌਰ ਤੇ ਲੋਕਾਂ ਨੂੰ ਲਗਾਤਾਰ ਮਾਸਕ ਪਹਿਨਣ ਅਤੇ ਘਰੋਂ ਬਾਹਰ ਨਾਂ ਨਿਕਲਣ ਦੀਆਂ ਅਨੇਕਾਂ ਅਪੀਲਾਂ ਕੀਤੀਆਂ ਗਈਆਂ ਪਰ ਸਾਰੇ ਲੋਕਾਂ ਨੇ ਮੂੰਹ ਤੇ ਮਾਸਕ ਵੀ ਨਹੀਂ ਪਹਿਨੇ ਅਤੇ ਘਰੋਂ ਬਾਹਰ ਨਿਕਲਣੋਂ ਵੀ ਨਹੀਂ ਹਟੇ।

ਆਖਿਰ ਲੋਕਾਂ ਨਾਲ ਸਖਤੀ ਕਰਨੀ ਪਈ। ਬਹੁਤ ਲੋਕਾਂ ਨੂੰ ਨੰਗੇ ਮੂੰਹ ਫਿਰਦਿਆਂ ਨੂੰ ਸੜਕਾਂ ਤੇ ਖੁੱਲੇ ਘੁੰਮਦਿਆਂ ਨੂੰ ਪੁਲੀਸ ਨੇ ਫੜਨਾ ਸ਼ੁਰੂ ਕੀਤਾ। ਲੇਕਿਨ ਲੋਕ ਲਗਾਤਾਰ ਅਣਗਹਿਲੀ ਕਰਦੇ ਰਹੇ। ਨਤੀਜੇ ਵਜੋਂ ਵੱਡੀ ਪੱਧਰ ਤੇ ਇਨਫੈਕਸ਼ਨ ਫੈਲ ਗਈ। ਇਸੇ ਤਰ੍ਹਾਂ ਜਿਹਨਾਂ ਲੋਕਾਂ ਨੂੰ ਇਨਫੈਕਸ਼ਨ ਹੋ ਗਈ ਸੀ ਉਹਨਾਂ ਚੋਂ ਵੀ ਬਹੁਤ ਲੋਕ ਸਰਕਾਰੀ ਦੇਖ-ਦੇਖ ਹੇਠ ਇਲਾਜ ਨਹੀਂ ਕਰਾਉਣਾ ਚਾਹੁੰਦੇ ਸੀ। ਉਹਨਾਂ ਚ ਅਫਵਾਹ ਫੈਲੀ ਹੋਈ ਸੀ ਕਿ ਸਰਕਾਰ ਉਹਨਾਂ ਨੂੰ ਮਾਰ ਦਿੰਦੀ ਹੈ ਜਾਂ ਉਹਨਾਂ ਤੇ ਸਿਰਫ ਖੋਜ ਕੀਤੀ ਜਾਏਗੀ।

ਇਉਂ ਮਰੀਜ਼ਾਂ ਦੇ ਘਰਾਂ ਚ ਛੁਪਣ ਜਾਂ ਕਿਧਰੇ ਦੂਰ ਦੌੜਨ ਦੀ ਕੋਸ਼ਿਸ਼ ਕਾਰਨ ਮੌਤਾਂ ਜ਼ਿਆਦਾ ਹੋਈਆਂ। ਲੇਕਿਨ ਜੇ ਲੋਕ ਪੂਰੀ ਤਰ੍ਹਾਂ ਸਹਿਯੋਗ ਦਿੰਦੇ ਤਾਂ ਐਨੀਆਂ ਮੌਤਾਂ ਨਹੀਂ ਹੋਣੀਆਂ ਸੀ ਅਤੇ ਨਾਂ ਹੀ ਐਨੇ ਜ਼ਿਆਦਾ ਲੋਕ ਇਨਫੈਕਸ਼ਨ ਦਾ ਸ਼ਿਕਾਰ ਹੁੰਦੇ। ਅਸਲ ਵਿੱਚ ਹਰ ਦੇਸ਼ ਦੇ ਨਾਗਰਿਕਾਂ ਨੂੰ ਇਨੀ ਕੁ ਸੂਝ ਰੱਖਣੀ ਚਾਹੀਦੀ ਹੈ ਕਿ ਕਿਸੇ ਵੀ ਦੇਸ਼ ਦੀ ਕੋਈ ਵੀ ਸਰਕਾਰ ਕਦੇ ਵੀ ਅਪਣੇ ਨਾਗਰਿਕਾਂ ਨੂੰ ਨਹੀਂ ਮਾਰਦੀ। ਅਤੇ ਨਾਂ ਹੀ ਨਾਗਰਿਕਾਂ ਦੀ ਸਹਿਮਤੀ ਬਗੈਰ ਮਰੀਜ਼ਾਂ ਤੇ ਕੋਈ ਤਜ਼ਰਬੇ ਕੀਤੇ ਜਾਂਦੇ ਹਨ।

ਹੁਣ ਤੱਕ 68,000 ਤੋਂ ਉੱਪਰ ਕਰੋਨਾ ਵਾਇਰਸ ਤੋਂ ਪੀੜਤ ਮਰੀਜ਼ ਵੱਖ ਵੱਖ ਦੇਸ਼ਾਂ ਵਿੱਚ ਇਲਾਜ ਅਧੀਨ ਹਨ। ਇਹਨਾਂ ਚੋਂ ਬਹੁਤੇ ਚੀਨ ਵਿੱਚ ਹਨ। ਇਲਾਜ ਬਾਅਦ ਕਾਫੀ ਠੀਕ ਹੋ ਗਏ ਸੀ ਤੇ ਉਹਨਾਂ ਨੂੰ ਹਸਪਤਾਲ ਚੋਂ ਛੁੱਟੀ ਦੇ ਦਿੱਤੀ ਗਈ ਹੈ। ਵੈਸੇ ਅਜੇ ਹੋਰ ਵੀ ਅਜਿਹੇ ਮਰੀਜ਼ ਗੁਪਤ ਹੋਣਗੇ ਜਿਹਨਾਂ ਦਾ ਪਤਾ ਨਹੀਂ ਲੱਗ ਸਕਿਆ। 16 ਡਾਕਟਰਾਂ ਸਮੇਤ ਕੁੱਲ 1720 ਦੇ ਕਰੀਬ ਸਿਹਤਕਰਮੀ ਵੀ ਇਸ ਰੋਗ ਤੋਂ ਪੀੜਤ ਮਰੀਜ਼ਾਂ ਵਿਚ ਸ਼ਾਮਲ ਹਨ।

ਅੱਜ ਤੱਕ ਯਾਨਿ 16 ਫਰਵਰੀ ਸ਼ਾਮ ਤੱਕ ਸਿਰਫ ਚੀਨ ਵਿੱਚ ਉਥੋਂ ਦੀ ਸਰਕਾਰੀ ਰਿਪੋਰਟ ਮੁਤਾਬਕ 1769 ਮਰੀਜ਼ਾਂ ਦੀ ਮੌਤ ਹੋ ਚੁੱਕੀ ਹੈ। ਉਥੇ ਸਿਰਫ ਹੁਬੇਈ ਸੂਬੇ ਵਿੱਚ 1488 ਮੌਤਾਂ ਹੋ ਚੁੱਕੀਆਂ ਹਨ। ਇਹਨਾਂ ਵਿੱਚ ਛੇ ਸਿਹਤਕਰਮੀ ਵੀ ਹਨ ਜਿਹਨਾਂ ਨੂੰ ਮਰੀਜ਼ਾਂ ਦੇ ਇਲਾਜ ਦੌਰਾਨ ਇਨਫੈਕਸ਼ਨ ਹੋ ਗਈ ਸੀ। ਕਰੀਬ 8200 ਮਰੀਜ਼ਾਂ ਦੀ ਵੱਖ ਵੱਖ ਦੇਸ਼ਾਂ ਅਤੇ ਚੀਨ ਵਿੱਚ ਹਾਲਤ ਗੰਭੀਰ ਬਣੀ ਹੋਈ ਹੈ। ਜਪਾਨ ਵਿੱਚ ਵੀ ਇਸ ਇਨਫੈਕਸ਼ਨ ਕਾਰਨ ਇੱਕ 82 ਸਾਲਾ ਔਰਤ ਦੀ ਮੌਤ ਹੋ ਗਈ ਹੈ। ਇਵੇਂ ਹੀ ਇਸੇ ਇਨਫੈਕਸ਼ਨ ਕਾਰਨ ਹਾਂਗਕਾਂਗ, ਫਰਾਂਸ ਅਤੇ ਫਿਲਪਾਈਨਜ਼ ਵਿੱਚ ਵੀ ਇਕ ਇਕ ਮੌਤ ਹੋਈ ਹੈ।

ਭਾਰਤ ਵਿੱਚ ਅੱਜ ਤੱਕ ਇਸਦੇ ਤਿੰਨ ਮਰੀਜ਼ ਹੀ ਮਿਲੇ ਹਨ। ਇਹ ਤਿੰਨੋਂ ਹੀ ਕੇਰਲਾ ਦੇ Alappuzha Medical College



Hospital ਵਿੱਚ ਦਾਖਿਲ ਹਨ। ਇਹਨਾਂ ਚੌਂ ਇੱਕ ਠੀਕ ਹੋ ਚੁੱਕਾ ਹੈ ਤੇ ਉਸਨੂੰ ਛੁੱਟੀ ਦੇ ਦਿੱਤੀ ਗਈ ਹੈ। ਇਸੇ ਹਫ਼ਤੇ ਕੋਲਕਾਤਾ ਅਤੇ ਦਿੱਲੀ ਹਵਾਈ ਅੱਡੇ ਤੋਂ ਇੱਕ ਇੱਕ ਮਰੀਜ਼ ਹੋਰ ਸ਼ੱਕ ਦੇ ਅਧਾਰ ਤੇ ਮਿਲੇ ਹਨ। ਇਹਨਾਂ ਦਾ ਅਜੇ ਇਲਾਜ ਚੱਲ ਰਿਹਾ ਹੈ।

ਅਮਰੀਕਾ ਵਿੱਚ ਵੀ ਹੁਣ ਤੱਕ 15 ਮਰੀਜ਼ ਇਸ ਇਨਫੈਕਸ਼ਨ ਦੇ ਲੱਭੇ ਗਏ ਹਨ। ਦੱਖਣੀ ਕੋਰੀਆ ਵਿੱਚ ਵੀ 28 ਮਰੀਜ਼ ਇਸ ਰੋਗ ਦੇ ਲੱਭੇ ਹਨ। 15 ਮਰੀਜ਼ ਆਸਟਰੇਲੀਆ ਵਿੱਚ ਵੀ ਇਸ ਇਨਫੈਕਸ਼ਨ ਦੇ ਲੱਭੇ ਸੀ ਜਿਹਨਾਂ ਚੋਂ 3 ਠੀਕ ਹੋ ਗਏ ਹਨ ਅਤੇ ਉਹਨਾਂ ਤਿੰਨਾਂ ਨੂੰ ਛੁੱਟੀ ਦੇ ਦਿੱਤੀ ਗਈ ਹੈ। ਬੈਲਜੀਅਮ, ਨਿਪਾਲ, ਫਿਨਲੈਂਡ, ਸਵੀਡਨ, ਸਾਊਥ ਅਫਰੀਕਾ, ਸ਼੍ਰੀ ਲੰਕਾ ਅਤੇ ਕੰਬੋਡੀਆ ਵਿਚ 1-1 ਮਰੀਜ਼ ਮਿਲਿਆ ਹੈ। ਕਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਵਿੱਚ 7, ਰੂਸ ਵਿੱਚ 2, ਫਿਲਪਾਈਨਜ਼ ਵਿੱਚ 3, ਸਿੰਘਾਪੁਰ ਵਿੱਚ 58, ਸਾਊਥ ਕੋਰੀਆ ਵਿੱਚ 28, ਸਪੇਨ 2, ਮਲੇਸ਼ੀਆ ਵਿੱਚ 19, ਥਾਈਲੈਂਡ ਵਿੱਚ 33, ਯੂਨਾਈਟਡ ਅਰਬ ਅਮੀਰਾਤ ਵਿਚ 8, ਇੰਗਲੈਂਡ ਵਿੱਚ 9, ਅਮਰੀਕਾ ਵਿੱਚ 15, ਵਿਅਤਨਾਮ ਵਿੱਚ 16, ਮਕਾਉ ਵਿੱਚ 10, ਹੌਂਗਕੌਂਗ ਵਿਚ 51 ਮਰੀਜ਼ ਮਿਲੇ ਹਨ। ਫਰਾਂਸ ਚ 11, ਜਰਮਨੀ ਦੇ ਸੂਬੇ Bavaria ਵਿਚ 12, ਤਾਈਵਾਨ ਵਿਚ 18, ਇਟਲੀ ਵਿਚ 3, ਜਪਾਨ ਵਿੱਚ 33 ਮਰੀਜ਼ ਮਿਲੇ ਹਨ। ਲੇਕਿਨ ਇਕੱਲੇ ਚੀਨ ਚੋਂ 65207 ਮਰੀਜ਼ ਅੱਜ ਤੱਕ ਮਿਲੇ ਹਨ।

ਇਸੇ ਤਰ੍ਹਾਂ ਵੱਖ ਵੱਖ ਦੇਸ਼ਾਂ ਵਿੱਚ ਅਨੇਕਾਂ ਮਰੀਜ਼ ਸ਼ੱਕ ਦੇ ਆਧਾਰ ਤੇ ਵੀ ਹਸਪਤਾਲਾਂ ਵਿੱਚ ਦਾਖਲ ਕੀਤੇ ਗਏ ਹਨ।

ਜਪਾਨ ਦੇ ਯੋਕੋਹਾਮਾ ਸਮੁੰਦਰੀ ਕਿਨਾਰੇ ਨੇੜੇ ਰੋਕੇ ਗਏ ਇੱਕ ਕਰੂਜ਼ ਸ਼ਿੱਪ ਡਾਇਮੰਡ ਪਰਿੰਸੈੱਸ ਵਿਚ 3600 ਯਾਤਰੀ ਸਵਾਰ ਹਨ ਜਿਨ੍ਹਾਂ ਚੋਂ 70 ਯਾਤਰੀ ਕਰੋਨਾਵਾਇਰਸ ਤੋਂ ਪੀੜਤ ਹਨ। ਇਹਨਾਂ ਵਿੱਚ 2 ਭਾਰਤੀ ਵੀ ਕਰੋਨਾ ਵਾਇਰਸ ਪੌਜ਼ਿਟਵ ਮਰੀਜ਼ ਹਨ।

ਆਉਣ ਵਾਲੇ ਸਮੇਂ ਵਿੱਚ ਅਜਿਹੀਆਂ ਖਤਰਨਾਕ ਬਿਮਾਰੀਆਂ ਫੈਲਣ ਦੇ ਖਦਸ਼ੇ ਜ਼ਿਆਦਾ ਹਨ। ਇਸਦਾ ਕਾਰਨ ਹੈ ਕਿ ਲੋਕਾਂ ਨੇ ਸ਼ਰਾਬ, ਚਾਹ, ਕੌਫੀ ਖੰਡ, ਜੰਕ ਫੂਡ, ਮੈਦੇ ਵਾਲੀਆਂ ਬਣਾਈਆਂ ਵਸਤੂਆਂ ਦੀ ਵਰਤੋਂ ਕਰ ਕਰਕੇ ਸਿਹਤ ਦਾ ਸਤਿਆਨਾਸ ਕਰ ਲਿਆ ਹੈ। ਲੋਕ ਹੱਥੀਂ ਕੰਮ ਨਹੀਂ ਕਰ ਰਹੇ, ਪੈਦਲ ਬਹੁਤ ਘੱਟ ਚਲਦੇ ਹਨ, ਸਲਾਦ ਬਹੁਤ ਘੱਟ ਖਾਂਦੇ ਹਨ, ਸਾਦਾ ਪਾਣੀ ਨਹੀਂ ਪੀਂਦੇ ਹਨ, ਜ਼ਰੂਰਤ ਤੋਂ ਜ਼ਿਆਦਾ ਖਾਂਦੇ ਹਨ ਜਾਂ ਲੋੜੀਂਦਾ ਵੀ ਨਹੀਂ ਖਾਂਦੇ। ਇਉਂ ਸਰੀਰ ਅੰਦਰ ਰੋਗਾਂ ਨਾਲ ਲੜਨ ਦੀ ਸ਼ਕਤੀ ਘਟ ਰਹੀ ਹੈ। ਨਤੀਜੇ ਵਜੋਂ ਮਨੁੱਖ ਬਾਕੀ ਜੀਵਾਂ ਦੇ ਮੁਕਾਬਲੇ ਸਿਆਣਾ ਜ਼ਰੂਰ ਵੱਧ ਹੋ ਗਿਆ ਹੈ ਪ੍ਰੰਤੂ ਬਾਕੀ ਜੀਵਾਂ ਵਾਂਗ ਇਸ ਧਰਤੀ ਤੇ ਖੁੱਲੇ ਅਸਮਾਨ ਥੱਲੇ ਰਹਿਣ ਦੇ ਕਾਬਿਲ ਨਹੀਂ ਰਿਹਾ। ਦਵਾਈਆਂ ਬਗੈਰ ਉਹਦੇ ਤੰਦਰੁਸਤ ਰਹਿਣ ਦੇ ਚਾਂਸ ਵੀ ਘਟ ਗਏ ਹਨ।

ਕਿਸੇ ਵੀ ਦੇਸ਼ ਵਿੱਚ ਕੋਈ ਵੀ ਬੀਮਾਰੀ ਫੈਲਣ ਤੇ ਲੋਕਾਂ ਨੂੰ ਉਥੋਂ ਦੇ ਸਰਕਾਰੀ ਸਿਹਤ ਵਿਭਾਗ ਤੋਂ ਲੋੜੀਂਦੇ ਪ੍ਰਹੇਜ਼ ਅਤੇ ਲੋੜੀਂਦੇ ਅਹਤਿਆਤ ਰੱਖਣ ਬਾਰੇ ਜਾਣਕਾਰੀ ਲੈਣੀ ਚਾਹੀਦੀ ਹੈ ਤੇ ਸਰਕਾਰੀ ਹਿਦਾਇਤਾਂ ਦਾ ਪਾਲਣ ਕਰਨਾ ਚਾਹੀਦਾ ਹੈ। ਜਿੰਨਾ ਹੋ ਸਕੇ ਉਥੋਂ ਦੇ ਸਰਕਾਰੀ ਤੰਤਰ ਦਾ ਸਹਿਯੋਗ ਕਰਨਾ ਚਾਹੀਦਾ ਹੈ ਤਾਂ ਕਿ ਕੋਈ ਵੀ ਅਣਗਹਿਲੀ ਕਾਰਨ ਨੁਕਸਾਨਿਆ ਨਾ ਜਾਏ।

ਲੇਕਿਨ ਰੋਗਾਂ ਤੋਂ ਬਚਾਉਣ ਵਾਲੀ ਇਮਿਉਨਿਟੀ ਵਧਾਉਣ ਲਈ ਹੱਥੀਂ ਕੰਮ ਕਰਨ, ਪੈਦਲ ਚੱਲਣ, ਸਾਦਾ ਖਾਣ ਪੀਣ ਰੱਖਣ ਅਤੇ ਸਲਾਦ ਵਧੇਰੇ ਖਾਣ ਆਦਿ ਦੀ ਆਦਤ ਬਣਾਉਣੀ ਚਾਹੀਦੀ ਚਾਹੀਦੀ ਹੈ। ਨਮਕ ਮਿਰਚ ਮਿੱਠਾ ਮਸਾਲੇ ਘੱਟ ਤੋਂ ਘੱਟ ਖਾਣੇ ਚਾਹੀਦੇ ਹਨ। ਚਾਹ, ਕੌਫੀ, ਰੂਹ ਅਫਜ਼ਾ, ਫਰੂਟੀ, ਕੋਲਡ ਡਰਿੰਕਸ, ਮੈਦੇ ਦੀਆਂ ਬਣੀਆਂ ਬਾਜ਼ਾਰੂ ਚੀਜ਼ਾਂ, ਮਠਿਆਈਆਂ ਆਦਿ ਤੋਂ ਪ੍ਰਹੇਜ਼ ਰੱਖਣਾ ਚਾਹੀਦਾ ਹੈ।

**-ਡਾ ਬਲਰਾਜ ਬੈਂਸ ਡਾ ਕਰਮਜੀਤ ਕੌਰ ਬੈਂਸ ਬੈਂਸ ਹੈਲਥ ਸੈਂਟਰ ਮੋਗਾ 9463038229**

ਪਹਿਲਾਂ ਇਸ ਧਰਤੀ ਤੇ ਰਹਿਣ ਵਾਲੇ ਸਾਰੇ ਲੋਕ ਕੁਦਰਤ ਅਨੁਸਾਰ ਚੱਲਣ ਨੂੰ ਸਿਆਣਪ ਸਮਝਦੇ ਸੀ ਲੇਕਿਨ ਹੁਣ ਕੁਦਰਤ ਦੇ ਖਿਲਾਫ ਚੱਲਣ ਨੂੰ ਹੀ ਸਿਆਣਪ ਸਮਝ ਰਹੇ ਹਨ। ਕਮਾਲ ਹੈ ਸਿਆਣਪ ਦੇ ਮਾਪਦੰਡ ਵੀ ਮਨੁੱਖ ਆਪ ਹੀ ਬਦਲ ਰਿਹਾ ਹੈ।

# ਅਲਬਰਟਾ ਦੀ ਯੂ.ਸੀ.ਪੀ. ਸਰਕਾਰ ਦੇ ਲੋਕ ਵਿਰੋਧੀ ਕਾਰਿਆਂ ਦੀ ਝਲਕ

**- ਨਵਤੇਜ ਸੰਧੂ**

ਭਾਵੇਂ ਕੈਨੇਡਾ ਨੇ ਰੇਲਵੇ ’ਚ 6 ਹਜ਼ਾਰ ਬੰਦੇ ਹੁਣੇ ਹੁਣੇ ਕੱਢੇ ਕੇ ਲੋਕ ਵਿਰੋਧੀ ਕਾਰਾ ਕੀਤਾ ਹੈ ਪਰ ਜ਼ਿਆਦਾ ਕੰਮ ਅਲਬਰਟਾਂ ਸੂਬੇ ਵਿੱਚ ਖਰਾਬ ਹੋ ਰਿਹਾ ਹੈ, ਕਿਉਂਕਿ ਇਥੇ ਮੁੜ ਕੇ ਫੇਰ ਦੁਆਰਾ ਮਾੜੀ ਸੋਚ ਵਾਲੀ ਪਾਰਟੀ ਕਜ਼ਰਵੇਟਿਵ ਪਾਰਟੀ ਆ ਗਈ ਹੈ। ਕੈਲਗਰੀ ਵਿੱਚ 300 ਪੁਲਿਸ ਮੈਨ ਘਰ ਨੂੰ ਭੇਜ ਦਿੱਤੇ ਨੇ, ਹੁਣ ਪਤਾ ਨਹੀਂ ਕੈਲਗਰੀ ਕਰਾਇਮ ਨੂੰ ਕਿਵੇਂ ਕੰਟਰੋਲ ਕਰੇਗੀ। ਅਲਬਰਟਾਂ ਵਿੱਚ ਸਾਲ ਦਾ 136 ਮਿਲੀਅਨ ਡਾਲਰ ਟੀਚਰਾਂ ਉਪਰ ਕੱਟ ਲਾ ਦਿੱਤਾ ਹੈ।

ਅਲਬਰਟਾਂ ਦੀ ਟੀਚਰ ਯੂਨੀਅਨ ਨੇ ਮੀਟਿੰਗ ਕਰਕੇ ਲੋਕਾਂ ਨੂੰ ਕਿਹਾ ਕਿ ਜਿਹੜੇ ਤੁਹਾਡੇ ਬੱਚੇ ਨੇ ਉਹ ਪਹਿਲੋਂ ਸਕੂਲ ਵਿੱਚ ਫ਼ਰੀ ਬੱਸਾਂ ਉਪਰ ਆਉਂਦੇ ਹੁੰਦੇ ਸੀ ਹੁਣ ਇਨ੍ਹਾਂ ਬੱਚਿਆਂ ਦੇ ਘਰ ਦੇ ਬੱਚਿਆਂ ਦਾ ਬੱਸ ਦਾ ਕਰਾਇਆ ਦਿਆ ਕਰਨ, ਨਾਲ ਟੀਚਰਾਂ ਨੇ ਇਹ ਵੀ ਕਿਹਾ ਕਿ ਅਸੀਂ ਅੱਗੇ ਤੋਂ ਬੱਚੇ ਸਕੂਲ ਵਿੱਚ 5 ਨਹੀਂ ਪੜ੍ਹਾਵਾਂਗੇ, ਸਿਰਫ 4 ਦਿਨ ਹੀ ਪੜ੍ਹਾਵਾਂਗੇ ਅਤੇ ਮਹੀਨੇ ਦੇ ਅੰਤ ਵਾਲੇ ਹਫ਼ਤੇ ਵਿੱਚ ਤਿੰਨ ਦਿਨ ਹੀ ਪੜ੍ਹਾਵਾਂਗੇ।

ਰਹੀ ਗੱਲ ਬੱਚਿਆਂ ਦੇ ਫੀਲਡ ਟਰਿਪ ਦੀ ਪਹਿਲੋਂ ਡਾਲਰ, ਦੋ ਡਾਲਰ ਘਰਦਿਆਂ ਤੋ ਲਏ ਜਾਂਦੇ ਸਨ ਤੇ ਹੁਣ ਟੀਚਰ ਕਹਿ ਰਹੇ ਨੇ ਕਿ ਜਾਂ ਤਾਂ ਅਸੀਂ ਫੀਲਡ ਟਰਿਪ ਬੰਦ ਕਰਾਂਗੇ ਨਹੀਂ ਤਾਂ ਸਾਰਾ ਖਰਚ ਬੱਚੇ ਦਾ ਉਸ ਦੇ ਘਰ ਦੇ ਚੁੱਕਣ।

ਹੁਣ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਬੱਚਿਆਂ ਦੇ ਘਰਦਿਆਂ ਕੋਲ ਤਾਂ ਨੌਕਰੀਆਂ ਪਹਿਲਾਂ ਹੀ ਨਹੀਂ ਹਨ ਤੇ ਉਹ ਏਨੇ ਖਰਚੇ ਕਿਥੋਂ ਚੁਕਣ?

ਵਾਲ ਮਾਰਟ ਨੇ ਅਤੇ ਹੋਰ ਸਟੋਰਾਂ ਵਾਲਿਆਂ ਨੇ 30-30 ਆਟੋਮੈਟਿਕ ਬਿਲ ਕਰਨ ਵਾਲੀਆਂ ਮਸ਼ੀਨਾਂ ਲਾ ਦਿੱਤੀਆਂ ਨੇ, ਜੋ ਲੋਕ ਪਹਿਲਾਂ 8-10 ਘੰਟੇ ਕੰਮ ਕਰਦੇ ਸਨ ਉਹ ਵੀ 5 ਤੋਂ 6 ਦਿਨ, ਉਨ੍ਹਾਂ ਦੇ ਘੰਟੇ ਹਫ਼ਤੇ ਦੇ 12 ਕਰ ਦਿੱਤੇ ਨੇ ਯਾਨੀ 3 ਦਿਨ ਹਰ ਰੋਜ਼ ਚਾਰ ਘੰਟੇ ਕੰਮ ਇੱਸ ਤਰ੍ਹਾਂ ਗੁਜ਼ਾਰਾ ਕਰਨਾ ਤਾਂ ਇੱਕ ਪਾਸੇ, ਨਾਲ ਹੋਰ ਬਹੁਤ ਵੱਡੀਆਂ ਸਮੱਸਿਆਵਾਂ ਖੜ੍ਹੀਆਂ ਹੋ ਗਈਆਂ ਨੇ।

**ਸਮੱਸਿਆਵਾਂ ਕੀ ਨੇ**

ਪਹਿਲਾਂ ਕੰਮ ਖਤਮ ਹੋਣ ਤੇ ਤੁਹਾਡੇ ਕੀਤੇ ਹੋਏ ਕੰਮ ਦੇ ਪੈਸਿਆਂ ਦਾ ਹਿਸਾਬ ਕਿਤਾਬ ਲਾ ਕੇ ਸਰਕਾਰ ਤੁਹਾਨੂੰ 90% ਦਿੰਦੀ ਹੁੰਦੀ ਸੀ, ਫੇਰ ਸਰਕਾਰ ਨੇ 75% ਕਰ ਦਿੱਤਾ, ਫੇਰ 60% ਕਰ ਦਿੱਤਾ ਤੇ ਹੁਣ 50% ਕਰ ਦਿੱਤਾ ਹੈ, ਤੁਸੀਂ ਭਾਵੇਂ ਮਹੀਨੇ ਦਾ 20 ਹਜ਼ਾਰ ਡਾਲਰ ਕਮਾਉਂਦੇ ਹੋ ਪਰ ਸਰਕਾਰ ਤੁਹਾਨੂੰ ਦੋ ਹਜ਼ਾਰ ਤੋ ਜ਼ਿਆਦਾ ਨਹੀਂ ਦੇਵੇਗੀ। ਅਗਰ ਤੁਸੀ ਮਹੀਨੇ ਦਾ 15 ਸੌ ਕਮਾਉਂਦੇ ਹੋ ਤਾਂ ਸਰਕਾਰ ਤੁਹਾਨੂੰ ਕੱਟ ਕਟਾਕੇ 550 ਕੁ ਡਾਲਰ ਹੀ ਦਿੰਦੀ ਹੈ।

ਦੂਸਰੀ ਸਮੱਸਿਆ ਇਹ ਹੈ ਕਿ ਅਗਰ ਤੁਹਾਡਾ ਕੰਮ ਤੇ 550 ਡਾਲਰ ਬਣਦੇ ਨੇ ਫੇਰ ਸਰਕਾਰ ਤੁਹਾਨੂੰ ਕੁਝ ਨਹੀਂ ਦਿੰਦੀ।

ਅਗਰ ਤੁਹਾਡੇ 400 ਡਾਲਰ ਬਣਦੇ ਨੇ ਤਾਂ ਸਰਕਾਰ ਤੁਹਾਨੂੰ ਮਹੀਨੇ ਦਾ ਹੋਰ 400 ਸੌ ਡਾਲਰ ਹੀ ਦੇਵੇਗੀ। ਕਿਉਂਕਿ ਤੁਹਾਡੇ ਕੋਲ ਇੱਕ ਹਫਤੇ ਦੇ 400 ਸੌ ਅਤੇ ਮਹੀਨੇ 1600 ਸੌ ਹੋ ਗਏ ਨੇ।

**ਤੀਸਰੀ ਸਮੱਸਿਆ**

ਅੱਗੇ ਲੋਕ ਘੱਟ ਕੰਮ ਕਾਰਣ ਇੱਕ ਜਗ੍ਹਾ ਤੋ ਦੂਸਰੀ ਜਗ੍ਹਾ ਕੰਮ ਕਰਨ ਵਾਸਤੇ ਲੱਭ ਲੈਂਦੇ ਸਨ, ਪਰ ਹੁਣ ਤੁਹਾਨੂੰ ਇਹ ਨਹੀਂ ਪਤਾ ਕਿ ਕੰਪਨੀ ਨੇ ਤੁਹਾਨੂੰ ਕਿਹੜੇ ਕਿਹੜੇ ਦਿਨ ਕੰਮ ਦੇਣਾ ਹੈ, ਕਿਉਂਕਿ ਪਹਿਲਾਂ ਕਿਤੇ ਇੱਕ ਜਗ੍ਹਾ ਕੰਮ ਵੀ ਕਰਦੇ ਸਨ ਤਾਂ ਉਹ ਬੱਝਵੇਂ ਘੰਟੇ ਤੇ ਦਿਨ ਹੁੰਦੇ ਸਨ ਤੇ ਹੁਣ ਤੁਸੀਂ ਕੰਪਨੀਆਂ ਦੀ ਟੈਲੀਫੋਨ ਕਾਲ ’ਤੇ ਕੰਮ ਕਰਦੇ ਹੋ।

ਜੇਕਰ ਇੱਕ ਵਰਕਰ ਅੱਜ ਬਿਮਾਰ ਹੋ ਗਿਆ ਹੈ ਤਾਂ ਤੁਹਾਨੂੰ ਕੰਮ ਦੀ ਕਾਲ ਆ ਸਕਦੀ ਹੈ, ਇਸ ਨਾਲ ਕੀ ਹੁੰਦਾ ਹੈ ਕਿ ਤੁਸੀਂ ਹੋਰ ਕੋਈ ਕੰਮ ਨਹੀਂ ਭਾਲ਼ ਸਕਦੇ। ਕਿਉਂਕਿ ਕੰਪਨੀ ਦੀ ਕਾਲ ਕਿਸੇ ਵੇਲੇ ਵੀ ਆ ਸਕਦੀ ਹੈ। ਤੁਸੀਂ ਕਿਤੇ ਵੀ ਦੂਰ ਦੁਰੇਡੇ ਕਿਸੇ ਨੂੰ ਮਿਲਣ ਅਤੇ ਫਿਰਨ ਤੁਰਨ ਨਹੀਂ ਜਾ ਸਕਦੇ।

**ਅਗਲੀ ਸਮੱਸਿਆ**

ਅਗਰ ਤੁਸੀ ਦੁਖੀ ਹੋ ਕੇ ਕੰਮ ਆਪ ਛੱਡਿਆ ਹੈ ਤਾਂ ਤੁਹਾਨੂੰ ਸਰਕਾਰ ਕੋਈ ਪੈਸਾ ਨਹੀਂ ਦੇਵੇਗੀ। 1930 ਵਿੱਚ ਲੋਕਾਂ ਨੇ ਕਨੇਡਾ ਵਿੱਚ ਸੜਕਾਂ ਵਿੱਚੋਂ ਰੋੜੇ ਚੁਗਕੇ ਖਾਂਦੇ ਸਨ, ਲੱਗਦਾ ਹੁਣ ਵੇਲਾ ਉਹੀ ਆ ਗਿਆ ਹੈ। ਹਲਾਤ ਸਾਰੀ ਦੁਨੀਆਂ ਦੇ ਬਦਲ ਚੁੱਕੇ ਨੇ। ਹਲਾਤ ਹੋਰ ਵੀ ਖਰਾਬ ਹੋਣ ਵਾਲੇ ਨੇ।

**ਕਨੇਡਾ ਦੇ ਨਿਗਰ ਦੇ ਜਾ ਰਹੇ ਹਲਾਤ**

ਵੀਰੋ ਲੋਕਾਂ ਦੇ ਗੱਲ਼ ਵਿੱਚ ਅੰਗੂਠਾ ਲਾ ਕੇ ਕਿਸੇ ਦੇਸ਼ ਜਾਂ ਸੂਬੇ ਨੂੰ ਮੰਦੀ ਵਿੱਚੋਂ ਨਹੀਂ ਕੱਢਿਆ ਜਾ ਸਕਦਾ। ਅਲਬਰਟਾ ਕੋਲ 1982 ਵਿੱਚ ਲੋਕਾਂ ਦਾ ਪੈਸਾ 40 ਮਿਲੀਅਨ ਡਾਲਰ ਸੀ, ਅੱਜ ਜੇਕਰ ਉਹ ਪੈਸਾ ਇਨ੍ਹਾਂ ਕੋਲ ਹੁੰਦਾ ਤਾਂ ਹਰੇਕ ਬੰਦੇ ਨੂੰ ਹਰੇਕ ਮਹੀਨੇ 1000 ਡਾਲਰ ਘਰ ਆਇਆ ਕਰਨਾ ਸੀ।

ਇਨ੍ਹਾਂ ਨੇ ਲੋਕਾਂ ਨਾਲ ਬਦਮਾਸ਼ੀ ਕੀਤੀ ਹੈ, ਲੋਕਾਂ ਨੂੰ ਕਿਹਾ ਕਿ ਜੇਕਰ ਇਹ ਪੈਸਾ ਇਨਵੈਸਟ ਕੀਤਾ ਜਾਵੇ ਜਾਂ ਕਿਸੇ ਨੂੰ ਵਿਆਜ ਉਪਰ ਦਿੱਤਾ ਜਾਵੇ ਤਾਂ ਇਹੋ ਪੈਸਾ ਅੱਗੇ 10-15 ਸਾਲ ਵਿੱਚ ਬਹੁਤ ਹੋ ਜਾਵੇਗਾ ਤੇ ਲੋਕਾਂ ਦੇ ਔਖੇ ਵਕਤ ਕੰਮ ਆਵੇਗਾ। ਇਨ੍ਹਾਂ ਨੇ ਇਹੋ ਹੀ ਪਾਰਟੀ ਨੇ ਹੈਰੀਟੇਜ਼ ਫੰਡ ਦਾ ਪੈਸਾ ਚੁੱਕ ਕੇ ਔਲਰ ਆਈਸ ਹਾਕੀ ਟੀਮ ਦੇ ਮਾਲਕ ਪੀਟਰ ਨੂੰ ਵਿਆਜ ਉਪਰ ਦੇ ਦਿੱਤਾ ਸੀ। ਉਸ ਨੇ ਦੋ ਕਿਸ਼ਤਾਂ ਮੋੜੀਆਂ ਤੇ ਬੈਂਕ ਕਰੱਪਸੀ ਦਿਖਾ ਦਿੱਤੀ ਸੀ, ਇਹ ਉਸ ਨਾਲ ਰਲ਼ ਕੇ ਪੈਸਾ ਖਾਹ ਗਏ ਸਨ।

ਸਕੂਲ ਬੰਦ ਹੋ ਰਹੇ ਨੇ, ਹੋਸਪੀਟਲ ਬੰਦ ਹੋ ਰਹੇ ਨੇ, ਨਰਸਾਂ, ਟੀਚਰ, ਪੁਲੀਸ ਵਾਲੇ, ਰੇਲਵੇ ਵਰਕਰ, ਆਇਲ ਕੰਪਨੀਆਂ ਦੇ ਵਰਕਰ, ਕੰਸਟਰਾਕਸ਼ਨ ਵਰਕਰ ਕੱਢੇ ਜਾ ਰਹੇ ਨੇ। ਅਲਬਰਟਾਂ ਇੱਕ ਇਹੋ ਜਿਹਾ ਸੂਬਾ ਸੀ ਜਿਸ ਉਪਰ ਕੋਈ ਲੋਨ ਨਹੀਂ ਸੀ ਅਤੇ ਟੈਕਸ ਫ਼ਰੀ ਸੂਬਾ ਸੀ, ਲੋਕ ਬਾਹਰਲੇ ਸੂਬਿਆਂ ਵਿੱਚੋਂ ਸਮਾਨ ਅਲਬਰਟਾ ਵਿੱਚ ਖਰੀਦਣ ਆਉਂਦੇ ਸਨ।

ਜਿਨ੍ਹਾਂ ਨੂੰ ਅਸੀਂ ਕਹਿ ਰਹੇ ਹਾਂ ਕਿ ਜੇਸਨ ਕੇਨੀ ਅਲਬਰਟਾ ਨੂੰ ਕੱਟਾਂ ਲਾ ਕੇ ਮੰਦੀ ਵਿੱਚੋਂ ਕੱਢ ਰਿਹਾ ਹੈ, ਸਵਾਲ ਇਹ ਕਿ ਮੰਦੀ ਪਾਈ ਕਿਸ ਨੇ ਸੀ? ਮੰਦੀ ਵੀ ਤਾਂ ਏਸੇ ਪਾਰਟੀ ਨੇ ਪਾਈ ਸੀ। ਆਹ ਪਰਸੋਂ ਦੀ ਖ਼ਬਰ ਹੈ ਕਿ ਜੇਸਨ ਕੇਨੀ ਕਹਿ ਰਿਹਾ ਸੀ ਕਿ ਮੈਂ ਤਾਂ ਬੀ ਸੀ ਸੂਬੇ ਨੂੰ ਤੇਲ ਪਾਈਪਾਂ ਰਾਹੀ ਨਹੀਂ ਭੇਜਾਂਗਾ, ਮੈਂ ਤਾਂ ਤੇਲ ਟਰੇਨਾਂ ਰਾਹੀ ਭੇਜਾਗਾ, ਵਿਰੋਧੀ ਧਿਰ ਦੀ ਲੀਡਰ ਨੋਟਲੇ ਨੇ ਜਦ ਜੇਸਨ ਕੇਨੀ ਤੇ ਸਵਾਲ ਕੀਤਾ ਕਿ ਇਸ ਨਾਲ ਅਲਬਰਟਾਂ ਨੂੰ ਕੀ ਫਾਇਦਾ ਹੋਵੇਗਾ ਜਾਂ ਨੁਕਸਾਨ ਹੋਵੇਗਾ ਤਾਂ ਜੇਸਨ ਕੇਨੀ ਦਾ ਜਵਾਬ ਸੀ ਹਾਲੇ ਇਸ ਉਪਰ ਪੇਪਰ ਵਰਕ ਕਰ ਰਹੇ ਹਾਂ ਫੇਰ ਦੱਸਾਂਗੇ। ਕੀ ਇਹ ਕੋਈ ਜਵਾਬ ਹੈ!

ਜਦਕਿ ਸਾਰੇ ਫਿਰ ਕੰਮ ਕਰਨ ਤੋਂ ਪਹਿਲਾਂ ਤਿਆਰ ਕੀਤੇ ਜਾਂਦੇ ਨੇ, ਨਾ ਕਿ ਹਰ ਗੱਲ ਦਾ ਐਲਾਨ ਕਰ ਦਿਓ ਤੇ ਪੇਪਰ ਵਰਕ ਬਾਅਦ ਵਿੱਚ ਕਰਾਂਗੇ। ਹਰ ਵਰਕਰ ਦੀ ਕਮਾਈ ਘੱਟ ਰਹੀ ਹੈ।

ਅਮੀਰ ਜਿਹੜਾ ਮਹੀਨੇ ਦਾ 2 ਲੱਖ ਕਮਾਉਂਦਾ ਸੀ ਉਸ ਦੀ ਕਮਾਈ 5 ਲੱਖ ਹੋ ਗਈ ਹੈ, ਜਿਹੜਾ ਅਮੀਰ ਵਿਅਕਤੀ 4 ਲੱਖ 49 ਹਜ਼ਾਰ ਕਮਾਉਂਦਾ ਉਸ ਦੀ ਕਮਾਈ 10 ਲੱਖ ਮਹੀਨੇ ਦੀ ਹੋ ਗਈ ਹੈ। ਇੱਹ ਪਾੜਾ ਬਹੁਤ ਵੱਡਾ ਹੈ।

ਕਨੇਡਾ ਵਿੱਚ ਆਮ ਮਜ਼ਦੂਰ ਨੂੰ ਘੰਟੇ ਦੇ 15 ਤੋਂ 20 ਡਾਲਰ ਮਿਲਦੇ ਨੇ, ਵੱਡੀਆਂ ਵੱਡੀਆਂ ਕੰਪਨੀਆਂ ਦੇ ਮੈਨੇਜਰਾਂ ਨੂੰ 5-5 ਸੌ ਡਾਲਰ ਘੰਟੇ ਦਾ ਮਿਲ ਰਿਹਾ ਹੈ ਜੀ, ਇਥੋਂ ਤੱਕ ਕੇ 1000 ਡਾਲਰ ਵੀ ਮਿਲ ਰਿਹਾ ਹੈ। ਬਹੁਤੇ ਮੈਨਜਰ ਜੀ ਐਮ ਕੰਪਨੀਆਂ ਆਫ਼ੀਸਰ ਤਾਂ ਆਪਣੇ ਕੰਮਾਂ ’ਤੇ ਵੀ ਨਹੀਂ ਜਾਂਦੇ ਤੇ ਤਨਖਾਹਾਂ ਲੈ ਰਹੇ ਨੇ।

500-500-1000-1000 ਡਾਲਰਾਂ ਦੇ ਨਾਲ ਨਾਲ ਉਹ ਕੰਪਨੀ ਦੀਆਂ ਲਗਜ਼ਰੀ ਕਾਰਾਂ ਤੇ ਤੇਲ, ਰਿਪੇਆਰ ਵੀ ਵਰਤ ਰਹੇ ਨੇ, ਹੋਟਲਾਂ ਵਿੱਚ ਰਹਿਣਾ, ਖਾਣਾ, ਸ਼ਰਾਬਾਂ ਵੀ ਮੁਖਤ ਛੱਕ ਰਹੇ ਨੇ।

ਇਹ ਕੈਨੇਡਾ ਵਿੱਚ ਗਰੀਬੀ ਪਈ ਨਹੀਂ, ਬਲਕੇ ਪਾਈ ਗਈ ਹੈ। ਕੰਪਨੀਆਂ ਆਪਣੇ ਵੱਡੇ-ਵੱਡੇ ਪ੍ਰੋਜੇਕਟ ਚੁੱਕ ਕੇ ਗਰੀਬ ਮੁਲਕਾਂ ਵਿੱਚ ਮੈਕਸੀਕੋ ਵਰਗੇ ਤੇ ਚੀਨ ਵਰਗੇ ਮੁਲਕਾਂ ਵਿੱਚ ਲਿਜਾ ਰਹੀਆਂ ਨੇ।

ਕਿਉਂਕਿ ਉਥੇ ਦਾ ਮਜ਼ਦੂਰ ਬਹੁਤ ਜ਼ਿਆਦਾ ਸਸਤਾ ਹੈ।

ਕੈਨੇਡਾ ਵਿੱਚ ਜੇ ਮਜ਼ਦੂਰ 20 ਡਾਲਰ ਘੰਟੇ ਦੇ ਲੈਂਦਾ ਹੈ ਤਾਂ ਦਿਹਾੜੀ ਦੇ 200 ਡਾਲਰ ਬਣ ਜਾਂਦੇ ਨੇ ਯਾਨੀ 10.000 ਹਜ਼ਾਰ ਰੁਪਈਏ ਦਿਹਾੜੀ ਦਾ ਬਣ ਜਾਂਦਾ ਹੈ, ਅਗਰ ਉਹੀ ਕੰਪਨੀ ਭਾਰਤ ਦੇ ਮਜ਼ਦੂਰ ਨੂੰ 1000 ਰੁਪਈਆ ਦਿਹਾੜੀ ਦਾ ਦੇਵੇਗੀ ਤਾਂ ਸਾਰੇ 20 ਡਾਲਰ ਦਿਹਾੜੀ ਦੇ ਹੀ ਬਣਨਗੇ।

ਅਸਲ ਵਿੱਚ ਵਿਦੇਸ਼ਾਂ ਵਿੱਚ ਵੀ ਮਜ਼ਦੂਰ ਦੀ ਜ਼ਿੰਦਗੀ ਇਥੇ ਦੀਆਂ ਯੂਨੀਅਨਾਂ ਨੇ ਬਿਹਤਰ ਕੀਤੀ ਹੋਈ ਸੀ, ਜੇਸਨ ਕੇਨੀ ਦੀ ਪਾਰਟੀ ਪੀ ਸੀ ਕੰਜ਼ਾਰਵਿਟਰ ਪੈਸੇਫ਼ਿਕ ਇੱਹ ਪਾਰਟੀ ਐਂਟੀ ਯੂਨੀਅਨ ਹੈ ਅਤੇ ਇਹ ਯੂਨੀਅਨਾਂ ਨੂੰ ਖ਼ਤਮ ਕਰਨਾ ਚਹੁੰਦੇ ਨੇ। ਇਥੇ ਯੂਨੀਅਨਾਂ ਨੇ ਮਜ਼ਦੂਰਾਂ ਨੂੰ ਅੱਜ ਤੱਕ ਬਹੁਤ ਕੁਝ ਦਿੱਤਾ ਹੈ।

ਇਥੋਂ ਦੀ ਫ਼ਰੀ ਪੜ੍ਹਾਈ, ਫ਼ਰੀ ਮੈਡੀਕਲ ਹੈਲਥ ਕੇਅਰ, ਲੌਂਗ ਵੀਕ ਐਂਡ ਪੇ, ਓਵਰਟਾਇਮ ਪੇ, ਸਿਕਨਸ ਪੇ, ਕੰਪਰਸ਼ੇਸ਼ਨ ਪੇ, ਘਰ ਵਿਚ ਕੋਈ ਮਰਗ ਹੋ ਜਾਵੇ ਤਾਂ 8-10 ਦਿਨ ਦੀ ਘਰੇ ਬੈਠੇ ਦੀ ਪੇ ਵਗੈਰਾ ਵਗੈਰਾ ਬਹੁਤ ਕੁਝ ਯੂਨੀਅਨਾਂ ਨੇ ਕਨੇਡਾ ਵਿੱਚ ਦਿੱਤਾ ਹੈ।

ਜੇਸਨ ਕੇਨੀ ਦੀ ਪਾਰਟੀ ਦਾ ਜ਼ੋਰ ਲੱਗਾ ਹੋਇਆ ਹੈ ਕਿ ਇਨ੍ਹਾਂ ਨੂੰ ਖਤਮ ਕਿਵੇਂ ਕਰਨਾ ਹੈ। ਜਦਕਿ ਇਨ ਡੀ ਪੀ ਨਿਊ ਡੈਮੋਕਰੇਟਕ ਪਾਰਟੀ ਯੂਨੀਅਨਾਂ ਦੇ ਹੱਕਾਂ ਵਿੱਚ ਅੱਜ ਤੱਕ ਭੁਗਤ ਦੀ ਰਹੀ ਹੈ ਤੇ ਭੁਗਤ ਰਹੀ ਹੈ।

ਕਨੇਡਾ ਦਾ ਮਸਲਾ ਬਹੁਤ ਗੰਭੀਰ ਮੋੜ ਵੱਲ ਜਾ ਰਿਹਾ ਹੈ।

ਇਸ ਨੂੰ ਇਸ ਐਂਗਲ ਨਾਲ ਨਹੀਂ ਦੇਖਣਾ ਚਾਹੀਦਾ ਕਿ ਜੇਸਨ ਕੇਨੀ ਸੂਬੇ ਨੂੰ ਕੱਟਾਂ ਲਾ ਕੇ ਗਰੀਬੀ ਵਿੱਚੋਂ ਕੱਢ ਰਿਹਾ ਹੈ। ਜਿਹੜੀ ਐਬੂਲੈਂਸ ਗਰੀਬ ਵਾਸਤੇ ਮੁਫ਼ਤ ਸਰਵਿਸ ਦੇ ਰਹੀਆਂ ਸਨ ਪਰਸੋਂ ਉਹ ਵੀ ਖਤਮ ਕਰ ਦਿੱਤੀਆਂ ਨੇ।

ਐਬੂਲੈਂਸ ਇੱਕ ਵਾਰ ਸੱਦਣ ਦਾ ਕੋਈ 500 ਡਾਲਰ ਖਰਚ ਆਉਂਦਾ ਹੈ ਜਿਸ ਨੂੰ ਸੂਬਾ ਸਰਕਾਰ ਪੇ ਕਰਦੀ ਹੁੰਦੀ ਸੀ ਪਰਸੋਂ ਉਹ ਵੀ ਖਤਮ ਕਰ ਦਿੱਤੀ ਹੈ।

ਹੁਣ ਸੋਚੋ ਅਗਰ ਤੁਹਾਡੇ ਕੋਲ 500 ਡਾਲਰ ਨਹੀਂ ਹੈ ਤੇ ਤੁਹਾਡੇ ਘਰ ਵਿੱਚ ਮਰੀਜ਼ ਦੀ ਹਾਲਤ ਇੱਕਦਮ ਵਿਗੜ ਗਈ ਹੈ ਤੇ ਉਹ ਮੌਤ ਕਿਨਾਰੇ ਹੈ ਫਿਰ ਕੀ ਕਰੋਗੇ? ਜਾਂ ਤੁਹਾਡੇ ਅਚਾਨਕ ਗੰਭੀਰ ਸੱਟ ਚੋਟ ਲੱਗ ਗਈ ਹੈ ਫੇਰ ਕੀ ਕਰਗੇ?

ਹੋਸਪੀਟਲਾਂ ਦੇ ਇੱਕ ਵਾਰਡ ਵਿੱਚ 4-5 ਨਰਸਾਂ ਕੰਮ ਕਰਦੀਆਂ ਹੁੰਦੀਆਂ ਸਨ

ਪਰ ਹੁਣ 4-5 ਵਾਰਡਾਂ ਵਿੱਚ ਇੱਕ ਨਰਸ ਕੰਮ ਕਰ ਰਹੀ ਹੈ।

ਹੁਣ ਇੱਕ ਨਰਸ ਕਿਹੜੇ ਕਿਹੜੇ ਮਰੀਜ਼ ਨੂੰ ਨਿਲਾਵੇਗੀ ਤੇ ਦਵਾਈ ਦੇਵੇਗੀ

ਫੇਰ ਸੰਭਾਲ ਖੁਣੋ ਮਰੀਜ਼ਾਂ ਦੀ ਮੌਤ ਦੀ ਗਿਣਤੀ ਤਾਂ ਵਧੇਗੀ।





# ਸਪਰਿੰਗ ਮੂਨ : ਚੀਨ ਦਾ ਇਕ ਨਾਵਲ - ਕਿਸ਼ਤ-17



ਮਲਕੀਤ ਸਿੰਘ
ਐਬਸਫੋਰਡ ਬੀ. ਸੀ.
604 755 3969
tatlamalkeetsingh@yahoo.in

**ਨਵਾਂ ਸਾਲ**

ਭਲਿਆਂ ਵੇਲਿਆਂ ਵਿੱਚ ਜਦੋਂ ਮਹਾਰਾਜੇ ਆਪਣੇ ਸਾਮਰਾਜ ਵਿੱਚ ਵਿਵਸਥਾ ਠੀਕ ਕਰਨੀ ਚਾਹੁੰਦੇ ਸਨ ਤਾਂ ਸਭ ਤੋਂ ਪਹਿਲਾਂ ਆਪਣਾ ਹੀ ਰਾਜ-ਭਾਗ ਠੀਕ ਕਰਨਾ ਸ਼ੁਰੂ ਕਰਦੇ ਸਨ।ਆਪਣੀ ਰਾਜ ਵਿਵਸਥਾ ਠੀਕ ਕਰਨ ਤੋਂ ਪਹਿਲਾਂ ਆਪਣੀ ਪਰਿਵਾਰਿਕ ਵਿਵਸਥਾ ਠੀਕ ਕਰਦੇ, ਪਰਿਵਾਰਿਕ ਵਿਵਸਥਾ ਠੀਕ ਕਰਨ ਤੋਂ ਪਹਿਲਾਂ ਆਪਣਾ ਨਿੱਜਤਵ ਸੁਧਾਰਦੇ, ਨਿੱਜਤਵ ਸੁਧਾਰ ਤੋਂ ਪਹਿਲਾਂ ਆਪਣੇ ਵਿਚਾਰ ਸੁਧਾਰਦੇ, ਵਿਚਾਰ ਸੁਧਾਰ ਤੋਂ ਪਹਿਲਾਂ ਸੋਚ ਸੁਧਾਰਦੇ, ਸੋਚ ਸੁਧਾਰ ਤੋਂ ਪਹਿਲਾਂ ਆਪਣਾ ਗਿਆਨ ਵਿਸ਼ਾਲ ਕਰਦੇ, ਗਿਆਨ ਵਿਸ਼ਾਲ ਤਾਂ ਹੁੰਦਾ ਜੇ ਆਪਣੀ ਰੁਚੀ ਖੋਜੀ ਬਣਾਉਂਦੇ, ਇਸ ਤਰ੍ਹਾਂ ਖੋਜੀ ਪੜਚੋਲਕ ਰੁਚੀ ਕਾਰਨ ਉਹ ਗੂੜ ਗਿਆਨਵਾਨ ਹੋ ਜਾਂਦੇ, ਗੂੜ ਗਿਆਨ ਕਾਰਨ ਉਹਨਾਂ ਦੀ ਸੋਚ ਉਸਾਰੂ ਹੋ ਜਾਂਦੀ, ਸੋਚ ਉਸਾਰੂ ਹੋਣ ਤੇ ਉਹਨਾਂ ਦੇ ਵਿਚਾਰ ਅਗਾਂਹਵਧੂ ਹੋ ਜਾਂਦੇ। ਵਿਚਾਰ ਅਗਾਂਹਵਧੂ ਹੋਣ ਤੇ ਉਹਨਾਂ ਦੀ ਸਖਸ਼ੀਅਤ ਵਿੱਚ ਨਿਖਾਰ ਆਉਂਦਾ। ਸ਼ਖਸੀਅਤ ਵਿੱਚ ਨਿਖਾਰ ਕਾਰਨ ਉਹਨਾਂ ਦੀ ਪਰਿਵਾਰਿਕ ਵਿਵਸਥਾ ਲੀਹ ਸਿਰ ਆ ਜਾਂਦੀ ਪਰਿਵਾਰਿਕ ਵਿਵਸਥਾ ਠੀਕ ਹੋਣ ਤੇ ਰਾਜ ਵਿਵਸਥਾ ਠੀਕ ਹੋ ਜਾਂਦੀ ਹੈ।ਰਾਜ ਵਿਵਸਥਾ ਠੀਕ ਹੋਣ ਤੇ ਸਾਰੇ ਸਾਮਰਾਜ ਵਿੱਚ ਅਮਨ ਚੈਨ ਅਤੇ ਖ਼ੁਸ਼ਹਾਲੀ ਪਸਰ ਜਾਂਦੀ ਕੰਨਫ਼ਿਊਸ਼ੀਅਸ ਦਾ ਮਹਾਨ ਵਿਚਾਰ ਮਰਦ ਦਾ ਸਾਲ 1911 ਸ਼ੁਰੂ ਹੋਣ ਤੋਂ ਪਹਿਲੇ ਦਿਨ ਸਾਰਾ ਰਾਜ ਮਹੱਲ ਸਾਰੀ ਰਾਤ ਪੈਂਦੀ ਬਰਫ਼ ਦੀ ਸਫ਼ੈਦ ਮਖ਼ਮਲ ਨਾਲ ਢੱਕਿਆ ਗਿਆ। ਸਵੇਰ ਤੋਂ ਸੂਰਜ ਇਉਂ ਲਿਸ਼ਕ ਰਿਹਾ ਸੀ, ਜਿਵੇਂ ਲੋਹੇ ਦਾ ਕੌਲਾ ਨੀਲਕ ਭਾ ਮਾਰਦੇ ਆਸਮਾਨ ਵਿੱਚ ਦਮਕ ਰਿਹਾ ਹੋਵੇ। ਪਾਣੀ ਦੇ ਪਰਨਾਲਿਆ ਵਿੱਚ ਬਰਫ਼ ਜੰਮੀ ਸੀ ਹਰੀਆਂ ਟਾਇਲਾਂ ਵਾਲੀਆ ਛੱਤਾਂ ਤੇ ਕੋਰਾ ਜੰਮਿਆ ਇਉਂ ਦਿੱਸ ਰਿਹਾ ਸੀ ਜਿਵੇਂ ਨਗੀਨੇ ਜੜੇ ਹੋਣ।

ਕਈ ਹਫ਼ਤਿਆਂ ਤੋਂ ਤਿਆਰੀਆਂ ਦਾ ਸ਼ੋਰ ਚੱਲ ਰਿਹਾ ਸੀ। ਫ਼ਾਸਟੋ ਹਰ ਨੁੱਕਰ ਕੋਨੇ ਦੀ ਸਫ਼ਾਈ ਦੀ ਨਿਗਰਾਨੀ ਕਰ ਰਹੀ ਸੀ ਤਾਂ ਕਿ ਜਦੋਂ ਰਾਜਮਾਤਾ ਪੜਤਾਲ ਕਰੇ ਉਸਨੂੰ ਕਿਤੇ ਧੂੜ ਮਿੱਟੀ ਨਜ਼ਰ ਨਾ ਦਿਸੇ।ਨਵੇਂ ਸਾਲ ਦੀ ਆਮਦ ਵਾਸਤੇ ਘਰ ਸਾਫ਼-ਸੁਥਰਾ ਲਿਸ਼ਕਣਾ ਚਾਹੀਦਾ ਸੀ। ਖ਼ਾਨਦਾਨ ਦੀਆਂ ਔਰਤਾਂ ਕਈ ਦਿਨਾਂ ਤੋਂ ਮਹਿਮਾਨਾਂ ਵਾਸਤੇ ਤੋਹਫ਼ੇ ਤਿਆਰ ਕਰਦੀਆਂ ਅਤੇ ਉਹਨਾਂ ਨੂੰ ਪੈਕ ਕਰਦੀਆਂ ਰਹੀਆਂ ਸਨ। ਉਹਨਾਂ ਨੇ ਖੁਰਮਾਨੀਆਂ, ਸੇਬ, ਨਾਸ਼ਪਾਤੀਆਂ ਅਤੇ ਖਜੂਰਾਂ ਚੁਣੀਆਂ ਸਨ। ਬੰਦ ਗੋਭੀ, ਅਦਰਕ ਅਤੇ ਭੇਂ ਦੇ ਅਚਾਰ ਬਣਾਏ ਸਨ। ਸੂਰ ਅਤੇ ਮੱਛੀ ਤਲੀ ਗਈ ਸੀ ਅਤੇ ਚੌਲਾਂ ਅਤੇ ਬਦਾਮਾਂ ਦੇ ਕੇਕ ਤਿਆਰ ਕੀਤੇ ਗਏ ਸਨ। ਨਵੇਂ ਸਾਲ ਦੀ ਆਮਦ ਵਾਸਤੇ ਸਾਰਾ ਰਾਜ ਮਹੱਲ ਸਜ਼ਾ ਦਿੱਤਾ ਗਿਆ ਸੀ। ਸਭਨਾਂ ਜੀਆਂ ਦੇ ਮਨਾਂ ਵਿੱਚ ਆਸਾਂ ਉਮੰਗਾਂ ਉਮੱਡ ਰਹੀਆਂ ਸਨ। ਸਾਰਾ ਦਿਨ ਮਹਿਮਾਨ ਸੁਰਖ ਲਿਫਾਫਿਆਂ ਵਿੱਚ ਨਿਆਣਿਆਂ ਨਿਕਿਆਂ ਅਤੇ ਨੌਕਰਾਂ ਵਾਸਤੇ ਤੋਹਫ਼ੇ ਲਿਆਉਂਦੇ ਰਹੇ ਸਨ ਅਤੇ ਮਹਿਮਾਨ ਨਿਵਾਜ਼ੀ ਵੱਜੋਂ ਵਾਪਸ ਲਿਜਾਂਦੇ ਵੀ ਰਹੇ ਸਨ। ਦਰਬਾਰੀ ਨੌਕਰ ਸਾਰਾ ਦਿਨ ਬਾਗਾਂ ਦੀਆਂ ਡੰਡੀਆਂ ਤੋਂ ਬਰਫ਼ ਹਟਾਉਂਦੇ ਰਹੇ।

ਢਲੀ ਸ਼ਾਮ ਚੁੱਪ ਪਸਰ ਗਈ ਅਤੇ ਜਸ਼ਨਾਂ ਦੀ ਉਡੀਕ ਸ਼ੁਰੂ ਹੋਈ। ਦਰਬਾਰ ਹਾਲ ਅਤੇ ਗੈਲਰੀਆਂ ਵਿੱਚ ਰੰਗਦਾਰ ਲਾਲਟੈਨਾਂ ਜਗ ਰਹੀਆਂ ਸਨ। ਬਾਹਰ ਚੰਦ ਚਾਨਣੀ ਰਾਤ ਨੂਰ ਬਖੇਰ ਰਹੀ ਸੀ। ਸਪਰਿੰਗ ਆਉਣ ਜਾਣ ਵਾਲੇ ਪੁਲ ਉੱਪਰ ਕੁੱਝ ਚਿਰ ਰੁਕ ਗਈ ਅਤੇ ਚਮਕਦੀ ਬਰਫ਼ ਉਪਰ ਰੌਸ਼ਨੀਆਂ ਦਾ ਨਾਚ ਦੇਖਦੀ ਰਹੀ। ਸੂ ਕੂ ਵਿੱਚ ਬਰਫ਼ ਕਦੇ ਕਦਾਰ ਹੀ ਪੈਂਦੀ ਸੀ। ਸੱਤ ਸਾਲ ਦੀ ਸੀ ਉਹ, ਜਦੋਂ ਉਸਨੇ ਸੂ ਕੂ ਵਿਚ ਪਈ ਬਰਫ਼ ਦੇਖੀ ਸੀ। ਉਸੇ ਸਾਲ ਚੀਨੀ ਪ੍ਰੰਪਰਾ ਅਨੁਸਾਰ ਉਸਦੇ ਪੈਰ ਨੂੜੇ ਗਏ ਸਨ। ਉਸਦੇ ਚਚੇਰੇ ਮਸੇਰੇ ਮੁੰਡੇ ਬਰਫ਼ ਵਿੱਚ ਉੱਛਲ ਕੁੱਦ ਰਹੇ ਸਨ। ਪਰ ਨਪੀੜੇ ਪੈਰਾਂ ਦਾ ਉਸ ਨੂੰ ਦਰਦ ਸੀ। ਉਹ ਆਪਣੀ ਰੂਹ ਵੀ ਨਪੀੜੀ ਮਹਿਸੂਸ ਕਰ ਰਹੀ ਸੀ ਪਰ ਅੱਜ, ਅੱਜ ਉਹ ਅਜ਼ਾਦ ਸੀ, ਖ਼ੁਸ਼ ਸੀ। ਸਾਈਪਰੈਸ ਬਾਗ਼ ਵਿੱਚ ਚਹਿਲ ਪਹਿਲ ਦੀਆਂ ਦੱਬਵੀਆਂ ਅਵਾਜ਼ਾਂ ਆ ਰਹੀਆਂ ਸਨ। ਉਹ ਕੁੱਝ ਚਿਰ ਹੋਰ ਉਸੇ ਤਰਾਂ ਅਹਿੱਲ ਖੜੀ ਰਹੀ। ਉਹ ਸੋਚ ਰਹੀ ਸੀ ਕਿ ਅੱਜ ਉਹ ਵੀ ਅਜ਼ਾਦ ਹੈ ਅਤੇ ਉਸ ਦੀ ਰੂਹ ਵੀ ਅਹਿੱਲ ਹਵਾ ਵਾਂਗ ਸ਼ਾਂਤ ਹੈ। ਅੱਜ ਦੀ ਰਾਤ ਸੱਭ ਤੋਂ ਹੁਸ਼ੀਨ ਰਾਤ ਹੈ। ਪੁਰਾਣੇ ਕਰਜ਼ੇ ਸਿਰੋਂ ਲਾਹ ਦਿੱਤੇ ਗਏ ਹਨ ਅਤੇ ਨਵੇਂ ਅਜੇ ਸਿਰ ਚੜ੍ਹੇ ਨਹੀਂ। ਅੱਜ ਦੀ ਰਾਤ ਸੱਭ ਬੰਦਸ਼ਾਂ ਅਤੇ ਮਰਿਆਦਾਵਾਂ ਵਿਸਾਰ ਦਿੱਤੀਆਂ ਜਾਂਦੀਆਂ ਹਨ। ਜਦੋਂ ਉਹ ਬਾਲੜੀ ਸੀ ਤਾਂ ਵੀ ਇਉਂ ਹੀ ਹੁੰਦਾ ਸੀ। ਚਾਂਈ ਚਾਂਈ ਦੂਜਿਆਂ ਨਾਲ ਜਾ ਰਲਣ ਵਾਸਤੇ ਉਹ ਤੁਰ ਪਈ।

ਸਭ ਨੇ ਨਹਾ ਧੋ ਕੇ ਨਵੇਂ ਕੱਪੜੇ ਪਾਏ ਸਨ। ਮਰਦਾਂ ਨੇ ਗੂੜ੍ਹੇ ਰੰਗਾਂ ਦੇ ਗਾਊਨ ਪਾਏ ਸਨ ਅਤੇ ਸਿਰਾਂ ਤੇ ਕਾਲੀਆਂ ਟੋਪੀਆਂ ਪਾਈਆਂ ਸਨ। ਬੱਚਿਆਂ ਅਤੇ ਔਰਤਾਂ ਨੇ ਫਰਾਂ ਵਾਲੀਆਂ ਰੇਸ਼ਮੀ ਜੈਕਟਾਂ ਅਤੇ ਕਢਾਈਦਾਰ ਘੱਗਰੀਆਂ ਪਾਈਆਂ ਸਨ। ਕਈ ਔਰਤਾਂ ਨੇ ਮਖ਼ਮਲੀ ਕਢਾਈਦਾਰ ਜਵਾਰਾਤ ਜੜੇ ਸਿਰਾਂ ਤੇ ਬੰਧਨੇ ਬੱਧੇ ਸਨ। ਹਰ ਇਕ ਦੇ ਹੱਥ ਵਿੱਚ ਦੱਗਦੇ ਕੋਲਿਆਂ ਨਾਲ ਭਰੀ ਬੁਖਾਰੀ ਫੜੀ ਸੀ ਤਾਂ ਕਿ ਹੱਥ ਸੁੰਨ ਨਾ ਹੋ ਜਾਣ। ਨਵੇਂ ਸਾਲ ਦੇ ਜਸ਼ਨਾਂ ਲਈ ਖਾਨਦਾਨ ਦਾ ਹਰ ਮੈਂਬਰ ਦੂਰੋਂ ਨੇੜਿਉਂ ਢੁੱਕਿਆ ਹੋਇਆ ਸੀ। ਉਹ ਵੀ ਆਏ ਸਨ ਜਿਹੜੇ ਦੁਰਾਡੇ ਸੂਬਿਆਂ ਵਿੱਚ ਤਾਇਨਾਤ ਸਨ। ਦੂਰ ਦੇ ਭਾਈਬੰਦ ਵੀ ਆਏ ਸਨ ਜਿਨ੍ਹਾਂ ਨੇ ਪਹਿਲਾਂ ਕਦੇ ਵੀ ਰਾਜ ਮਹੱਲ ਨਹੀਂ ਦੇਖੇ ਸਨ। ਚਾਚਾ ਨੋਬਲ ਟੇਲੈਂਟ ਵੀ ਕੈਂਟਨ ਤੋਂ ਆਇਆ ਸੀ। ਉਹ ਰਾਜ ਮਾਤਾ ਅਤੇ ਰਾਜ ਪਿਤਾਮਾ ਦੀ ਤੀਜੀ ਪਤਨੀ ਦੇ ਵਿਚਕਾਰ ਖ਼ੜ੍ਹਾ ਸੀ। ਉਸ ਦੇ ਆਲੇ ਦੁਆਲੇ ਪੋਤੇ, ਪੋਤੀਆਂ, ਦੋਹਤੇ, ਦੋਹਤੀਆਂ ਦਾ ਝੁਰਮਟ ਸੀ। ਦਾਸੀਆਂ ਕੁੜੀਆਂ ਵੀ ਖੜ੍ਹੀਆਂ ਸਨ। ਉਸ ਦੇ ਚਿਹਰੇ ਤੋਂ ਤਸੱਦਦ ਅਤੇ ਤਸੀਹਿਆਂ ਦੀ ਦਾਸਤਾਨ ਪੜ੍ਹੀ ਜਾ ਸਕਦੀ ਸੀ। ਭੂਰੇ ਬੌਣਿਆਂ ( ਜਪਾਨੀਆਂ ) ਹੱਥੋਂ ਹੋਈ ਉਸਦੀ ਇੰਟੈਰੋਗੇਸ਼ਨ ਨੇ ਆਪਣੇ ਨਿਸ਼ਾਨ ਪਾਏ ਹੋਏ ਸਨ।

ਇਸ ਝੁਰਮਟ ਤੋਂ ਥੋੜ੍ਹੀ ਦੂਰ ਲੱਸਟਰੱਸ ਜੇਡ ਨੇ ਫਾਸਟੋ ਦਾ ਹੱਥ ਘੁੱਟ ਕੇ ਫੜਿਆ ਹੋਇਆ ਸੀ। ਜਦੋਂ ਉਸ ਦੀ ਨਜ਼ਰ ਸਪਰਿੰਗ ਮੂਨ ਨਾਲ ਮਿਲੀ ਤਾਂ ਉਸਨੇ ਨੀਵੀਂ ਪਾ ਲਈ ਤਾਂ ਕਿ ਉਸ ਦੀ ਮਾਂ ਉਸਨੂੰ ਦੇਖ ਲਵੇ। ਪਲ ਭਰ ਸਪਰਿੰਗ ਮੂਨ ਨੇ ਉਸ ਵੱਲ ਗਹੁ ਨਾਲ ਤੱਕਿਆ ਅਤੇ ਹੈਰਾਨ ਹੋਈ ਕਿ ਅੱਜ ਉਹ ਦੌੜ ਕੇ ਉਸ ਨਾਲ ਆ ਕੇ ਚਿੰਬੜੀ ਨਹੀਂ ਸੀ। ਅੱਜ ਤੋਂ ਤਿੰਨ ਮਹੀਨੇ ਪਹਿਲਾਂ ਜਦੋਂ ਉਹ ਇਥੇ ਆਈਆਂ ਸਨ, ਕੋਈ ਦਿਨ ਖਾਲੀ ਨਹੀਂ ਸੀ ਗਿਆ ਜਦੋਂ ਉਸ ਨੇ ਕੋਈ ਨਾ ਕੋਈ ਪੰਗਾ ਖੜ੍ਹਾ ਨਾ ਕੀਤਾ ਹੋਵੇ। ਉਹ ਮਰਦਾਵੇਂ ਖਾਨਿਆਂ ਵਿੱਚ ਜਾ ਵੜਦੀ ਖੇਡੀਆਂ ਤੋੜ ਦਿੰਦੀ, ਉੱਚੀ ਬੋਲਦੀ ਰਹਿੰਦੀ ਅਤੇ ਸ਼ਾਂਤੀ ਭੰਗ ਕਰਦੀ ਰਹਿੰਦੀ। ਅੱਜ ਤੱਕ ਸਪਰਿੰਗ ਮੂਨ ਸੋਚਦੀ ਸੀ ਕਿ ਉਹ ਬਾਗ਼ੀ ਰੁਚੀਆਂ ਦੀ ਧਾਰਨੀ ਹੈ, ਪਰ ਅੱਜ।

ਅੱਜ ਬੱਚੀ ਦੀ ਪੁਸ਼ਾਕ ਫੱਬਦੀ ਸੀ। ਵਾਲ ਮੇਂਢੀਆਂ ਵਿੱਚ ਕੱਸੇ ਜੱਚਦੇ ਸਨ। ਅੱਜ ਉਹ ਖਲਲ ਨਹੀਂ ਸੀ ਪਾ ਰਹੀ। ਮਾਂ ਨੇ ਇਸ਼ਾਰੇ ਨਾਲ ਉਸ ਨੂੰ ਸੱਦਿਆ। ਕੁੜੀ ਕੁਝ ਝਿਝਕੀ ਫਿਰ ਫਾਸਟੋ ਦਾ ਹੱਥ ਛੱਡ ਕੇ ਮਾਂ ਦਾ ਹੱਥ ਜਾ ਫੜਿਆ, ਇਉਂ ਜਿਵੇਂ ਉਹ ਕੱਲੀ ਹਵਾ ਵਿੱਚ ਉੱਡ ਨਾ ਜਾਵੇ ਕਿਤੇ।

"ਮਾਂ ਮੈਂ ਸੁਹਣੀ ਜੱਚਦੀਆਂ, ਮੇਰੇ ਵਾਲ ਕਿਵੇਂ ਨੇ। ਕੀ ਇਹ ਠੀਕ ਗੁੰਦੇ ਨੇ। ਦੂਜੀਆਂ ਕੁੜੀਆਂ ਵਰਗੇ।" ਉਸ ਨੇ ਧੀਰਜ ਨਾਲ ਪੁੱਛਿਆ। ਹਾਂ ਹਾਂ ਸਾਰੀਆਂ ਤੋਂ ਸੁਹਣੇ ਨੇ, ਮਾਂ ਨੇ ਸੋਚਿਆ ਪਰ ਆਖਿਆ ਨਾ। ਹੋਰ ਸ਼ਬਦ ਆਖਣਯੋਗ ਉਸ ਨੂੰ ਅਹੁੜੇ ਨਾ। "ਮਾਂ ਮੈਂ ਸਹੁਣੀ ਲੱਗਦੀ ਆਂ" ਮਾਂ ਨੇ ਹਾਂ ਵਿੱਚ ਸਿਰ ਹਿਲਾਇਆ ਉਹ ਦੋਵੇਂ ਫੈਰੀਗੇਟ ਸਨੋ ਤੋਂ ਅਸੀਸ ਲੈਣ ਗਈਆਂ ਜਿਹੜੀ ਹੁਣੇ ਆ ਕੇ ਦੂਜਿਆਂ ਨਾਲ ਰਲੀ ਸੀ ਅਤੇ




ਸਾਰੀਆਂ ਤੋਂ ਨਿਰਾਲੀ ਦਿਸਦੀ ਸੀ। "ਧੀਏ ਮੈਨੂੰ ਦੱਸ ਤੂੰ ਕੀ ਜਾਦੂ ਕੀਤਾ ਕਿ ਮੇਰੀ ਦੋਹਤੀ ਇੰਨੀ ਸਿਆਣੀ ਬਣ ਗਈ ਆ" ਸਪਰਿੰਗ ਮੂਨ ਨੇ ਮਨ ਵਿੱਚ ਖ਼ੁਸ਼ੀ ਮਹਿਸੂਸ ਕੀਤੀ, ਪਰ ਇਸ ਤੋਂ ਪਹਿਲਾਂ ਕਿ ਉਹ ਕੁੱਝ ਬੋਲਦੀ ਉਹਨਾਂ ਤਿੰਨਾਂ ਦੁਆਲੇ ਲੋਕਾਂ ਦਾ ਝੁਰਮਟ ਆ ਜੁੜਿਆ। ਸੱਭ ਇਕ ਦੂਜੇ ਨੂੰ ਸ਼ੁੱਭ ਇਛਾਵਾਂ ਭੇਂਟ ਕਰ ਰਹੇ ਹਨ। ਉਹਨਾਂ ਵਿੱਚ ਉਹ ਰਿਸ਼ਤੇਦਾਰ ਵੀ ਸਨ ਜਿਨ੍ਹਾਂ ਨੂੰ ਉਨ੍ਹਾਂ ਨੇ ਪਹਿਲਾਂ ਕਦੇ ਵੀ ਨਹੀਂ ਸੀ ਦੇਖਿਆ ਪਰ, ਸੱਭ ਸਕੇ ਭੈਣਾਂ ਭਰਾਵਾਂ ਵਾਂਗ ਰਲੇ ਮਿਲੇ ਫਿਰਦੇ ਸਨ।

ਫਿਰ ਜਦੋਂ ਮਰਦਾਂ ਵਿਚਲੀਆਂ ਗੱਲਾਂ ਅਤੇ ਔਰਤਾਂ ਵਿਚਲੀ ਗੱਪ ਸ਼ੱਪ ਕੁੱਝ ਰੁੱਕੇ ਤਾਂ ਨੇੜਲੇ ਰਾਜ ਦਰਵਾਜ਼ੇ ਵਿਚੋਂ ਬੋਲਡ ਟੇਲੈਂਟ ਅਤੇ ਗੋਲਡਨ ਵਰਚੂ ਆ ਗਏ। ਉਹਨਾਂ ਨੇ ਹਲਕੇ ਜਾਮਨੀ ਰੰਗ ਦੇ ਰੇਸ਼ਮੀ ਕੋਟ ਪਾਏ ਸਨ। ਬੋਲਡ ਟੇਲੈਂਟ ਦਾ ਸੁਨਿਹਰੀ ਕਢਾਈ ਦੇ ਬਾਡਰ ਵਾਲਾ ਅਤੇ ਗੋਲਡਨ ਵਰਚੂ ਦਾ ਸੁੰਦਰ ਕਸ਼ੀਦਾਕਾਰੀ ਵਾਲਾ ਸੀ। ਬੋਲਡ ਟੇਲੈਂਟ ਤਾਂ ਇਕ ਦਮ ਭਰਾ ਨੋਬਲ ਟੇਲੈਂਟ ਦਾ ਬਚਾਅ ਕਰਨ ਚਲਾ ਗਿਆ ਅਤੇ ਗੋਲਡਨ ਵਰਚੂ ਰਾਜ ਮਾਤਾ ਦੀ ਜਗ੍ਹਾ ਦੇ ਨਾਲ ਲੱਗਵੀਂ ਅਤੇ ਉਸਦੀ ਬਾਂਹ ਫੜਕੇ ਜਾ ਬੈਠੀ।

ਰਾਜ ਮਾਤਾ ਨੇ ਧੀਮੀਂ ਤਾੜੀ ਵਜਾਈ। ਛੇਤੀ ਨਾਲ ਸਾਰੀਆਂ ਔਰਤਾਂ ਰਾਜ ਮਾਂ ਦੇ ਪਿੱਛੇ ਹੋ ਤੁਰੀਆਂ। ਔਰਤਾਂ ਦਾ ਇਹ ਜਲੂਸ ਰਾਜ ਦਰਵਾਜ਼ੇ ਵਿੱਚੋਂ ਹੁੰਦਾ ਹੋਇਆ ਮਹਿਲਾਂ ਦੇ ਬਾਗਾਂ ਵਿੱਚੋਂ ਲੰਘਦਾ ਵੱਡੇ ਰਸੋਈ ਘਰ ਵਿੱਚ ਜਾ ਪਹੁੰਚਿਆ। ਰਾਜ ਮਾਂ ਨੇ ਰਸੋਈ ਦੇਵਤੇ ਦੇ ਮੂੰਹ ਨੂੰ ਸ਼ਹਿਦ ਲਾਇਆ ਅਤੇ ਅਗਨ ਭੇਂਟ ਕਰ ਦਿੱਤਾ ਤਾਂ ਕਿ ਸਾਰਾ ਸਾਲ ਰਸੋਈ ਸਮੱਗਰੀ ਭਰਪੂਰ ਹੋਵੇ। ਪੁਰਾਣੇ ਦੇਵਤੇ ਨੂੰ ਅਗਨ ਭੇਂਟ ਕਰਨ ਤੋਂ ਬਾਅਦ ਨਵਾਂ ਦੇਵਤਾ ਸਥਾਪਤ ਕੀਤਾ ਗਿਆ ਅਤੇ ਵਾਰੀ ਸਿਰ ਸਾਰੀਆਂ ਔਰਤਾਂ ਨੇ ਸ਼ਰਧਾ ਭਾਵ ਨਾਲ ਨਵੇਂ ਦੇਵਤੇ ਨੂੰ ਧੂਫ ਬੱਤੀ ਕੀਤੀ ਅਤੇ ਤਰਾਂ ਤਰਾਂ ਦੇ ਭੋਜਨ ਭੇਂਟ ਕੀਤੇ। ਜਦੋਂ ਸਪਰਿੰਗ ਮੂੰਨ ਨੇ ਭੋਜਨ ਵਾਲਾ ਥਾਲ ਚੁੱਕਿਆ ਤਾਂ ਉਸਦੀਆਂ ਯਾਦਾਂ ਸਹੁਰੇ ਘਰ ਨਾਲ ਜਾ ਜੁੜੀਆਂ। ਖਾਵੰਦ ਨਾਲ ਉਸਨੇ ਸਿਰਫ਼ ਦੋ ਨਵੇਂ ਸਾਲ ਮਨਾਏ ਸਨ ਅੱਜ ਉਸ ਤੋਂ ਬਿਨਾਂ ਦਸਵਾਂ ਵਰ੍ਹਾ ਚੜ੍ਹਿਆ ਹੈ। ਉਸ ਦੇ ਦਿਲ ਵਿੱਚ ਚੀਸ ਉੱਠੀ ਮੈਂ ਤੇਰੀ ਮਾਂ ਦੀ ਉਨਾਂ ਚਿਰ, ਪੂਰੀ ਖਿਦਮਤ ਕੀਤੀ ਹੈ ਜਿਨਾਂ ਚਿਰ ਉਸਨੇ ਮੈਨੂੰ ਰੱਖਿਆ ਹੈ। ਉੱਠਦੀ ਧੂਫ਼ ਦੀ ਸੁਗੰਧ ਨੇ ਉਸ ਦੀ ਸੋਚ ਮੋੜ ਲਿਆਂਦੀ। ਦੂਜੀਆਂ ਔਰਤਾਂ ਵਾਰੀ ਉਡੀਕਦੀਆਂ ਸਨ। ਅੱਜ ਦਾ ਮੌਕਾ ਸੋਗੀ ਸੋਚਾਂ ਦਾ ਨਹੀਂ ਮੈਂ ਆਪਣੇ ਕਰਜ਼ ਚੁੱਕਦੇ ਕਰ ਦਿੱਤੇ ਹਨ। ਉਸਨੇ ਸਮੱਗਰੀ ਥਾਲ ਮੁੜ ਮੇਜ਼ ਤੇ ਰੱਖ ਦਿੱਤਾ ਅਤੇ ਲੱਸਟਰੱਸ ਜੇਡ ਨਾਲ ਜਾ ਬੈਠੀ। ਜਦੋਂ ਸਭ ਤੋਂ ਨਵੀਂ ਵਿਆਹੀ ਔਰਤ ਨੇ ਮੱਥਾ ਟੇਕ ਦਿੱਤਾ ਤਾਂ ਸਭ ਔਰਤਾਂ ਸਾਈਪਰੱਸ ਬਾਗ ਵਿੱਚ ਵਾਪਸ ਆ ਗਈਆਂ ਅਤੇ ਮਰਦਾਂ ਨਾਲ ਮਿਲਕੇ ਰਾਜ ਮਹੱਲ ਦੇ ਸਾਰੇ ਵਿਹੜਿਆਂ ਵਿੱਚ ਗਈਆਂ ਅਤੇ ਸਭ ਥਾਈਂ ਖ਼ੁਸ਼ੀਆਂ ਖੇੜੇ ਬਖੇਰਦੀਆਂ ਗਈਆਂ। ਰਾਜ ਮਾਂ ਹਰ ਵਿਹੜੇ ਦੇ ਗੇਟ ਤੇ ਟੰਗੇ ਪੁਰਾਣੇ ਚਿੱਤਰ ਉਤਾਰ ਕੇ ਨਵੇਂ ਬਣਾਏ, ਲਾ ਰਹੀ ਸੀ ਜਿਨਾਂ ਤੇ ਖ਼ੁਸ਼ਹਾਲੀ, ਮਿੱਤਰਤਾ, ਵਿੱਦਵਤਾ, ਤਰਸ ਅਤੇ ਅਮਨ ਸ਼ਾਂਤੀ ਦਰਸਾਉਂਦੇ ਚਿੱਤਰ ਉੱਕਰੇ ਸਨ। ਵਿੱਚ ਵਿੱਚ ਸਪਰਿੰਗ ਮੂੰਨ ਦੂਜਿਆਂ ਵੱਲੋਂ ਦਿੱਤੀਆਂ ਸ਼ੁਭ ਇਛਾਵਾਂ ਕਬੂਲ ਕਰਦੀ ਅਤੇ ਆਪਣੀ ਬੱਚੀ ਦੇ ਪ੍ਰਸ਼ਨਾਂ ਦੇ ਉੱਤਰ ਦੇ ਰਹੀ ਸੀ। ਉਸਨੇ ਅਨੁਭਵ ਕਰਿਆ ਕਿ ਕੋਈ ਉਸ ਵੱਲ ਨੀਝ ਨਾਲ ਤੱਕ ਰਿਹਾ ਹੈ। ਇਹ ਤੱਕਣੀ ਨਾ ਤਾਂ ਔਰਤਾਂ ਦੀ ਸੀ ਅਤੇ ਨਾ ਹੀ ਬੱਚਿਆਂ ਦੀ। ਤੱਕਣੀ ਹਮਦਰਦੀ ਭਰੀ ਸੀ, ਦੇਖਣ ਤੋਂ ਬਿਨਾਂ ਹੀ ਉਹ ਤਾੜ ਗਈ। "ਵੱਡੇ ਤਾਇਆ ਜੀ ਮੈਂ ਚੰਗੀ ਲੱਗਦੀਆਂ" ਆਖਰ ਵਿੱਚ ਉਹ ਸਾਰੇ ਵੱਡੇ ਵਿਹੜੇ ਵਿੱਚ ਆ ਗਏ ਜਿਥੇ ਪਿੱਤਰਾਂ ਦਾ ਵਸੇਵਾ ਸੀ। ਔਰਤਾਂ ਨੇ ਪੂਜਾ ਸਥਾਨ ਤੋਂ ਪੁਰਾਣਾ ਬਸਤਰ ਉਤਾਰਿਆ ਅਤੇ ਨਵਾਂ ਜਿਹੜਾ ਕਾਫ਼ੀ ਚਿਰ ਤੋਂ ਉਹ ਰੀਝ ਨਾਲ ਤਿਆਰ ਕਰ ਰਹੀਆਂ ਸਨ ਉਹ ਪਹਿਨਾਇਆ। ਉਸਦੇ ਉਪਰ ਉਹਨਾਂ ਨੇ ਸ਼ਰਧਾ ਪੂਰਬਕ ਭੋਜ ਪਰੋਸੇ। ਸਬਜੀਆਂ, ਮੱਛੀ, ਮੀਟ, ਕੇਕ, ਚਾਵਲ ਅਤੇ ਫ਼ਲ, ਪਿਤਰਾਂ ਦੇ ਭੋਜ ਵਿੱਚ ਸ਼ਾਮਲ ਸੀ। ਜਦੋਂ ਸਭ ਤਿਆਰ ਹੋ ਗਿਆ ਤਾਂ ਚੁੱਪ ਪਸਰ ਗਈ। ਫਿਰ ਬੁੱਢੇ ਮਾਲੀ ਨੇ ਪੁਰਾਣੇ ਪਿੱਤਲ ਦੀ ਘੰਟੀ ਖੜਕਾਈ। ਨਵਾਂ ਰਾਜਾ ਸਹਿਜ ਨਾਲ ਉਠਿਆ ਅਤੇ ਪਿੱਤਰਾਂ ਨੂੰ ਤਿੰਨ ਵਾਰ ਸੀਸ ਬੰਦਨਾ ਕੀਤੀ। ਫਿਰ ਸ਼ਰਧਾ ਨਾਲ ਖੜੋ ਕੇ ਉੱਚੀ ਅਵਾਜ਼ ਵਿੱਚ ਪਿੱਤਰਾਂ ਨੂੰ ਖ਼ੁਸ਼ਖ਼ਬਰੀ ਸੁਣਾਈ "ਹੇ ਪੂਜਨੀਕ ਪਿੱਤਰੋ, ਪਿਛਲੇ ਨਵੇਂ ਸਾਲ ਦੇ ਪਹਿਲੇ ਦਿਨ ਚੰਗ ਖਾਨਦਾਨ ਵਾਸਤੇ ਸੁੱਖਾਂ ਭਰਿਆ ਸੀ, ਕਿਉਂਕਿ ਉਸ ਦਿਨ ਮਹਿਲਾਂ ਦੇ ਸੱਭ ਤੋਂ ਬਿਰਧ ਜੀਵ ਨੇ ਆਪਣਾ ਪਚਾਨਵੇਂਵਾਂ ਜਨਮ ਦਿਨ ਪੂਰਾ ਕਰ ਲਿਆ ਹੈ। ਇਹ ਦਿਆਵਾਨ ਮਾਤਾ ਅਜੇ ਵੀ ਸਾਡੇ ਬਾਗਾਂ ਦੀ ਵਸਨੀਕ ਹੈ।" ਜਦੋਂ ਉਹ ਖ਼ੁਸ਼ਖ਼ਬਰੀ ਦੇ ਚੁੱਕਿਆ ਤਾਂ ਕੋਚ ਤੇ ਬੈਠ ਗਿਆ। ਫਿਰ ਵਾਰੋ ਵਾਰੀ ਸਭ ਮਰਦਾਂ ਨੇ ਮੱਥਾ ਟੇਕਿਆ। ਇਹ ਵਰਤਾਰਾ ਚੱਲ ਰਿਹਾ ਸੀ ਕਿ ਸਪਰਿੰਗ ਮੂੰਨ ਨੇ ਦੇਖਿਆ ਕਿ ਲੱਸਟਰੱਸ ਜੇਡ ਮੱਥਾ ਟੇਕ ਰਹੇ ਸਭਨਾਂ ਦੇ ਨਾਂ ਬੋਲ ਰਹੀ ਸੀ।

ਨਾਨਕਿਆਂ ਤੋਂ ਵੱਡਾ ਨਾਨਾ ਨੰਬਰ ਤਿੰਨ ..... ਨਾਨਕਿਆਂ ਤੋਂ ਵੱਡਾ ਨਾਨਾ ਨੰਬਰ ਚਾਰ ...... ਨਾਨੇ ਦਾ ਵੱਡਾ ਮੁੰਡਾ .... ਸਪਰਿੰਗ ਮੂਨ ਨੂੰ ਅੱਜ ਪਹਿਲੀ ਵਾਰ ਲੱਗਿਆ ਕਿ ਕੁੜੀ ਨੂੰ ਚੰਗ ਖ਼ਾਨਦਾਨ ਬਾਰੇ ਡੂੰਘੀ ਸ਼ਰਧਾ ਹੈ। ਸ਼ੁਕਰ ਹੈ ਕਿ ਉਸਨੇ ਖ਼ਾਨਦਾਨ ਵਿੱਚ ਆਪਣੀ ਜਗਾ ਬਣਾ ਲਈ ਹੈ। ਅਖ਼ੀਰ ਵਿੱਚ ਸਭ ਤੋਂ ਨਿੱਕੇ ਨੇ ਸ਼ਰਧਾ ਅਰਪਣ ਕੀਤੀ ਅਤੇ ਬੋਲਡ ਟੇਲੈਂਟ ਉੱਠ ਖੜਾ ਹੋਇਆ ਅਤੇ ਐਲਾਨ ਕੀਤਾ ਉ ਚਲੋ ਸਾਰੇ ਆਤਿਸ਼ਬਾਜ਼ੀ ਦਾ ਆਨੰਦ ਮਾਣੋ।

ਇੱਕ ਰਾਕਟ ਚੰਦ ਵੱਲ ਉੱਡਿਆ ਅਤੇ ਸਿਖਰ ਤੇ ਆੜੂ ਦੇ ਫੁੱਲਾਂ ਲੱਦੇ ਬੂਟੇ ਦੀ ਰੌਸ਼ਨੀ ਬਿਖੇਰ ਗਿਆ। ਦੂਜੇ ਨੇ ਕਮਲ ਫੁੱਲਾਂ ਦਾ ਨਜ਼ਾਰਾ ਪੇਸ਼ ਕੀਤਾ।ਇੱਕ ਹੋਰ ਗੁੱਲਦਾਉਦੀ ਦਾ ਦ੍ਰਿਸ਼ ਰੂਪਮਾਨ ਕਰ ਗਿਆ। ਦੂਜਾ ਆਲੂ ਬੁਖਾਰੇ (ਪਲੱਮ ਬਲਾਜ਼ਮ) ਦੇ ਫੁੱਲਾਂ ਹਾਰ ਖਿੜ ਗਿਆ। ਆਤਿਸ਼ਬਾਜ਼ੀਆਂ ਰੰਗ ਬਿਖੇਰ ਦੀਆਂ ਬਹੁਤ ਸ਼ੋਰ ਕਰ ਰਹੀਆ ਸਨ। ਸ਼ੋਅ ਦੇ ਅਖ਼ੀਰ ਵਿੱਚ ਲੰਬੀ ਉਮਰ ਦਾ ਦੇਵਤਾ ਦਾਗਿਆ ਗਿਆ ਜਿਹੜਾ ਖੂੰਡੀ ਨਾਲ ਤਾਰਿਆਂ ਨੂੰ ਅੱਗੇ ਹਿੱਕ ਰਿਹਾ ਸੀ। "ਮਾਂ" ਇਹ ਲੈਸਟਰੈਸ ਜੇਡ ਦੀ ਆਵਾਜ਼ ਸੀ। "ਮਾਂ ਅੱਜ ਮੈਂ ਬਹੁਤ ਖ਼ੁਸ਼ ਆਂ ਇੱਥੇ ਆ ਕੇ ਮੈਂ ਬਹੁਤ ਖ਼ੁਸ਼ ਆਂ" ਇਉਂ ਲੱਗਿਆ ਜਿਵੇਂ ਸਾਰੇ ਜਣੇ ਆਤਿਸ਼ਬਾਜ਼ੀ ਲਈ ਤਾੜੀਆਂ ਮਾਰਦੇ ਲੈਸਟਰੈਸ ਜੇਡ ਲਈ ਵੀ ਤਾੜੀਆਂ ਮਾਰ ਰਹੇ ਹੋਣ। ਜਿਵੇਂ ਲੈਸਟਰੈਸ ਜੇਡ ਨੂੰ ਵੀ ਉਹ ਚੰਗ ਖ਼ਾਨਦਾਨ ਦਾ ਹੀ ਤੁਖਮ ਮੰਨ ਬੈਠੇ ਹੋਣ।

ਜਦੋਂ ਸਾਰੇ ਮੁੜ ਕੇ ਪਿੱਤਰ ਹਾਲ ਪਹੁੰਚੇ ਜਿਸਨੂੰ ਨੌਕਰਾਂ ਨੇ ਬੈਂਕਟ ਹਾਲ ਵਿੱਚ ਤਬਦੀਲ ਕਰ ਦਿੱਤਾ ਸੀ ਤਾਂ ਸਪਰਿੰਗ ਮੂਨ ਨੇ ਝੁਕ ਕੇ ਕੁੜੀ ਦੇ ਕੰਨ ਵਿੱਚ ਆਖਿਆ, "ਅੱਜ ਕਿਸੇ ਤੇ ਕੋਈ ਬੰਦਸ਼ ਨਹੀਂ ਅੱਜ ਸਭ ਬਰਾਬਰ ਹਨ ਤੂੰ ਕਿਤੇ ਵੀ ਬੈਠ ਸਕਦੀ ਏਂ ਅਤੇ ਕਿਤੇ ਵੀ ਜਾ ਸਕਦੀ ਏਂ ਪਰ ਖ਼ਿਆਲ ਰੱਖੀਂ ਸਾਰਿਆਂ ਮੇਜ਼ਾਂ ਤੇ ਇੱਕ ਕੁਰਸੀ ਪਿੱਤਰਾਂ ਵਾਸਤੇ ਰੱਖੀ ਜਾਂਦੀ ਹੈ ਉਸ ਤੇ ਨਾ ਬੈਠੀਂ" ਇਉਂ ਕਹਿ ਕੇ ਉਹ ਫਾਸਟੋ ਵਾਲੇ ਮੇਜ਼ ਤੇ ਜਾ ਬੈਠੀ। ਉਹ ਇੱਕ ਦੂਜੇ ਨੂੰ ਛੁੱਟੀਆਂ ਦੀਆਂ ਵਧਾਈਆਂ ਦੇ ਰਹੀਆਂ ਸਨ ਜਦੋਂ ਫਾਸਟੋ ਬੋਲ ਪਈ, "ਦੇਖੋ ਉਸ ਬੇਸ਼ਰਮ ਕੁੜੀ ਦੀ ਕਰਤੂਤ, ਲੈਸਟਰੈਸ ਜੇਡ, ਅਗਸਤ ਵਿੰਡਜ਼ ਅਨਾਥ ਜਵਾਨ ਮੁੰਡੇ ਵਾਲੇ ਮੇਜ਼ ਤੇ ਜਾ ਬੈਠੀ ਸੀ ਅਤੇ ਉਸਨੂੰ ਆਖ ਰਹੀ ਸੀ, ਉਦੇਖਿਆ ਵੀਰੇ, ਮੈਂ ਜਿੱਤ ਗਈ ਨਾ, ਦੇਖ ਮੈਂ ਤੇਰੇ ਬਰਾਬਰ ਬੈਠੀ ਆਂ" ਉਸਦਾ ਹਾਸਾ ਸਾਰੇ ਹਾਲ ਵਿੱਚ ਇਉਂ ਗੂੰਜਿਆ ਜਿਵੇਂ ਚਹਿਲ ਪਹਿਲ ਦੀ ਸੰਘੀ ਘੁੱਟ ਦਿੱਤੀ ਗਈ ਹੋਵੇ। ਸਭ ਪਾਸੇ ਚੁੱਪ ਪਸਰ ਗਈ। ਖ਼ੁਸ਼ੀਆਂ ਭਰਿਆ ਮਾਹੌਲ ਰੁੱਕ ਗਿਆ। ਜਿਵੇਂ ਸਾਰੇ ਸਪਰਿੰਗ ਮੂਨ ਨੂੰ ਕਹਿ ਰਹੇ ਹੋਣ, ਸਾਂਭ ਲੈ ਆਪਣੀ ਲਾਡਲੀ ਨੂੰ। ਸੁੰਨ ਹੋਈ ਸਪਰਿੰਗ ਮੂਨ ਨੇ ਨੀਵੀਂ ਪਾ ਲਈ, ਸੋਚਿਆ ਮੈਨੂੰ ਕੀ ਪਤਾ ਸੀ, ਉਹ ਮੁੰਡੇ ਵਾਲੇ ਮੇਜ਼ ਤੇ ਜਾ ਬੈਠੂ। ਮੈਂ ਹੀ ਆਪ ਆਖਿਆ ਸੀ ਜਿੱਥੇ ਮਰਜ਼ੀ ਬੈਠ ਜਾਵੀਂ।

ਸਪਰਿੰਗ ਮੂਨ ਨੂੰ ਲੱਗਿਆ ਜਿਵੇਂ ਰੇਸ਼ਮੀ ਗਾਊਨ ਦੀ ਆਹਟ ਹੋਈ ਹੈ। ਬੋਲਡ ਟੇਲੈਂਟ ਉੱਠਿਆ ਤੇ ਲੱਸਟਰੈਸ ਜੇਡ ਦੇ ਨਾਲ ਜਾ ਬੈਠਿਆ । ਸਾਰਿਆਂ ਵਿੱਚ ਚਰਚਾ ਛਿੜ ਗਈ। ਸਾਰੇ ਕਦੇ ਰਾਜ ਪ੍ਰਮੁੱਖ ਵੱਲ ਅਤੇ ਕਦੇ ਸਪਰਿੰਗ ਮੂਨ ਵੱਲ ਵੇਖਣ ਲੱਗੇ। ਵੱਡੇ ਤਾਇਆ ਜੀ ਤੂੰ ਕਿਉਂ ਅੱਗ ਬੁਝਾਉਣ ਵਾਸਤੇ ਹੋਰ ਲੱਕੜ ਪਾ ਰਿਹਾਂ। ਫਿਰ ਘੁੰਗਰੂਆਂ ਦੇ ਛਣਕਣ ਦੀ ਆਵਾਜ਼ ਮਹਿਸੂਸ ਹੋਈ ਅਤੇ ਗੋਲਡਨ ਵਰਚੂ ਜਾ ਕੇ ਅਗਸਤ ਵਿੰਡਜ਼ ਨਾਲ ਬੈਠ ਗਈ। ਹਾਲ ਵਿੱਚ ਇੱਕ ਦਮ ਖ਼ੁਸ਼ੀਆਂ ਖੇੜੇ ਪਰਤ ਆਏ।

"ਮੇਰੀ ਭਤੀਜੀ ਨਵਾਂ ਸਾਲ ਮੁਬਾਰਕ" ਚੌਂਕ ਕੇ ਸਪਰਿੰਗ ਮੂਨ ਨੇ ਦੇਖਿਆ ਜ਼ਾਮ ਲਈ, ਇਨਕਲਾਬੀ ਚਾਚਾ ਨੋਬਲ ਟੇਲੈਂਟ ਸੀ ਅਤੇ ਉਹ ਸਪਰਿੰਗ ਮੂਨ ਨਾਲ ਬੈਠ ਗਿਆ। "ਨਵਾਂ ਸਾਲ ਮੁਬਾਰਕ" ਉਸਨੇ ਦੁਹਰਾਇਆ। ਸਪਰਿੰਗ ਮੂਨ ਨੇ ਸੋਚਿਆ ਇਸ ਚਾਚੇ ਨੂੰ ਪਤਾ ਕਿ ਝੁੰਡ ਤੋਂ ਵੱਖਰਿਆਂ ਖੜਨ ਵਾਸਤੇ ਕਿੱਡਾ ਜਿਗਰਾ ਚਾਹੀਦਾ ਹੈ। ਇੱਕ ਵਾਰ ਫਿਰ ਉਸਦੀ ਸੋਚ ਪੀਕਿੰਗ ਸੁਹਰਿਆਂ ਤੇ ਪਰਤ ਗਈ, ਜਦੋਂ ਇਹੀ ਚਾਚਾ ਮਰੇ ਪਤੀ ਦੀ ਮੁੰਦੀ ਵਾਪਿਸ ਕਰਨ ਆਇਆ ਸੀ। ਛੇਤੀ ਨਾਲ ਉਸਨੇ ਇਹ ਸੋਚ ਤਿਆਗ ਦਿੱਤੀ। ਅੱਜ ਕਿਸੇ ਗ਼ਮ ਵਾਸਤੇ ਦਿਲ ਵਿੱਚ ਕੋਈ ਗੱਲ ਨਹੀਂ ਲਿਆਉਣੀ "ਮੇਰੇ ਚਾਚਾ ਨਵੇਂ ਸਾਲ ਦੀਆਂ ਸ਼ੁੱਭ ਇੱਛਾਵਾਂ" ਕਹਿੰਦੀ ਨੇ ਆਪਣਾ ਕੱਪ ਚਾਚੇ ਦੇ ਕੱਪ ਨਾਲ ਟਕਰਾਇਆ। ਸਾਰੇ ਜਣੇ ਸ਼ੋਰ ਸ਼ਰਾਬਾ ਕਰਦੇ ਪੀ ਰਹੇ ਸਨ। ਸਪਰਿੰਗ ਮੂਨ ਸਾਰੇ ਹਾਲ ਵਿੱਚ ਨਜ਼ਰ ਘੁਮਾ, ਦੇਖ ਰਹੀ ਸੀ, ਕਿ ਚੰਗ ਖਾਨਦਾਨ ਦਾ ਕੋਈ ਵੀ ਬੰਦਾ ਦੂਜੇ ਨਾਲੋਂ ਅਕਲੋਂ ਸ਼ਕਲੋਂ ਮਿਲ ਨਹੀਂ ਸੀ ਰਿਹਾ। ਪਰ ਸਭ ਵਿੱਚ ਇੱਕ ਦੂਜੇ ਦੇ ਪਰਛਾਵੇਂ ਵਾਂਗ ਵਿਚਰ ਰਹੇ ਸਨ ਅਤੇ ਸਾਰੇ ਪਿੱਤਰਾਂ ਦਾ ਇੱਕੋ ਜਿਹਾ ਨਿੱਘ ਮਾਣ ਰਹੇ ਸਨ। ਅਖ਼ੀਰ ਵਿਚ ਉਸਦੀ ਨਿਗਾ ਰਾਜਮਾਤਾ ਤੇ ਗਈ। ਰਾਜਮਾਤਾ ਨੇ ਵੀ ਉਸ ਵੱਲ ਦੇਖਿਆ ਅਤੇ ਉਸ ਪ੍ਰਤੀ ਨਿੱਘ ਭਰੀ ਮੁਸਕਾਣ ਬਿਖੇਰ ਦਿੱਤੀ।

ਤਿੰਨ ਘੰਟਿਆਂ ਬਾਅਦ ਬੋਲਡ ਟੇਲੈਂਟ ਉੱਠਿਆ ਅਤੇ ਬੈਂਕੁਟ ਦੀ ਸਮਾਪਤੀ ਦਾ ਐਲਾਨ ਕੀਤਾ। ਸਾਰਿਆ ਨੇ ਖਾਣੇ ਦੀਆਂ ਪਲੇਟਾਂ ਵਿੱਚ ਕੁੱਝ ਚੌਲ ਬਾਕੀ ਛੱਡੇ ਹੋਏ ਸਨ ਇਸ ਸੋਚ ਨਾਲ ਕਿ ਨਵੇਂ ਸਾਲ ਵੀ ਭੰਡਾਰੇ ਭਰਪੂਰ ਰਹਿਣ। ਫਿਰ ਸਾਰੇ ਰਾਜਮੁਖੀ ਪਿੱਛੇ ਉੱਠ ਤੁਰੇ ਅਤੇ ਵੱਡੇ ਹਾਲ ਦੇ ਵਿਹੜੇ ਵਿੱਚ ਆ ਗਏ ਅਤੇ ਸਾਰਿਆਂ ਨੇ ਵਾਰੀ ਸਿਰ ਅੰਗੀਠੇ ਵਿੱਚੋਂ ਕੋਲੇ ਲੈ ਕੇ ਆਪਣੀਆਂ ਅੰਗੀਠੀਆਂ ਦੁਬਾਰਾ ਭਰੀਆਂ ਅਤੇ ਸਾਰੇ ਮਹਿਲਾਂ ਦੇ ਤੀਹਾਂ ਘਰਾਂ ਦੇ ਗੇੜੇ ਤੇ ਨਿੱਕਲ ਪਏ। ਹਰ ਘਰ ਦੀ ਅੰਗੀਠੀ ਵਿੱਚ ਮਘਦੇ ਕੋਇਲੇ ਪਾ ਰਹੇ ਸਨ ਤਾਂ ਕਿ ਪਿੱਤਰਾਂ ਦੇ ਵਰਸੋਏ ਸਾਰੇ ਘਰ ਨਿੱਘੇ ਰਹਿਣ। ਰਸਮ ਖ਼ਤਮ ਕਰਕੇ ਸਭ ਜਣੇ ਵੱਡੇ ਹਾਲ ਵਿੱਚ ਆ ਗਏ ਅਤੇ ਆਪੋ ਆਪਣੀਆਂ ਮਨ- ਭਾਉਂਦੀਆਂ ਖੇਡਾਂ ਵਿੱਚ ਜੁਟ ਗਏ। ਬੱਚੇ ਤੋਂ ਬੁੱਢੇ ਤੱਕ ਅੱਜ ਦੀ ਰਾਤ ਕੋਈ ਵੀ ਸੌਣਾ ਨਹੀਂ ਸੀ ਚਾਹੁੰਦਾ। ਮਤੇ ਨੀਂਦ ਵਿੱਚ ਕੋਈ ਭੈੜਾ ਸੁਪਨਾ ਆਵੇ ਜਿਹੜਾ ਆਉਂਦੇ ਸਾਲ ਵਾਸਤੇ ਬਦਸ਼ਗਨੀ ਦਾ ਸੂਚਕ ਹੋਵੇ।

ਅੱਧੀ ਰਾਤ ਵੇਲੇ ਰੰਗ ਤਮਾਸ਼ੇ ਵਿੱਚ ਥੋੜੀ ਖੜੋਤ ਆਈ ਜਦੋਂ ਰਾਜਪਿਤਾਮਾ ਸਾਰੇ ਮਰਦ ਮੈਂਬਰਾਂ ਨੂੰ ਲੈ ਕੇ ਮੁੱਖ ਗੇਟ ਤੇ ਪਹੁੰਚਿਆ ਅਤੇ ਗੇਟ ਨੂੰ ਜ਼ਿੰਦਰਾ ਮਾਰਨ ਦੀ ਰਸਮ ਕੀਤੀ ਤਾਂ ਕਿ ਖ਼ੁਸ਼ੀਆਂ ਖੇੜਿਆਂ ਅਤੇ ਖ਼ਜ਼ਾਨਿਆਂ ਦੀ ਭਰਪੂਰਤਾ ਅੰਦਰ ਹੀ ਸਾਂਭੀ ਰਵੇ।



ਡਾ ਬਲਜਿੰਦਰ ਸਿੰਘ ਸੇਖੋਂ
001 905 781 1197

# ਓਨਟਾਰੀਓ ਦੇ ਅਧਿਆਪਕਾਂ ਦਾ ਹੱਕੀ ਸੰਘਰਸ਼




ਓਨਟਾਰੀਓ ਦੇ ਅਧਿਆਪਕਾਂ ਵਲੋਂ ਅਪਣੀਆਂ ਹੱਕੀ ਮੰਗਾਂ ਲਈ ਸਰਕਾਰ ਦੀਆਂ ਗਲਤ ਵਿਦਿਆ ਨੀਤੀਆਂ ਖਿਲਾਫ਼ ਸੰਘਰਸ਼ ਵਿਢਿਆ ਹੋਇਆ ਹੈ। ਕੁਝ ਲੋਕ ਬਿਨਾ ਤੱਥ ਜਾਨਿਆਂ ਜਾਂ ਫਿਰ ਜਾਣਦੇ ਅਣਜਾਣ ਬਣਕੇ, ਇਸ ਨੂੰ ਪਹਿਲਾਂ ਤੋਂ ਹੀ ਜਿਆਦਾ ਸਹੂਲਤਾਂ ਮਾਣ ਰਹੇ ਵਰਗ ਵਲੋਂ ਲੋਕਾਂ ਦੇ ਔਖੇ ਹੋ ਕੇ ਦਿੱਤੇ ਟੈਕਸ ਤੋਂ ਇਕੱਠੇ ਕੀਤੇ ਸਰਕਾਰੀ ਫੰਡ ਵਿਚੋਂ ਹੋਰ ਵੱਡਾ ਡਾਕਾ ਮਾਰਨ ਦੀ ਕਾਰਵਾਈ ਬਣਾ ਕੇ ਪੇਸ਼ ਕਰ ਰਹੇ ਹਨ। ਆਓ ਵੇਖੀਏ ਹਕੀਕਤ ਕੀ ਹੈ।

ਇਥੋਂ ਦੇ ਸਾਮਰਾਜੀ ਪ੍ਰਬੰਧ ਦੇ ਨਿਯਮਾਂ ਮੁਤਾਬਿਕ ਬੇਸ਼ੱਕ ਕਰਮਚਾਰੀ ਪੱਕੇ ਹਨ, ਪਰ ਅਸਲ ਵਿਚ ਉਨ੍ਹਾਂ ਨੂੰ ਕੀ ਦੇਣਾ ਹੈ ਜਾਂ ਨਾ ਦੇਣਾ ਹੈ ਦਾ ਫੈਸਲਾ ਹਰ ਤਿੰਨ ਸਾਲ ਬਾਅਦ ਕੀਤੇ ਜਾਣ ਵਾਲੇ ਠੇਕੇ ਦੀਆਂ ਸ਼ਰਤਾਂ ਮੁਤਾਬਿਕ ਹੁੰਦਾ ਹੈ। ਇਸ ਵਿਚ ਜ਼ਰੂਰੀ ਨਹੀਂ ਕਿ ਉਨ੍ਹਾਂ ਦੀਆਂ ਤਨਖਾਹਾਂ ਜਾਂ ਭੱਤੇ ਵਧਾਏ ਹੀ ਜਾਣ ਇਹ ਘੱਟ ਜਾਂ ਖਤਮ ਵੀ ਕੀਤੇ ਜਾ ਸਕਦੇ ਹਨ ਜਿਵੇਂ ਪਹਿਲੇ ਕੰਟਰੈਕਟ ਵਿਚ ਅਧਿਆਪਕਾਂ ਦੀਆਂ ਜਰੂਰੀ ਕੰਮਾਂ ਜਾਂ ਸਿਹਤ ਖਰਾਬੀ ਕਾਰਨ ਲਈਆਂ ਜਾ ਸਕਣ ਵਾਲੀਆਂ ਛੁਟੀਆਂ ਨੂੰ 20 ਤੋਂ ਘਟਾ ਕੇ 10 ਕਰ ਦਿੱਤਾ ਸੀ ਅਤੇ ਨਾ ਲਈਆਂ ਛੁੱਟੀਆਂ ਦਾ ਆਖੀਰ ਵਿਚ ਮੁਆਵਜ਼ਾ ਦੇਣਾ ਵੀ ਬੰਦ ਕਰ ਦਿਤਾ ਸੀ। ਅਧਿਆਪਕਾਂ ਨਾਲ ਕੀਤਾ ਪਹਿਲਾ ਠੇਕਾ ਕਈ ਮਹੀਨੇ ਪਹਿਲਾਂ ਖਤਮ ਹੋ ਚੁੱਕਿਆ ਹੈ ਅਤੇ ਅਗਸਤ 2019 ਤੋਂ ਸਰਕਾਰ ਦੀ ਯੁਨੀਅਨ ਦੇ ਨੁਮਾਂਇੰਦਿਆਂ ਨਾਲ ਇਸ ਬਾਰੇ ਗਲਬਾਤ ਚੱਲ ਰਹੀ ਹੈ। ਜਦ ਕਈ ਮਹੀਨੇ ਇਹ ਕਿਸੇ ਤਣਪੱਤਣ ਨਾ ਲਗਦੀ ਦਿਸੀ ਤਾਂ ਹੀ ਹੜਤਾਲ ਦੇ ਵੱਖ ਵੱਖ ਢੰਗ ਅਧਿਆਪਕਾਂ ਵਲੋਂ ਅਪਣਾਏ ਜਾ ਰਹੇ ਹਨ, ਜਿਸ ਵਿਚ ਵੱਖ ਵੱਖ ਇਲਾਕਿਆਂ ਵਿਚ ਸਕੂਲ ਬੰਦ ਰਖਣੇ ਸ਼ਾਮਿਲ ਹੈ ਤੇ ਆਖਿਰ ਪਹਿਲੀ ਸੂਬਾ ਪੱਧਰੀ ਇੱਕ ਦਿਨ ਦੀ ਹੜਤਾਲ 21 ਫਰਵਰੀ ਨੂੰ ਤਹਿ ਹੈ।

ਜਦ ਤੋਂ ਓਨਟਾਰੀਓ ਵਿਚ ਡੱਗ ਫੋਰਡ ਦੀ ਕੰਸਰਵਟਿਵ ਸਰਕਾਰ ਬਣੀ ਹੈ, ਓਨਟਾਰੀਓ ਸਿਰ ਪਿਛਲੀ ਲਿਬਰਲ ਸਰਕਾਰ ਵਲੋਂ ਚੜ੍ਹਾਏ ਕਰਜ਼ੇ ਦਾ ਰੌਲਾ ਪਾ ਕੇ, ਅਪਣੀ ਐਲਾਨ ਕੀਤੀ ਨੀਤੀ ਮੁਤਾਬਿਕ ਆਮ ਲੋਕਾਂ ਦੀਆਂ ਸਹੂਲਤਾਂ ਤੇ ਇੱਕ ਤੋਂ ਬਾਅਦ ਇੱਕ ਕੱਟ ਲਾਉਂਦੀ ਚਲੀ ਆ ਰਹੀ ਹੈ ਉਨ੍ਹਾਂ ਦਾ ਕਹਿਣਾ ਹੈ ਕਿ ਹੁਣ ਤੱਕ ਸੂਬੇ ਸਿਰ ਚੜ੍ਹੇ ਅਰਬਾਂ ਡਾਲਰ ਦੇ ਕਰਜ਼ੇ ਨੂੰ ਉਤਾਰਨ ਲਈ ਇਹ ਕੱਟ ਲਾਉਣੇ ਜ਼ਰੂਰੀ ਹਨ। ਕੱਟੇ ਗਏ ਫੰਡਾਂ ਦੀ ਲਿਸਟ ਲੰਬੀ ਹੈ ਪਰ ਕੁਝ ਕੁ ਹਨ: ਸ਼ਹਿਰਾਂ ਨੂੰ ਦਿੱਤੀ ਜਾਣ ਵਾਲੀ ਗਰਾਂਟ ਵਿਚ ਕਰੋੜਾਂ ਡਾਲਰਾਂ ਦੇ ਕੱਟ, ਹੋਰ ਤਾਂ ਹੋਰ ਅੱਜ ਕੱਲ ਬੜੀ ਜ਼ਰੂਰੀ ਅਤੇ ਚੰਗੇ ਨਤੀਜੇ ਦੇ ਰਹੀ ਸਟੈਮ ਸੈੱਲ ਖੋਜ ਦੇ ਫੰਡਾਂ ਵਿਚ ਵੀ 50 ਲੱਖ ਪ੍ਰਤੀ ਸਾਲ ਦਾ ਕੱਟ, ਔਰਤਾਂ ਦੀ ਸੁਰੱਖਿਆ ਲਈ ਦਿੱਤੇ ਜਾ ਰਹੇ ਫੰਡਾਂ ਵਿਚ ਕਟੌਤੀ, ਓਨਟਾਰੀਓ ਸੂਬੇ ਦੀ ਪੁਲਿਸ ਦੇ ਖਰਚ ਵਿਚ 4 ਕਰੋੜ 60 ਲੱਖ, ਸੰਗੀਤ ਫੰਡ ਵਿਚ 80 ਲੱਖ, ਜੰਗਲ ਲਾਉਣ ਲਈ ਰੱਖੇ 47 ਲੱਖ ਖਤਮ, ਅਗਲੇ 10 ਸਾਲਾਂ ਵਿਚ ਸਿਹਤ ਸੇਵਾਵਾਂ ਵਿਚ 1 ਅਰਬ ਦੀ ਕਟੌਤੀ ਦਾ ਐਲਾਨ, ਲਾਇਬਰੇਰੀਆਂ ਦੇ ਫੰਡਾਂ ਵਿਚ 50% ਦੀ ਕਟੌਤੀ, ਰਫੀਉਜੀਆਂ ਅਤੇ ਪ੍ਰਵਾਸੀ ਮੁਕੱਦਮਿਆਂ ਵਿਚ ਫਸੇ ਲੋਕਾਂ ਦੀ ਸਰਕਾਰ ਵਲੋਂ ਪੈਰਵੀ ਖਤਮ ਜਿਸ ਨਾਲ 45 ਲੱਖ ਡਾਲਰ ਬਚਣ ਦਾ ਅਨੁਮਾਨ। ਇਸ ਦੇ ਨਾਲ ਹੀ ਇਹ ਫੇਸਲਾ ਵੀ ਕੀਤਾ ਕਿ ਕਿਸੇ ਵੀ ਸਰਕਾਰੀ ਅਦਾਰੇ ਵਿਚ ਤਨਖਾਹਾਂ ਪ੍ਰਤੀ ਸਾਲ ਵੱਧ ਤੋਂ ਵੱਧ 1% ਹੀ ਵਧਾਈਆਂ ਜਾਣਗੀਆਂ।

ਇਸੇ ਤਰ੍ਹਾਂ ਵਿਦਿਆ ਵਿਚ ਵੀ ਸਰਕਾਰ ਵੱਡੇ ਕੱਟ ਲਾ ਰਹੀ ਹੈ। ਹਰ ਸਕੂਲ ਨੂੰ ਕੁੱਲ ਫੰਡ ਉਸ ਵਿਚ ਪੜ੍ਹਦੇ ਵਿਦਿਆਰਥੀਆਂ ਦੀ ਗਿਣਤੀ ਮੁਤਾਬਿਕ ਮਿਲਦੇ ਹਨ। ਪਹਿਲਾਂ ਇਹ ਫੰਡ 22 ਵਿਦਿਆਰਥੀਆਂ ਦੀ ਇੱਕ ਜਮਾਤ ਮੰਨ ਕੇ ਦਿੱਤੇ ਜਾਂਦੇ ਸਨ, ਪਰ ਫੋਰਡ ਸਰਕਾਰ ਨੇ ਕਹਿ ਦਿੱਤਾ ਕਿ ਨਹੀਂ ਅਸੀਂ ਤਾਂ ਇੱਕ ਜਮਾਤ 28 ਵਿਦਿਆਰਥੀਆਂ ਦੀ ਮੰਨਾਂਗੇ। ਇਸ ਤਰ੍ਹਾਂ ਨਹੀਂ ਕਿ ਕਿਸੇ ਜਮਾਤ ਵਿਚ ਅੱਜ ਕੱਲ੍ਹ 22 ਵਿਦਿਆਥੀਆਂ ਤੋਂ ਵੱਧ ਨਹੀਂ ਹੁੰਦੇ, ਇਹ ਜਮਾਤ ਦੀ ਬਣਤਰ ਮੁਤਾਬਿਕ ਵੱਧ ਘੱਟ ਹੁੰਦੇ ਹਨ। ਜੋ ਵਿਦਿਆਰਥੀ ਪੜ੍ਹਨ ਵਿਚ ਰੂਚੀ ਰਖਦੇ ਹਨ, ਉਨ੍ਹਾਂ ਦੀਆਂ ਜਮਾਤਾਂ ਵਿਚ ਪਹਿਲਾਂ ਹੀ 30 ਦੇ ਨੇੜ ਵਿਦਿਆਰਥੀ ਹੁੰਦੇ ਹਨ, ਪਰ ਜੋ ਵਿਦਿਆਰਥੀ ਪੜ੍ਹਾਈ ਵਿਚ ਘੱਟ ਰੁੱਚੀ ਰਖਣ ਵਾਲੇ ਹੁੰਦੇ ਹਨ, ਜਾਂ ਉਨ੍ਹਾਂ ਦੀ ਸਿਖਣ ਸ਼ਕਤੀ ਕਿਸੇ ਮਾਨਸਿਕ ਜਾਂ ਸਰੀਰਕ ਮੁਸ਼ਕਿਲ ਕਾਰਨ ਘੱਟ ਹੁੰਦੀ ਹੈ ਜਾਂ ਕਿਸੇ ਵਿਸ਼ੇ ਵਿਚ ਘੱਟ ਵਿਦਿਆਰਥੀ ਪੜ੍ਹਨਾ ਚਾਹੁੰਦੇ ਹਨ, ਅਜਿਹੇ ਬੱਚਿਆਂ ਦੀ ਕਲਾਸ ਵਿਚ 12-15 ਬੱਚੇ ਹੀ ਹੁੰਦੇ ਹਨ। ਸਕੂਲ ਨੂੰ ਕੁੱਲ ਖਰਚ, ਜਿਸ ਵਿਚ ਅਧਿਆਪਕਾਂ ਦੀ ਗਿਣਤੀ ਸ਼ਾਮਿਲ ਹੈ, ਔਸਤ ਜਮਾਤ ਦੇ ਅਧਾਰ ਤੇ ਮਿਲਦੇ ਹਨ, ਇਹ ਪ੍ਰਿੰਸੀਪਲ ਨੇ ਵੇਖਣਾ ਹੈ ਕਿ ਕਿਸ ਜਮਾਤ ਵਿਚ ਕਿਨੇ ਵਿਦਿਆਰਥੀ ਰੱਖਣੇ ਹਨ। ਇਸ ਨਾਲ ਹੀ ਸਰਕਾਰ ਨੇ ਕਿਹਾ ਹੈ ਕਿ ਹਰ ਵਿਦਿਆਰਥੀ ਨੂੰ 2 ਕੋਰਸ ਓਨਲਾਈਨ ਕਰਨੇ ਹੋਣਗੇ। ਇਨ੍ਹਾਂ ਤਬਦੀਲੀਆਂ ਨਾਲ ਯੂਨੀਅਨ ਮੁਤਾਬਿਕ 20% (5500) ਅਧਿਆਪਕਾਂ ਦੀਆਂ ਅਸਾਮੀਆਂ ਖਤਮ ਹੋ ਜਾਣਗੀਆਂ ਅਤੇ ਨਾਲ ਹੀ ਕਈ ਵਿਸ਼ੇ ਸਕੂਲਾਂ ਵਿਚੋਂ ਖਤਮ ਕਰਨੇ ਪੈਣਗੇ, ਜਿਸ ਨਾਲ ਵਿਦਿਆਰਥੀਆਂ ਦੀ ਸਿਖਿਆ ਪ੍ਰਭਾਵਿਤ ਹੋਵੇਗੀ।

ਜਿਥੋਂ ਤੱਕ ਤਨਖਾਹ ਦਾ ਸੁਆਲ ਹੈ, ਯੁਨੀਅਨਾ 2% ਪ੍ਰਤੀ ਸਾਲ ਦਾ ਵਾਧਾ ਮੰਗ ਰਹੀ ਹੈ ਜਦ ਕਿ ਸਰਕਾਰ 1% ਦੇਣ ਦੀ ਗਲ ਕਰ ਰਹੀ ਹੈ। ਇਥੇ ਇਹ ਵਰਨਣ ਯੋਗ ਹੈ ਕਿ ਓਨਟਾਰੀਓ ਵਿਚ ਕੀਮਤਾਂ ਤਕਰੀਬਨ 2% ਹਰ ਸਾਲ ਵਧਦੀਆਂ ਹਨ ਅਤੇ ਇਸ ਦੇ ਅਗਲੇ ਕਈ ਸਾਲ 2% ਤੋਂ ਉੱਤੇ ਰਹਿਣ ਦਾ ਅਨੁਮਾਨ ਹੀ ਲਗਾਇਆ ਜਾ ਰਿਹਾ ਹੈ। ਸੋ ਯੁਨੀਅਨ ਸਿਰਫ ਮਹਿੰਗਾਈ ਭੱਤਾ ਹੀ ਮੰਗ ਰਹੀ ਹੈ, ਜੋ ਭਾਰਤ ਵਰਗੇ ਦੇਸ਼ ਵਿਚ ਸਰਕਾਰੀ ਮੁਲਾਜ਼ਮਾਂ ਨੂੰ ਬਿਨਾ ਮੰਗੇ ਹੀ ਦੇ ਦਿੱਤਾ ਜਾਂਦਾ ਹੈ।

ਜੇਕਰ ਸਰਕਾਰ ਦੇ ਹੋਰ ਖਰਚਿਆਂ ਤੇ ਨਿਗਾਹ ਮਾਰੀਏ ਤਾਂ ਕੁਝ ਅਨੋਖੇ ਤੱਥ ਦੇਖਣ ਨੂੰ ਮਿਲਦੇ ਹਨ। ਓਨਟਾਰੀਓ ਸਰਕਾਰ ਨੇ ਬੀਤੇ ਸਾਲ ਕਰਿਸਲਰ ਕੰਪਨੀ ਨੂੰ ਦਿੱਤੇ ਕਰਜ਼ੇ ਵਿਚੋਂ 44 ਕਰੋੜ 50 ਲੱਖ ਤੇ ਇਸ ਕਰਕੇ ਲਕੀਰ ਮਾਰ ਦਿੱਤੀ ਕਿ ਇਸ ਨੂੰ ਓਗਰਾਹੁਣ ਦਾ ਕੋਈ ਤਰੀਕਾ ਨਹੀਂ ਰਹਿ ਗਿਆ ਸੀ। ਕਿਉਂ, ਕਰਜ਼ਾ ਦੇਣ ਵੇਲੇ ਲਿਖਤ ਸਹੀ ਕਿਸ ਨੇ ਕਰਨੀ ਸੀ? ਸਰਕਾਰ ਮਾਪਿਆਂ ਨੂੰ ਖ਼ੁਸ਼ ਰੱਖਣ ਦੀ ਕੋਸ਼ਿਸ਼ ਵਿਚ ਹੜਤਾਲ ਵਾਲੇ ਦਿਨੀ 12 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਪ੍ਰੀਵਾਰ ਵਿਚ ਪ੍ਰਤੀ ਦਿਨ 60 ਡਾਲਰ ਭੇਜ ਕੇ ਹਰ ਹੜਤਾਲ ਵਾਲੇ ਦਿਨ 4 ਕਰੋੜ 80 ਲੱਖ ਡਾਲਰ ਖਰਚ ਰਹੀ ਹੈ। ਵਪਾਰੀਆਂ ਅਤੇ ਦੁਕਾਨਦਾਰਾਂ ਨੂੰ ਟੈਕਸ ਘਟਾ ਕੇ 2020 ਵਿਚ 2 ਅਰਬ 30 ਕਰੋੜ ਦੀ ਛੋਟ ਦੇ ਦਿੱਤੀ ਗਈ ਹੈ। ਕਿਹਾ ਜਾ ਰਿਹਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਰੁਜ਼ਗਾਰ ਦੇ ਮੌਕੇ ਵਧਣਗੇ। ਦੂਜੇ ਪਾਸੇ ਵੇਖੀਏ, ਕਨੇਡਾ ਦੇ 100 ਵੱਡੇ ਅਦਾਰਿਆਂ ਦੇ ਮੁਖੀਆਂ ਦੀ ਔਸਤ ਤਨਖਾਹ 1 ਕਰੋੜ 18 ਲੱਖ ਡਾਲਰ ਹੈ, ਅੰਕੜਿਆਂ ਮੁਤਾਬਿਕ ਇਨ੍ਹਾਂ ਦੀ ਤਨਖਾਹ ਵਿਚ ਵਾਧਾ 2008 ਤੋਂ 2018 ਵਿਚਕਾਰ 61% ਸੀ ਜਦ ਕਿ ਆਮ ਕਾਮਿਆਂ ਦੀ ਆਮਦਨ ਵਿਚ ਸਿਰਫ 24% ਹੋਇਆ। 2018 ਵਿਚ ਬਲੈਕਬੇਰੀ ਦੇ ਮੁਖੀ ਜੌਹਨ ਚੈਨ ਨੇ 14 ਕਰੋੜ 19 ਲੱਖ ਡਾਲਰ ਕਮਾਏ, ਹੱਡਸਨ ਬੇ ਦੀ ਹੈਲਨਾ ਫੌਲਕਸ ਨੇ 2 ਕਰੋੜ 94 ਲੱਖ ਡਾਲਰ ਅਤੇ ਮੈਗਨਾ ਦੇ ਮੁਖੀ ਡੋਨਲਡ ਵਾਕਰ ਨੇ 2 ਕਰੋੜ 60 ਲੱਖ ਕਮਾਏ। ਇਨ੍ਹਾਂ ਦੀਆਂ ਤਨਖਾਹਾਂ, ਬੇਸ਼ੱਕ ਇਹ ਪ੍ਰਾਈਵੇਟ ਅਦਾਰਿਆਂ ਵਿਚ ਹਨ, ਆਖਿਰ ਲੋਕਾਂ ਦੀਆਂ ਜੇਬਾਂ ਵਿਚੋਂ ਗਏ ਡਾਲਰਾਂ ਨਾਲ ਹੀ ਦਿਤੀਆਂ ਜਾ ਰਹੀਆਂ ਹਨ। ਇਨ੍ਹਾਂ ਬਾਰੇ ਕਿਉਂ ਕੋਈ ਕਾਨੂੰਨ ਨਹੀਂ ਬਣਾਏ ਜਾਂਦੇ, ਜਿਵੇਂ ਕਿਸੇ ਖਾਸ ਹੱਦ ਤੋਂ ਬਾਅਦ 80-100% ਆਮਦਨ ਟੈਕਸ ਆਦਿ।

ਕੁਝ ਲੋਕ ਅਧਿਆਪਕਾਂ ਦੀਆਂ ਤਨਖਾਹਾਂ ਵਧਾ ਚੜ੍ਹਾ ਕੇ ਦੱਸ ਰਹੇ ਹਨ। ਅਸਲ ਵਿਚ ਬੀ ਏ ਜਾਂ ਬੀ ਐਸ ਸੀ ਤੋਂ ਬਾਅਦ ਟਰੇਨਿੰਗ ਕਰਕੇ ਆਏ ਨਵੇਂ ਲੱਗੇ ਅਧਿਆਪਕ ਨੂੰ ਪ੍ਰਾਇਮਰੀ ਸਕੂਲ ਵਿਚ 44662 ਅਤੇ ਸੈਕੰਡਰੀ ਸਕੂਲ ਅਧਿਆਪਕ ਨੂੰ 46783 ਡਾਲਰ ਸਲਾਨਾ ਤਨਖਾਹ ਦੇ ਮਿਲਦੇ ਹਨ, ਜੋ ਯੋਗਤਾਵਾਂ ਵਧਣ ਅਤੇ ਤਜਰਬਾ ਵਧਣ ਨਾਲ ਦੋਨਾ ਲਈ ਕਰਮਵਾਰ 99536 ਅਤੇ 99964 ਡਾਲਰ ਤੱਕ ਹੋ ਸਕਦੇ ਹਨ। ਸਰਕਾਰ ਦੇ ਦੱਸਣ ਮੁਤਾਬਿਕ ਇਹ ਔਸਤ 92,900 ਹੈ ਅਤੇ ਯੁਨੀਅਨ ਮੁਤਾਬਿਕ 86,682 ਡਾਲਰ ਬਣਦੀ ਹੈ। ਪਰ ਜੇਕਰ ਕੋਈ ਅਧਿਆਪਕ ਹੋਰ ਪੜ੍ਹਾਈ ਨਹੀਂ ਕਰਦਾ ਤਾਂ ਉਸ ਦੀ ਆਖਰੀ ਤਨਖਾਹ ਕਰਮਵਾਰ 80295 ਅਤੇ 82911 ਡਾਲਰ ਤੱਕ ਹੀ ਜਾਂਦੀ ਹੈ।

ਬੇਸ਼ੱਕ ਹੜਤਾਲ ਦਾ ਮੂਲ ਕਾਰਨ ਆਮ ਗਲਬਾਤ ਤੇ ਲਿਖਤਾਂ ਵਿਚ ਅਧਿਆਪਕਾਂ ਵਲੋਂ ਤਨਖਾਹ ਵਧਾਉਣ ਦੀ ਜਿੱਦ ਦੱਸਿਆ ਜਾ ਰਿਹਾ ਹੈ, ਪਰ ਅਸਲ ਅੜਿਕਾ ਯੁਨੀਅਨਾਂ ਮੁਤਾਬਿਕ ਦੋ ਨੁਕਤੇ ਹਨ। ਇੱਕ ਓਨਲਾਈਨ ਕੋਰਸ ਅਤੇ ਦੂਜਾ ਕਿਸ ਨੂੰ ਪੱਕੇ ਤੌਰ 'ਤੇ ਅਧਿਆਪਕ ਰੱਖਿਆ ਜਾਵੇ। ਪ੍ਰੋਵਿੰਸ ਦੀ ਸਰਕਾਰ ਵਲੋਂ ਪਹਿਲਾਂ ਇਹ ਕਿਹਾ ਗਿਆ ਕਿ ਹਰ ਹਾਇਰ ਸਕੰਡਰੀ ਸਕੂਲ ਦੇ ਵਿਦਿਆਰਥੀ ਨੂੰ 30 ਕਰੈਡਿਟ ਘੰਟਿਆਂ ਵਿਚੋਂ ਚਾਰ ਜਮਾਤਾਂ ਬਾਹਰ ਯਾਨੀ ਓਨਲਾਈਨ ਕਰਨੇ ਹੋਣਗੇ। ਦਬਾਅ ਜਿਆਦਾ ਬਣਨ ਤੇ ਸਰਕਾਰ ਅਜੇ 2 ਕੋਰਸਾਂ ਤੇ ਅੜੀ ਹੋਈ ਹੈ। ਸਰਕਾਰ ਦਾ ਮੰਨਣਾ ਹੈ ਕਿ ਇਸ ਨਾਲ ਖਰਚ ਘਟ ਜਾਵੇਗਾ, ਕਿਉਂਕਿ ਇਨ੍ਹਾਂ ਕੋਰਸਾਂ ਲਈ ਜਿਆਦਾ ਅਧਿਆਪਕਾਂ ਦੀ ਲੋੜ ਨਹੀਂ ਹੋਵੇਗੀ। ਪਰ ਇਸ ਖੇਤਰ ਦੇ ਮਹਿਰਾਂ ਦਾ ਕਹਿਣਾ ਹੈ ਕਿ ਸਰਕਾਰ ਗਲਤ ਸੋਚ ਰਹੀ ਹੈ, ਇਸ ਨਿਯਮ ਨੂੰ ਲਾਗੂ ਕਰਨ ਲਈ ਸਗੋਂ ਪਹਿਲਾਂ ਪਹਿਲ ਬਹੁਤ ਜਿਆਦਾ ਖਰਚ ਦੀ ਲੋੜ ਪਵੇਗੀ। ਇਸ ਲਈ ਸਕੂਲਾਂ ਵਿਚ ਸਗੋਂ ਇਸ ਤਰ੍ਹਾਂ ਦੇ ਕੋਰਸਾਂ ਲਈ ਹੋਰ ਅਧਿਆਪਕ ਨਿਯੁਕਤ ਕਰਨੇ ਪੈਣਗੇ, ਕੰਮਪਿਊਟਰ ਵੱਡੀ ਗਿਣਤੀ ਵਿਚ ਖਰੀਦਣੇ ਪੈਣਗੇ ਤੇ ਕੰਮਪਿਊਟਰ ਪ੍ਰਯੋਸ਼ਲਾਵਾਂ ਬਣਾਉਣੀਆਂ ਪੈਣਗੀਆਂ, ਪੇਂਡੂ ਖੇਤਰਾਂ ਵਿਚ ਟੈਲੀਫੋਨ ਕੰਪਨੀਆਂ ਤੋਂ ਬਰੋਡਬੈਂਡ ਇੰਟਰਨੈੱਟ ਲੈਣੇ ਪੈਣਗੇ। ਯੁਨੀਅਨ ਮੁਤਾਬਿਕ ਇਹ ਈ ਲਰਨਿੰਗ ਅਮਰੀਕਾ ਦੇ ਆਲਬਾਮਾ ਸੂਬੇ ਵਿਚ ਜਿਥੇ ਇਹ ਲਾਗੂ ਕੀਤੀ ਗਈ ਸੀ, ਕੋਈ ਚੰਗੀ ਨਹੀਂ ਰਹੀ ਅਤੇ ਇਸ ਨਾਲ ਪੜ੍ਹਾਈ ਦਾ ਮਿਆਰ ਡਿਗੇਗਾ। ਪਰ ਅਲਬਾਮਾ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਉਥੇ ਬੜੀ ਕਾਮਯਾਬੀ ਨਾਲ ਚੱਲ ਰਹੀ ਹੈ ਪਰ ਇਸ ਲਈ ਉਨ੍ਹਾਂ ਨੂੰ 1000 ਅਧਿਆਪਕ ਸੂਬੇ ਵਿਚ ਹੋਰ ਭਰਤੀ ਕਰਨੇ ਪਏ।

ਇੱਕ ਅੜਿਚਣ ਅਧਿਆਪਕਾਂ ਦੀ ਨਯੁਕਤੀ ਵੇਲੇ ਦੀ ਹੈ ਕਿ ਕੱਚੇ ਚੱਲ ਰਹੇ ਸਪਲਾਈ ਅਧਿਆਪਕਾਂ ਵਿਚੋਂ ਸਭ ਤੋਂ ਸੀਨੀਅਰਾਂ ਵਿਚੋਂ ਪੱਕੇ ਕਰਨਾ ਹੈ ਜਾਂ ਕਿਸੇ ਨੂੰ ਵੀ ਰਖਿਆ ਜਾ ਸਕਦਾ ਹੈ। ਸਾਲ 2012-13 ਵੇਲੇ ਹੋਏ ਸਮਝੌਤੇ ਵਿਚ ਧਾਰਾ 274 ਵਿਚ ਮੰਨਿਆਂ ਗਿਆ ਸੀ ਕਿ ਵਿਸ਼ੇ ਦੇ 5 ਸਭ ਤੋਂ ਸੀਨੀਅਰ ਸਪਲਾਈ ਅਧਿਆਪਕਾਂ ਵਿਚੋਂ ਹੀ ਕਿਸੇ ਨੂੰ ਲੰਮੇ ਸਮੇਂ ਲਈ ਜਾ ਪੱਕੇ ਤੌਰ 'ਤੇ ਰੱਖਿਆ ਜਾ ਸਕਦਾ ਹੈ। ਇਹੋ ਇੱਕ ਨਿਯਮ ਸੀ ਜਿਸ ਕਾਰਨ ਅੱਜ ਬਰੈਂਪਟਨ ਦੇ ਸਕੂਲਾਂ ਵਿਚ ਭਾਰਤੀ ਜਾਂ ਚੀਨੀ ਮੂਲ ਦੇ ਕਾਫੀ ਅਧਿਆਪਕ ਨਿਯੁਕਤ ਹੋਏ ਹਨ। ਇਸ ਕਾਨੂੰਨ ਤੋਂ ਪਹਿਲਾਂ ਏਸ਼ੀਅਨ ਅਧਿਆਪਕਾਂ ਦੀ ਗਿਣਤੀ ਨਿਗੁਣੀ ਸੀ ਅਤੇ ਜੇਕਰ ਇਹ ਨਿਯਮ ਖਤਮ ਹੋ ਜਾਂਦਾ ਹੈ ਤਾਂ ਫਿਰ ਉਨ੍ਹਾਂ ਦਾ ਨੌਕਰੀ ਵਿਚ ਪੱਕੇ ਹੋਣਾਂ ਘਟ ਜਾਂ ਰੁੱਕ ਸਕਦਾ ਹੈ। ਯੁਨੀਅਨ ਦਾ ਕਹਿਣਾ ਹੈ ਕਿ ਇਸ ਨਿਯਮ ਨਾਲ ਕਿਸੇ ਨਾਲ ਧੱਕਾ ਨਹੀਂ ਹੁੰਦਾ ਤੇ ਸਹੀ ਅਧਿਆਪਕ ਪੱਕਾ ਹੋ ਜਾਂਦਾ ਹੈ। ਪਰ ਸਰਕਾਰ ਦਾ ਕਹਿਣਾ ਹੈ ਕਿ ਇਸ ਨਾਲ ਸਭ ਤੋਂ ਜਿਆਦਾ ਕਾਬਲ ਕਈ ਵਾਰ ਚੋਣ ਪ੍ਰੀਕਿਰਿਆ ਵਿਚੋਂ ਬਾਹਰ ਰਹਿ ਜਾਂਦੇ ਹਨ ਅਤੇ ਇਸ ਤਰ੍ਹਾਂ ਪੜ੍ਹਾਈ ਦਾ ਮਿਆਰ ਪ੍ਰਭਾਵਿਤ ਹੁੰਦਾ ਹੈ। ਉਨ੍ਹਾਂ ਮੁਤਾਬਿਕ ਪੁਰਾਣੇ ਨਵੇਂ ਦਾ ਕੋਈ ਫਰਕ ਨਹੀਂ ਹੋਣਾ ਚਾਹੀਦਾ, ਸਗੋਂ ਸਿਰਫ ਮੈਰਿਟ ਦੇ ਅਧਾਰ ਤੇ ਅਧਿਆਪਕ ਦੀ ਚੋਣ ਹੋਣੀ ਚਾਹੀਦੀ ਹੈ। ਹੁਣ ਚੋਣ ਸਿਰਫ ਸਭ ਤੋਂ ਸੀਨੀਅਰ ਪੰਜ ਅਧਿਆਪਕਾਂ ਵਿਚ ਰਹਿ ਜਾਂਦੀ ਹੈ, ਜਿਸ ਨਾਲ ਚੋਣ ਕਮੇਟੀ ਕੋਲ ਚੰਗੇ ਨੂੰ ਨਕਾਰ ਕੇ ਘੱਟ ਮਿਆਰ ਦੇ ਅਧਿਆਪਕ ਦੀ ਚੋਣ ਕਰਨੀ ਪੈਂਦੀ ਹੈ। ਪਰ ਯੁਨੀਅਨ ਦਾ ਕਹਿਣਾ ਹੈ ਕਿ ਲੰਬੀ ਮਿਆਦ ਦੇ ਅਧਿਆਪਕਾਂ ਦੀ ਪਹਿਲਾਂ ਹੀ ਚੋਣ ਕਰ ਲਈ ਜਾਂਦੀ ਹੈ ਅਤੇ ਇਸੇ ਸਮੇਂ ਜੋ ਯੋਗ ਨਹੀਂ ਉਨ੍ਹਾਂ ਦਾ ਲਿਸਟ ਵਿਚ ਨਾ ਹੀ ਨਹੀਂ ਆਉਂਦਾ ਬੇਸ਼ਕ ਉਹ ਕਿਨੇ ਵੀ ਲੰਬੇ ਸਮੇਂ ਤੋਂ ਕੰਮ ਕਰ ਰਹੇ ਹੋਣ। ਉਨ੍ਹਾਂ ਦੇ ਕਹਿਣ ਮੁਤਾਬਿਕ ਕਿਸੇ ਥਾਂ ਵੀ ਕੋਈ ਅਯੋਗ ਅਧਿਆਪਕ ਇਸ ਤਰੀਕੇ ਪੱਕਾ ਨਹੀਂ ਹੋਇਆ, ਬੱਸ ਇੱਕ ਗੱਲ ਹੈ ਕਿ ਚੋਣ ਕਰਨ ਵਾਲਿਆਂ ਦਾ ਅਪਣੇ ਚਹੇਤੇ ਰੱਖਣ ਦਾ ਅਧਿਕਾਰ ਖਤਮ ਹੋਇਆ ਹੈ। ਇੱਕ ਗੱਲ ਮੰਨਣ ਯੋਗ ਹੈ ਕਿ ਨਵੇ ਡਿਗਰੀ ਕਰ ਕੇ ਆਏ ਅਧਿਆਪਕਾਂ ਨੂੰ ਪੱਕੇ ਹੋਣ ਲਈ ਕੁਝ ਸਮਾਂ ਉਡੀਕਣਾ ਪੈਂਦਾ ਹੈ। ਯੁਨੀਅਨ ਦਾ ਕਹਿਣਾ ਹੈ ਕਿ ਬੋਰਡ ਨੂੰ ਪੱਕੇ ਕੀਤੇ ਜਾ ਸਕਣ ਵਾਲੇ ਅਧਿਆਪਕਾਂ ਦੀ ਲਿਸਟ ਵਿਚ ਨਵੇਂ ਅਧਿਆਪਕਾਂ ਨੂੰ ਲਿਆਉਣ ਤੋਂ ਇਹ ਨਿਯਮ ਨਹੀਂ ਰੋਕਦਾ।

ਇਸ ਤੋਂ ਇਲਾਵਾ ਅਧਿਆਪਕ ਓਨਟਾਰੀਓ ਵਿਚ ਚਾਲੂ ਕੀਤੇ ਪੂਰੇ ਦਿਨ ਦੇ ਕਿੰਡਰਗਾਰਟਨ ਪ੍ਰਗਰੋਮ ਨੂੰ ਬਚਾ ਕੇ ਰੱਖਣ ਅਤੇ ਸਕੂਲਾਂ ਵਿਚ ਹਿੰਸਕ ਕਾਰਵਾਈਆਂ ਰੋਕਣ ਦੇ ਉਪਰਾਲਿਆਂ ਲਈ ਰੱਖੇ ਫੰਡਾਂ ਨੂੰ ਸੁਰੱਖਿਅਤ ਰੱਖਣ ਲਈ ਵੀ ਜੋਰ ਲਾ ਰਹੇ ਹਨ।

ਗੱਲਬਾਤ ਵਿਚ ਵਚੋਲੇ ਅਹਿਮ ਰੋਲ ਅਦਾ ਕਰਦੇ ਹਨ। ਹੁਣ ਤੱਕ ਸਰਕਾਰੀ ਵਿਚੋਲੇ ਕੰਮ ਕਰ ਰਹੇ ਸਨ, ਪਰ ਸਰਕਾਰ ਉਨ੍ਹਾਂ ਦੇ ਕੰਮ ਕਾਰ ਤੋਂ ਅੰਸਤੁਸ਼ਟੀ ਪਰਗਟ ਕਰਕੇ ਪ੍ਰਾਈਵੇਟ ਵਿਚੋਲੇ ਵਿਚ ਪਾਉਣ ਜਾ ਰਹੀ ਹੈ। ਵਿਚੋਲੇ ਆਮ ਤੌਰ ਤੇ ਦੋਨੋ ਧਿਰਾਂ ਨਾਲ ਵੱਖ ਵੱਖ ਸਮੇਂ ਗਲਬਾਤ ਕਰਕੇ ਮੀਟਿੰਗ ਤੇ ਉਸੇ ਵੇਲੇ ਹੀ ਇਕੱਠੇ ਕਰਦੇ ਹਨ, ਜਦ ਕਿਸੇ ਸਮਝੌਤੇ ਦੀ ਉਮੀਦ ਹੋਵੇ, ਇਸ ਨਾਲ ਗਲਬਾਤ ਕੜੱਕ ਟੁਟਣ ਦੀ ਥਾਂ ਚਲਦੀ ਰਹਿੰਦੀ ਹੈ। ਇਸ ਵਿਚ ਹਰ ਸੰਘਰਸ਼ ਦੀ ਤਰ੍ਹਾਂ ਦੋਨੋ ਧਿਰਾਂ ਅਪਣੇ ਪਹਿਲਾਂ ਐਲਾਨੇ ਟੀਚਿਆਂ ਤੋਂ ਇਧਰ ਉਧਰ ਹੁੰਦੀਆਂ ਹਨ ਤਾਂ ਹੀ ਸਮਝੌਤੇ ਲਈ ਰਾਹ ਪੱਧਰਾ ਹੁੰਦਾ ਹੈ। ਇਹ ਸਭ ਹੋ ਰਿਹ ਹੈ।

ਪ੍ਰੋਗਰੈਸਿਵ ਕਲਚਰਲ ਸੈਂਟਰ ਸਰੀ ( ਬੀ.ਸੀ. )
ਅਗਾਂਹਵਧੂ ਕਮਿਊਨਿਟੀ ਦਾ ਸਿਰ.ਫ ਇਕੋ ਇਕ ਹਾਲ
ਇਸ ਹਾਲ ਵਿਚ ਤੁਸੀਂ ਹਰ ਕਿਸਮ ਦੀਆਂ ਮੀਟਿੰਗਾਂ, ਬੁੱਕ ਰਿਲੀਜ, ਕ੍ਰਿਸਮਿਸ ਪਾਰਟੀ, ਸਾਵਰ ਪਾਰਟੀ, ਬਰਥਡੇ ਪਾਰਟੀ, ਲੇਡੀਜ਼ ਪਾਰਟੀ ਜਾਂ ਮਾਈਆਂ ਵਗੈਰਾ ਤਕਰੀਬਨ 100 ਬੰਦਿਆਂ ਤੱਕ ਦੀ ਪਾਰਟੀ ਕਰ ਸਕਦੇ ਹੋ। ਪਾਰਕਿੰਗ ਦੀ ਕੋਈ ਸਮੱਸਿਆ ਨਹੀਂ। ਇਸ ਦੇ ਕਿਰਾਏ ਦੇ ਰੇਟ ਬਿਲਕੁਲ ਵਾਜਬ ਹਨ। ਇਹ ਹਾਲ ਲੋਕਾਂ ਦਾ ਹੈ ਤੇ ਲੋਕਾਂ ਲਈ ਹੈ।
ਹੋਰ ਜਾਣਕਾਰੀ ਲਈ, ਤੁਸੀਂ ਬੇਝਿਜਕ ਕਿਸੇ ਸਮੇਂ ਵੀ ਫੋਨ ਕਰ ਸਕਦੇ ਹੋ।
# 126, 7536-130 ਸਟਰੀਟ ਸਰ੍ਹੀ ਬੀ.ਸੀ.
ਪਰਮਿੰਦਰ ਕੌਰ ਸਵੈਚ 604-760-4794 | Email : pswaich@hotmail.com ਮੱਖਣ ਦੁਸਾਂਝ : 778-251-6010 | Email : makhan.dosanjh55gmail.com

# ਉਂਟਾਰੀਓ ਦੇ ਅਧਿਆਪਕਾਂ ਦੀ ਹੜਤਾਲ ਅਸਲ ਮਕਸਦ ਕੀ ਹੈ ?

ਹਜ਼ਾਰਾ ਸਿੰਘ
905-795-3428

ਉਂਟਾਰੀਓ ਦੇ ਅਧਿਆਪਕਾਂ ਦਾ ਪਿਛਲਾ ਕੰਟਰੈਕਟ 31 ਅਗਸਤ 2019 ਨੂੰ ਖਤਮ ਹੋ ਗਿਆ ਸੀ। ਅਗਲਾ ਕੰਟਰਕੈਟ ਨਾਂ ਹੋ ਸਕਣ ਕਾਰਨ ਮਾਮਲਾ ਲੇਬਰ ਬੋਰਡ ਗਿਆ, ਗੱਲ ਕਿਸੇ ਸਿਰੇ ਨਾਂ ਲੱਗੀ ਤਾਂ ਟੀਚਰਜ਼ ਲੀਗਲ ਸਟਰਾਈਕ ਕਰਨ ਦੇ ਹੱਕਦਾਰ ਹੋ ਗਏ। ਕੋਈ 98× ਟੀਚਰਜ਼ ਨੇ ਹੜਤਾਲ ਦੇ ਹੱਕ ਵਿੱਚ ਵੋਟ ਪਾਈ। ਸਰਕਾਰ ਨੇ ਕੋਈ ਗੱਲ ਨਾਂ ਗੌਲੀ ਤਾਂ ਟੀਚਰਜ਼ ਵਰਕ ਟੂ ਰੂਲ ਤੇ ਚਲੇ ਗਏ। ਸਰਕਾਰੀ ਹਲਕਿਆਂ ਵਿੱਚ ਫਿਰ ਵੀ ਕੋਈ ਹਿਲਜੁਲ ਨਾਂ ਹੋਈ ਤਾਂ ਆਪਣੇ ਮਸਲੇ ਵਲ ਧਿਆਨ ਦੁਆਉਣ ਲਈ ਟੀਚਰਜ਼ ਨੇ 4 ਦਿਸੰਬਰ ਵਾਲੇ ਦਿਨ ਇੱਕ ਦਿਨ ਦੀ ਹੜਤਾਲ ਦਾ ਐਲਾਨ ਕਰ ਦਿੱਤਾ। ਉਸ ਦਿਨ ਤੋਂ ਬਾਅਦ ਸਾਰੇ ਸੂਬੇ ਦੀ ਥਾਂ ਕੁੱਝ ਸਕੂਲ ਬੋਰਡਾਂ ਵਿੱਚ ਇੱਕ ਰੋਜ਼ਾ ਹੜਤਾਲ ਦਾ ਸਿਲਸਿਲਾ ਸ਼ੁਰੂ ਹੋ ਗਿਆ। ਜਿਸ ਕਾਰਨ ਹਰ ਹਫਤੇ ਕਿਸੇ ਨਾਂ ਕਿਸੇ ਸਕੂਲ ਬੋਰਡ ਦੇ ਸਕੂਲ ਬੰਦ ਰਹੇ। ਕੋਈ ਦੋ ਮਹੀਨੇ ਵਾਰੀ ਵਾਰੀ ਹਰ ਸਕੂਲ ਬੋਰਡ ਵਿੱਚ ਹਫਤਾਵਾਰੀ ਹੜਤਾਲ ਕਾਰਨ ਸਕੂਲ ਬੰਦ ਹੋਏ। ਪਰ ਸਰਕਾਰ ਨੇ ਹੜਤਾਲ ਦਾ ਹੱਲ ਕੱਢਣ ਲਈ ਨਵੇਂ ਕੰਟਰਕੈਟ ਸੰਬੰਧੀ ਬਹੁਤੇ ਸੁਹਿਰਦ ਕਦਮ ਨਾਂ ਪੁੱਟੇ। ਕਈ ਟੀਚਰਜ਼ ਯੂਨੀਅਨਜ਼ ਨਾਲ ਅੱਧ ਦਿਸੰਬਰ ਤੋਂ ਬਾਅਦ ਕੋਈ ਗੱਲ ਨਾਂ ਹੋਈ , ਕਈਆਂ ਨਾਲ ਮਾਮੂਲੀ ਗੱਲ ਹੋਈ ਅਤੇ ਟੁੱਟ ਗਈ। ਯਾਦ ਰਹੇ, ਸੂਬੇ ਵਿੱਚ ਕੁੱਲ ਚਾਰ ਟੀਚਰਜ਼ ਯੂਨੀਅਨਜ਼ ਹਨ ਜਿਨ੍ਹਾਂ ਨਾਲ ਨਵਾਂ ਕੰਟਰੈਕਟ ਹੋਣਾ ਹੈ। ਜਦ ਟੀਚਰਜ਼ ਯੂਨੀਅਨਜ਼ ਨਾਲ ਹੋਈ ਗੱਲਬਾਤ ਅੱਗੇ ਨਾਂ ਤੁਰੀ ਤਾਂ ਚਾਰੇ ਟੀਚਰਜ਼ ਯੂਨੀਅਨਜ਼ ਨੇ ਲੰਘੀ 21 ਫਰਵਰੀ ਨੂੰ ਇਕੱਠਿਆਂ ਹੀ ਸਾਰੇ ਸੂਬੇ ਵਿੱਚ ਇੱਕ ਦਿਨ ਦੀ ਹੜਤਾਲ ਕੀਤੀ। ਇਸ ਸੂਬੇ ਵਿੱਚ ਅਜਿਹਾ ਕੋਈ 22 ਸਾਲਾਂ ਬਾਅਦ ਵਾਪਰਿਆ ਹੈ। ਅਧਿਆਪਕਾਂ ਦੀ ਇਸ ਹੜਤਾਲ ਨਾਲ ਸੰਬੰਧਿਤ ਜੋ ਅਹਿਮ ਨੁਕਤੇ ਉਭਰਕੇ ਸਾਹਮਣੇ ਆ ਰਹੇ ਹਨ, ਉਹ ਕੁੱਝ ਇਸ ਪ੍ਰਕਾਰ ਹਨ:-

**ਹੜਤਾਲ ਜਮਾਤੀ ਸੰਘਰਸ਼ ਦੀ ਲਗਾਤਾਰਤਾ** : ਅਧਿਆਪਕਾਂ ਦੀ ਇਸ ਹੜਤਾਲ ਨੂੰ ਕਾਮਿਆਂ ਅਤੇ ਜਨਤਾ ਵੱਲੋਂ ਚੰਗੀਆਂ ਸਹੂਲਤਾਂ ਦੀ ਪ੍ਰਾਪਤੀ ਲਈ ਚਲੇ ਆ ਰਹੇ ਜਮਾਤੀ ਸੰਘਰਸ਼ ਦੀ ਲਗਾਤਾਰਤਾ ਦੇ ਸੰਦਰਭ ਵਿੱਚ ਵੇਖਿਆ ਜਾਏ ਤਾਂ ਇਹ ਹੜਤਾਲ ਵੀ ਪਿਛਲੇ 100 ਸਾਲ ਤੋਂ ਚਲੀ ਆ ਰਹੀ ਲੇਬਰ ਮੂਵਮੈਂਟ ਦਾ ਹੀ ਹਿੱਸਾ ਹੈ ਜਿਸ ਜ਼ਰੀਏ ਕਾਮਿਆਂ ਨੇ ਚੰਗੀਆਂ ਤਨਖਾਹਾਂ, ਚੰਗੀਆਂ ਸਹੂਲਤਾਂ , ਕੰਮ ਦੇ ਅੱਠ ਘੰਟੇ, ਛੁੱਟੀਆਂ ਅਤੇ ਹੋਰ ਬੈਨੀਫਿਟਸ ਹਾਸਿਲ ਕੀਤੇ ਹਨ। ਜਨਤਾ ਨੇ ਸੰਘਰਸ਼ ਜ਼ਰੀਏ ਪਬਲਿਕ ਸਿੱਖਿਆ ਅਤੇ ਚੰਗੀਆਂ ਸਿਹਤ ਸਹੂਲਤਾਂ ਪਰਾਪਤ ਕੀਤੀਆਂ। ਪਰ ਕੁੱਝ ਸਮੇ ਤੋਂ ਸਰਕਾਰਾਂ ਲੋਕਾਂ ਦੀਆਂ ਸਹੂਲਤਾਂ ਘਟਾਉਣ ਅਤੇ ਕਾਮਿਆਂ ਦੀਆਂ ਉਹ ਪ੍ਰਾਪਤੀਆਂ ਜੋ ਉਨ੍ਹਾਂ ਕੋਈ ਸੌ ਸਾਲ ਦੇ ਸੰਘਰਸ਼ ਦੌਰਾਨ ਹਾਸਲ ਕੀਤੀਆਂ ਸਨ, ਨੂੰ ਵਾਪਸ ਲੈਣ ਦੇ ਰੌਂਅ ਵਿੱਚ ਹਨ। ਮੌਜੂਦਾ ਹੜਤਾਲ ਦੌਰਾਨ ਵੀ ਸਰਕਾਰ ਵੱਲੋਂ ਫੰਡਾਂ ਦੀ ਕਟੌਤੀ ਕਰਕੇ ਪਬਲਿਕ ਸਕੂਲ ਸਿਸਟਮ ਨੂੰ ਖੋਰਾ ਲਾ ਕੇ ਕਮਜ਼ੋਰ ਕਰਨ ਅਤੇ ਸਕੂਲਾਂ ਵਿੱਚ ਕੰਮ ਕਰਨ ਵਾਲੇ ਕਾਮਿਆਂ ਦੀ ਸਹੂਲਤਾਂ ਘਟਾਉਣ ਵਰਗੇ ਮੁੱਦੇ ਹੀ ਸਾਹਮਣੇ ਆਉਂਦੇ ਹਨ। ਟੀਚਰਜ਼ ਜਿੱਥੇ ਆਪਣੇ ਕੰਮ ਦੇ ਹਾਲਾਤ ਅਤੇ ਤਨਖਾਹਾਂ ਦੇ ਵਾਧੇ ਦੀ ਲੜਾਈ ਲੜ ਰਹੇ ਹਨ ਉੱਥੇ ਮੁੱਖ ਮੁੱਦਾ ਪਬਲਿਕ ਸਕੂਲ ਸਿਸਟਮ ਨੂੰ ਖੁਰਦ ਬੁਰਦ ਹੋਣ ਤੋਂ ਬਚਾਉਣ ਦਾ ਵੀ ਹੈ। ਆਮ ਜਨਤਾ ਨੂੰ ਖਦਸ਼ਾ ਹੈ ਕਿ ਫੰਡਾਂ ਵਿੱਚ ਕਟੌਤੀ ਕਾਰਨ ਸਰਕਾਰੀ ਸਕੂਲਾਂ ਦਾ ਮਿਆਰ ਡਿੱਗੇਗਾ। ਨਤੀਜੇ ਵਜੋਂ ਲੋਕਾਂ ਵਿੱਚ ਇਸ ਸਿਸਟਮ ਪ੍ਰਤੀ ਬੇਵਿਸ਼ਵਾਸ਼ੀ ਫੈਲੇਗੀ ਜਿਸ ਨਾਲ ਪ੍ਰਾਈਵੇਟ ਸਕੂਲਾਂ ਦੇ ਖੁਲ੍ਹਣ ਦਾ ਰਾਹ ਖੁਲ੍ਹੇਗਾ। ਪ੍ਰਾਈਵੇਟ ਸਕੂਲ ਸਭ ਦੀ ਪਹੁੰਚ ਵਿੱਚ ਨਹੀ ਹੋਣਗੇ ਅਤੇ ਆਮ ਲੋਕ ਸਿੱਖਿਆ ਦੀ ਸਹੂਲਤ ਤੋਂ ਵਾਂਝੇ ਹੋ ਜਾਣਗੇ। ਇਸ ਤਰਾਂ ਇਹ ਹੜਤਾਲ ਵੀ 99% ਬਨਾਮ 1% ਚਲੇ ਆ ਰਹੇ ਜਮਾਤੀ ਸੰਘਰਸ਼ ਦੀ ਹੀ ਲਗਾਤਾਰਤਾ ਹੈ।

ਹੜਤਾਲ ਦੇ ਤੱਤਕਾਲੀ ਕਾਰਨ: ਸੂਬੇ ਦੀ ਮੌਜੂਦਾ ਸਰਕਾਰ ਨੂੰ ਤਕਰੀਬਨ ਡੇਢ ਸਾਲ ਪਹਿਲਾਂ ਪਤਾ ਸੀ ਕਿ 31 ਅਗਸਤ 2019 ਨੂੰ ਟੀਚਰਜ਼ ਦਾ ਕੰਟਰੈਕਟ ਖਤਮ ਹੋਣ ਵਾਲਾ ਹੈ ਜਿਸ ਲਈ ਕਨੂੰਨ ਅਨੁਸਾਰ ਗੱਲਬਾਤ ਕਰਨੀ ਪਵੇਗੀ। ਪਰ ਗੱਲਬਾਤ ਵੱਲ ਤਵੱਜੋ ਦੇਣ ਦੀ ਬਜਾਇ ਡੱਗ ਫੋਰਡ ਦੀ ਸਰਕਾਰ ਨੇ ਮਾਰਚ 2019 ਵਿੱਚ ਸਿੱਖਿਆ ਬਾਰੇ ਧੱਕੜਸ਼ਾਹੀ ਵਾਲੀ ਨੀਤੀ ਜਾਰੀ ਕਰ ਦਿੱਤੀ। ਜਿਸ ਵਿੱਚ ਹਾਈ ਸਕੂਲਾਂ ਦੀਆਂ ਕਲਾਸਾਂ ਦਾ ਵਿੱਚ ਵਿਦਿਆਰਥੀਆਂ ਦੀ ਗਿਣਤੀ 33% (22 ਤੋਂ 28) ਵਧਾਉਣਾ, ਚਾਰ ਈ-ਲਰਨਿੰਗ ਕੋਰਸ ਲਾਜ਼ਮੀ ਕਰਨਾ, ਸਪੈਸ਼ਲ ਜ਼ਰੂਰਤਾਂ ਵਾਲੇ ਬੱਚਿਆਂ ਵਾਸਤੇ ਟੀਚਿੰਗ ਅਸਿਸਟੈਂਟਸ ਦੀ ਗਿਣਤੀ ਘਟਾਉਣਾ, ਟੀਚਰ ਭਰਤੀ ਦੇ ਮਾਮਲੇ ਵਿੱਚ ਭਾਈ ਭਤੀਜੇ ਭਰਤੀ ਕਰਨ ਦੀ ਪ੍ਰੰਪਰਾ ਰੋਕਣ ਲਈ ਬੜੀ ਜੱਦੋ ਜਹਿਦ ਤੋਂ ਬਾਅਦ ਬਣੇ ਨਿਯਮ ਨੂੰ ਤੋੜਨਾ ਅਤੇ ਟੀਚਰਾਂ ਸਮੇਤ ਸਭ ਪਬਲਿਕ ਵਰਕਰਜ਼ ਦੀ ਤਨਖਾਹ ਦੇ ਵਾਧੇ ਨੂੰ ਕੇਵਲ 1% ਤੇ ਸੀਮਿਤ ਕਰਨਾ, ਸ਼ਾਮਿਲ ਸੀ। ਸਰਕਾਰ ਦੀ ਇਹ ਨੀਤੀ ਜਿੱਥੇ ਵਰਕਰਜ਼ ਨੂੰ ਖੁੱਲ੍ਹੀ ਗੱਲਬਾਤ ਰਾਹੀ ਸਮਝੌਤੇ ਤੇ ਅੱਪੜਨ ਵਾਲੇ ਮਿਲੇ ਕਨੂੰਨੀ ਅਧਿਕਾਰਾਂ ਦੀ ਉਲੰਘਣਾ ਸੀ ਉੱਥੇ ਇਸ ਨੀਤੀ ਦੇ ਦੋ ਮਕਸਦ ਸਨ। ਪਹਿਲਾ ਕਲਾਸਾਂ ਵੱਡੀਆਂ ਕਰਕੇ ਟੀਚਰਾਂ ਦੀ ਗਿਣਤੀ ਘਟਾਉਣਾ ਅਤੇ ਦੂਸਰਾ ਤਨਖਾਹਾਂ ਵਿੱਚ ਵਾਧੇ ਦੀ ਦਰ ਨੂੰ ਮਹਿੰਗਾਈ ਦੀ ਦਰ ਤੋਂ ਘੱਟ ਰੱਖਣਾ।

ਹੁਣ, ਜਦ ਨਵੇਂ ਕੰਟਰੈਕਟ ਦੀ ਗੱਲਬਾਤ ਦਾ ਵੇਲਾ ਆਇਆ ਤਾਂ ਗੱਲਬਾਤ ਦੀ ਤਾਂ ਗੁੰਜ਼ਾਇਸ਼ਹੀ ਕੋਈ ਨਹੀ ਸੀ, ਜਿਨ੍ਹਾਂ ਮੱਦਿਆਂ ਬਾਰੇ ਗੱਲ ਕਰਨੀ ਸੀ ਸਰਕਾਰ ਤਾਂ ਉਨ੍ਹਾਂ ਬਾਰੇ ਪਹਿਲਾਂ ਹੀ ਸ਼ਰਤਾਂ ਪੱਕੀਆਂ ਕਰੀ ਬੈਠੀ ਸੀ । ਨਤੀਜੇ ਵਜੋਂ ਹਾਲਾਤ ਹੜਤਾਲ ਵੱਲ ਵਧਣੇ ਸ਼ੁਰੂ ਹੋ ਗਏ ਅਤੇ ਅੰਤ ਹੜਤਾਲਾਂ ਦਾ ਦੌਰ ਚੱਲ ਪਿਆ। ਗੱਲ ਨੂੰ ਜ਼ਰਾ ਡੂੰਘਿਆਈ

ਵਿੱਚ ਸਮਝਣ ਲਈ ਆਓ ਮੁੱਖ ਮੁੱਦਿਆਂ ਨੂੰ ਜ਼ਰਾ ਵਿਸਥਾਰ ਵਿੱਚ ਘੋਖੀਏ।

(1) **ਕਲਾਸ ਸਾਈਜ਼**: ਮੌਜੂਦਾ ਸਮੇ ਸਰਕਾਰ 22 ਬੱਚਿਆਂ ਪਿੱਛੇ ਇੱਕ ਸਟਾਫ ਮੈਂਬਰ (ਕੇਵਲ ਟੀਚਰ ਨਹੀ), ਜਿਨ੍ਹਾਂ ਵਿੱਚ ਪ੍ਰਿੰਸੀਪਲ, ਵਾਈਸ ਪਿੰਸੀਪਲ, ਗਾਈਡੈਂਸ ਕੌਂਸਲਰ, ਲਾਇਬ੍ਰੇਰੀਅਨ ਆਦਿ (ਜੋ ਕਲਾਸਾਂ ਨਹੀ ਲੈਂਦੇ), ਲਈ ਫੰਡਿਗ ਕਰਦੀ ਹੈ। ਜਿਸ ਕਾਰਨ ਫੰਡਿਗ ਫਾਰਮੂਲਾ ਭਾਵੇ 22:1 ਦਾ ਹੈ ਪਰ ਕਲਾਸ ਵਿੱਚ ਬੱਚਿਆਂ ਦੀ ਗਿਣਤੀ 34 ਤੱਕ ਜਾ ਸਕਦੀ ਹੈ। ਸਰਕਾਰ ਇਸ ਫਾਰਮੂਲੇ ਨੂੰ ਬਦਲਕੇ 28:1 ਕਰਨਾ ਚਾਹੁੰਦੀ ਹੈ। ਜਿਸ ਦੇ ਨਤੀਜੇ ਵਜੋਂ ਕਲਾਸ ਵਿੱਚ ਬੱਚਿਆਂ ਦੀ ਗਿਣਤੀ 40 ਤੋਂ ਉੱਪਰ ਹੋ ਜਾਵੇਗੀ।ਇਸ ਤਰੀਕੇ ਸਰਕਾਰ ਤਕਰੀਬਨ 25% ਟੀਚਰਾਂ ਦੀ ਗਿਣਤੀ ਘਟਾ ਕੇ ਪੈਸਾ ਬਚਾਉਣ ਦੇ ਰੌਂਅ ਵਿੱਚ ਹੈ। ਵੱਡੀਆਂ ਕਲਾਸਾਂ ਕਾਰਨ ਪੜ੍ਹਾਈ ਦੇ ਮਿਆਰ ਤੇ ਯਕੀਨਨ ਮਾੜਾ ਅਸਰ ਪਵੇਗਾ। ਯਾਦ ਰਹੇ ਪ੍ਰਾਈਵੇਟ ਸਕੂਲਾਂ ਵਾਲੇ ਬੱਚਿਆਂ ਨੂੰ ਆਪਣੇ ਸਕੂਲਾਂ ਵੱਲ ਖਿੱਚਣ ਲਈ ਹਮੇਸ਼ਾਂ ਹੀ ਛੋਟੀਆਂ ਕਲਾਸਾਂ (15 ਤੋਂ 17) ਵਾਲੇ ਪੱਖ ਨੂੰ ਉਭਾਰ ਕੇ ਪੇਸ਼ ਕਰਦੇ ਹਨ। ਵੈਸੇ ਵੀ ਇਹ ਸਾਧਾਰਨ ਸਮਝ ਦੀ ਹੀ ਗੱਲ ਹੈ ਕਿ ਛੋਟੀਆਂ ਕਲਾਸਾਂ ਵਿੱਚ ਵੱਡੀਆਂ ਕਲਾਸਾ ਦੇ ਮੁਕਾਬਲੇ ਪੜ੍ਹਾਈ ਦਾ ਮਿਆਰ ਬਿਹਤਰ ਹੋਣ ਦੀਆਂ ਸੰਭਾਵਨਾਂ ਵੱਧ ਹਨ। ਟੀਚਰਜ਼ ਦਾ ਇਹ ਮੰਨਣਾ ਹੈ ਕਿ ਸਰਕਾਰ ਕਲਾਸਾਂ ਦਾ ਸਾਈਜ਼ ਵਧਾ ਕੇ ਸਰਕਾਰੀ ਸਕੂਲ ਸਿਟਮ ਦੇ ਮਿਆਰ ਨੂੰ ਖੋਰਾ ਲਾਉਣਾ ਚਾਹੰਦੀ ਹੈ ਤਾਂ ਜੋ ਪ੍ਰਾਈਵੇਟ ਸਕੂਲਾਂ ਵਾਸਤੇ ਰਾਹ ਖੋਲ੍ਹਿਆ ਜਾ ਸਕੇ। ਚੰਗੇ ਸਮਾਜ ਲਈ ਮਜ਼ਬੂਤ ਪਬਲਿਕ ਸਕੂਲ ਸਿਸਟਮ ਦਾ ਹੋਣਾ ਬੜਾ ਜ਼ਰੂਰੀ ਹੈ। ਮੌਜੂਦਾ ਸਿਸਟਮ ਉਸਾਰਨ ਨੂੰ ਕਈ ਦਹਾਕੇ ਲੱਗੇ ਹਨ, ਸਿਸਟਮ ਵਧੀਆ ਹੈ ਅਤੇ ਇਸ ਨੂੰ ਹੋਰ ਬਿਹਤਰ ਬਣਾਉਣ ਲਈ ਯਤਨ ਕਰਨੇ ਚਾਹੀਦੇ ਹਨ ਨਾਂ ਕਿ ਇਸ ਨੂੰ ਖੁਰਦ ਬੁਰਦ ਕਰਨ ਲਈ। ਵੈਸੇ ਹੁਣ ਸਰਕਾਰ 22:1 ਦੀ ਥਾਂ 25:1 ਵਾਲੇ ਫਾਰਮੂਲੇ ਦੀ ਗੱਲ ਕਰਨ ਲੱਗ ਪਈ ਹੈ। ਇਸ ਮੁਤਾਬਿਕ ਵੀ ਕਲਾਸ ਵਿੱਚ ਬੱਚਿਆਂ ਦੀ ਗਿਣਤੀ 38 ਤੋਂ ਘਟੇਗੀ ਨਹੀ। ਸਰਕਾਰ ਨੇ ਕੀ ਸੋਚ ਕੇ 22 ਤੋਂ 28 ਕਰਨ ਦਾ ਸੋਚਿਆ ਸੀ ਅਤੇ ਹੁਣ ਕੀ ਸੋਚ ਕੇ 28 ਤੋਂ 25 ਕਰ ਰਹੇ ਹਨ, ਇਹ ਤਾਂ ਸਰਕਾਰ ਜਾਣਦੀ ਹੋਏਗੀ ਪਰ ਟੀਚਰਜ਼ ਅਨੁਸਾਰ ਇਹ ਬੱਚਿਆਂ ਦੇ ਹਿਤ ਵਿੱਚ ਨਹੀ ਹੈ, ਪੜ੍ਹਾਈ ਦੇ ਮਿਆਰ ਨੂੰ ਹੇਠਾਂ ਲਿਆਉਣ ਵਾਲਾ ਕਦਮ ਹੀ ਹੈ। ਇੱਥੇ ਇਹ ਗੱਲ ਵਰਨਣ ਯੋਗ ਹੋਏਗੀ ਕਿ ਬੀਸੀ ਸਰਕਾਰ ਨੇ ਵੀ 2002 ਵਿੱਚ ਕਲਾਸ ਸਾਈਜ਼ ਵੱਡੇ ਕਰਨ ਲਈ ਕਨੂੰਨ ਬਣਾਏ। ਟੀਚਰਜ਼ ਨੇ ਵਿਰੋਧ ਕੀਤਾ ਪਰ ਸਰਕਾਰ ਨੇ ਇਸ ਨੂੰ ਆਪਣਾ ਹੱਕ ਸਮਝਕੇ ਲਾਗੂ ਕਰ ਦਿੱਤਾ। ਟੀਚਰਜ਼ ਨੇ ਕਰਜ਼ਾ ਚੁੱਕ ਕੇ 15 ਸਾਲ ਕੈਨੇਡਾ ਦੀ ਸਪਰੀਮ ਕੋਰਟ ਤੱਕ ਕੇਸ ਲੜੇ ਅਤੇ ਜਿੱਤੇ। ਕੋਰਟ ਦੇ ਹੁਕਮ ਅਨੁਸਾਰ ਬੀਸੀ ਸਰਕਾਰ ਨੂੰ 2017 ਵਿੱਚ ਜਾਕੇ 2002 ਵਾਲਾ ਕਲਾਸ ਸਾਈਜ਼ ਬਹਾਲ ਕਰਨਾ ਪਿਆ।ਹੁਣ ਉਂਟਾਰੀਓ ਦੇ ਟੀਚਰ ਵੀ ਪਹਿਲਾਂ ਵਾਲੇ ਕਲਾਸ ਸਾਈਜ਼ ਅਨੁਸਾਰ 22:1 ਵਾਲਾ ਫੰਡਿਗ ਫਾਰਮੂਲਾ ਬਰਕਰਾਰ ਰੱਖਣ ਲਈ ਸੰਘਰਸ਼ ਕਰ ਰਹੇ ਹਨ। ਸੂਬੇ ਦੇ ਬਹੁਗਣਿਤੀ ਲੋਕ ਇਸ ਅਹਿਮ ਨੁਕਤੇ ਨੂੰ ਸਮਝਦੇ ਹਨ ਅਤੇ ਟੀਚਰਾਂ ਦੇ ਇਸ ਨੁਕਤੇ ਦੀ ਹਮਾਇਤ ਕਰਦੇ ਹਨ।

(2) **ਲਾਜ਼ਮੀ ਈ-ਲਰਨਿੰਗ**: ਐਸ ਵਕਤ ਵੀ ਬੱਚੇ ਈ-ਕੋਰਸ ਲੈ ਰਹੇ ਹਨ। ਪਰ ਇਹ ਉਨ੍ਹਾਂ ਦੀ ਮਰਜ਼ੀ ਤੇ ਨਿਰਭਰ ਕਰਦਾ ਹੈ। ਲਾਜ਼ਮੀ ਨਹੀ ਹਨ। ਸਰਕਾਰ ਨੇ ਪਹਿਲਾਂ ਚਾਰ ਕੋਰਸ ਲਾਜ਼ਮੀ ਕਰਨ ਦੀ ਗੱਲ ਕੀਤੀ ਹੁਣ ਦੋ ਕਹਿ ਰਹੇ ਹਨ। ਇਹ ਅਮ੍ਰੀਕਾ ਦੇ ਅਲਬਾਮਾ ਅਤੇ ਮਿਸ਼ੀਗਨ ਸੂਬਿਆਂ ਦੀ ਤਰਜ਼ ਤੇ ਕਰਨ ਦੀ ਕੋਸ਼ਿਸ਼ ਹੈ। ਜਿੱਥੇ ਦੇ ਨਤੀਜੇ ਬਹੁਤੇ ਚੰਗੇ ਨਹੀ। ਇੱਥੇ ਦੇ ਵਿਦਿਅਕ ਮਾਹਿਰ ਇਸ ਨੂੰ ਨਾਮਨਜ਼ੂਰ ਕਰ ਚੁੱਕੇ ਹਨ। ਕੀਤੇ ਸਰਵੇ ਅਨੁਸਾਰ ਵਿਦਿਆਰਥੀ ਇਸ ਤਰੀਕੇ ਨੂੰ ਪਸੰਦ ਨਹੀ ਕਰਦੇ। ਸਕੂਲ ਬੋਰਡਾਂ ਅਨੁਸਾਰ ਸਰਕਾਰ ਨੇ ਲੋੜੀਂਦੇ ਸਾਧਨ ਅਤੇ ਸਾਜੋ ਸਾਮਾਨ ਦੀ ਕੋਈ ਵਿਉਂਤ ਨਹੀ ਦੱਸੀ। ਸਰਕਾਰ ਇਸ ਸਕੀਮ ਰਾਹੀ ਟੀਚਰਾਂ ਨੂੰ ਤਨਖਾਹ ਦੇਣ ਦੀ ਥਾਂ ਕਿਸੇ ਟੈਕਨਾਲੋਜੀ ਕੰਪਨੀ ਨੂੰ ਠੇਕਾ ਦੇ ਕੇ ਪੈਸਾ ਬਚਾਉਣਾ ਚਾਹੁੰਦੀ ਹੈ। ਠੇਕਾ ਲੈਣ ਵਾਲੀ ਕੰਪਨੀ ਮੁਨਾਫੇ ਦੀ ਝਾਕ ਲਾਈ ਬੈਠੀ ਹੈ। ਟੀਚਰਜ਼ ਦਾ ਇਹ ਕਹਿਣਾ ਹੈ ਕਿ ਈ-ਕੋਰਸਾਂ ਨੂੰ ਪਹਿਲਾਂ ਵਾਂਗ ਬੱਚਿਆਂ ਦੀ ਮਰਜ਼ੀ ਤੇ ਹੀ ਰਹਿਣ ਦਿਓ, ਹਰ ਕਿਸੇ ਲਈ ਲਾਜ਼ਮੀ ਨਾਂ ਬਣਾਓ। ਕਿਉਂਕਿ ਕਈ ਬੱਚਿਆਂ ਕੋਲ ਸਾਜੋ ਸਮਾਨ ਨਹੀ ਹੈ ਅਤੇ ਕਈ ਬੱਚੇ ਆਪਣੇ ਆਪ ਪੜ੍ਹ ਸਕਣ ਯੋਗ ਨਹੀ ਹੋਏ ਹੁੰਦੇ, ਉਨ੍ਹਾਂ ਨੂੰ ਟੀਚਰ ਦੀ ਸਹਾਇਤਾ ਦੀ ਲੋੜ ਪੈਂਦੀ ਹੈ। ਸਰਕਾਰ ਦੇ ਕਈ ਦਸਤਾਵੇਜ਼ ਇਹ ਦੱਸ ਪਾਉਂਦੇ ਹਨ ਕਿ ਸਰਕਾਰ 2024 ਤੋਂ ਬਾਅਦ ਸਾਰੇ ਦਾ ਸਾਰਾ ਹਾਈ ਸਕੂਲ ਹੀ ਈ-ਲਰਨਿੰਗ ਜ਼ਰੀਏ ਕਰਵਾਉਣ ਦੀ ਸੋਚ ਰਹੀ ਹੈ। ਤਿਰਛੀ ਨਜ਼ਰ ਵਾਲੇ ਇਹ ਸੋਚਦੇ ਹਨ ਕਿ ਇਸ ਮਸਲੇ ਪਿੱਛੇ ਮੁਨਾਫਾ ਬਣਾਉਣ ਲਈ ਕਾਹਲੀ ਕੋਈ ਟੈਕਨਾਲੋਜੀ ਕੰਪਨੀ ਸਰਗਰਮ ਹੈ ਜੋ ਪਬਲਕਿ ਸਿਸਟਮ ਵਿੱਚੋਂ ਪੈਸਾ ਖਿੱਚ ਕੇ ਆਪਣੇ ਬੋਝੇ ਵਿੱਚ ਪਾਉਣਾ ਚਾਹੁੰਦੀ ਹੈ। ਇੱਥੇ ਅਸਲ ਘਾਲਾ ਮਾਲਾ ਕੀ ਹੈ, ਇਹ ਤਾਂ ਸਮਾਂ ਹੀ ਦੱਸੇਗਾ ਪਰ ਪੀ ਸੀ ਪਾਰਟੀ ਕਾਰਪੋਰੇਸ਼ਦੇ ਹੱਕ ਵਿੱਚ ਕੰਮ ਕਰਨ ਵਾਲੇ ਲੋਕਾਂ ਦੀ ਪਾਰਟੀ ਦੇ ਤੌਰ ਤੇ ਜਾਣੀ ਜਾਂਦੀ ਹੋਣ ਕਰਕੇ ਸ਼ੱਕ ਕਰਨ ਵਾਲਿਆਂ ਨਾਲ ਇੱਕ ਦਮ ਅਸਹਿਮਤ ਨਹੀ ਹੋਇਆ ਜਾ ਸਕਦਾ। ਟੀਚਰਜ਼ ਦਾ ਵਿਚਾਰ ਹੈ ਕਿ ਪਬਲਿਕ ਸਿਸਟਮ ਵਿੱਚੋਂ ਪੈਸਾ ਕਾਰਪੋਰੇਸ਼ਨਜ਼ ਵੱਲ ਵਹਾਉਣਾ ਠੀਕ ਨਹੀ। ਇਸ ਲਈ ਪਬਲਿਕ ਸਿਸਟਮ ਨੂੰ ਮਜ਼ਬੂਤ ਬਣਾਈ ਰੱਖਣ ਲਈ ਈ-ਲਰਨਿੰਗ ਦੇ ਗੋਰਖ ਧੰਦੇ ਨੂੰ ਲਾਜ਼ਮੀ ਨਾਂ ਬਣਾਇਆ ਜਾਏ, ਬੱਚਿਆਂ ਦੀ ਮਨਸ਼ਾ ਤੇ ਹੀ ਰਹਿਣ ਦਿੱਤਾ ਜਾਏ।

(3) **ਸਪੈਸ਼ਲ ਲੋੜਾਂ ਵਾਲੇ ਬੱਚਿਆਂ ਦੀ ਫੰਡਿਗ ਦੀ ਬਹਾਲੀ**: ਇਹ ਮਸਲਾ ਮੁੱਖ ਤੌਰ ਤੇ ਛੋਟੇ ਸਕੂਲਾਂ ਨਾਲ ਸੰਬੰਧਿਤ ਹੈ। ਇਹ ਉਹ ਬੱਚੇ ਹੁੰਦੇ ਹਨ ਜਿਨ੍ਹਾਂ ਨੂੰ ਸ਼ਰੀਰਕ, ਮਾਨਸਿਕ, ਮਨੋਵਿਗਿਆਨਕ ਜਾਂ ਬੌਧਿਕ ਵਿਕਾਸ ਦੀਆਂ ਕੁੱਝ ਸਮੱਸਿਆਵਾਂ ਹੁੰਦੀਆਂ ਹਨ। ਇਨ੍ਹਾਂ ਦੀ ਸਹਾਇਤਾ ਲਈ ਟੀਚਿੰਗ ਐਸਿਸਟੈਂਟ ਲਗਾਏ ਜਾਂਦੇ ਹਨ। ਪਰ ਫੋਰਡ ਸਰਕਾਰ ਨੇ ਇਹ ਫੰਡਿਗ ਘਟਾ ਕੇ ਬਹੁਤ ਸਾਰੇ ਟੀਚਿੰਗ ਐਸਿਸਟੈਂਟ ਘਟਾ ਦਿੱਤੇ ਜਿਸ ਕਾਰਨ ਆਮ ਕਲਾਸਾਂ ਵਿੱਚ ਮੁਸ਼ਕਿਲਾਂ ਵਧ ਰਹੀਆਂ ਹਨ। ਕਈ ਵਾਰ ਟੀਚਰ ਨੂੰ ਸਾਰਾ ਧਿਆਨ ਇਹੋ ਜਿਹੇ ਇੱਕ ਬੱਚੇ ਨੂੰ ਸੰਭਾਲਣ ਤੇ ਹੀ ਲਾਉਣਾ ਪੈ ਜਾਂਦਾ ਹੈ ਜਿਸ ਕਾਰਨ ਬਾਕੀ ਸਾਰੀ ਕਲਾਸ ਦੇ ਬੱਚਿਆਂ ਦੀ ਪੜ੍ਹਾਈ ਤੇ ਬੁਰਾ ਅਸਰ ਪੈਂਦਾ ਹੈ। ਇਸ ਲਈ ਟੀਚਰ ਮੰਗ ਕਰ ਰਹੇ ਹਨ ਕਿ ਫੰਡਿਗ ਦਾ ਲੈਵਲ ਪਹਿਲਾਂ ਵਰਗਾ ਹੀ ਰੱਖਿਆ ਜਾਏ ਤਾਂ ਜੋ ਸਭ ਦੀ ਪੜ੍ਹਾਈ ਨਿਰਵਿਘਨ ਹੋ ਸਕੇ। ਫੋਰਡ ਸਰਕਾਰ ਇਨ੍ਹਾਂ ਲੋੜਵੰਦ ਬੱਚਿਆਂ ਲਈ ਚਾਹੀਦੇ ਫੰਡ ਬਚਾਉਣ ਦੇ ਯਤਨ ਵਜੋਂ ਕੱਟ ਤੇ ਕੱਟ ਲਾ ਰਹੀ ਹੈ।

(4) **ਫੁੱਲ ਡੇ ਕਿੰਡਰਗਾਰਟਨ** : ਸਰਕਾਰ ਦਾ ਮਨਸ਼ਾ ਹੈ ਕਿ ਪੈਸਾ ਬਚਾਉਣ ਲਈ ਟੀਚਰ ਦੀ ਥਾਂ ਕਿੰਡਰਗਾਰਟਨ ਦੇ ਬੱਚਿਆਂ ਵਾਸਤੇ ਘੱਟ ਤਨਖਾਹ ਤੇ ਈਸੀਈ ਟੀਚਰ ਭਰਤੀ ਕੀਤੇ ਜਾਣ। ਟੀਚਰ ਯੂਨੀਅਨ ਦਾ ਇਹ ਕਹਿਣਾ ਹੈ ਕਿ ਇਹ ਸਿਸਟਮ ਬੜੀ ਗੰਭੀਰ ਖੋਜ ਤੋਂ ਬਾਅਦ ਮਾਹਿਰਾਂ ਦੀ ਰਾਇ ਨਾਲ ਹੀ ਹੋਂਦ ਵਿੱਚ ਆਇਆ ਸੀ, ਇਸ ਲਈ ਬੱਚਿਆਂ ਦੇ ਹਿਤ ਵਿੱਚ ਇਹੋ ਹੀ ਹੈ ਕਿ ਪੈਸਾ ਬਚਾਉਣ ਦੇ ਚੱਕਰ ਵਿੱਚ ਇਸ ਨੂੰ ਬਦਲਿਆ ਨਾਂ ਜਾਏ।

(5) **ਟੀਚਰ ਭਰਤੀ ਕਰਨ ਦੇ ਨਿਯਮ ਵਿੱਚ ਤਬਦੀਲੀ**: ਟੀਚਰ ਭਰਤੀ ਕਰਨ ਦਾ ਮਸਲਾ ਪਾਰਦਰਸ਼ੀ ਨਾਂ ਹੋਣ ਕਾਰਨ ਪਿਛਲੇ ਸਮੇਂ ਦੌਰਾਨ ਟੀਚਰ ਭਰਤੀ ਕਰਨ ਦੇ ਢੰਗ ਤਰੀਕਿਆਂ ਵਿੱਚ ਸੁਧਾਰ ਦੀ ਮੰਗ ਕੀਤੀ ਜਾਂਦੀ ਸੀ। ਸਕੂਲ ਦਾ ਪ੍ਰਿੰਸੀਪਲ ਜਾਂ ਬੋਰਡ ਜੋ ਵੀ ਉਨ੍ਹਾਂ ਨੂੰ ਜਾਣਦਾ ਸੀ ਭਰਤੀ ਕਰ ਲਿਆ ਕਰਦੇ ਸਨ। ਇਸ ਵਿੱਚ ਸੁਧਾਰ ਕਰਨ ਲਈ 2012 ਵਿੱਚ ਸਰਕਾਰ ਨੇ ਨਿਯਮ 274 ਬਣਾਇਆ। ਜਿਸ ਅਨੁਸਾਰ ਟੀਚਰ ਭਰਤੀ ਕਰਨ ਲਈ ਪਹਿਲਾਂ ਤੋਂ ਹੀ ਸਪਲਾਈ ਟੀਚਰ ਵਜੋਂ ਕੰਮ ਕਰ ਰਹੇ ਯੋਗ ਉਮੀਦਵਾਰਾਂ ਨੂੰ ਵਿਚਾਰਨਾਂ ਜ਼ਰੂਰੀ ਬਣਾਇਆ ਗਿਆ ਤਾਂ ਜੋ ਭਾਈ ਭਤੀਜਾਵਾਦ ਵਾਲੇ ਤੌਰ ਤਰੀਕੇ ਨੂੰ ਬਦਲਿਆ ਜਾ ਸਕੇ। ਹੁਣ ਦੀ ਸਰਕਾਰ ਇਸ ਨਿਯਮ ਨੂੰ ਖਤਮ ਕਰਨਾ ਚਾਹੁੰਦੀ ਹੈ। ਯੂਨੀਅਨ ਇਹ ਚਾਹੁੰਦੀ ਹੈ ਕਿ ਇਸ ਨਿਯਮ ਵਿੱਚ ਕੋਈ ਤਬਦੀਲੀ ਨਾਂ ਕੀਤੀ ਜਾਵੇ। ਤਰਕ ਇਹ ਹੈ ਕਿ ਜੋ ਟੀਚਰ ਪਹਿਲਾਂ ਹੀ ਸਿਸਟਮ ਵਿੱਚ ਕੰਮ ਕਰਦੇ ਹਨ, ਯੋਗ ਹਨ, ਤਜ਼ਰਬੇਕਾਰ ਹਨ ਪਹਿਲਾਂ ਉਨ੍ਹਾਂ ਨੂੰ ਵਿਚਾਰਿਆ ਜਾਏ। ਜੇ ਉਨ੍ਹਾਂ ਵਿੱਚੋਂ ਕੋਈ ਯੋਗ ਨਾਂ ਲੱਭੇ ਤਾਂ ਬਾਹਰੋਂ ਭਰਤੀ ਕਰ ਲਿਆ ਜਾਏ। ਪਰ ਸਰਕਾਰ ਇਹ ਸ਼ਰਤ ਹਟਾਉਣਾ ਚਾਹੁੰਦੀ ਹੈ। ਜਿਸ ਨਾਲ ਟੀਚਰ ਭਰਤੀ ਹੋਣ ਲਈ ਲਿਆਕਤ ਦੇ ਨਾਲ ਨਾਲ ਜਾਣ ਪਛਾਣ ਹੋਣੀ ਵੀ ਜ਼ਰੂਰੀ ਹੈ ਵਾਲੀ ਪੁਰਾਣੀ ਰਵਾਇਤ ਮੁੜ ਬਹਾਲ ਹੋਣ ਦਾ ਡਰ ਹੈ। ਸਰਕਾਰ ਚੰਗੇ ਟੀਚਰ ਭਰਤੀ ਕਰਨ ਦੀ ਖੁਲ੍ਹ ਦਾ ਤਰਕ ਦੇ ਕੇ ਇਸ ਨਿਯਮ ਨੂੰ ਖਤਮ ਤਾਂ ਕਰਨਾ ਚਾਹੁੰਦੀ ਹੈ ਪਰ ਭਾਈ ਭਤੀਜਾਵਾਦ ਵਾਲੀ ਬੁਰੀ ਰਵਾਇਤ ਨੂੰ ਨੱਥ ਪਾਉਣ ਲਈ ਕੀ ਕਰੇਗੀ, ਇਸ ਬਾਰੇ ਖਾਮੋਸ਼ ਹੈ।

(6) **1% ਬਨਾਮ 2% ਤਨਖਾਹ ਦਾ ਵਾਧਾ**: ਜੇ ਸੂਬੇ ਦੇ ਵਿੱਦਿਆ ਮੰਤਰੀ ਦੀ ਗੱਲ ਸੁਣੀਏ ਤਾਂ ਹੜਤਾਲ ਦਾ ਕਾਰਨ ਹੀ ਵੱਧ ਤਨਖਾਹ ਦੀ ਮੰਗ ਹੈ। ਉਹ ਟੀਚਰਾਂ ਨੂੰ ਤਨਖਾਹ ਵਧਾਉਣ ਦੇ ਲਾਲਚੀ ਸਾਬਿਤ ਕਰਨ ਲਈ ਜ਼ੋਰ ਲਾ ਰਿਹਾ ਹੈ। ਮੰਤਰੀ ਕਹਿ ਰਿਹਾ ਹੈ ਕਿ ਅਸੀ 1% ਤਨਖਾਹ ਵਧਾਉਣ ਨੂੰ ਤਿਆਰ ਹਾਂ ਪਰ ਟੀਚਰ 2% ਦੇ ਵਾਧੇ ਤੇ ਅੜੇ ਹੋਏ ਹਨ। ਟੀਚਰਾਂ ਦਾ ਕਹਿਣਾ ਹੈ ਕਿ ਪਿਛਲੇ ਦਸ ਸਾਲਾਂ ਦੌਰਾਨ ਸਾਡੀ ਤਨਖਾਹ ਦੇ ਵਾਧੇ ਦੀ ਦਰ ਮਹਿੰਗਾਈ ਦੀ ਦਰ ਤੋਂ ਘੱਟ ਰਹੀ ਹੈ, ਕਈ ਵਰ੍ਹੇ ਕੋਈ ਵਾਧਾ ਹੋਇਆ ਹੀ ਨਹੀ। ਇਸ ਲਈ ਐਤਕਾਂ ਮਹਿੰਗਾਈ ਦਰ (ਜੋ ਤਕਰੀਬਨ 2% ਹੈ) ਦੇ ਬਰਾਬਰ 2% ਤਨਖਾਹ ਵਧਾਈ ਜਾਏ । ਪਰ ਸਰਕਾਰ ਇਸ ਬਾਰੇ ਪਹਿਲਾਂ ਹੀ ਕਨੂੰਨ ਪਾਸ ਕਰ ਚੁੱਕੀ ਹੈ ਕਿ ਤਨਖਾਹ ਦਾ ਵਾਧਾ ਕੇਵਲ 1% ਹੀ ਹੋਵੇਗਾ ਜਿਸ ਕਾਰਨ ਗੱਲਬਾਤ ਦੀ ਕੋਈ ਗੁੰਜ਼ਾਇਸ਼ ਹੀ ਨਹੀਂ ਰਹਿਣ ਦਿੱਤੀ ਗਈ। ਵੈਸੇ ਯੂਨੀਅਨਜ਼ ਵੱਲੋਂ ਇਸ ਕਨੂੰਨ ਨੂੰ ਕੋਰਟ ਵਿੱਚ ਚੈਲਿੰਜ ਕੀਤਾ ਹੋਇਆ ਹੈ।

ਹੁਣ ਸਵਾਲ ਹੈ ਕਿ ਟੀਚਰਾਂ ਦੀ 2% ਵਾਧੇ ਵਾਲੀ ਮੰਗ ਦਾ ਆਧਾਰ ਕੀ ਹੈ? ਇਹ ਪੀਸੀ ਸਰਕਾਰ ਠੋਕਵੇਂ ਦਾਅਵੇ ਕਰਦੀ ਹੈ ਕਿ ਅਸੀ ਸੂਬੇ ਵਿੱਚ 308000 ਨੌਕਰੀਆਂ ਪੈਦਾ ਕਰ ਦਿੱਤੀਆਂ, ਸੂਬੇ ਦੀ ਆਰਥਿਕਤਾ ਵਧੀਆ ਕਰ ਦਿੱਤੀ, ਕੈਨੇਡਾ ਭਰ ਵਿੱਚ ਪੈਦਾ ਹੋਈਆਂ ਕੁੱਲ ਨੌਕਰੀਆਂ ਵਿੱਚੋਂ 76% ਨੌਕਰੀਆਂ ਕੇਵਲ ਉਂਟਾਰੀਓ ਵਿੱਚ ਹੀ ਪੈਦਾ ਹੋਈਆਂ, ਵਗੈਰਾ ਵਗੈਰਾ। ਨਿਰਸੰਦੇਹ ਸੂਬੇ ਦੀ ਆਰਥਿਕਤਾ ਵਧੀਆ ਹੈ। ਸਰਕਾਰ ਇਸ ਦਾ ਸਿਹਰਾ ਲੈਣਾ ਚਾਹੁੰਦੀ ਹੈ ਤਾਂ ਜ਼ਰੂਰ ਲਵੇ। ਪਰ ਸਵਾਲ ਸਿਰਫ ਇਹ ਹੈ ਕਿ ਜੇ ਸਭ ਕੁੱਝ ਵਧੀਆ ਹੈ ਤਾਂ ਫਿਰ ਜਿਤਨੀ ਮਹਿੰਗਾਈ ਹੋਈ ਹੈ ਟੀਚਰਾਂ ਦੀ ਤਨਖਾਹ ਵਿੱਚ ਉਤਨਾਂ ਵਾਧਾ ਕਿਉਂ ਨਹੀ ਕੀਤਾ ਜਾ ਸਕਦਾ?

ਇਹ ਹਨ ਉਹ ਮੁੱਦੇ ਜਿਨ੍ਹਾਂ ਦੁਆਲੇ ਸੂਬੇ ਭਰ ਦੇ ਅਧਿਆਪਕਾਂ ਦੀ ਹੜਤਾਲ ਘੁੰਮ ਰਹੀ ਹੈ। ਸੂਬੇ ਦੇ ਮੰਤਰੀ ਵੱਲੋਂ ਜਨਤਾ ਸਾਹਮਣੇ ਟੀਚਰਾਂ ਦੀ ਤਨਖਾਹ ਦੇ ਇੱਕੋ ਮੁੱਦੇ ਨੂੰ ਉਭਾਰ ਕੇ ਪੇਸ਼ ਕੀਤਾ ਰਿਹਾ ਹੈ ਪਰ ਕਲਾਸ ਸਾਈਜ਼ ਦੇ ਵਾਧੇ ਕਾਰਨ ਪੜ੍ਹਾਈ ਤੇ ਪੈਣ ਵਾਲੇ ਅਸਰਾਂ ਬਾਰੇ ਗੱਲ ਕਰਨ ਤੋਂ ਬਚਿਆ ਜਾ ਰਿਹਾ। ਦੂਸਰੇ ਪਾਸੇ ਟੀਚਰਜ਼ ਵੱਲੋਂ ਇਸ ਲੜਾਈ ਨੂੰ ਪਬਲਿਕ ਸਕੂਲ ਸਿਸਟਮ ਨੂੰ ਬਚਾਉਣ ਦੀ ਲੜਾਈ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਟੀਚਰਾਂ ਦਾ ਤਰਕ ਇਹ ਹੈ ਕਿ ਜੇ ਗੱਲ ਕੇਵਲ ਤਨਖਾਹ ਦੀ ਹੁੰਦੀ ਤਾਂ ਉਹ 1% ਲੈ ਕੇ ਫਾਇਦੇ ਵਿੱਚ ਸਨ। ਹੁਣ ਉਨ੍ਹਾਂ ਦੀ ਤਨਖਾਹ ਵਿੱਚ ਜੋ ਵਾਧਾ ਹੋਣਾ ਹੈ ਹੜਤਾਲ ਕਾਰਨ ਉਸ ਨਾਲੋਂ ਵੱਧ ਤਨਖਾਹ ਕੱਟੀ ਜਾ ਚੁੱਕੀ ਹੈ (ਯਾਦ ਰਹੇ ਹੜਤਾਲ ਵਾਲੇ ਦਿਨ ਟੀਚਰ ਨੂੰ ਨਾਂ ਤਨਖਾਹ ਮਿਲਦੀ ਹੈ ਅਤੇ ਨਾਂ ਉਹ ਛੁੱਟੀ ਕਰਕੇ ਘਰੇ ਬੈਠ ਸਕਦਾ ਹੈ, ਪਿਕਟ ਤੇ ਡਿਊਟੀ ਦੇਣੀ ਪੈਂਦੀ ਹੈ)। ਟੀਚਰਾਂ ਅਨੁਸਾਰ ਇਹ ਲੜਾਈ ਜਮਾਤੀ ਸੰਘਰਸ਼ ਦੀ ਚਆਉਂਦੀ ਵੱਡੀ ਲੜਾਈ ਦਾ ਹਿੱਸਾ ਹੈ।

ਪਿਛਲੇ ਸਮੇ ਵਿੱਚ ਕਾਮਿਆਂ ਨੇ ਜੋ ਸੰਘਰਸ਼ ਲੜੇ ਉਸਦਾ ਲਾਭ ਅੱਜ ਦੇ ਲੋਕ ਲੈ ਰਹੇ ਹਨ। ਅੱਜ ਦੀ ਲੜਾਈ ਦਾ ਲਾਭ ਭਵਿੱਖ ਦੇ ਲੋਕਾਂ ਨੂੰ ਹੋਵੇਗਾ। ਮੌਜੂਦਾ ਲੜਾਈ ਬਜ਼ੁਰਗਾਂ ਦੇ ਲੜ੍ਹੇ ਸੰਘਰਸ਼ਾਂ ਦਾ ਕਰਜ਼ ਲਾਹੁਣ ਲਈ ਭਵਿੱਖ ਦੀਆਂ ਪੀੜ੍ਹੀਆਂ ਵਾਸਤੇ ਮਜ਼ਬੂਤ ਪਬਲਿਕ ਸਕੂਲ ਸਿਸਟਮ ਨੂੰ ਬਚਾ ਕੇ ਰੱਖਣ ਦਾ ਫਰਜ਼ ਨਿਭਾਉਣ ਦੀ ਲੜਾਈ ਹੈ।

ਹੁਣ ਦੇ ਕਾਮੇ ਜੋ ਸਹੂਲਤਾਂ ਮਾਣ ਰਹੇ ਹਨ ਉਨ੍ਹਾਂ ਵਾਸਤੇ ਬਜ਼ੁਰਗਾਂ ਨੂੰ ਜੇਲ੍ਹਾਂ ਵਿੱਚ ਜਾਣਾ ਪਿਆ, ਗੋਲੀਆਂ ਖਾਣੀਆਂ ਪਈਆਂ ਅਤੇ ਲਹੂ ਵਹਾਉਣਾ ਪਿਆ ਸੀ। । ਉਨ੍ਹਾਂ ਕੁਰਬਾਨੀਆਂ ਮੁਕਾਬਲੇ ਹੜਤਾਲ ਕਾਰਨ ਮਾਇਕ ਘਾਟੇ ਅਤੇ -30 ਡਿਗਰੀ ਤਾਪਮਾਨ ਦੌਰਾਨ ਪੈਂਦੀ ਬਰਫ ਵਿੱਚ ਸਾਰੀ ਦਿਹਾੜੀ ਬਾਹਰ ਖੜ੍ਹਨ ਵਰਗੀਆਂ ਤਕਲੀਫਾਂ ਨਿਗੂਣੀਆਂ ਹਨ।

ਮੰਤਰੀ ਵੱਲੋਂ ਬਾਕੀ ਸਭ ਮੁੱਦਿਆਂ ਨੂੰ ਵਿਸਾਰ ਕੇ ਤਨਖਾਹ ਦਾ ਮੁੱਦਾ ਅੱਗੇ ਲਿਆਉਣ ਦੀ ਕੂਟਨੀਤੀ ਦੇ ਜਵਾਬ ਵਜੋਂ ਟੀਚਰ ਯੂਨੀਅਨ ਵਾਰ ਵਾਰ ਇਹ ਕਹਿ ਰਹੀ ਹੈ ਕਿ ਜੇ ਸਰਕਾਰ ਕਲਾਸ ਸਾਈਜ਼ ਅਤੇ ਸਟਾਫ ਦੀ ਗਿਣਤੀ ਪਹਿਲੇ ਅਨੁਸਾਰ ਬਹਾਲ ਕਰਨਾ ਮੰਨ ਜਾਏ ਤਾਂ ਅਸੀ ਹੜਤਾਲ ਖਤਮ ਕਰਕੇ ਬਾਕੀ ਮੁੱਦਿਆਂ ਦਾ ਹੱਲ ਗੱਲਬਾਤ ਰਾਹੀ ਕੱਢਣ ਲਈ ਤਿਆਰ ਹਾਂ ਪਰ ਮੰਤਰੀ ਇਸ ਗੱਲ ਤੇ ਆ ਨਹੀ ਰਿਹਾ ਕਿਉਕਿ ਅਸਲ ਗੱਲ ਟੀਚਰਾ ਦੀ ਤਨਖਾਹ ਵਧਾਉਣ ਦੀ ਨਹੀ ਬਲਕਿ ਫੰਡ ਘਟਾ ਕੇ ਮਜ਼ਬੂਤ ਸਿਸਟਮ ਨੂੰ ਖੋਰਾ ਲਾਉਣ ਦੀ ਹੈ। ਜਿਸ ਨਾਲ ਪਰਾਈਵੇਟ ਸਕੂਲਾਂ ਲਈ ਰਾਹ ਖੁਲ੍ਹੇਗਾ। ਕੁੱਝ ਧਨੀ ਮੁਨਾਫਾ ਕਮਾਉਣਗੇ, ਸਿੱਖਿਆ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋਰ ਜਾਵੇਗੀ। ਟੀਚਰਾਂ ਦਾ ਮੌਜੂਦਾ ਸੰਘਰਸ਼ ਇਸ ਵਰਤਾਰੇ ਨੂੰ ਰੋਕਣ ਦਾ ਇੱਕ ਯਤਨ ਹੈ।

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960



-ਯਸ਼ ਪਾਲ
9814535005

*16 ਫਰਵਰੀ ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼*

# ਬਾਗੀ-ਚਿੰਤਕ ਵਿਗਿਆਨੀ ਬਰੂਨੋ ਜਿਸਨੂੰ ਜਿਉਂਦੇ ਸਾੜਿਆ

ਅੱਜ ਤੋਂ 420 ਸਾਲ ਪਹਿਲਾਂ 16 ਫਰਵਰੀ, 1600 ਨੂੰ ਇਟਲੀ ਅੰਦਰ ਨੇਪਲਜ਼ ਦੇ ਨੇੜੇ ਨੋਲਾ ਨਾਂ ਦੇ ਪਿੰਡ ਦੇ ਜੰਮਪਲ ਜੀਅਰ ਡੈਨੋ ਬਰੂਨੋ ਨੂੰ ਤਫਤੀਸ਼ੀ ਸੂਹੀਆਂ ਵਲੋਂ ਖੰਭੇ ਨਾਲ ਬੰਨ੍ਹ ਕੇ ਜਿਉਂਦੇ ਨੂੰ ਸਾੜ ਦਿੱਤਾ ਗਿਆ ਸੀ। ਬਰੂਨੋ ਉਨ੍ਹਾਂ ਪਹਿਲੇ ਦਾਰਸ਼ਨਿਕ-ਚਿੰਤਕਾਂ ਵਿੱਚੋਂ ਇੱਕ ਸੀ ਜਿਨ੍ਹਾਂ ਨੇ ਵਿਗਿਆਨਕ ਅਤੇ ਦਾਰਸ਼ਨਿਕ ਵਿਚਾਰ ਦੇਸੀ ਭਾਸ਼ਾ ਵਿੱਚ ਬਹਿਸ ਅਧੀਨ ਲਿਆਂਦੇ ਸਨ। ਉਨ੍ਹਾਂ ਸਮਿਆਂ 'ਚ ਬੌਧਿਕ ਵਾਰਤਾਲਾਪ ਦੀ ਭਾਸ਼ਾ ਲਾਤੀਨੀ ਸੀ। ਇਸ ਕਰਕੇ ਬਰੂਨੋ ਨੂੰ ਵਿਗਿਆਨ ਦੇ ਮੁੱਢਲੇ ਲੋਕ-ਪ੍ਰਚਾਰਕਾਂ ਵਿੱਚ ਗਿਣਿਆ ਜਾ ਸਕਦਾ ਹੈ। ਬਰੂਨੋ ਦਾ ਨਾਂ ਉਨ੍ਹਾਂ ਮੁੱਢਲੇ ਵਿਗਿਆਨੀਆਂ ਵਿਚੋਂ ਇੱਕ ਉੱਭਰਵੀਂ ਮਿਸਾਲ ਵਜੋਂ ਲਿਆ ਜਾਂਦਾ ਹੈ ਜਿਨ੍ਹਾਂ ਨੇ 16ਵੀਂ ਤੇ 17ਵੀਂ ਸਦੀ ਦੌਰਾਨ ਧਾਰਮਿਕ ਸੱਤਾਧਾਰੀਆਂ ਹੱਥੋਂ ਭਾਰੀ ਤਸੀਹੇ ਝੱਲੇ।

ਬਰੂਨੋ ਦਾ ਜੀਵਨ-ਕਾਲ ਉਹ ਸਮਾਂ ਸੀ ਜਦੋਂ ਅਜੋਕਾ ਵਿਗਿਆਨ ਅਜੇ ਉੱਭਰ ਰਿਹਾ ਸੀ। ਉਹ ਇੱਕ ਜੋਸ਼ੀਲਾ ਜਨਤਕ-ਬੁਲਾਰਾ ਸੀ। ਗਰਮ ਖਿਆਲੀ ਵਿਚਾਰਵਾਨ ਅਤੇ ਸੱਚਾ, ਸਿਰੜੀ-ਸਿਦਕੀ ਬੰਦਾ ਸੀ। ਉਹ ਸਚਾਈ ਨੂੰ ਸਾਬਤ ਕਰਨ ਲਈ ਤਰਕ ਅਤੇ ਦਲੀਲ ਵਿੱਚ ਯਕੀਨ ਰੱਖਦਾ ਸੀ ਅਤੇ ਇਸ ਦੀ ਜੋਰਦਾਰ ਵਕਾਲਤ ਵੀ ਕਰਦਾ ਸੀ। ਉਸਨੇ ਸਾਲ 1591 ਵਿੱਚ ਆਪਣੀ ਇੱਕ ਪੁਸਤਕ ਵਿੱਚ ਲਿਖਿਆ, "ਜਿਹੜਾ ਵੀ ਦਾਰਸ਼ਨਿਕ ਬਣਨਾ ਚਾਹੁੰਦਾ ਹੈ ਉਸਨੂੰ ਸਭ ਤੋਂ ਪਹਿਲਾਂ ਸਭਨਾਂ ਵਿਚਾਰਾਂ ਉਪਰ ਕਿੰਤੂ-ਪ੍ਰੰਤੂ ਕਰਨਾ ਚਾਹੀਦਾ ਹੈ। ਉਸਨੂੰ ਕਿਸੇ ਵੀ ਵਾਦ-ਵਿਵਾਦ ਅੰਦਰ ਵੱਖ-ਵੱਖ ਦਲੀਲਾਂ ਸੁਣਨ ਅਤੇ ਹੱਕ ਤੇ ਵਿਰੋਧ ਵਿੱਚ ਦਿੱਤੀਆਂ ਦਲੀਲਾਂ ਉਪਰ ਵਿਚਾਰ ਕਰਨ ਤੋਂ ਬਿਨਾਂ ਆਪਣੀ ਪੱਕੀ ਰਾਇ ਨਹੀਂ ਬਣਾਉਣੀ ਚਾਹੀਦੀ। ਉਸਨੂੰ ਸਿਰਫ ਸੁਣੀ-ਸੁਣਾਈ ਗੱਲ ਉਪਰ ਭਰੋਸਾ ਕਰਕੇ ਜਾਂ ਬਹੁ-ਗਿਣਤੀ ਦੀ ਰਾਏ ਦੇ ਅਧਾਰ 'ਤੇ ਕਦੇ ਵੀ ਆਪਣਾ ਮਨ ਨਹੀਂ ਬਣਾਉਣਾ ਚਾਹੀਦਾ। ਸਗੋਂ ਉਸਨੂੰ ਇੱਕ ਜੀਵੰਤ ਸਿਧਾਂਤ ਦੀ ਸੇਧ ਮੁਤਾਬਕ ਚਲਣਾ ਚਾਹੀਦਾ ਹੈ, ਜਿਹੜਾ ਹਕੀਕਤ ਅਤੇ ਸਚਾਈ ਨਾਲ ਮੇਲ ਖਾਂਦਾ ਹੋਵੇ ਅਤੇ ਤਰਕ ਦੀ ਕਸੌਟੀ 'ਤੇ ਖਰਾ ਉਤਰਦਾ ਹੋਵੇ।"

ਆਮ ਕਰਕੇ ਇਹ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਬਰੂਨੋ ਨੂੰ ਤਫਤੀਸ਼ੀ ਸੂਹੀਆਂ ਵਲੋਂ ਇਸ ਲਈ ਖੰਭੇ ਨਾਲ ਬੰਨ੍ਹ ਕੇ ਜਿਉਂਦੇ ਸਾੜਿਆ ਗਿਆ ਕਿ ਉਹ ਕਾਪਰਨੀਕਸ ਦੇ 'ਸੂਰਜੀ ਕੇਂਦਰਕ ਬ੍ਰਹਿਮੰਡ' ਦੇ ਵਿਚਾਰਾਂ ਦੀ ਵਕਾਲਤ ਕਰਦਾ ਸੀ ਅਤੇ ਉਹ ਧਰਤੀ ਵਰਗੇ ਹੋਰ ਅਨੰਤ ਵਸਦੇ ਸੰਸਾਰਾਂ ਵਿੱਚ ਯਕੀਨ ਰੱਖਦਾ ਸੀ। ਇਹ ਕਾਪਰਨੀਕਸ ਹੀ ਸੀ ਜਿਸ ਨੇ ਇਹ ਇਨਕਲਾਬੀ ਮਨੌਤ ਪੇਸ਼ ਕੀਤੀ ਕਿ "ਸਾਰੇ ਗੋਲਾਕਾਰ ਪਿੰਡ ਸੂਰਜੀ ਕੇਂਦਰ ਦੁਆਲੇ ਘੁੰਮਦੇ ਹਨ। ਇਸ ਲਈ ਸੂਰਜ ਹੀ ਬ੍ਰਹਿਮੰਡ ਦਾ ਕੇਂਦਰ ਹੈ।" ਇਸਦੀ ਪੁਸ਼ਟੀ ਗੈਲੀਲੀਓ ਦੀਆਂ ਖੋਜਾਂ ਰਾਹੀਂ ਹੋਈ। ਉਸਨੇ ਦਿਖਾਇਆ ਕਿ ਪ੍ਰਿਥਵੀ ਤਾਂ ਸੂਰਜ ਦੁਆਲੇ ਅਤੇ ਆਪਣੇ ਧੁਰੇ ਦੁਆਲੇ ਘੁੰਮਣ ਵਾਲੇ ਗ੍ਰਹਿਆਂ ਵਰਗਾ ਹੀ ਇੱਕ ਗ੍ਰਹਿ ਹੈ। ਬਰੂਨੋ ਦੀਆਂ ਲਿਖਤਾਂ ਵਿੱਚ ਭਾਵੇਂ ਕਾਪਰਨੀਕਸਵਾਦ ਦੀ ਵਕਾਲਤ ਕੀਤੀ ਗਈ ਦਿਸਦੀ ਹੈ ਪਰ ਉਹ ਤਾਰਾ ਵਿਗਿਆਨੀ ਨਹੀਂ ਸੀ। ਉਂਜ ਉਸਨੇ ਵਿਗਿਆਨ ਦੇ ਅਧਾਰ ਨੂੰ ਵਿਸ਼ਾਲ ਅਤੇ ਮਜਬੂਤ ਬਣਾਉਣ ਲਈ ਇੱਕ ਨਿਸ਼ਚਿਤ ਭੂਮਿਕਾ ਨਿਭਾਈ। ਉਸਨੇ ਕੁਦਰਤ ਵਿਗਿਆਨੀਆਂ ਅਤੇ ਦਾਰਸ਼ਨਿਕਾਂ ਨੂੰ ਕਾਪਰਨੀਕਸ ਦੇ ਸਿਧਾਂਤਾਂ ਦੀਆਂ ਦੂਰ-ਰਸ ਅਰਥ-ਸੰਭਾਵਨਾਵਾਂ ਪ੍ਰਤੀ ਸੋਚਣ ਲਈ ਮਜਬੂਰ ਕੀਤਾ ਜਿਸਨੇ ਅਜੋਕੇ ਵਿਗਿਆਨ ਦੇ ਬੂਹੇ 'ਤੇ ਦਸਤਕ ਦੇਣ ਵਿੱਚ ਮੱਦਦ ਕੀਤੀ।

ਬਰੂਨੋ ਨੇ ਸਭ ਕਿਸਮ ਦੇ ਰੂੜੀਵਾਦ ਨੂੰ ਚੁਣੌਤੀ ਦਿੱਤੀ। ਭਾਵੇਂ ਉਸਨੇ ਆਪਣੀ ਜਿੰਦਗੀ ਦਾ ਬਹੁਤਾ ਹਿੱਸਾ ਦੁਸ਼ਮਣ ਤੇ ਵਿਰੋਧੀ ਮੁਲਕਾਂ ਅੰਦਰ ਇਧਰ-ਉਧਰ ਘੁੰਮ ਫਿਰ ਕੇ ਹੀ ਗੁਜਾਰਿਆ ਫਿਰ ਵੀ ਉਸਨੇ 20 ਦੇ ਲਗਭਗ ਪੁਸਤਕਾਂ ਲਿਖੀਆਂ। ਉਹ ਸ਼ਬਦ-ਸ਼ਾਸਤਰ ਵਿੱਚ ਰੁਚੀ ਰੱਖਦਾ ਸੀ। ਉਸਨੂੰ ਇੱਕ ਮੋਢੀ ਸ਼ਬਦਾਰਥ-ਵਿਗਿਆਨੀ ਵੀ ਕਿਹਾ ਜਾ ਸਕਦਾ ਹੈ। ਬਰੂਨੋ ਦੇ ਬ੍ਰਹਿਮੰਡ-ਵਿਗਿਆਨ ਬਾਰੇ ਵਿਚਾਰ ਉਸ ਦੀਆਂ ਤਿੰਨ ਲਿਖਤਾਂ ਵਿੱਚ ਦਰਜ ਹਨ। 1 ਬੁੱਧਵਾਰ ਰਾਤਰੀ ਭੋਜ, 2 ਕਾਰਨ ਸਿਧਾਂਤ ਤੇ ਏਕਤਾ ਬਾਰੇ, 3 ਅਸੀਮ ਬ੍ਰਹਿਮੰਡ ਤੇ ਅਨੰਤ ਸੰਸਾਰਾਂ ਬਾਰੇ। 'ਬੁੱਧਵਾਰੀ ਰਾਤਰੀ ਭੋਜ' ਵਿੱਚ ਬਰੂਨੋ ਨੇ



ਕਾਪਰਨੀਕਸ ਦੇ ਸੂਰਜੀ ਕੇਂਦਰਕ ਬ੍ਰਹਿਮੰਡ ਵਿਚਾਰਾਂ ਦੀ ਵਕਾਲਤ ਕੀਤੀ ਹੈ। 'ਕਾਰਨ, ਸਿਧਾਂਤ ਤੇ ਏਕਤਾ ਬਾਰੇ' ਵਿਚ ਉਸਨੇ ਲਿਖਿਆ ਹੈ, ਇਸ ਸਮੁੱਚੇ ਭੂ-ਮੰਡਲ ਦੀ, ਇਸ ਤਾਰੇ ਦੀ ਕਿਉਂਕਿ ਨਾ ਮੌਤ ਅਤੇ ਨਾ ਹੀ ਤਬਾਹੀ ਹੋ ਸਕਦੀ ਹੈ ਅਤੇ ਵਿਨਾਸ਼ ਕੁਦਰਤ ਵਿੱਚ ਕਿਤੇ ਵੀ ਸੰਭਵ ਨਹੀਂ ਹੈ, ਇਸ ਲਈ ਇਹ ਭੂ-ਮੰਡਲ ਆਪਣੇ ਸਭ ਅੰਸ਼ਾਂ ਦੀ ਅਦਲਾ-ਬਦਲੀ ਅਤੇ ਰੂਪਾਂਤਰਣ ਰਾਹੀਂ ਸਮੇਂ-ਸਮੇਂ ਸਿਰ ਆਪਣੇ ਆਪ ਨੂੰ ਨਵਿਆਉਂਦਾ ਰਹਿੰਦਾ ਹੈ। ਨਿਰੋਲ ਅਮੂਰਤ 'ਉਪਰ-ਹੇਠਾਂ' ਕੁਝ ਵੀ ਨਹੀਂ ਹੁੰਦਾ (ਜਿਵੇਂ ਕਿ ਅਰਸਤੂ ਦੀ ਸਿੱਖਿਆ ਪ੍ਰਚਲਿਤ ਸੀ) ਸਗੋਂ ਕਿਸੇ ਵਸਤੂ ਦੀ ਸਥਿਤੀ ਦੂਜੀਆਂ ਵਸਤੂਆਂ ਦੀ ਸਥਿਤੀ ਦੇ ਤੁਲਨਾਤਮਕ ਹੀ ਹੁੰਦੀ ਹੈ। ਸਾਰੇ ਬ੍ਰਹਿਮੰਡ ਅੰਦਰ ਹਰ ਜਗ੍ਹਾ ਲਗਾਤਾਰ ਸਾਪੇਖ ਪਰਿਵਰਤਨ ਹੁੰਦਾ ਰਹਿੰਦਾ ਹੈ ਅਤੇ ਨਿਰੀਖਕ ਹਮੇਸ਼ਾ ਕੇਂਦਰ ਵਿਚ ਹੁੰਦਾ ਹੈ। ਆਪਣੀ ਲਿਖਤ 'ਅਸੀਮ ਬ੍ਰਹਿਮੰਡ ਤੇ ਅਨੰਤ ਸੰਸਾਰ' ਵਿਚ ਬਰੂਨੋ ਨੇ ਦਲੀਲ ਦਿੱਤੀ ਹੈ ਕਿ, "ਬ੍ਰਹਿਮੰਡ ਅਸੀਮ ਹੈ। ਇਸ ਅੰਦਰ ਅਨੰਤ ਸੰਸਾਰ ਹਨ ਅਤੇ ਇਨ੍ਹਾਂ ਅਨੰਤ ਸੰਸਾਰਾਂ ਉਪਰ ਸੂਝਵਾਨ ਜੀਵਾਂ ਦੀ ਹੋਂਦ ਹੈ।"

ਜੀਓਰ ਡੈਨੋ ਦਾ ਅਸਲੀ ਨਾਮ ਫਿਲੀਪੋ ਬਰੂਨੋ ਸੀ। ਉਸਦੇ ਫੌਜੀ ਪਿਤਾ ਜੀਓਵੈਨੀ ਬਰੂਨੋ ਨੇ ਉਸਨੂੰ ਨੇਪਲਜ਼ ਦੇ 'ਸੇਂਟ ਡੋਮੀਨੀਕੋ ਮੱਠ' ਵਿਚ ਦਾਖਲ ਕਰਵਾ ਦਿੱਤਾ। ਇਹ ਇੱਕ ਮਹਾਨ ਮੱਠ ਸੀ ਜਿਥੇ ਕਿਸੇ ਸਮੇਂ ਇਟਲੀ ਦਾ ਵਿਦਵਾਨ ਦਾਰਸ਼ਨਿਕ ਤੇ ਅਧਿਆਤਮਵਾਦੀ ਸੇਂਟ ਥਾਮਸ ਏਕਨਜ਼ (1225-1274) ਰਿਹਾ ਕਰਦਾ ਸੀ ਅਤੇ ਪੜ੍ਹਾਇਆ ਕਰਦਾ ਸੀ। ਬਰੂਨੋ ਦੇ ਮੱਠ ਵਿੱਚ ਸ਼ਾਮਲ ਹੋਣ ਤੋਂ ਬਾਅਦ ਉਸਦਾ ਨਾਮ ਜਿਅਰਡੈਨੋ ਪੈ ਗਿਆ। ਸਾਲ 1572 ਵਿੱਚ ਉਸਨੂੰ ਪਾਦਰੀ ਨਿਯੁਕਤ ਕਰ ਦਿੱਤਾ ਗਿਆ। ਇਸ ਡੋਮੀਨੀਕਨ ਮੱਤ ਦਾ ਮੁੱਖ ਉਦੇਸ਼ ਪ੍ਰਚਾਰ ਅਤੇ ਸਿੱਖਿਆ ਸੀ। ਇਸ ਦੇ ਪ੍ਰਚਾਰਕ ਰੂੜੀਵਾਦ ਦੇ ਪ੍ਰਮੁੱਖ ਮੁੱਦਈ ਸਨ। ਇਸ ਮੱਤ ਦੀ ਤਫਤੀਸ਼ੀ ਸੂਹੀਆ ਪ੍ਰਣਾਲੀ ਰਸਮੀ ਤੌਰ ਤੇ ਪੋਪ ਗਰੇਗਰੀ ਵਲੋਂ ਸਾਲ 1231 ਵਿੱਚ ਕਾਇਮ ਕੀਤੀ ਗਈ ਸੀ। ਇਸਦਾ ਮੁੱਖ ਮੰਤਵ ਵੱਧ ਰਹੇ 'ਨਾਸਤਿਕਤਾ ਦੇ ਖਤਰੇ' ਦਾ ਮੁਕਾਬਲਾ ਕਰਨਾ ਸੀ। ਤਫਤੀਸ਼ੀ ਸੂਹੀਏ, ਪੋਪ ਦੁਆਰਾ ਵਿਸ਼ੇਸ਼ ਤੌਰ 'ਤੇ ਨਿਯੁਕਤ ਕੀਤੇ ਜਾਂਦੇ ਸਨ। ਉਨ੍ਹਾਂ ਦੇ ਹੱਥ ਵਿੱਚ ਕਾਫੀ ਤਾਕਤ ਹੁੰਦੀ ਸੀ। ਸਾਲ 1252 ਵਿੱਚ ਤਸ਼ੱਦਦ ਦੀ ਵਰਤੋਂ ਜਾਇਜ਼ ਕਰਾਰ ਦੇ ਦਿੱਤੀ ਗਈ। ਮੁਕੱਦਮੇ ਗੁਪਤ ਤੌਰ ਤੇ ਚਲਾਏ ਜਾਂਦੇ ਸਨ। ਜਿਹੜੇ ਵਿਅਕਤੀ ਆਪਣਾ ਦੋਸ਼ ਸਵੀਕਾਰ ਕਰ ਲੈਂਦੇ ਸਨ, ਤਫਤੀਸ਼ੀ ਸੂਹੀਏ ਉਨ੍ਹਾਂ ਤੋਂ ਪਸ਼ਚਾਤਾਪ ਕਰਵਾਉਂਦੇ ਸਨ ਅਤੇ ਮੁਆਫੀ ਮੰਗਵਾਉਂਦੇ ਸਨ। ਜਿਹੜੇ ਆਪਣਾ ਦੋਸ਼ ਸਵੀਕਾਰ ਨਹੀਂ ਸੀ ਕਰਦੇ ਉਨ੍ਹਾਂ ਨੂੰ ਜੇਲ੍ਹ ਵਿੱਚ ਡੱਕ ਦਿੱਤਾ ਜਾਂਦਾ ਸੀ ਤੇ ਜਿਉਂਦਿਆਂ ਨੂੰ ਸਾੜ ਦਿੱਤਾ ਜਾਂਦਾ ਸੀ। ਬਰੂਨੋ ਆਪਣੇ ਵਿਦਿਆਰਥੀ ਜੀਵਨ ਵਿੱਚ ਵੀ ਆਪਣੇ ਮੌਲਿਕ ਵਿਚਾਰਾਂ ਕਰਕੇ ਅਤੇ ਪਰੰਪਰਾਗਤ ਅਧਿਆਤਮਕ ਸਿਧਾਂਤਾਂ ਦੀ ਬੇਬਾਕ ਆਲੋਚਨਾ ਕਰਨ ਕਰਕੇ ਖਾਸਾ ਚਰਚਿਤ ਸੀ। ਸਾਲ 1576 ਵਿਚ ਉਸਨੂੰ ਤਫਤੀਸ਼ੀ ਸੂਹੀਆਂ ਵਲੋਂ ਰਸਮੀ ਤੌਰ ਤੇ ਨਾਸਤਿਕਤਾ ਦਾ ਦੋਸ਼ੀ ਠਹਿਰਾਇਆ ਗਿਆ। ਉਹ ਗ੍ਰਿਫਤਾਰੀ ਤੋਂ ਬਚਣ ਲਈ ਨੇਪਲਜ਼ ਨੂੰ ਛੱਡ ਕੇ ਰੋਮ ਚਲਾ ਗਿਆ ਪਰ ਉਸਦੇ ਵਿਚਾਰਾਂ ਵਿੱਚ ਕੋਈ ਤਬਦੀਲੀ ਨਾ ਆਈ। ਇਸ ਲਈ ਉਸ ਵਿਰੁੱਧ ਦੋਸ਼ ਮੁੜ ਨਵੇਂ ਸਿਰਿਓਂ ਮੜ੍ਹ ਦਿੱਤੇ ਗਏ। ਇਸ ਮੌਕੇ ਉਸਨੇ 'ਡੋਮੀਨੀਕੀਨ' ਨਾਲੋਂ ਆਪਣਾ ਨਾਤਾ ਤੋੜ ਲਿਆ ਅਤੇ ਰੋਮ ਸ਼ਹਿਰ ਵੀ ਛੱਡ ਦਿੱਤਾ। ਬਰੂਨੋ ਇਟਲੀ, ਫਰਾਂਸ, ਇੰਗਲੈਂਡ ਅਤੇ ਜਰਮਨੀ ਸਾਰੇ ਘੁੰਮਿਆ। ਫਰਾਂਸ ਵਿੱਚ ਉਸਨੂੰ ਰਾਜਾ ਹੈਨਰੀ-3 (1551-89) ਨੇ ਥਾਪਣਾ ਦਿੱਤੀ ਜਿਸ ਨੇ ਉਸਦੀ ਕਾਲਜ ਆਫ ਫਰਾਂਸ ਵਿੱਚ ਨਿਯੁਕਤੀ ਕੀਤੀ। ਬਰੂਨੋ ਸਾਲ 1583 ਵਿੱਚ ਲੰਦਨ ਪਹੁੰਚਿਆ ਅਤੇ ਉਥੇ ਤਿੰਨ ਸਾਲ ਤੱਕ ਰਿਹਾ। ਇੰਗਲੈਂਡ ਵਿੱਚ ਉਸਦੀ ਠਹਿਰ ਉਸ ਦੇ ਜੀਵਨ ਦੇ ਸਭ ਤੋਂ ਵੱਧ ਸਫਲ ਸਮਿਆਂ ਵਿਚੋਂ ਇੱਕ ਸੀ। ਇਥੇ ਉਸਨੇ ਪਹਿਲੀ ਵਾਰ ਆਪਣੇ ਦਾਰਸ਼ਨਿਕ ਵਿਚਾਰਾਂ ਦੀ ਵਿਸਥਾਰਤ ਵਿਆਖਿਆ ਵਾਲੀਆਂ ਤਿੰਨ ਪੁਸਤਕਾਂ ਇਟਲੀ ਦੀ ਭਾਸ਼ਾ ਵਿੱਚ ਲਿਖੀਆਂ। ਵਿਲਿਅਮ ਗਿਲਗਰਟ (1544-1603) ਅਤੇ ਥਾਮਸ ਹੈਰੀਅਟ (1560-1621) ਵਰਗੇ ਉਂਘੇ ਵਿਗਿਆਨੀ ਬਰੂਨੋ ਦੇ ਬ੍ਰਹਿਮੰਡੀ ਵਿਚਾਰਾਂ ਦੇ ਮੋਢੀ ਹਿਮਾਇਤੀ ਬਣ ਗਏ। ਗਿਲਗਰਟ ਨੇ ਬਰੂਨੋ ਦੇ ਬ੍ਰਹਿਮੰਡੀ ਵਿਚਾਰਾਂ ਦੀ ਰੋਸ਼ਨੀ ਵਿੱਚ ਪਹਿਲੀ ਮਹਾਨ ਵਿਗਿਆਨਕ ਕਿਰਤ 'ਚੁੰਬਕ, ਚੁੰਬਕੀ ਵਸਤਾਂ ਤੇ ਮਹਾਨ ਧਰਤ-ਚੁੰਬਕ' ਸਾਲ 1600 ਵਿੱਚ ਛਪਵਾਈ। ਹੈਰੀਅਟ ਨੇ ਸਾਲ 1608 ਵਿੱਚ ਬਰੂਨੋ ਦੇ ਅਸੀਮ ਬ੍ਰਹਿਮੰਡ ਵਿਚਾਰਾਂ ਉਪਰ ਬਹਿਸ ਕਰਨ ਲਈ ਜੋਹਨ ਕੇਪਲਰ (1571-1630) ਨਾਲ ਖ਼ਤੋ-ਕਿਤਾਬ ਕੀਤਾ।

ਸਾਲ 1591 ਵਿੱਚ ਬਰੂਨੋ ਜੁਆਨੋ-ਮੋਸੀਨੀਗੋ ਨਾਂ ਦੇ ਪਾਦਰੀ ਦੇ ਸੱਦੇ 'ਤੇ ਇਟਲੀ ਵਾਪਸ ਆ ਗਿਆ। ਕਿਸੇ ਨਾ ਕਿਸੇ ਤਰ੍ਹਾਂ ਮੋਸੀਨੀਗੋ ਨੇ ਉਸਨੂੰ ਵੀਨਸ ਵਿੱਚ ਤਫਤੀਸ਼ੀ ਸੂਹੀਆਂ ਅੱਗੇ ਦੋਸ਼ੀ ਠਹਿਰਾ ਦਿੱਤਾ ਅਤੇ ਬਰੂਨੋ ਨੂੰ ਸਾਲ 1592 ਵਿੱਚ ਗ੍ਰਿਫਤਾਰ ਕਰ ਲਿਆ ਗਿਆ। ਫਿਰ ਉਸ ਨੂੰ ਰੋਮ ਵਿੱਚ ਤਫਤੀਸ਼ੀ ਸੂਹੀਆਂ ਦੇ ਹਵਾਲੇ ਕਰ ਦਿੱਤਾ ਗਿਆ ਅਤੇ ਜੇਲ ਵਿੱਚ ਸੁੱਟ ਦਿੱਤਾ ਗਿਆ। 7 ਸਾਲਾਂ ਦੇ ਮੁਕੱਦਮੇ ਤੋਂ ਬਾਅਦ ਤਫਤੀਸ਼ੀ ਸੂਹੀਆਂ ਨੇ 20 ਜਨਵਰੀ 1600 ਨੂੰ ਆਪਣਾ ਫੈਸਲਾ ਸੁਣਾਇਆ। ਸਜ਼ਾ ਸੁਣਾਉਣ ਤੋਂ ਬਾਅਦ ਵੀ ਉਸਨੂੰ ਪਸ਼ਚਾਤਾਪ ਕਰਨ ਅਤੇ ਮੁਆਫੀ ਮੰਗਣ ਲਈ 8 ਦਿਨ ਦਿੱਤੇ ਗਏ ਪਰ ਉਹ ਫਿਰ ਵੀ ਨਹੀਂ ਝੁਕਿਆ। 16 ਫਰਵਰੀ 1600 ਨੂੰ ਬਰੂਨੋ ਨੂੰ ਰੋਮ ਵਿੱਚ ਖੰਭੇ ਨਾਲ ਬੰਨ੍ਹ ਕੇ ਜਿਉਂਦੇ ਨੂੰ ਸਾੜ ਦਿੱਤਾ ਗਿਆ। ਮਰਦੇ ਦਮ ਤਕ ਬਰੂਨੋ ਬਾਗੀ ਰਿਹਾ।



ਹਰਚੰਦ ਸਿੰਘ ਬਾਸੀ

# ਬਜ਼ੁਰਗਾਂ ਨਾਲ ਕਰੂਰ ਵਰਤਾਉ ਐਲਡਰ ਅਬਿਊਜ਼ (ਤੰਗ ਗਲੀਆਂ)

ਐਲਡਰ ਅਬਿਊਜ਼ ਜਾ ਬਜ਼ੁਰਗਾਂ ਨਾਲ ਕਰੂਰ ਵਤੀਰਾ। ਇਹ ਵਿਸਵਾਸ਼ ਕੀਤਾ ਜਾਂਦਾ ਹੈ ਕਿ ਪੰਜ ਵਿਚੋਂ ਇੱਕ ਬਜ਼ੁਰਗ ਇਸ ਮੰਦੇ ਵਰਤਾਉ ਦਾ ਸ਼ਿਕਾਰ ਹੈ ਜਿਸ ਨੂੰ ਅੰਗਰੇਜ਼ੀ ਵਿੱਚ ਐਲਡਰ ਅਬਿਊਜ਼ ਕਹਿੰਦੇ ਹਨ। ਇਹ ਸਮੱਸਿਆ ਕੋਈ ਅੱਜ ਦੀ ਨਹੀਂ ਜਾਂ ਕਿਸੇ ਇੱਕ ਦੇਸ, ਖਿਤੇ, ਰੰਗ, ਨਸਲ, ਧਰਮ, ਸਭਿਆਚਾਰ ਆਦਿ ਦੀ ਨਹੀਂ ਸਗੋਂ ਹਰ ਇੱਕ ਮੁਲਖੀ ਬਜ਼ੁਰਗਾਂ ਆਦਮੀ ਔਰਤਾਂ ਨਾਲ ਵਾਪਰਦੀ ਹੈ। ਕਿਤੇ ਬਹੁਤੀ ਹੈ ਕਿਤੇ ਥੋਹੜੀ ਹੈ। ਇਹ ਕਰੂਰਤਾ ਪ੍ਰੀਵਾਰ ਦੇ ਮੈਂਬਰਾ, ਰਿਸ਼ਤੇਦਾਰਾਂ, ਦੋਸਤਾਂ, ਜਾਂ ਤੁਹਾਡੇ ਕੇਅਰ ਗਿਵਰ (ਦੇਖ ਭਾਲ ਦੀ ਸੇਵਾ ਕਰਨ ਵਾਲੇ) ਵੱਲੋਂ ਕੀਤੀ ਜਾਂਦੀ ਹੈ ਜੋ ਆਪ ਨੂੰ ਨੁਕਸਾਨ ਪਹੁੰਚਾਉਂਦਾ ਹੈ ਜਾਂ ਨਿਰਾਸ਼ ਕਰਦਾ ਹੈ। ਇਹ ਸਰੀਰਕ ਵੀ ਹੋ ਸਕਦੀ ਹੈ ਅਤੇ ਮਨੋਵਿਗਿਆਨਕ ਵੀ ਹੋ ਸਕਦੀ ਹੈ। ਕਈ ਵਾਰ ਇਹ ਸਾਰਾ ਕੁੱਝ ਇੱਕੋ ਵਾਰੀ ਵੀ ਹੋ ਸਕਦਾ ਹੈ। ਇਹ ਇੱਕ ਵਾਰੀ ਜਾਂ ਵਾਰ ਵਾਰ ਹੋ ਸਕਦਾ ਹੈ। ਵਰਤਾਉ ਦਾ ਇਹ ਪੈਟਰਨ ਵਾਰ ਵਾਰ ਕੀਤੇ ਜਾਣ ਦੀ ਸੰਭਾਵਨਾ ਵੀ ਹੁੰਦੀ ਹੈ। ਆਰਥਿਕ ਅਬਿਊਜ਼ ਆਮ ਗੱਲ ਹੈ।

**ਇਹ ਕਿਉਂ ਵਾਪਰਦਾ ਹੈ**

ਵੱਡੇ ਬਜ਼ੁਰਗਾਂ ਨਾਲ ਅਕਸਰ ਕਰੂਰ ਵਰਤਾਉ ਕੀਤਾ ਜਾਂਦਾ ਹੈ ਇਹ ਉਸ ਦੇ ਪ੍ਰੀਵਾਰਕ ਮੈਂਬਰ, ਰਿਸ਼ਤੇਦਾਰ, ਮਿੱਤਰ ਜਾਂ ਕੋਈ ਹੋਰ ਜਿੰਨਾਂ ਤੇ ਉਹ ਆਰਥਿਕ ਤੌਰ ਤੇ, ਭੋਜਨ ਜਾਂ ਆਸਰੇ ਤੇ ਨਿਰਭਰ ਹੁੰਦਾ ਹੈ, ਉਹਨਾਂ ਵੱਲੋਂ ਕੀਤਾ ਜਾਂਦਾ ਹੈ। ਜਾਂ ਜਿੰਨਾਂ ਤੇ ਬਜ਼ੁਰਗ ਘਰਾਂ ਜਾਂ ਘਰਾਂ ਵਿੱਚ ਉਹ ਮੁਢਲੀ ਲੋੜ ਹੈਲਥ ਜਾਂ ਕੇਅਰ ਪਰੋਵਾਈਡਰ ਵੱਲੋਂ ਵੀ ਹੋ ਸਕਦਾ ਹੈ। ਕੋਈ ਨਹੀਂ ਚਾਹੁੰਦਾ ਕਿ ਕਿਸੇ ਨਾਲ ਕਰੂਰ ਵਰਤਾਉ ਹੋਵੇ ਜਾ ਉਸ ਦੀ ਪੁੱਛ ਗਿੱਛ ਨਾ ਹੋਵੇ ਜਾਂ ਉਸ ਨੂੰ ਘਰ ਵਿੱਚੋਂ ਬਿਲਕੁਲ ਬੇਧਿਆਨਾ ਕਰ ਦਿੱਤਾ ਜਾਏ।

**ਵੱਡਿਆਂ ਨੂੰ ਸਤਾਉਣ ਦੀਆਂ ਕੀ ਕੀ ਨਿਸ਼ਾਨੀਆਂ ਹੋ ਸਕਦੀਆਂ ਹਨ**

ਇਹ ਲੱਛਣ ਜਾਂ ਨਿਸ਼ਨੀਆਂ ਲੱਭਣੇ ਕਾਫੀ ਕਠਿਨ ਹਨ। ਫਿਰ ਵੀ ਪੀੜਤ ਕਰਨ ਦੇ ਇਹ ਕਾਰਨ ਹੋ ਸਕਦੇ ਹਨ।

1. ਡਰ ਕੇ ਰਹਿਣਾ, ਬੇਚੈਨੀ, ਮਾਨਸਿਕ ਤਣਾਉ, ਫੈਮਿਲੀ ਮੈਂਬਰਾਂ, ਮਿੱਤਰਾਂ ਜਾਂ ਸਰਵਿਸ ਪ੍ਰੋਵਾਈਡਰ ਨਾਲ ਚੁੱਪ ਰਹਿਣਾ,

2. ਸਰੀਰਕ ਜ਼ਖਮਾਂ ਨੂੰ ਨਾ ਦੱਸਣਾ, ਮਾੜਾ ਖਾਣਾ, ਮਾੜੀ ਸਿਹਤ, ਮਾੜੀ ਪਾਚਣ ਸ਼ਕਤੀ, ਡੀ ਹਾਈਡਰੇਸ਼ਨ, ਠੀਕ ਢੰਗ ਨਾਲ ਦਵਾਈ ਦੀ ਵਰਤੋ ਨਾ ਕਰਨਾ, ਨਵੇਂ ਕਾਨੂੰਨੀ ਕਾਗਜ਼ਤ, ਨਵੀਂ ਮੌਰਗੇਜ਼ 7 ਅਚਾਨਕ ਇੱਕ ਦਮ ਪੈਸੇ ਦਾ ਚੱਕਰ ਘਟ ਜਾਣਾ, ਮਾਇਕ ਵਸਤਾਂ ਦਾ ਖੁੱਸ ਜਾਣਾ 8 ਹਾਲਤ ਬਾਰੇ ਬੋਲਣ ਤੋਂ ਝਿਜਕ ਵਿਖਾਉਣੀ

ਸੀਨੀਅਰਜ਼ ਦੇ ਅਧਿਕਾਰਾਂ, ਸੁਰੱਖਿਆ ਅਤੇ ਸੇਕਿਊਰਿਟੀ ਬਾਰੇ ਚੇਤਨਤਾ ਦੇਣਾ ਕਨੇਡਾ ਸਰਕਾਰ ਦਾ ਮਹੱਤਵ ਪੂਰਨ ਮਾਮਲਾ ਹੈ



**ਸਰੀਰਕ ਅਬਿਊਜ਼** :ਇਹ ਉਹ ਮਾਮਲਾ ਹੈ ਜਿਸ ਵਿੱਚ ਬਜ਼ੁਰਗਾਂ ਨੂੰ ਜ਼ਖਮੀ ਕਰਨਾ ਜਾਂ ਜਖਮੀ ਹੋਣ ਦਾ ਖਤਰਾ ਹੋਵੇ ਜਿਵੇਂ ਸੱਟ ਮਾਰਨੀ, ਧੱਕਾ ਦੇਣਾ, ਝੰਜੋੜਣਾ, ਸਾੜਣਾ, ਘੱਟ ਵੱਧ ਦੁਆਈ ਦੇਣਾ, ਪਰ੍ਹੇ ਧੱਕਣਾ, ਬੱਚਿਆਂ ਵਾਗ ਵਿਵਹਾਰ ਕਰਨਾ

ਮਨੋਵਿਗਿਆਨਕ ਅਬਿਊਜ਼ ਇਹ ਇਸ ਕਿਸਮ ਦੀ ਅਬਿਊਜ਼ ਹੈ ਜਿਸ ਵਿੱਚ ਬਜ਼ੁਰਗਾਂ ਦੇ ਸਨਮਾਨ ਨੂੰ ਸੱਟ ਮਾਰਨਾ ਬੇਇਜ਼ਤੀ ਕਰਨਾ, ਮੰਦਾ ਵਰਤਾਉ,ਪ੍ਰੇਸ਼ਾਨ ਕਰਨਾ,ਪਰੀਵਾਰ ਤੋਂ ਨਿਖੇੜ ਕੇ ਰੱਖਣਾ, ਮਿੱਤਰਾ ਨੂੰ ਨਾ ਮਿਲਣ ਦੇਣਾ,ਰੋਜ਼ ਮਰਾਹ ਦੀਆਂ ਸਰਗਰਮੀਆਂ ਤੋਂ ਰੋਕਣਾ।

**ਆਰਥਿਕ ਅਬਿਊਜ਼:** ਇਸ ਵਿੱਚ ਵਡਿਆ ਦੇ ਪੈਸੇ ਦੇ ਲਾਭ ਨੂੰ ਘਟਾ ਦੇਣਾ, ਨਿਜੀ ਸਮਾਨ, ਅਸਾਸੇ, ਪੈਸਿਆਂ ਨੂੰ ਚੋਰੀ ਕਰਨਾ, ਚੈਕ ਨੂੰ ਬਿਲਾਂ ਦੱਸੇ ਕੈਸ਼ ਕਰਵਾ ਲੈਣਾ, ਵਡਿਆ ਦੇ ਜਾਅਲੀ ਦਸਖਤ ਕਰ ਲੈਣੇ, ਵਸੀਅਤ ਬਦਲਣ ਲਈ ਦਬਾਅ ਬਣਾਉਣਾ ਜਾਂ ਬਿਨਾਂ ਦੱਸੇ ਲੀਗਲ ਡਾਕੂਮੈਂਟ ਤੇ ਦਸਤਖਤ ਕਰਵਾ ਲੈਣੇ, ਵੱਡਿਆਂ ਦੇ ਘਰ ਵਿੱਚ ਬਿਨਾਂ ਪੈਸੇ ਦਿਤੇ ਹਿੱਸਾ ਪਵਾ ਲੈਣਾ। ਘਰ ਵੇਚਣ ਲਈ ਮਜ਼ਬੂਰ ਕਰਨਾ।

**ਬੇਧਿਆਨੇ ਕਰਨਾ:** ਘਰ ਦੇ ਮੈਂਬਰਾਂ ਜਾਂ ਕੇਅਰ ਗਿਵਰ ਦੁਆਰਾ ਭੋਜਣ ਪਾਣੀ ਨਾ ਦੇਣਾ, ਸ਼ੈਲਟਰ ਨਾ ਦੇਣਾ,ਕੱਪੜਿਆਂ ਦਾ ਧਿਆਨ ਨਾ ਦੇਣਾ,ਦੁਆਈ ਜਾਂ ਮੈਡੀਕਲੀ ਧਿਆਨ ਨਾ ਦੇਣਾ,ਮੁਢਲੀ ਲੋੜ ਦੀ ਸਹਾਇਤਾ ਨਾ ਕਰਨਾ।

**ਸਮੱਸਿਆ ਅਤੇ ਕੀ ਕਰਨਾ ਲੋੜੀਦਾ ਹੈ:** ਸਰਕਾਰ ਸੂਨਿਚਤ ਕਰਨਾ ਚਾਹੁੰਦੀ ਹੈ ਬਜ਼ੁਰਗ ਸੁਰੱਖਿਅਤ ਅਤੇ ਸਕਿਊਰ ਲਾਈਫ ਬਤੀਤ ਕਰਨ। ਇਸ ਦੇ ਲਈ ਫੈਡਰਲ, ਪ੍ਰੋਵਿੰਸ਼ਲ,ਕੇਂਦਰੀ ਸ਼ਾਸ਼ਤ ਪ੍ਰਦੇਸਾਂ ਦੀਆਂ ਸਮਾਜ ਸੇਵੀ ਜਥੇਬੰਦੀਆਂ ਉਸੇ ਤਰ੍ਹਾਂ ਕੌਮੀ, ਖੇਤਰੀ, ਸਥਾਨਕ ਲੋਕਾਂ ਨਾਲ ਮਿਲ ਕੇ ਐਲਡਰਜ਼ ਅਬਿਊਜ਼ ਬਾਰੇ ਲੋਕਾਂ ਨੂੰ ਅਡਰੈਸ ਕਰਨ ਤਾਂ ਕਿ ਬਜ਼ੁਰਗਾਂ ਵਿੱਚ ਆਪਣੇ ਅਧਿਕਾਰਾਂ ਬਾਰੇ ਜਗਰੂਪਤਾ ਆਏ ਅਤੇ ਆਪਣੀਆਂ ਸਮੱਸਿਆਵਾਂ ਸਾਂਝੀਆਂ ਕਰਨ। ਇਹ ਵੇਖਣ ਵਿੱਚ ਆਇਆ ਹੈ ਕਿ ਲੋਕਾਂ ਦੀਆਂ 96% ਸਮੱਸਿਆਵਾਂ ਛੁਪੀਆਂ ਰਹਿੰਦੀਆਂ ਹਨ। ਜਿਸ ਨਾਲ ਸਰਕਾਰ ਨੂੰ ਸਹੀ ਸਹਾਇਤਾ ਦੇਣ ਵਿੱਚ ਕਠਿਨਾਈ ਆਉਂਦੀ ਹੈ ਅਤੇ ਲੋੜੀਦੀ ਕਾਰਵਦੀ ਨਹੀਂ ਹੋ ਸਕਦੀ ਅਤੇ ਸਹਾਇਤਾ ਲਈ ਸਹੀ ਸਕੀਮ ਨਹੀਂ ਬਣ ਸਕਦੀ। ਨਿਊ ਹੋਰੀਜ਼ਨ ਫਾਰ ਸੀਨੀਅਰਜ਼ ਪਰੋਗਰਾਮ ਨੇ ਬਜ਼ੁਰਗਾਂ ਨੂੰ ਬੈਨੀਫਿਟ ਦੇ ਕੇ ਚੰਗੀ ਗੁਣਵੱਤਾ ਵਾਲੀ ਸਮਾਜਿਕ ਅਤੇ ਚੁਸਤ ਫਰੁਸਤ ਜਿੰਦਗੀ ਜੀਉਣ ਲਈ ਯਕੀਨੀ ਬਣਾਉਣ ਦੇ ਯਤਨ ਸੁਨਿਚਤ ਕੀਤੇ ਹਨ। ਇਹ ਵੀ ਕਰ ਰਹੀ ਹੈ ਕਿ ਕੌਮੀ ਅਤੇ ਖੇਤਰੀ ਜਥੇਬੰਦੀਆਂ ਸੀਨੀਅਰਜ਼ ਨੂੰ ਜਾਗਰੂਕ ਕਰਨ ਤਾਂ ਕਿ ਅਜਿਹੀਆਂ ਘਟਨਾਵਾਂ ਨਾ ਵਾਪਰਣ। ਐਫ ਵੀ ਆਈ (ਪ੍ਰੀਵਾਰਕ ਹਿੰਸਾ ਪਹਿਲਕਦਮੀ) ਫੈਡਰਲ ਡੀਪਾਰਟਮੈਂਟ ਦੀ ਹਿੱਸੇਦਾਰੀ ਵਾਲੀਆਂ ਪੰਦਰਾਂ ਏਜੰਸੀਆਂ ਅਤੇ ਕਰਾਉਨ ਕਾਰਪੋਰੇਸ਼ਨ, ਪਬਲਿਕ ਹੈਲਥ ਏਜੰਸੀ ਕਨੇਡਾ ਪ੍ਰੀਵਾਰਕ ਹਿੰਸਾ ਬਾਰੇ ਲੋੜੀਦੀ ਅਵੇਅਰਨੈਸ ਦਿੰਦੀ ਹੈ ਤਾਂ ਕਿ ਪਬਲਿਕ ਇਸ ਵਿੱਚ ਸਮੂਲੀਅਤ ਕਰੇ। ਇਹ ਕਰਿਮੀਨਲ ਨਿਆਂ, ਸਿਹਤ ਘਰਾਂ ਦੇ ਸਿਸਟਮ ਨੂੰ ਮਜ਼ਬੂਤ ਕਰੇਗੀ। ਇਸ ਨਾਲ ਅੰਕੜਾਂ ਇਕੱਠਾ ਕਰਨ ਅਤੇ ਮੁਲ ਅੰਕਣ ਕਰਨ ਵਿੱਚ ਸਹਾਇਤਾ ਹੋਵੇਗੀ ਅਤੇ ਅਸਰਦਾਰ ਦਖਲ ਕਰਨ ਵਿੱਚ ਸਹਾਇਕ ਹੋਵੇਗੀ। ਘਰ ਦਾ ਸਕੂਨ ਰੱਖਣਾ ਅਤਿ ਜਰੂਰੀ ਹੈ ਖਾਸ ਕਰਕੇ ਜਿਥੇ ਸਾਡੇ ਸਾਂਝੇ ਪ੍ਰੀਵਾਰ ਹਨ। ਪਰ ਇਸ ਦੇ ਲਈ ਘਰ ਦੇ ਸਾਰੇ ਮੈਂਬਰਾਂ ਦੀ ਸਮਝਦਾਰੀ ਅਤੇ ਮਿਲਵਰਤਣ ਤੇ ਨਿਰਭਰ ਕਰਦਾ ਹੈ। ਪਰ ਇਹ ਵੀ ਨਹੀਂ ਇ ਸਾਰੀ ਜ਼ਿੰਮੇਵਾਰੀ ਇੱਕ ਸੀਨੀਅਰ ਤੇ ਹੀ ਲੱਦ ਦਿਤੀ ਜਾਏ ਇਸ ਬਸ ਤੇ ਚੁੱਪ ਰਹਿਣਾ ਹੈ ਤੂੰ ਨਹੀਂ ਬੋਲਣਾ। ਇਹ ਸਭ ਤੋਂ ਵਡਭੀ ਸਜਾ ਹੈ। ਚੰਗਾ ਸਮਾਜ ਸਿਰਜਣ ਦੇ ਲਈ ਸਭ ਦਾ ਸਹਿਯੋਗ ਦੇਣਾ ਮਹੱਤਵਪੂਰਨ ਕਰਤਵ ਹੋਣਾ ਚਾਹੀਦਾ ਹੈ।

# ਅੰਤਰਰਾਸ਼ਟਰੀ ਵਿਦਿਆਰਥੀਆਂ ਤੇ ਵਰਕ ਪਰਮਿਟ ਹੋਲਡਰਾਂ ਨਾਲ ਹੋ ਰਹੇ ਧੱਕੇ ਖਿਲਾਫ ਐਕਸ਼ਨ ਲੈਣ ਲਈ ਕਨੇਡਾ ਦੀ ਫੈਡਰਲ ਸਰਕਾਰ ਤੇ ਸੁਬਾਈ ਸਰਕਾਰਾਂ ਨੂੰ ਭੇਜੀ ਗਈ ਪਟੀਸ਼ਨ !

**ਹਰਚਰਨ ਪਰਹਾਰ**

ਅਸੀਂ ਕਨੇਡਾ ਦੀ ਫੈਡਰਲ ਸਰਕਾਰ ਤੇ ਸੁਬਾਈ ਸਰਕਾਰਾਂ ਦੇ ਧਿਆਨ ਵਿੱਚ ਹੇਠ ਲਿਖੇ ਮੁੱਦੇ ਲਿਆਉਣਾ ਚਾਹੁੰਦੇ ਹਾਂ ਤਾਂ ਕਿ ਕਨੇਡਾ ਵਿੱਚ ਅੰਤਰ ਰਾਸ਼ਟਰੀ ਵਿਦਿਆਰਥੀਆਂ ਤੇ ਵਰਕ ਪਰਮਿਟ ਹੋਲਡਰਾਂ ਨਾਲ ਹੋ ਰਹੇ ਧੱਕਿਆਂ ਖਿਲਾਫ ਸਰਕਾਰ ਕਾਰਵਾਈ ਕਰ ਸਕੇ।

1. ਵਿਦਿਆਰਥੀਆਂ ਨੂੰ ਕਨੇਡਾ ਵਿੱਚ ਐਜੂਕੇਸ਼ਨ ਸਿਸਟਮ ਤੇ ਕੋਰਸਾਂ ਬਾਰੇ ਇਥੇ ਆਉਣ ਤੋਂ ਪਹਿਲਾਂ ਜਾਣਕਾਰੀ ਦਿੱਤੀ ਜਾਵੇ?

2. ਵਿਦਿਆਰਥੀਆਂ ਦੀਆਂ ਫੀਸਾਂ ਨੂੰ ਸਰਕਾਰ ਕੰਟਰੋਲ ਕਰਕੇ, ਕਾਲਿਜਾਂ ਵਲੋਂ ਕੀਤੀ ਜਾ ਰਹੀ ਲੁੱਟ ਬੰਦ ਕੀਤੀ ਜਾਵੇ?

3. ਵਿਦਿਆਰਥੀਆਂ ਤੇ ਵਰਕ ਪਰਮਿਟ ਹੋਲਡਰਾਂ ਲਈ ਪੱਕੇ ਹੋਣ ਵਾਸਤੇ ਐਲ ਐਮ ਆਈ ਈ ਤੇ ਸਪੌਂਸਰਸ਼ਿਪ ਦਾ ਪ੍ਰੋਗਰਾਮ ਬੰਦ ਕੀਤਾ ਜਾਵੇ, ਜਿਸ ਨਾਲ ਇਨ੍ਹਾਂ ਦਾ ਸੋਸ਼ਣ ਹੋ ਰਿਹਾ ਹੈ?

**ਵਿਦਿਆਰਥੀਆਂ ਨੂੰ ਕਨੇਡਾ ਵਿੱਚ ਐਜੂਕੇਸ਼ਨ ਸਿਸਟਮ ਤੇ ਕੋਰਸਾਂ ਬਾਰੇ ਇਥੇ ਆਉਣ ਤੋਂ ਪਹਿਲਾਂ ਜਾਣਕਾਰੀ ਦਿੱਤੀ ਜਾਵੇ?**

ਅੰਤਰ ਰਾਸ਼ਟਰੀ ਵਿਦਿਆਰਥੀ ਇਥੇ ਆਉਣ ਤੋਂ ਪਹਿਲਾਂ ਏਜੰਟਾਂ ਰਾਹੀਂ ਗਲਤ ਜਾਣਕਾਰੀ ਨਾਲ ਕਈ ਤਰ੍ਹਾਂ ਦੇ ਗਲਤ ਕੋਰਸ ਤੇ ਗਲਤ ਕਾਲਿਜ ਚੁਣ ਲੈਂਦੇ ਹਨ, ਜਿਸ ਨਾਲ ਨਾ ਸਿਰਫ ਉਨ੍ਹਾਂ ਨੂੰ ਬਹੁਤ ਵਾਰ ਵੱਧ ਫੀਸਾਂ ਦੇਣੀਆਂ ਪੈਂਦੀਆਂ ਹਨ, ਸਗੋਂ ਗਲਤ ਕੋਰਸ ਜਾਂ ਗਲਤ ਕਾਲਿਜ ਚੁਣਨ ਨਾਲ ਬਾਅਦ ਵਿੱਚ ਬਿਜਨੈਸਮੈਨਾਂ ਦੀ ਲੁੱਟ ਦਾ ਸ਼ਿਕਾਰ ਹੋਣਾ ਪੈਂਦਾ ਹੈ।ਸਰਕਾਰ ਨੂੰ ਚਾਹੀਦਾ ਹੈ ਕਿ ਕਾਲਿਜਾਂ ਨੂੰ ਹਦਾਇਤਾਂ ਕਰੇ ਕਿ ਕੋਰਸ ਦੇਣ ਤੋਂ ਪਹਿਲਾਂ ਸਾਰਾ ਕੁਝ ਵਿਦਿਆਰਥੀਆਂ ਨੂੰ ਸਪੱਸ਼ਟ ਦੱਸਿਆ ਜਾਵੇ। ਜਿਸ ਨਾਲ ਉਨ੍ਹਾਂ ਦੀ ਖੱਜਲ ਖੁਆਰੀ ਤੇ ਲੁੱਟ ਬੰਦ ਹੋ ਸਕੇ।

**ਵਿਦਿਆਰਥੀਆਂ ਦੀਆਂ ਫੀਸਾਂ ਨੂੰ ਸਰਕਾਰ ਕੰਟਰੋਲ ਕਰਕੇ, ਕਾਲਿਜਾਂ ਵਲੋਂ ਕੀਤੀ ਜਾ ਰਹੀ ਲੁੱਟ ਬੰਦ ਕੀਤੀ ਜਾਵੇ?**

ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਕੋਰਸ ਆਫਰ ਕਰਕੇ ਕਨੇਡਾ ਸੱਦ ਰਹੇ ਕਾਲਜ ਆਪਣੀ ਮਰਜੀ ਨਾਲ 3-5 ਗੁਣਾਂ ਤੱਕ ਵੱਧ ਫੀਸਾਂ ਲੈ ਰਹੇ ਹਨ। ਅਜਿਹੇ ਕੋਰਸ ਦੇ ਰਹੇ ਹਨ, ਜਿਨ੍ਹਾਂ ਨਾਲ ਉਨ੍ਹਾਂ ਨੂੰ ਬਾਅਦ ਵਿੱਚ ਪੀ ਆਰ ਲੈਣ ਵਿੱਚ ਮੁਸ਼ਕਿਲ ਆਉਂਦੀ ਹੈ। ਫਿਰ ਉਨ੍ਹਾਂ ਨੂੰ ਪੀ ਆਰ ਲੈਣ ਲਈ ਕੰਮ ਤੋਂ ਸਪੌਂਸਰਸ਼ਿਪ ਲੈਣੀ ਪੈਂਦੀ ਹੈ, ਜੋ ਕਿ ਬਿਜਨੈਸਮੈਨ 40 ਹਜ਼ਾਰ ਤੋਂ 80 ਹਜ਼ਾਰ ਤੱਕ ਵੇਚ ਰਹੇ ਹਨ ਤੇ ਕਨੇਡਾ ਦੇ ਸਾਫ ਸੁਥਰੇ ਸਿਸਟਮ ਨੂੰ ਕੁਰੱਪਟ ਕਰ ਰਹੇ ਹਨ। ਸਰਕਾਰ ਨੂੰ ਫੀਸਾਂ ਤੇ ਵੀ ਕੋਈ ਪਾਬੰਦੀ ਲਗਾਉਣੀ ਚਾਹੀਦੀ ਹੈ।

**ਵਿਦਿਆਰਥੀਆਂ ਤੇ ਵਰਕ ਪਰਮਿਟ ਹੋਲਡਰਾਂ ਲਈ ਪੱਕੇ ਹੋਣ ਵਾਸਤੇ ਐਲ ਐਮ ਆਈ ਈ ਤੇ ਸਪੌਂਸਰਸ਼ਿਪ ਦਾ ਪ੍ਰੋਗਰਾਮ ਬੰਦ ਕੀਤਾ ਜਾਵੇ, ਜਿਸ ਨਾਲ ਇਨ੍ਹਾਂ ਦਾ ਸੋਸ਼ਣ ਹੋ ਰਿਹਾ ਹੈ?**

ਅੰਤਰ ਰਾਸ਼ਟਰੀ ਵਿਦਿਆਰਥੀਆਂ ਤੇ ਵਰਕ ਪਰਮਿਟ ਹੋਲਡਰਾਂ ਨੂੰ ਪੱਕੇ ਹੋਣ ਲਈ ਜਿਥੇ ਇੱਕ ਪਾਸੇ ਕਿਸੇ ਬਿਜਨੈਸਮੈਨ ਤੋਂ ਸਪੌਂਸਰਸ਼ਿਪ ਲੈਣੀ ਪੈਂਦੀ ਹੈ, ਉਥੇ ਉਨ੍ਹਾਂ ਤੇ ਪੀ ਆਰ ਹੋਣ ਲਈ ਸ਼ਰਤ ਹੁੰਦੀ ਹੈ ਕਿ ਉਹ ਕੰਮ ਤੇ ਕਿਸੇ ਮੈਨੇਜਰ ਜਾਂ ਸੁਪਰਵਾਈਜਰ ਲੈਵਲ ਤੇ ਕੰਮ ਕਰਦੇ ਹੋਣ। ਇਸ ਚੋਰ ਮੋਰੀ ਦਾ ਲਾਭ ਉਠਾ ਕੇ ਬਹੁਤ ਸਾਰੇ ਕੰਮਾਂ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਤੇ ਵਰਕ ਪਰਮਿਟ ਹੋਲਡਰਾਂ ਦਾ ਸੋਸ਼ਣ ਕਰਦੇ ਹਨ।ਉਨ੍ਹਾਂ ਨੂੰ ਪੱਕੇ ਕਰਾਉਣ ਲਈ 40-80 ਹਜ਼ਾਰ ਤੱਕ ਲਏ ਜਾਂਦੇ ਹਨ। ਸਰਕਾਰ ਨੂੰ ਅਜਿਹੇ ਬਿਜਨੈਸਾਂ ਦੀ ਜਾਣਕਾਰੀ ਇਕੱਠੀ ਕਰਕੇ ਜਾਂਚ ਕੀਤੀ ਜਾਣੀ ਚਾਹੀਦੀ ਹੈ।

ਬਹੁਤ ਵਾਰ ਬਿਜਨਸਾਂ ਕੋਲ ਇਤਨੇ ਵਰਕਰ ਵੀ ਨਹੀਂ ਹੁੰਦੇ ਕਿ ਕਿਸੇ ਨੂੰ ਸੁਪਰਵਾਈਜ਼ਰ ਜਾਂ ਫੋਰਮੈਨ ਜਾਂ ਮੈਨੇਜਰ ਬਣਾਉਣ, ਪਰ ਅੰਤਰਰਾਸ਼ਟਰੀ ਵਿਦਿਆਰਥੀਆਂ ਤੇ ਵਰਕ ਪਰਮਿਟ ਹੋਲਡਰਾਂ ਦੀ ਲੋੜ ਨੂੰ ਮੁੱਖ ਰੱਖ ਕੇ ਨਕਲੀ ਐਲ ਐਲ ਆਈ ਈ ਲੈਂਦੇ ਹਨ, ਬੇਸ਼ੱਕ ਸਰਕਾਰ ਵਲੋਂ ਇਸਦੀ ਥੋੜੀ ਜਿਹੀ ਫੀਸ ਹੁੰਦੀ ਹੈ, ਪਰ ਉਹ ਅਜਿਹੇ ਨਕਲੀ ਐਲ ਐਲ ਆਈ ਈ ਲੈ ਕੇ ਵੇਚਦੇ ਹਨ ਤੇ ਸਿਸਟਮ ਨੂੰ ਕੁਰੱਪਟ ਕਰ ਰਹੇ ਹਨ। ਅੰਤਰ ਰਾਸ਼ਟਰੀ ਵਿਦਿਆਰਥੀਆਂ ਤੇ ਵਰਕ ਪਰਮਿਟ ਹੋਲਡਰਾਂ ਦਾ ਸਰੀਰਕ, ਮਾਨਸਕਿ ਤੇ ਆਰਥਿਕ ਸੋਸ਼ਣ ਕਰਦੇ ਹਨ। ਅਜਿਹਾ ਇਸ ਲਈ ਵੀ ਹੋ ਰਿਹਾ ਹੈ ਕਿ ਬਹੁਤ ਸਾਰੇ 12ਵੀਂ ਪਾਸ ਵਿਦਿਆਰਥੀ ਇਥੇ ਸਟੂਡੈਂਟ ਵੀਜੇ ਤੇ ਆ ਰਹੇ ਹਨ, ਆਪਣੀ ਪੜ੍ਹਾਈ ਪੂਰੀ ਕਰਕੇ ਉਨ੍ਹਾਂ ਦੇ ਪੀ ਆਰ ਲਈ ਪੁਆਇੰਟ ਪੂਰੇ ਨਹੀਂ ਹੁੰਦੇ, ਜਿਸ ਕਰਕੇ ਉਨ੍ਹਾਂ ਨੂੰ ਸਪੌਂਸਰਸ਼ਿਪ ਤੇ ਸੁਪਰਵਾਈਜ਼ਰ ਜਾਂ ਮੈਨੇਜਰ ਪੁਜ਼ੀਸ਼ਨ ਵਾਲਾ ਐਲ ਐਮ ਆਈ ਈ ਲੈਣਾ ਮੁੱਲ ਲੈਣਾ ਪੈਂਦਾ ਹੈ।ਸਰਕਾਰ ਨੂੰ ਇਮੀਗ੍ਰੇਸ਼ਨ ਸਿਸਟਮ ਦੀਆਂ ਅਜਿਹੀਆਂ ਚੋਰ ਮੋਰੀਆਂ ਬੰਦ ਕਰਨ ਦੀ ਲੋੜ ਹੈ।ਅੰਤਰ ਰਾਸ਼ਟਰੀ ਵਿਦਿਆਰਥੀਆਂ ਤੇ ਵਰਕ ਪਰਮਿਟ ਹੋਲਡਰਾਂ ਨੂੰ ਪੱਕੇ ਕਰਨ ਤੇ ਐਲ ਐਮ ਆਈ ਈ ਦਾ ਸਾਰਾ ਕੰਮ ਆਪਣੇ ਹੱਥ ਲੈਣਾ ਚਾਹੀਦਾ ਹੈ ਤਾਂ ਕਿ ਲੁੱਟ ਤੇ ਸੋਸ਼ਣ ਬੰਦ ਹੋ ਸਕੇ। ਸਰਕਾਰ ਕੋਲ ਅਜਿਹਾ ਕੁਝ ਕਰਨ ਦੇ ਪੂਰੇ ਅਧਿਕਾਰ ਹਨ, ਅਸੀਂ ਸਰਕਾਰ ਤੋਂ ਨਵੇਂ ਤੇ ਸੌਖੇ ਕਨੂੰਨ ਬਣਾਉਣ ਦੀ ਮੰਗ ਕਰਦੇ ਹਾਂ ਤਾਂ ਕਿ ਕਿਸੇ ਨਾਲ ਵੀ ਕੋਈ ਧੱਕਾ ਜਾਂ ਸੋਸ਼ਣ ਨਾ ਹੋਵੇ।

ਹੇਠ ਲਿਖੀਆਂ ਸੰਸਥਾਵਾਂ ਸਰਕਾਰ ਨੂੰ ਕਨੂੰਨ ਬਦਲਣ, ਕੁਰੱਪਸ਼ਨ ਰੋਕਣ ਤੇ ਸੋਸ਼ਣ ਬੰਦ ਕਰਨ ਲਈ ਪਟੀਸ਼ਨ ਨਾਲ ਸਹਿਮਤ ਹਨ:

1. Progressive Cultural Association Calgary
2. Sikh Virsa International
3. Indian Ex-Servicemen Immigrant Association Calgary
4. Calgary Women Cultural Association
5. Indo-Canadian Seniors Immigrant Association Calgary
6. North Calgary Cultural Association
7. Healthy Life Style Knowledge Foundation Calgary
8. Youngistan Sports & Cultural Association Calgary
9. Monterey Punjabi Seniors Association Calgary
10. Punjabi Sahit Sabha Calgary
11. Punjabi Likhari Sabha Calgary
12. Writer's Forum Calgary
13. Arpan Likhari Sabha Calgary
14. Inca Senior Citizens Society Calgary
15. East Indian Defence Committee BC
16. Shaheed Mewa Singh Sports & Cultural Society BC
17. Taraksheel Sabhiyacharak Society BC
18. Shaheed Bhagat Singh 5 Km Run Society BC
19. Punjabi Literary & Cultural Association Winnipeg
20. Sarokaran Di Awaaz News Magazine Toronto
21. Pro People Project Media Group Toronto
22. Alliance of Progressive Canadians Brampton

# ਹਾਅ ਦਾ ਨਾਅਰਾ ਸੰਘਰਸ਼ ਮੋਰਚਾ

ਇਤਿਹਾਸ ਆਪਣੇ ਆਪ ਨੂੰ ਮੁੜ ਦੁਹਰਾਉਂਦਾ ਹੈ। ਸ਼ਹਿਰ ਮਾਲੇਰਕੋਟਲਾ ਦੀ ਧਰਤੀ 'ਤੇ ਵੀ ਇਤਿਹਾਸ ਆਪਣੇ ਆਪ ਨੂੰ ਦੁਹਰਾ ਰਿਹਾ ਜਾਪਦਾ ਹੈ। ਮੁਗ਼ਲ ਹਕੂਮਤ ਦੇ ਜ਼ੁਲਮਾਂ ਖ਼ਿਲਾਫ਼ 'ਹਾਅ ਦਾ ਨਾਅਰਾ' ਮਾਰਨ ਲਈ ਜਾਣੀ ਜਾਂਦੀ ਮਾਲੇਰਕੋਟਲੇ ਦੀ ਧਰਤੀ 'ਤੇ ਲੱਗਿਆ 'ਹਾਅ ਦਾ ਨਾਅਰਾ ਸੰਘਰਸ਼ ਮੋਰਚਾ' ਧਾਰਮਿਕ ਤੇ ਜਾਤੀ ਵਖਰੇਵਿਆਂ ਤੋਂ ਉੱਪਰ ਉੱਠ ਕੇ ਕੱਟੜਤਾ ਦੇ ਰਾਹ ਪਈ ਭਾਰਤੀ ਹਕੂਮਤ ਖ਼ਿਲਾਫ਼ ਪੰਜਾਬੀ ਭਾਈਚਾਰੇ ਦਾ ਮੋਰਚਾ ਬਣ ਗਿਆ ਹੈ। ਪੰਜਾਬੀ ਸਮਾਜ ਦੇ ਵੱਖ-ਵੱਖ ਵਰਗਾਂ ਵੱਲੋਂ ਇਸ ਮੋਰਚੇ ਵਿਚ ਕੀਤੀ ਜਾ ਰਹੀ ਸ਼ਮੂਲੀਅਤ ਉਹ ਰਿਣ ਚੁਕਾ ਰਹੀ ਜਾਪਦੀ ਹੈ ਜਿਹੜਾ ਤਿੰਨ ਸਦੀਆਂ ਪਹਿਲਾਂ ਮਾਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖ਼ਾਨ ਨੇ ਸਿੱਖਾਂ ਅਤੇ ਪੰਜਾਬੀਆਂ ਸਿਰ ਚਾੜ੍ਹਿਆ ਸੀ। ਨਵਾਬ ਸ਼ੇਰ ਮੁਹੰਮਦ ਖ਼ਾਨ ਨੇ ਉਸ ਵਕਤ ਜਿਹੜਾ ਹਾਅ ਦਾ ਨਾਅਰਾ ਮਾਰਿਆ ਸੀ ਉਹ ਇਨਸਾਨੀਅਤ ਦੀ ਬੁਲੰਦ ਮਿਸਾਲ ਤਾਂ ਸੀ ਹੀ, ਨਾਲ ਹੀ ਧਰਮ ਦੇ ਨਾਂ 'ਤੇ ਧੱਕੇ ਤੇ ਜ਼ੁਲਮਾਂ ਦੀ ਖ਼ਿਲਾਫ਼ਤ ਵੀ ਸੀ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਕੀਤੇ ਬਚਨਾਂ ਦੀ ਬਦੌਲਤ ਅਨੇਕਾਂ ਝੱਖੜ ਝੋਲਿਆਂ ਦੇ ਬਾਵਜੂਦ ਮਾਲੇਰਕੋਟਲਾ ਸਦਾ ਸਲਾਮਤ ਰਿਹਾ। ਗੁਰਾਂ ਦੇ ਨਾਂ 'ਤੇ ਵੱਸਦਾ ਪੰਜਾਬ ਨਵਾਬ ਸ਼ੇਰ ਮੁਹੰਮਦ ਖ਼ਾਨ ਦਾ ਹਮੇਸ਼ਾ ਕਰਜ਼ਦਾਰ ਤੇ ਅਹਿਸਾਨਮੰਦ ਰਿਹਾ। ਇੱਥੋਂ ਤੱਕ ਕਿ 1947 ਦੇ ਹੱਲਿਆਂ ਵੇਲੇ ਹੋਈ ਵੱਢ-ਕੱਟ ਦੌਰਾਨ ਵੀ ਇੱਥੋਂ ਦੇ ਮੁਸਲਮਾਨਾਂ ਨੂੰ ਤੱਤੀ ਵਾਅ ਨਹੀਂ ਲੱਗੀ। ਹੁਣ ਜਦੋਂ ਹਿੰਦ ਸਰਕਾਰ ਮੁਗ਼ਲ ਹਕੂਮਤ ਦੇ ਨਕਸ਼ੇ ਕਦਮ 'ਤੇ ਚੱਲਦਿਆਂ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਪਾਸ ਕਰਕੇ ਅਤੇ ਕੌਮੀ ਆਬਾਦੀ ਰਜਿਸਟਰ (ਐੱਨ.ਪੀ.ਆਰ.) ਤੇ ਕੌਮੀ ਨਾਗਰਿਕਤਾ ਰਜਿਸਟਰ (ਐੱਨ.ਆਰ.ਸੀ.) ਲਾਗੂ ਕਰਨ ਦੇ ਐਲਾਨ ਕਰਕੇ ਮੁਲਕ ਦੀ ਸਭ ਤੋਂ ਵੱਡੀ ਘੱਟਗਿਣਤੀ ਮੁਸਲਮਾਨਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਬਣਾਉਣ ਦੇ ਕੋਝੇ ਯਤਨ ਸ਼ੁਰੂ ਕੀਤੇ ਹਨ ਤਾਂ ਇਸ ਵਿਰੁੱਧ ਪੰਜਾਬ ਦੇ ਮੁਸਲਮਾਨਾਂ ਅੰਦਰ ਬੇਚੈਨੀ ਤੇ ਰੋਹ ਪੈਦਾ ਹੋਣਾ ਸੁਭਾਵਿਕ ਸੀ। ਭਾਵੇਂ ਇਨ੍ਹਾਂ ਕਾਨੂੰਨਾਂ ਦੀ ਮਾਰ ਹੇਠ ਸਹਿਜੇ ਸਹਿਜੇ ਸਿੱਖਾਂ, ਇਸਾਈਆਂ, ਦਲਿਤਾਂ, ਆਦਿਵਾਸੀਆਂ ਤੇ ਹੋਰਨਾਂ ਦੱਬੇ ਕੁਚਲੇ ਵਰਗਾਂ ਦਾ ਆਉਣਾ ਤੇ ਸ਼ੱਕੀ ਨਾਗਰਿਕ ਬਣ ਕੇ ਰਹਿ ਜਾਣਾ ਤੈਅ ਹੈ, ਪਰ ਮੁਸਲਿਮ ਭਾਈਚਾਰਾ ਇਨ੍ਹਾਂ ਦਾ ਪਹਿਲਾ ਨਿਸ਼ਾਨਾ ਹੈ। ਇਹੋ ਕਾਰਨ ਹੈ ਕਿ ਦੇਸ਼ ਭਰ ਵਿਚ ਸੀ.ਏ.ਏ. ਖ਼ਿਲਾਫ਼ ਟਾਕਰੇ ਦੀ ਲਹਿਰ ਵਿਚ ਮੁਸਲਿਮ ਭਾਈਚਾਰਾ ਸਭ ਤੋਂ ਮੂਹਰਲੀਆਂ ਸਫ਼ਾਂ ਵਿਚ ਦਿਖਾਈ ਦੇ ਰਿਹਾ ਹੈ। ਇਹਦਾ ਮਤਲਬ ਇਹ ਨਹੀਂ ਕਿ ਇਹ ਕਾਨੂੰਨ ਸਿਰਫ਼ ਮੁਸਲਿਮ ਘੱਟਗਿਣਤੀ ਵਿਰੋਧੀ ਹੀ ਹੈ ਜਾਂ ਇਸ ਕਾਨੂੰਨ ਖ਼ਿਲਾਫ਼ ਲੋਕਾਂ ਦੇ ਹੋਰ ਵਰਗ ਤੇ ਹੋਰ ਘੱਟਗਿਣਤੀਆਂ ਨਹੀਂ ਲੜ ਰਹੀਆਂ। ਮੋਦੀ ਸਰਕਾਰ ਦੇ ਇਸ ਫ਼ਿਰਕੂ-ਫਾਸ਼ੀਵਾਦੀ ਹੱਲੇ ਖ਼ਿਲਾਫ਼ ਉੱਠਿਆ ਜਨਤਕ ਵਿਰੋਧ ਮਿਸਾਲੀ ਵੀ ਹੈ ਤੇ ਇਤਿਹਾਸਕ ਵੀ। ਲੰਮੇ ਸਮੇਂ ਬਾਅਦ ਲੋਕਾਂ ਦੀ ਚੁੱਪ ਟੁੱਟੀ ਹੈ। ਸੰਘਰਸ਼ ਦੇ ਨਵੇਂ-ਨਵੇਂ ਢੰਗ ਤੇ ਨਵੇਂ-ਨਵੇਂ ਕੇਂਦਰ ਉੱਭਰ ਕੇ ਸਾਹਮਣੇ ਆ ਰਹੇ ਹਨ। ਵਿਦਿਆਰਥੀ, ਨੌਜਵਾਨ ਤੇ ਔਰਤਾਂ ਇਸ ਸੰਘਰਸ਼ ਦਾ ਧੁਰਾ ਬਣੇ ਹਨ। ਦਿੱਲੀ, ਉੱਤਰ ਪ੍ਰਦੇਸ਼, ਕਰਨਾਟਕ ਸਮੇਤ ਉੱਤਰ-ਪੂਰਬ ਵਿਚ ਲੋਕ ਰੋਹ ਨੂੰ ਕੁਚਲਣ ਲਈ ਭਾਜਪਾ ਦੀਆਂ ਕੇਂਦਰੀ ਤੇ ਸੂਬਾਈ ਸਰਕਾਰਾਂ ਸ਼ਰੇਆਮ ਜਾਬਰ ਹੱਥਕੰਡੇ ਵੀ ਵਰਤ ਰਹੀਆਂ ਹਨ ਅਤੇ ਪਾੜੋ ਤੇ ਰਾਜ ਕਰੋ ਦੀਆਂ ਚਾਲਾਂ ਵੀ ਚੱਲ ਰਹੀਆਂ ਹਨ। ਫਿਰ ਵੀ ਦੇਸ਼ ਭਰ ਵਿਚ ਸ਼ਾਹੀਨ ਬਾਗ਼ ਦੀ ਤਰਜ਼ ਦੇ ਸੰਘਰਸ਼ ਦੇ ਵੱਡੇ ਕੇਂਦਰ ਉੱਭਰ ਸਾਹਮਣੇ ਆਏ ਹਨ।



ਨੌਂ ਜਨਵਰੀ ਨੂੰ ਪੰਜਾਬ ਦੇ ਮੁਸਲਿਮ ਭਾਈਚਾਰੇ ਦੀ ਬਹੁਗਿਣਤੀ ਵਾਲੇ ਇਕੋ-ਇਕ ਸ਼ਹਿਰ ਮਾਲੇਰਕੋਟਲਾ ਵਿਚ ਵੀ ਸ਼ਾਹੀਨ ਬਾਗ਼ ਵਾਂਗ ਦਿਨ-ਰਾਤ ਦਾ ਮੋਰਚਾ ਲੱਗ ਗਿਆ। ਇਹ ਮੋਰਚਾ ਲੱਗਿਆ ਵੀ 'ਹਾਅ ਦਾ ਨਾਅਰਾ ਸੰਘਰਸ਼ ਮੋਰਚਾ' ਦੇ ਨਾਂ 'ਤੇ ਹੈ। ਪਹਿਲੇ ਦਿਨ ਤੋਂ ਹੀ ਹਾਅ ਦਾ ਨਾਅਰਾ ਸੰਘਰਸ਼ ਮੋਰਚੇ ਨੂੰ ਪੰਜਾਬ ਦੇ ਵੱਖ-ਵੱਖ ਵਰਗਾਂ ਨੇ ਆਪਣੀ ਹਮਾਇਤ ਦੇ ਕੇ ਸਾਬਤ ਕਰ ਦਿੱਤਾ ਕਿ ਉਹ ਨਾ ਇਤਿਹਾਸ ਨੂੰ ਭੁੱਲੇ ਹਨ ਤੇ ਨਾ ਹੀ ਇਨਸਾਨੀਅਤ ਨੂੰ। ਹੁਣ ਤੱਕ ਕਈ ਸੰਕੇਤਕ ਰੂਪਾਂ 'ਚ ਮਾਰਿਆ ਜਾ ਰਿਹਾ ਹਾਅ ਦਾ ਨਾਅਰਾ ਅੱਜ ਵਿਰਾਟ ਰੂਪ ਅਖਤਿਆਰ ਕਰਨ ਜਾ ਰਿਹਾ ਹੈ। ਅੱਜ 16 ਫਰਵਰੀ ਨੂੰ ਹਾਅ ਦਾ ਨਾਅਰਾ ਸੰਘਰਸ਼ ਮੋਰਚਾ ਨਵੇਂ ਰੰਗ ਵਿਚ ਰੰਗਿਆ ਨਜ਼ਰ ਆਵੇਗਾ। ਇਸ ਦਿਨ ਪੰਜਾਬ ਦੀਆਂ ਕਈ ਸੰਘਰਸ਼ਸ਼ੀਲ ਕਿਸਾਨ, ਮਜ਼ਦੂਰ, ਨੌਜਵਾਨ ਤੇ ਵਿਦਿਆਰਥੀ ਜਥੇਬੰਦੀਆਂ ਵੱਡੀ ਲਾਮਬੰਦੀ ਕਰਕੇ ਦਹਿ ਹਜ਼ਾਰਾਂ ਦੀ ਗਿਣਤੀ ਵਿਚ ਮਾਲੇਰਕੋਟਲਾ ਦੇ ਹਾਅ ਦਾ ਨਾਅਰਾ ਸੰਘਰਸ਼ ਮੋਰਚੇ ਵਿਚ ਸ਼ਾਮਲ ਹੋ ਕੇ ਮੋਰਚੇ ਨੂੰ ਨਵੇਂ ਮੁਕਾਮ 'ਤੇ ਪਹੁੰਚਾਉਣਗੀਆਂ ਅਤੇ ਇਸ ਨੂੰ ਨਵਾਂ ਪ੍ਰਸੰਗ ਦੇਣਗੀਆਂ। ਇਹ ਜਥੇਬੰਦੀਆਂ ਪੰਜਾਬ ਦੇ ਲੋਕਾਂ ਨੂੰ ਇਹ ਸੱਦਾ ਵੀ ਦੇਣਗੀਆਂ ਕਿ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.), ਕੌਮੀ ਨਾਗਰਿਕਤਾ ਰਜਿਸਟਰ (ਐੱਨ.ਆਰ.ਸੀ.) ਅਤੇ ਕੌਮੀ ਆਬਾਦੀ ਰਜਿਸਟਰ (ਐੱਨ.ਪੀ.ਆਰ.) ਸਿਰਫ਼ ਮੁਸਲਿਮ ਵਿਰੋਧੀ ਹੀ ਨਹੀਂ ਸਗੋਂ ਸਭਨਾਂ ਘੱਟਗਿਣਤੀਆਂ, ਦਲਿਤਾਂ, ਆਦਿਵਾਸੀਆਂ ਤੇ ਹਿੰਦੂ ਭਾਈਚਾਰੇ ਦੇ ਗ਼ਰੀਬ ਲੋਕਾਂ ਦੇ ਵਿਰੁੱਧ ਵੀ ਸੇਧਤ ਹੈ। ਫਾਸ਼ੀਵਾਦ ਦੇ ਰਾਹ ਪਈ ਭਾਜਪਾ ਸਰਕਾਰ ਵਿਰੁੱਧ ਲੜਾਈ ਸਭਨਾਂ ਲੋਕਾਂ ਦੀ ਸਾਂਝੀ ਲੜਾਈ ਹੈ।

**ਰਣਜੀਤ ਲਹਿਰਾ**
**94175-88616**




# ਕੁਰੱਪਸ਼ਨ, ਲਾਲਚ ਤੇ ਇਮੀਗ੍ਰੇਸ਼ਨ ਸਿਸਟਮ ਦੀਆਂ ਚੋਰ ਮੋਰੀਆਂ ਨੇ ਲਈ ਦੋ ਹੋਰ ਨੌਜਵਾਨਾਂ ਦੀ ਜਾਨ

ਕੈਲਗਰੀ (ਹਰਚਰਨ ਪਰਹਾਰ) : ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਸਿੱਖ ਵਿਰਸਾ ਇੰਟਰਨੈਸ਼ਨਲ ਅਤੇ ਅਦਾਰਾ ਸਰੋਕਾਰਾਂ ਦੀ ਆਵਾਜ ਵਲੋਂ ਅਸੀਂ ਬੀਤੇ ਕੱਲ ਅਲਬਰਟਾ ਤੋਂ ਬੀ ਸੀ ਵੱਲ ਹਾਈਵੇ ਨੰਬਰ ਵੰਨ ਤੇ ਰੈਵਲਸਟੋਕ ਕੋਲ ਇੱਕ ਟਰੱਕ ਹਾਦਸੇ ਵਿੱਚ ਦੋ ਹੋਰ ਟਰੱਕ ਡਰਾਈਵਰ ਨੌਜਵਾਨਾਂ ਦੀ ਹੋਈ ਦਰਦਨਾਕ ਮੌਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹਾਂ। ਅਸੀਂ ਸਮਝਦੇ ਹਾਂ ਕਿ ਅਜਿਹੀਆਂ ਘਟਨਾਵਾਂ ਨੂੰ ਸਾਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ। ਪਿਛਲੇ ਕੁਝ ਸਾਲਾਂ ਤੋਂ ਲੱਖਾਂ ਨੌਜਵਾਨ ਆਪਣੇ ਭਵਿੱਖ ਨੂੰ ਸੰਵਾਰਨ ਲਈ ਅੰਤਰ ਰਾਸ਼ਟਰੀ ਵਿਦਿਆਰਥੀ ਜਾਂ ਵਰਕ ਪਰਮਿਟ ਹੋਲਡਰ ਬਣ ਕੇ ਕਨੇਡਾ ਜਾਂ ਹੋਰ ਦੇਸ਼ਾਂ ਵਿੱਚ ਆ ਰਹੇ ਹਨ। ਪਹਿਲਾਂ ਪੰਜਾਬ ਤੋਂ ਲੱਖਾਂ ਰੁਪੱਈਆ ਖਰਚ ਕੇ ਤੇ ਕਰਜ਼ੇ ਚੁੱਕ ਕੇ ਉਹ ਇਥੇ ਪਹੁੰਚਦੇ ਹਨ, ਫਿਰ ਇਥੇ ਇਮੀਗ੍ਰੇਸ਼ਨ ਸਿਸਟਮ ਦੀਆਂ ਚੋਰ ਮੋਰੀਆਂ ਤੇ ਉਨ੍ਹਾਂ ਦੇ ਕੱਚੇ ਹੋਣ ਦਾ ਲਾਭ ਉਠਾ ਕੇ ਅਨੇਕਾਂ ਲਾਲਚੀ ਤੇ ਕੁਰਪੱਟ ਬਿਜਨੈਸਮੈਨ, ਇਨ੍ਹਾਂ ਦਾ ਸਰੀਰਕ, ਮਾਨਸਿਕ ਤੇ ਆਰਥਿਕ ਸੋਸ਼ਣ ਕਰਦੇ ਹਨ। ਆਮ ਤੌਰ ਤੇ ਅੰਤਰ ਰਾਸ਼ਟਰੀ ਵਿਦਿਆਰਥੀਆਂ ਜਾਂ



ਵਰਕ ਪਰਮਿਟ ਹੋਲਡਰਾਂ ਦੇ ਕੱਚੇ ਹੋਣ ਦੀ ਮਜਬੂਰੀ ਦਾ ਲਾਭ ਉਠਾ ਕੇ ਉਨ੍ਹਾਂ ਤੋਂ ਬਹੁਤ ਸਾਰੇ ਬਿਜਨੈਸਮੈਨ ਮਿਨੀਮਮ ਵੇਜ਼ ਤੋਂ ਵੀ ਘੱਟ ਤਨਖਾਹ ਤੇ ਵੱਧ ਕੰਮ ਕਰਾਉਂਦੇ ਹਨ। ਫਿਰ ਪੱਕੇ ਕਰਾਉਣ ਦੇ ਨਾਮ ਤੇ 40 ਤੋਂ 80 ਹਜ਼ਾਰ ਡਾਲਰ ਤੱਕ ਰਿਸ਼ਵਤ ਵਿੱਚ ਲਏ ਜਾਂਦੇ ਹਨ। ਜਿਸਦੇ ਨਤੀਜੇ ਵਜੋਂ ਬਹੁਤ ਸਾਰੇ ਵਿਦਿਆਰਥੀ ਤੇ ਵਰਕ ਪਰਮਿਟ ਹੋਲਡਰ ਇਹ ਸੋਚ ਕੇ ਟਰੱਕਿੰਗ ਇੰਡਸਟਰੀ ਵਿੱਚ ਕੰਮ ਕਰਦੇ ਹਨ ਕਿ ਉਨ੍ਹਾਂ ਨੂੰ ਘੱਟੋ-ਘੱਟ ਮਿਨੀਮਮ ਵੇਜ ਤੋਂ ਜ਼ਿਆਦਾ ਤਨਖਾਹ ਮਿਲੇਗੀ ਤੇ ਉਹ ਪੱਕੇ ਵੀ ਜਲਦੀ ਹੋ ਜਾਣਗੇ, ਪਰ ਇਥੇ ਵੀ ਉਨ੍ਹਾਂ ਨਾਲ ਉਸੇ ਤਰ੍ਹਾਂ ਸੋਸ਼ਣ ਤੇ ਧੱਕਾ ਹੋ ਰਿਹਾ ਹੈ। ਇਥੇ ਵਸਦੇ ਪੀ ਆਰ ਜਾਂ ਸਿਟੀਜ਼ਨ ਤੇ ਤਜ਼ਰਬੇਕਾਰ ਡਰਾਈਵਰ ਲੰਬੇ ਰੂਟਾਂ ਜਾਂ ਔਖੇ ਰੂਟਾਂ ਤੇ ਕੰਮ ਕਰਨ ਦੀ ਥਾਂ ਲੋਕਲ ਕੰਮ ਕਰਨ ਨੂੰ ਤਰਜੀਹ ਦਿੰਦੇ ਹਨ। ਟਰੱਕਿੰਗ ਕੰਪਨੀਆਂ ਡਾਲਰਾਂ ਦੇ ਲਾਲਚ ਵਿੱਚ ਨਾ-ਤਜ਼ਰਬੇਕਾਰ ਤੇ ਨਵੇਂ ਅੰਤਰ ਰਾਸ਼ਟਰੀ ਵਿਦਿਆਰਥੀ ਜਾਂ ਵਰਕ ਪਰਮਿਟ ਹੋਲਡਰ ਡਰਾਈਵਰਾਂ ਨੂੰ ਬਿਨਾਂ ਕਿਸੇ ਟਰੇਨਿੰਗ ਤੋਂ ਲੰਬੇ ਤੇ ਔਖੇ ਰੂਟਾਂ ਤੇ ਚੜ੍ਹਾ ਦਿੰਦੇ ਹਨ। ਅੰਤਰ ਰਾਸ਼ਟਰੀ ਵਿਦਿਆਰਥੀ ਜਾਂ ਵਰਕ ਪਰਮਿਟ ਹੋਲਡਰ ਵੀ ਪੱਕੇ ਹੋਣ ਦੇ ਲਾਲਚ ਅਤੇ ਵੱਧ ਡਾਲਰ ਬਣਾਉਣ ਦੇ ਚੱਕਰ ਵਿੱਚ ਵੱਧ ਕੰਮ ਕਰਦੇ ਹਨ, ਨੀਂਦ ਪੂਰੀ ਨਹੀਂ ਹੁੰਦੀ, ਕਈ ਵਾਰ ਨਸ਼ੇ ਵੀ ਕਰਦੇ ਹਨ, ਜਿਸਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਬਹੁਤ ਲੋਕ ਵੱਧ ਪੈਸਾ ਬਣਾਉਣ ਲਈ ਜਿਥੇ ਟਰੱਕਾਂ ਰਾਹੀਂ ਨਸ਼ਿਆਂ ਦੀ ਸਮਗਲਿੰਗ ਕਰ ਰਹੇ ਹਨ, ਉਥੇ ਬਹੁਤ ਵੱਡੀ ਪੱਧਰ ਤੇ ਅੰਤਰ ਰਾਸ਼ਟਰੀ ਵਿਦਿਆਰਥੀ ਜਾਂ ਵਰਕ ਪਰਮਿਟ ਹੋਲਡਰ ਵਾਲੇ ਲੰਬੇ ਤੇ ਔਖੇ ਰੂਟਾਂ ਤੇ ਕੰਮ ਕਰਨ ਲਈ ਮਜਬੂਰ ਹਨ। ਇਸਦੇ ਨਤੀਜੇ ਵਜੋਂ ਪਿਛਲੇ ਕੁਝ ਸਾਲਾਂ ਵਿੱਚ ਆਪਣਾ ਸੁਨਹਿਰੀ ਭਵਿੱਖ ਬਣਾਉਣ ਆਏ ਵਿਦਿਆਰਥੀਆਂ ਜਾਂ ਵਰਕ ਪਰਮਟਿ ਹੋਲਡਰਾਂ ਦੀ ਲਾਸ਼ਾਂ ਹੀ ਉਨ੍ਹਾਂ ਦੇ ਮਾਪਿਆਂ ਦੇ ਹੱਥ ਲੱਗ ਰਹੀਆਂ ਹਨ। ਸੈਂਕੜੇ ਅੰਤਰ ਰਾਸ਼ਟਰੀ ਵਿਦਿਆਰਥੀ ਜਾਂ ਵਰਕ ਪਰਮਿਟ ਹੋਲਡਰ ਇਸ ਘਟੀਆ ਤੇ ਲਾਲਚੀ ਸਿਸਟਮ ਦੀ ਬਲੀ ਚੜ੍ਹ ਚੁੱਕੇ ਹਨ। ਅਕਸਰ ਮੀਡੀਆ ਵਿੱਚ ਅਜਿਹੀਆਂ ਖ਼ਬਰਾਂ ਪੜ੍ਹਦੇ ਹਾਂ, ਪਰ ਬਹੁਤ ਸੈਡ, ਗੱਪ, ਮਾੜੀ ਖ਼ਬਰ ਆਦਿ ਦੇ ਕੁਮੈਂਟਾਂ ਤੋਂ ਬਿਨਾਂ ਅਸੀਂ ਆਪਣੀ ਨੌਜਵਾਨੀ ਦੀ ਹੋ ਰਹੀ ਤਬਾਹੀ ਦੇ ਮੂਕ ਦਰਸ਼ਕ ਬਣੇ ਹੋਏ ਹਾਂ।ਅਸੀਂ ਇਸ ਸਬੰਦੀ ਕੋਈ ਆਵਾਜ ਨਹੀਂ ਉਠਾ ਰਹੇ, ਜੇ ਕੋਈ ਆਵਾਜ ਉਠਾਉਂਦਾ ਹੈ, ਉਸਦਾ ਸਾਥ ਨਹੀਂ ਦੇ ਰਹੇ।ਸਾਡੇ ਲੀਡਰ ਐਮ ਐਲ ਏ, ਐਮ ਪੀ, ਕੌਂਸਲਰ ਬਣ ਕੇ ਤਨਖਾਹਾਂ ਦੇ ਚੈਕ ਲੈਣ ਯੋਗੇ ਹੀ ਹਨ, ਉਨ੍ਹਾਂ ਦੇ ਮੂੰਹੋਂ ਕਮਿਉਨਿਟੀ ਦੇ ਮਸਲਿਆਂ ਪ੍ਰਤੀ ਕਦੇ ਕੋਈ ਸ਼ਬਦ ਨਹੀ ਸੁਣਿਆ। ਸਭ ਆਪਣੀਆਂ ਆਪਣੀਆਂ ਸਿਆਸੀ ਰੋਟੀਆਂ ਸੇਕਦੇ ਹਨ। ਅਨੇਕਾਂ ਡਰਾਈਵਿੰਗ ਸਕੂਲ ਜਿਥੇ ਜ਼ਾਅਲੀ ਡਾਕੂਮੈਂਟਸ ਤੇ ਘੱਟ ਟਰੇਨਿੰਗ ਦੇ ਕੇ (ਪਰ ਟਰੇਨਿੰਗ ਦੇ ਪੈਸੇ ਪੂਰੇ ਜਾਂ ਵੱਧ ਲੈ ਰਹੇ ਹਨ) ਧੜਾ-ਧੜ ਲਾਇਸੈਂਸ ਇਸ਼ੂ ਕਰੀ ਜਾਂਦੇ ਹਨ (ਬੇਸ਼ਕ ਪਿਛਲੇ ਸਮੇਂ ਵਿੱਚ ਕਈ ਸਕੂਲ ਸਰਕਾਰ ਵਲੋਂ ਬੰਦ ਵੀ ਕਰਾਏ ਗਏ ਹਨ), ਉਥੇ ਅੰਤਰ ਰਾਸ਼ਟਰੀ ਵਿਦਿਆਰਥੀ ਜਾਂ ਵਰਕ ਪਰਮਿਟ ਹੋਲਡਰ ਵੀ ਜਲਦੀ ਤੋਂ ਜਲਦੀ ਵੱਧ ਪੈਸਾ ਬਣਾਉਣ ਦੇ ਲਾਲਚ ਵਿੱਚ ਇਸ ਖਤਰਨਾਕ ਪ੍ਰੋਫੈਸਨ ਵਿੱਚ ਜਾ ਰਹੇ ਹਨ ਅਤੇ ਘੱਟ ਤਜ਼ਰਬਾ ਹੋਣ ਦੇ ਬਾਵਜੂਦ ਪੱਕੇ ਹੋਣ ਦੇ ਲਾਲਚ ਵਿੱਚ ਔਖੇ ਤੇ ਲੰਬੇ ਰੂਟਾਂ ਤੇ ਚੜ੍ਹ ਜਾਂਦੇ ਹਨ। ਇਹ ਸਮੱਸਿਆ ਦਿਨੋਂ ਦਿਨ ਵੱਧ ਰਹੀ ਹੈ, ਸਾਡੀਆਂ ਸੰਸਥਾਵਾਂ ਵੀ ਘੂਕ ਸੁੱਤੀਆਂ ਪਈਆਂ ਹਨ। ਸਰਕਾਰਾਂ ਉਦੋਂ ਤੱਕ ਕੋਈ ਐਕਸ਼ਨ ਨਹੀਂ ਲੈਂਦੀਆਂ, ਜਦ ਤੱਕ ਅਸੀਂ ਆਪਣਾ ਕੇਸ ਜੋਰਦਾਰ ਢੰਗ ਨਾਲ ਪੇਸ਼ ਨਹੀਂ ਕਰਦੇ। ਅਸੀਂ ਅੰਤਰ ਰਾਸ਼ਟਰੀ ਵਿਦਿਆਰਥੀ ਜਾਂ ਵਰਕ ਪਰਮਿਟ ਹੋਲਡਰ ਅਤੇ ਖਾਸਕਰ ਜਿਹੜੇ ਹੁਣ ਪੱਕੇ ਹੋ ਚੁੱਕੇ ਹਨ, ਉਨ੍ਹਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਬੇਗੁਨਾਹ ਨੌਜਵਾਨਾਂ ਦੀਆਂ ਅਣਿਆਈ ਹੋ ਰਹੀਆਂ ਮੌਤਾਂ ਲਈ ਆਵਾਜ ਉਠਾਉਣ।










# ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਲੁੱਟ ਬੰਦ ਕੀਤੀ ਜਾਵੇ !

• ਭਾਰਤ ਸਰਕਾਰ ਨਾਗਰਿਕਤਾ ਸੋਧ ਵਾਲੇ ਲੋਕ ਵਿਰੋਧੀ ਕਾਲੇ ਕਨੂੰਨ ਵਾਪਿਸ ਲਵੇ। • ਅਮਰੀਕਾ ਵਲੋਂ ਇਰਾਨ ਨੂੰ ਜੰਗ ਦੀਆਂ ਧਮਕੀਆਂ ਹਥਿਆਰ ਵੇਚਣ ਦੀ ਸਾਜ਼ਿਸ਼।















ਕੈਲਗਰੀ, ( ਹਰਚਰਨ ਪਰਹਾਰ): ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸਿੱਖ ਵਿਰਸਾ ਇੰਟਰਨੈਸ਼ਨਲ ਵਲੋਂ 2 ਫਰਵਰੀ ਨੂੰ ਕੋਸੋ ਹਾਲ ਵਿੱਚ ਵੱਖ-ਵੱਖ ਵਿਸ਼ਿਆਂ ਤੇ ਇੱਕ ਸੈਮੀਨਾਰ ਕਰਵਾਇਆ ਗਿਆ। ਜਿਸ ਵਿੱਚ ਦਰਸ਼ਕਾਂ ਦੇ ਭਰਵੇਂ ਇਕੱਠ ਵਿੱਚ ਵੱਖ-ਵੱਖ ਬੁਲਾਰਿਆਂ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਤੇ ਵਰਕ ਪਰਮਿਟ ਹੋਲਡਰਾਂ ਦੀ ਹੋ ਰਹੀ ਸਰੀਰਕ ਤੇ ਆਰਥਿਕ ਲੁੱਟ ਦੀ ਨਿਖੇਧੀ ਕੀਤੀ ਗਈ, ਭਾਰਤ ਸਰਕਾਰ ਵਲੋਂ ਕੁਝ ਮਹੀਨੇ ਪਹਿਲਾਂ ਪਾਸ ਕੀਤੇ ਗਏ ਲੋਕ ਵਿਰੋਧੀ ਨਾਗਰਿਕਤਾ ਸੋਧ ਬਿੱਲਾਂ ਦੀ ਨਿਖੇਧੀ ਕੀਤੀ ਤੇ ਇਨ੍ਹਾਂ ਨੂੰ ਵਾਪਿਸ ਲੈਣ ਦੀ ਮੰਗ ਕੀਤੀ ਗਈ, ਇਰਾਨ ਦੇ ਫੌਜੀ ਜਨਰਲ ਦੀ ਅਮਰੀਕਾ ਵਲੋਂ ਇਰਾਕ ਵਿੱਚ ਹੱਤਿਆ ਤੋਂ ਬਾਅਦ ਜੰਗ ਦੀਆਂ ਧਮਕੀਆਂ ਦੀ ਨਿਖੇਧੀ ਕੀਤੀ ਗਈ। ਅੰਤਰਰਾਸ਼ਟਰੀ ਵਿਦਿਆਰਥੀਆਂ ਤੇ ਵਰਕ ਪਰਮਿਟ ਹੋਲਡਰਾਂ ਦੇ ਮਸਲਿਆਂ ਤੇ ਬੋਲਦਿਆਂ ਸਿੱਖ ਵਿਰਸਾ ਦੇ ਮੁੱਖ ਸੰਪਾਦਕ ਹਰਚਰਨ ਸਿੰਘ ਪਰਹਾਰ ਅਤੇ ਵਕੀਲ ਤਰਨਜੀਤ ਸਿੰਘ ਔਜਲਾ ਵਲੋਂ ਵਿਦਿਆਰਥੀਆਂ ਤੇ ਵਰਕ ਪਰਮਿਟ ਹੋਲਡਰਾਂ ਦੀ ਲੁੱਟ ਬਾਰੇ ਵਿਸਥਾਰ ਵਿੱਚ ਦੱਸਿਆ ਤੇ ਕਨੇਡਾ ਸਰਕਾਰ ਨੂੰ ਭੇਜੀ ਜਾ ਰਹੀ ਪਟੀਸ਼ਨ ਬਾਰੇ ਜਾਣਕਾਰੀ ਦਿੱਤੀ। ਦੋਨਾਂ ਬੁਲਾਰਿਆਂ ਵਲੋਂ ਪਬਲਿਕ ਨੂੰ ਅਪੀਲ ਕੀਤੀ ਕਿ ਆਪਣੇ ਭਾਈਚਾਰੇ ਦੇ ਜਿਹੜੇ ਲੋਕ ਸੋਸ਼ਣ ਕਰ ਰਹੇ, ਪੱਕੇ ਕਰਾਉਣ ਦੇ ਨਾਮ ਤੇ ਵੱਡੀਆਂ ਰਕਮਾਂ ਮੰਗ ਰਹੇ ਹਨ, ਉਨ੍ਹਾਂ ਨੂੰ ਕਮਿਉਨਿਟੀ ਵਿੱਚ ਨੰਗਾ ਕੀਤਾ ਜਾਵੇ ਤਾਂ ਕਿ ਅਜਿਹੇ ਲੋਕ ਕਨੇਡਾ ਦੇ ਵਧੀਆ ਤੇ ਸਾਫ ਸੁਥਰੇ ਸਿਸਟਮ ਨੂੰ ਕਰੱਪਟ ਨਾ ਕਰ ਸਕਣ। ਰੇਡੀਉ ਰੈਡ ਐਫ ਐਮ ਦੇ ਨਿਊਜ਼ ਹੋਸਟ ਰਮਨਜੀਤ ਸਿੱਧੂ ਨੇ ਭਾਰਤ ਸਰਕਾਰ ਵਲੋਂ ਪਾਸ ਕੀਤੇ ਗਏ ਲੋਕ ਵਿਰੋਧੀ ਕਾਲੇ ਕਨੂੰਨਾਂ ਦੇ ਕਾਰਨਾਂ ਬਾਰੇ ਵਿਅੰਗਮਈ ਢੰਗ ਨਾਲ ਚਰਚਾ ਕੀਤੀ ਤੇ ਕਿਹਾ ਕਿ ਜਦੋਂ ਤੱਕ ਲੋਕ ਜਾਗਰੂਕ ਨਹੀਂ ਹੁੰਦੇ, ਲੋਕ ਵਿਰੋਧੀ ਹਾਕਮ ਅਜਿਹੇ ਕਾਰੇ ਕਰਦੇ ਰਹਿਣਗੇ। ਇਰਾਨ ਦੇ ਫੌਜੀ ਜਨਰਲ ਨੂੰ ਇਰਾਕ ਵਿੱਚ ਮਿਜ਼ਾਈਲਾਂ ਰਾਹੀਂ ਮਾਰ ਮੁਕਾਉਣ ਤੋਂ ਬਾਅਦ ਅਮਰੀਕਾ ਵਲੋਂ ਜੰਗ ਦੇ ਬਣਾਏ ਜਾ ਰਹੇ ਮਾਹੌਲ ਤੇ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਜਸਵਿੰਦਰ ਸੱਲ ਨੇ ਦੱਸਿਆ ਕਿ ਕਿਵੇਂ ਅਮਰੀਕਨ ਸਰਕਾਰ ਮਿਡਲ ਈਸਟ ਵਿੱਚ ਹਥਿਆਰਾਂ ਦੀ ਦੌੜ ਵਧਾ ਰਹੀ ਹੈ ਤਾਂ ਕਿ ਉਨ੍ਹਾਂ ਦੀਆਂ ਕੰਪਨੀਆਂ ਹਥਿਆਰ ਵੇਚ ਕੇ ਪੈਸਾ ਬਣਾ ਸਕਣ। ਉਨ੍ਹਾਂ ਇਹ ਵੀ ਇੰਕਸ਼ਾਫ ਕੀਤਾ ਕਿ ਟਰੰਪ ਤੇ ਦਬਾਅ ਪਾਉਣ ਲਈ ਹੀ ਇਰਾਨੀ ਜਨਰਲ ਨੂੰ ਮਾਰਿਆ ਗਿਆ ਸੀ। ਸਟੇਜ ਸਕੱਤਰ ਦੀਆਂ ਸੇਵਾਵਾਂ ਨਿਭਾਉਂਦਿਆਂ ਮਾਸਟਰ ਭਜਨ ਸਿੰਘ ਨੇ ਵੀ ਲੋਕਾਂ ਨੂੰ ਅਪੀਲ ਕੀਤੀ ਕਿ ਜਦੋਂ ਤੱਕ ਅਸੀਂ ਆਪਣੀਆਂ ਸਮੱਸਿਆਵਾਂ ਨੂੰ ਸਮਝ ਕੇ ਕੁਝ ਕਰਨ ਲਈ ਅੱਗੇ ਨਹੀਂ ਆਉਂਦੇ ਤਾਂ ਲੋਕ ਵਿਰੋਧੀ ਜਮਾਤਾਂ ਇਹ ਸਭ ਕਰਦੀਆਂ ਰਹਿਣਗੀਆਂ। ਉਨ੍ਹਾਂ ਦੋਨਾਂ ਸੰਸਥਾਵਾਂ ਵਲੋਂ ਰਲ਼ ਕੇ ਕੀਤੇ ਜਾ ਰਹੇ ਕਮਿਉਨਿਟੀ ਪ੍ਰੋਗਰਾਮਾਂ ਲਈ ਮਿਲ ਰਹੇ ਸਹਿਯੋਗ ਲਈ ਸਭ ਦਾ ਧੰਨਵਾਦ ਕੀਤਾ। ਪੰਜਾਬ ਤੋਂ ਆਏ ਹੋਏ ਟੀਚਰ ਯੂਨੀਅਨ ਡੀ ਟੀ ਐਫ ਦੇ ਆਗੂ ਬਲਦੇਵ ਹੇਅਰ (ਅੰਮ੍ਰਿਤਸਰ) ਵਲੋਂ ਵੀ ਪੰਜਾਬ ਤੇ ਭਾਰਤ ਦੇ ਮੌਜੂਦਾ ਹਾਲਾਤਾਂ ਬਾਰੇ ਵਿਚਾਰ ਪੇਸ਼ ਕੀਤੇ ਗਏ। ਉਨ੍ਹਾਂ ਦੋਨਾਂ ਸੰਸਥਾਵਾਂ ਦੀ ਇਸ ਗੱਲ ਲਈ ਸ਼ਲਾਘਾ ਕੀਤੀ ਕਿ ਵਿਦੇਸ਼ਾਂ ਵਿੱਚ ਆ ਕੇ ਵੀ ਤੁਸੀਂ ਲੋਕ ਮਸਲਿਆਂ ਦੀ ਗੱਲ ਕਰਦੇ ਹੋ ਤੇ ਉਨ੍ਹਾਂ ਨੂੰ ਹੱਲ ਕਰਨ ਲਈ ਵੀ ਯਤਨਸ਼ੀਲ ਹੋ। ਇਸ ਮੌਕੇ ਤੇ ਕਮਲਪ੍ਰੀਤ ਪੰਧੇਰ ਵਲੋਂ 11 ਜੁਲਾਈ ਨੂੰ ਕਰਵਾਏ ਜਾ ਰਹੇ ਸਲਾਨਾ ਨਾਟਕ ਸਮਾਗਮ ਦੀ ਜਾਣਕਾਰੀ ਦਿੱਤੀ ਤੇ ਆਪਣੇ ਬੱਚਿਆਂ ਨੂੰ ਨਾਟਕਾਂ ਤੇ ਕੋਰੀਉਗਰਾਫੀ ਵਿੱਚ ਸ਼ਾਮਿਲ ਕਰਨ ਲਈ ਸੰਪਰਕ ਕਰਨ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਇਸ ਸਾਲ ਸਲਾਨਾ ਨਾਟਕ ਸਮਾਗਮ ਕੈਲਗਰੀ ਦੀ ਪਬਲਿਕ ਲਾਇਬ੍ਰੇਰੀ ਦੇ ਨਵੇਂ ਥੀਏਟਰ ਵਿੱਚ ਹੋਵੇਗਾ। ਯੰਗਸਤਾਨ ਸਪੋਰਟਸ ਤੇ ਕਲਚਰਲ ਐਸੋਸੀਏਸ਼ਨ ਵਲੋਂ ਸੁਖਬੀਰ ਗਰੇਵਾਲ ਨੇ ਪੰਜਾਬੀ ਕਲਾਸਾਂ ਤੇ ਮਾਰਚ ਵਿੱਚ ਮਾਂ ਬੋਲੀ ਦਿਵਸ ਮਨਾਏ ਜਾਣ ਬਾਰੇ ਜਾਣਕਾਰੀ ਦਿੱਤੀ। ਲੇਖਿਕਾ ਗੁਰਚਰਨ ਕੌਰ ਥਿੰਦ ਨੇ ਲੇਖਿਕਾ ਦਲੀਪ ਕੌਰ ਟਿਵਾਣਾ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ, ਉਨ੍ਹਾਂ ਦੀਆਂ ਲਿਖਤਾਂ ਤੇ ਉਨ੍ਹਾਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਲੇਖਕ ਬਹਾਦਰ ਸਿੰਘ ਡਾਲਵੀ ਵਲੋਂ ਲੇਖਕ ਜਸਵੰਤ ਸਿੰਘ ਕੰਵਲ ਨੂੰ ਸ਼ਰਧਾਜਲੀ ਭੇਟ ਕੀਤੀ ਤੇ ਉਨ੍ਹਾਂ ਦੇ ਜੀਵਨ ਤੇ ਉਨ੍ਹਾਂ ਦੀਆਂ ਲੇਖਣੀਆਂ ਦੀ ਚਰਚਾ ਕੀਤੀ। ਲੇਖਿਕਾ ਸੁਰਿੰਦਰ ਗੀਤ ਵਲੋਂ ਆਪਣੀ ਜੁਝਾਰੂ ਕਵਿਤਾ 'ਸਾਡੇ ਤੋਂ ਆਸ ਨਾ ਰੱਖੋ ਕਿ ਅਸੀਂ ਤੁਹਾਡੇ ਝੂਠ ਦੀ ਹਾਮੀ ਭਰਾਂਗੇ' ਸੁਣਾਈ ਅਤੇ ਸੁਖਵਿੰਦਰ ਸਿੰਘ ਤੂਰ ਵਲੋਂ ਸ਼ਹੀਦਾਂ ਨੂੰ ਸਮਰਪਿਤ ਗੀਤ 'ਚੌਕਾਂ ਵਿੱਚ ਰਾਹੀਆਂ ਨੂੰ ਬੁੱਤ ਪੁੱਛਣ ਸ਼ਹੀਦਾਂ ਦੇ...' ਪੇਸ਼ ਕੀਤਾ। ਇਸ ਮੌਕੇ ਕੈਲਗਰੀ ਦੀਆਂ 13 ਜਥੇਬੰਦੀਆਂ ਵਲੋਂ ਸਾਂਝੇ ਤੌਰ ਤੇ ਅੰਤਰ ਰਾਸ਼ਟਰੀ ਵਿਦਿਆਰਥੀਆਂ ਦਾ ਸੋਸ਼ਣ ਰੋਕਣ ਲਈ ਤਿਆਰ ਕੀਤੀ ਪਟੀਸ਼ਨ ਮੀਡੀਆ ਲਈ ਰਿਲੀਜ਼ ਕੀਤੀ, ਜਿਸਨੂੰ ਇਸ ਹਫਤੇ ਮੀਡੀਆ ਤੇ ਸਾਰੇ ਕਨੇਡੀਅਨ ਐਮ ਪੀਜ਼ ਨੂੰ ਭੇਜਿਆ ਜਾਵੇਗਾ। ਇਹ ਵੀ ਫੈਸਲਾ ਕੀਤਾ ਗਿਆ ਕਿ ਕਨੇਡਾ ਦੇ ਬਾਕੀ ਸ਼ਹਿਰਾਂ ਦੀਆਂ ਲੋਕ ਪੱਖੀ ਸੰਸਥਾਵਾਂ ਨਾਲ ਸੰਪਰਕ ਕਰਕੇ ਉਨ੍ਹਾਂ ਨੂੰ ਵੀ ਇਸ ਮੁਹਿੰਮ ਦਾ ਹਿੱਸਾ ਬਣਾਇਆ ਜਾਵੇਗਾ ਤਾਂ ਕਿ ਸਰਕਾਰ ਤੇ ਦਬਾਅ ਪਾਇਆ ਜਾ ਸਕੇ ਕਿ ਉਹ ਉਨ੍ਹਾਂ ਚੋਰ ਮੋਰੀਆਂ ਨੂੰ ਬੰਦ ਕਰੇ, ਜਿਨ੍ਹਾਂ ਰਾਹੀਂ ਲੋਕ ਦੀ ਲੁੱਟ ਤੇ ਸੋਸ਼ਣ ਹੋ ਰਿਹਾ ਹੈ। ਇਸ ਦੌਰਾਨ ਹਾਜ਼ਿਰ ਦਰਸ਼ਕਾਂ ਵਲੋਂ ਕੋਸੋ ਹਾਲ ਦੇ ਬਾਹਰ ਜਾ ਕੇ ਕੁਝ ਮਿੰਟਾਂ ਲਈ ਕਾਲੇ ਕਨੂੰਨਾਂ ਸੀ ਏ ਏ ਅਤੇ ਐਨ ਆਰ ਸੀ ਖਿਲਾਫ ਰੋਸ ਪ੍ਰਦਰਸ਼ਨ ਕੀਤਾ ਤੇ ਭਾਰਤ ਸਰਕਾਰ ਤੋਂ ਇਨ੍ਹਾਂ ਕਾਲੇ ਕਨੂੰਨਾਂ ਨੂੰ ਰੱਦ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ।

Trips Booker
TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LETER
We Can Finance For 03 to 12 Months *
LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN
We Deals in:
• Airline Tickets
• Tour Packages
• Cruises
• Travel Insurance
• Super Visa Medical Insurance (Monthly Payment Plans)
ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• ਏਅਰਲਾਈਨਜ਼ ਟਿਕਟ
• ਟੂਰ ਪੈਕੇਜ
• ਕਰੂਜ਼ਜ
• ਟਰੈਵਲ ਇੰਸ਼ੋਰੈਂਸ
• ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ
• (ਮੰਥਲੀ ਪੇਮੈਂਟ ਪਲੈਨਜ਼)
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500
Call us now @ 403-668-4800
www.Tripsbooker.ca
3650 Westwinds Drive NE, Suite #105, Calgary AB T3J 0W9
Email:reservation@Tripsbooker.ca

Hiring Drivers/Owners/Operators
GALAXY Freightline inc.
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
Balraj Singh Manager
647-701-6991
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

# ਬਰੈਂਪਟਨ affordable housing-basement ਸਮੱਸਿਆ ਅਤੇ ਸਾਡੇ ਪਤਵੰਤੇ ਕੌਂਸਲਰ ਗੁਰਪ੍ਰੀਤ ਢਿੱਲੋਂ

- ਕੁਲਦੀਪ ਬੋਪਾਰਾਏ



ਪਿਛਲੇ ਹਫ਼ਤੇ ਕੌਂਸਲਰ ਢਿੱਲੋ ਹੋਰਾਂ ਮੀਡੀਏ ਰਾਹੀਂ ਦੱਸਿਆ ਕਿ ਉਹਨਾ ਦੀ ਮਿਹਨਤ ਸਦਕਾ ਹੁਣ ਬੇਸਮੈਂਟ ਬਣਾਉਣ ਜਾ ਪਹਿਲੀ ਬਣੀ ਹੋਈ ਨੂੰ ਰਜਿਸਟਰ ਕਰਾਉਣ ਲ਼ਈ ਪੈਂਦੇ ਖਰਚਿਆਂ ਲ਼ਈ ਸਿਟੀ ਬਿਨਾ ਵਿਆਜ ਦਸ ਸਾਲਾ ਲ਼ਈ ਕੁੱਝ ਹੋਰ ਸ਼ਰਤਾ ਨਾਲ ਕਰਜ਼ਾ ਦੇ ਸਕਦੀ ਹੈ।ਜਿਸ ਲ਼ਈ ਉਹਨਾ ਨੇ ਬੇਸਮੈਂਟਾਂ ਬਣਾਉਣ ਅਤੇ ਰਜਿਸਟਰ ਕਰਾਉਣ ਵਾਲਿਆਂ ਲ਼ਈ ਵੱਡਾ ਤੋਹਫ਼ਾ ਗਰਦਾਨਿਆਂ ਹੈ ।ਯਾਦ ਰਹੇ ਕਿ ਉਹ ਢਿੱਲੋਂ ਸਾਹਿਬ ਹੀ ਸਨ ਜਿਹਨਾ 2015 ’ਚ ਬੇਸਮੈਂਟਾਂ ਰਜਿਸਟਰ ਨਾਂ ਕਰਾਉਣ ਜਾਂ ਬਿਨਾ ਪਾਸ ਕਰਾਉਣ ਤੋਂ ਕਿਰਾਏ ’ਤੇ ਦੇਣ ਵਾਲਿਆ ਨੂੰ ਪੰਝੀ ਤੋਂ ਪੰਜਾਹ ਹਜ਼ਾਰ ਡਾਲਰ ਤੱਕ ਦੇ ਜੁਰਮਾਨੇ ਕਰਨ ਦਾ ਕਾਨੂੰਨ ਬਣਵਾਇਆ ਸੀ।ਏਸ ਤਲਵਾਰ ਨੂੰ ਲੋਕਾਂ ਦੇ ਸਿਰਾ ਤੇ ਰੱਖ ਕੇ ਸਿਟੀ ਇੰਸਪੈਕਟਰਾਂ ਨੇ ਹਜ਼ਾਰਾਂ ਹੀ ਲ਼ੋਕਾ ਨੂੰ ਕਚਹਿਰੀਆਂ ’ਚ ਧੂਹ ਕੇ ਹਜ਼ਾਰਾਂ ਹਜ਼ਾਰਾਂ ਡਾਲਰ ਜੁਰਮਾਨੇ ਭਰਨ ਲ਼ਈ ਮਜਬੂਰ ਕੀਤਾ ਜਦੋ ਲੋਕਾਂ ’ਚ ਹਾਹਾਕਾਰ ਮਚ ਗਈ ਤਾਂ ਢਿੱਲੋਂ ਸਾਹਿਬ ਪੰਜਾਬੀ ਰੈਡੀਓ ’ਤੇ ਸਫਾਈਆਂ ਦੇਂਦੇ ਕਹਿਣ ਲੱਗੇ ਕਿ ਜੁਰਮਾਨੇ ਤਾਂ ਕਚਹਿਰੀਆਂ ਦੇ ਜੱਜ ਕਰਦੇ ਹਨ ਅਸੀ ਨਹੀਂ ਅਤੇ ਇਹ ਜੁਰਮਾਨਿਆਂ ਵਾਲੇ ਡਾਲਰ ਸਾਨੂੰ ਸਿਟੀ ਨੂੰ ਨਹੀਂ ਆਉਂਦੇ।ਜਦੋਂ ਲੋਕ ਪੁੱਛਦੇ ਹਨ ਕਿ ਹੋਰ ਸ਼ਹਿਰਾਂ ’ਚ ਤਾਂ ਕਾਨੂੰਨ ਐਨੇ ਸਖਤ ਨਹੀਂ ਤਾਂ ਕਹਿੰਦੇ ਹਨ ਕਿ ਬਰੈਂਪਟਨ ਸ਼ਹਿਰ ’ਚ ਹੁੰਦੇ ਲੜਾਈ ਝਗੜੇ, ਚੋਰੀਆਂ ਅਤੇ ਹੋਰ ਖਿੱਚੋਤਾਣ ਨੂੰ ਕਾਬੂ ਕਰਨ ਲ਼ਈ ਅਜਿਹਾ ਕੁੱਝ ਕਰਨਾ ਪੈਣਾ ਹੀ ਸੀ।ਜਦੋਂ ਅਸੀਂ ਕੁੱਝ ਜਣੇ provincial ਲੀਡਰਾਂ ਕੋਲ ਇਹ ਸ਼ਿਕਾਇਤ ਲੈ ਤੁਰੇ ਅਤੇ ਜਿਸਦੀ ਜਾਣਕਾਰੀ ਬਰੈਂਪਟਨ ਮੇਅਰ ਨੂੰ ਵੀ ਦੇ ਦਿੱਤੀ ਤਾਂ ਕੌਂਸਲਰ ਢਿੱਲੋਂ ਦੇ ਸੈਕਟਰੀ ਜੌਹਨ ਚੱਠਾ ਨੇ ਗੱਲ ਕਰਨ ਲ਼ਈ ਸਾਨੂੰ ਫ਼ੋਨ ਅਤੇ ਈ ਮੇਲ ਰਾਹੀਂ ਪਹੁੰਚ ਕੀਤੀ ਪਰ ਦੋ ਹਫ਼ਤੇ ਤੱਕ ਹੁੰਦੀ ਰਹੀ ਗੱਲ ਨਾਲ ਵੀ ਮੀਟਿੰਗ ਨਾ ਹੋ ਸਕੀ।ਪਰ ਜਦੋ provincial ਲੀਡਰਾਂ ਨਾਲ ਸਾਡੀਆਂ ਮੀਟਿੰਗਾਂ ਚਲ ਪਈਆਂ ਤਾਂ ਚੱਠੇ ਰਾਹੀਂ ਚੌਦਾਂ ਦਸੰਬਰ 2015 ਨੂੰ ਸਿਟੀ ਹਾਲ ’ਚ ਮੀਟਿੰਗ ਫੇਰ ਰੱਖ ਲ਼ਈ ਗਈ ।ਮੀਟਿੰਗ ਦਾ ਸਮਾਂ ਭਾਵੇਂ ਢਾਈ ਵਜੇ ਦਾ ਸੀ ਪਰ ਸਵੇਰੇ ਨੌਂ ਵਜੇ ਚੱਠੇ ਹੋਰਾਂ ਨੇ ਢਿੱਲੋ ਦੇ ਮੀਟਿੰਗ ਚ ਆਪਣੇ ਲੜਕੇ ਦੇ ਬੀਮਾਰ ਹੋਣ ਕਾਰਨ ਨਾ ਪਹੁੰਚ ਸਕਣ ਬਾਰੇ ਦੱਸ ਦਿੱਤਾ। ਦੂਸਰੇ ਕੌਂਸਲਰ ਹਰਕੀਰਤ ਸਿੰਘ, ਸਟਾਫ਼, ਬਿਲਡਿੰਗ ਡਾਇਰੈਕਟਰ ਅਤੇ ਮੇਅਰ ਸਟਾਫ਼ ਸਾਹਮਣੇ ਅਸੀਂ ਆਪਣੀਆਂ ਤਕਲੀਫ਼ਾਂ ਰੱਖੀਆਂ।ਗੱਲਬਾਤ ਚੰਗੇ ਮਾਹੌਲ ’ਚ ਹੋਈ ਅਤੇ ਕਈ ਆਸਾ ਲੈ ਕੇ ਅਸੀਂ ਵਾਪਸ ਆਏ।ਇਸੇ ਤਹਿਤ ਦਸ ਫ਼ਰਵਰੀ ਨੂੰ ਸਿਟੀ ਨੇ one car spot compulsory for basement unit ਨੂੰ ਖਤਮ ਕਰ ਦਿੱਤਾ ਜਿਸ ਦੀ ਅਸੀਂ support ਕੀਤੀ ।ਉੱਥੇ ਹੀ ਸਾਨੂੰ ਦੱਸਿਆ ਗਿਆ ਕਿ ਆਉਂਦੇ ਸਮੇਂ ’ਚ ਹੋਰ ਵੀ ਕਈ ਬੇਲੋੜੀਆ ਸ਼ਰਤਾਂ ਨੂੰ ਖਤਮ ਕਰਨ ਦੇ ਉਪਰਾਲੇ ਕਰਨਗੇ ਪਰ ਕੁੱਝ ਦਿਨਾਂ ਬਾਅਦ ਕੌਂਸਲਰ ਢਿੱਲੋਂ ਹੋਰਾਂ ਦੇ ਐਲਾਨ ਨੇ ਕਿ ਅਗਰ ਕਿਸੇ ਨੂੰ ਬੇਸਮੈਂਟ ਬਣਉਣ ਲ਼ਈ financial ਔਕੜ ਹੋਵੇ ਤਾਂ ਸਾਨੂੰ 20-30 ਹਜ਼ਾਰ ਡਾਲਰ ਦਾ ਬਿਨਾ ਵਿਆਜ ਕਰਜ਼ਾ ਕੁੱਝ ਸ਼ਰਤਾਂ ਨਾਲ ਮਿਲ ਜਾਵੇਗਾ ਦਾ ਐਲਾਨ ਕਰ ਦਿੱਤਾ।

– ਸਾਡੀ ਮੰਗ ਹੈ ਕਿ ਜਿਹੜੇ ਕਾਨੂੰਨ ਟੋਰਾਂਟੋ ਸਿਟੀ ਵਰਤਦੀ ਹੈ ਬੇਸਮੈਂਟ ਸਰਟੀਫਿਕੇਸ਼ਨ ਲ਼ਈ ਉਹਨਾਂ ਨੂੰ ਹੀ ਇੱਥੇ ਵੀ ਵਰਤੋਂ ਅਤੇ ਵਾਧੂ ਦੀਆਂ ਸ਼ਰਤਾਂ ਨੂੰ ਖਤਮ ਕਰੋ ਅਤੇ ਅਗਰ ਇਹਨਾਂ ਸ਼ਰਤਾਂ ਨੂੰ ਨਹੀਂ ਹਟਾਇਆ ਜਾਂਦਾ ਤਾਂ ਅਸੀਂ ਬਰੈਂਪਟਨ ਦੇ ਸਾਰੇ ਐਮ. ਪੀ. ਪੀ. ਨੂੰ ਸੱਦ ਕੇ ਵੱਡੀ ਟਾਉਨ ਹਾਲ ਮੀਟਿੰਗ ’ਚ ਇਹਨਾਂ ਨੂੰ ਸੱਦਾਂਗੇ ਜਿਸ ਲ਼ਈ ਐਮ. ਪੀ. ਪੀ. ਨੇ ਪੂਰਾ ਸਹਿਯੋਗ ਦੇਣ ਲ਼ਈ ਕਿਹਾ ਹੈ।ਢਿੱਲੋਂ ਹੁਰਾਂ ਨੇ ਅੱਜ ਤੱਕ ਸਾਡੇ concerns ਸੁਣਨ ਲ਼ਈ ਸਾਨੂੰ ਕੋਈ ਮੌਕਾ ਨਹੀਂ ਦਿੱਤਾ ਅਤੇ ਨਾਂ ਹੀ ਬਣਾਇਆ।ਉਹਨਾਂ ਨੂੰ ਚਾਹੀਦਾ ਸੀ ਕਿ ਕੁੱਝ ਰੁਝੇਵਿਆਂ ’ਚੋਂ ਸਮਾਂ ਬਣਾ ਕੇ ਸਾਨੂੰ ਸੁਣ ਤਾਂ ਲੈਂਦੇ ਕਿ ਅਸੀਂ ਕਹਿ ਕੀ ਰਹੇ ਹਾਂ।ਕਹਿੰਦੇ ਨੇ ਕਿ 2015 ’ਚ ਜਦੋਂ ਢਿੱਲੋਂ ਹੋਰੀ ਬੇਸਮੈਂਟ ਰਜਿਸਟਰ ਨਾ ਕਰਾ ਕੇ ਕਿਰਾਏ ਤੇ ਦੇਣ ਵਾਲਿਆਂ ਨੂੰ ਪੰਜਾਹ ਹਜ਼ਾਰ ਤੱਕ ਦੇ ਜੁਰਮਾਨੇ ਵਾਲਾ ਕਾਨੂੰਨ ਬਣਾਉਣ ਜਾ ਰਹੇ ਸਨ ਤਾਂ ਬਰੈਂਪਟਨ ਦੇ ਦੋ ਨਾਮਵਰ ਦੋਸਤਾਂ ਪਰਮਜੀਤ ਵਿਰਦੀ ਅਤੇ ਸ. ਨਾਰੂ ਹੋਰਾਂ ਨੇ ਰੋਕਣ ਦੀ ਕੋਸ਼ਿਸ਼ ਕੀਤੀ ਜਿਸ ਦੀ ਉਹਨਾਂ ਪ੍ਰਵਾਹ ਨਹੀਂ ਕੀਤੀ ।ਲਗਦੈ ਢਿੱਲੋਂ ਹੋਰਾਂ ਨੂੰ ਕਿਸੇ ਹੋਰ ਦੇ ਸੁਝਾਅ ਮੰਨਣ ਤੇ ਆਪਦਾ ਘਟਾਅ ਮਾਲੂਮ ਹੁੰਦਾ ਹੋਵੇ ਅਤੇ ਸਾਡੇ ਵੱਲੋਂ ਉਹਨਾਂ ਦੇ ਲਾਗੂ ਕੀਤੇ ਗਏ ਬੇਲੋੜੇ ਕਾਨੂੰਨਾਂ ਨੂੰ ਵਾਪਸ ਲੈਣ ਦੇ ਸੁਝਾਵਾਂ ਨੂੰ ਉਹ ਆਪਦੀ ਤੌਹੀਨ ਸਮਝ ਰਹੇ ਹੋਣ ਸ਼ਾਇਦ ਏਸੇ ਕਰਕੇ ਉਨ੍ਹਾਂ ਆਪਣੀ ਮਨਮਰਜ਼ੀ ਲਾਗੂ ਰੱਖਣ ਲ਼ਈ ਤੀਹ ਹਜ਼ਾਰ ਦੇ ਬਿਨਾਂ ਵਿਆਜ ਕਰਜ਼ੇ ਦਾ ਲਾਲਚ ਦੇ ਕੇ ਸਾਡੀਆਂ ਮੰਗਾਂ ਦੀ ਸਵਾਹ ਬਣਾਉਣ ਦਾ ਰਾਹ ਅਪਣਾਇਆ ਪਰ ਸਵਾਲ ਹੈ ਕਿ ਅਸੀਂ ਬੇਲੋੜੀਆਂ ਸ਼ਰਤਾਂ ਉੱਤੇ ਹਜ਼ਾਰਾਂ ਡਾਲਰ ਕਾਹਤੋ ਲਾਈਏ ? ਅਸੀਂ ਬਿਨਾ ਵਜਾਹ ਕਰਜ਼ਾ ਕਾਹਤੋਂ ਚੱਕੀਏ।ਢਿੱਲੋਂ ਹੋਰਾਂ ਨੂੰ ਸਵਾਲ ਹੈ ਕਿ 1995 ਤੋਂ ਪਹਿਲਾ ਬਣੀਆਂ ਬੇਸਮੈਂਟਾਂ ਨੂੰ ਮਨਜੂਰੀ ਦੇਣ ਵੇਲੇ ਵੀ ਕੀ ਇੰਸਪੈਕਟਰ ਹਰ ਦੂਜੇ ਚੌਥੇ ਘਰਾਂ ’ਚ ਜਾ ਕੇ inspection ਕਰਿਆ ਕਰਦੇ ਸਨ ? ਕੀ ਉਸ ਵੇਲੇ ਦੇ material ਦਾ ਸਟੈਂਡਰਡ ਵੀ ਹੁਣ ਵਾਲੇ ਸਟੈਂਡਰਡ ਨਾਲ ਮੇਲ ਖਾਂਦਾ ਸੀ ? ਅਗਰ 1995 ਤੋਂ ਬਾਅਦ ਦੀਆਂ ਬਣੀਆ ਬੇਸਮੈਂਟਾਂ ਨੂੰ ਤੁਸੀਂ ਢਾਹ ਕੇ ਦੇਖਣਾ ਚਾਹੁੰਦੇ ਹੋ ਕਿ ਕਿਸੇ ਨੇ ਕਿਧਰੇ ਕੋਈ ਹੇਰਾਫੇਰੀ ਤਾਂ ਨਹੀਂ ਕੀਤੀ ਤਾਂ ਪਹਿਲੀਆਂ ਨੂੰ ਵੀ ਢਾਹ ਕੇ ਦੇਖੋ ਫੇਰ। ਉਹਨਾਂ ਨੂੰ ਵੀ ਦੁਬਾਰਾ ਬਣਾਉਣ ਲ਼ਈ ਕਰਜ਼ਾ ਦੇ ਦਿਉ।ਫਿਰ ਪਤਾ ਚਲੂ ਕਿ ਉਹਨਾਂ ਇਲਾਕਿਆਂ ਵਾਲੇ ਕੌਂਸਲਰ ਕਿਵੇਂ ਤੁਹਾਡੇ ਨਾਲ ਵਰਤਦੇ ਆ।ਕਿੰਨੀਆਂ ਕੁ ਸਬ ਕਮੇਟੀਆਂ ਦੇ ਚੇਅਰਮੈਨ ਬਣਾਉਣਗੇ ਉਹ ਤੁਹਾਨੂੰ।ਕਿੰਨਿਆਂ ਕੁ ਵਿਦੇਸ਼ੀ ਦੌਰਿਆਂ ਤੇ ਭੇਜਣਗੇ ਤੁਹਾਨੂੰ ।ਤਕਰੀਬਨ ਦੋ ਕੁ ਦਹਾਕੇ ਪਹਿਲਾਂ ਵੀ ਅਸੀਂ ਇਹੋ ਮਸਲਾ ਕੌਂਸਲ ’ਚ ਲਗਾਏ ਸੀ ਕਿ ਜਦ 1995 ਤੱਕ ਦੀਆਂ ਬੇਸਮੈਂਟਾਂ ਲੀਗਲ ਕਰ ਦਿੱਤੀਆਂ ਤਾਂ ਨਵੇਂ ਇਲਾਕਿਆਂ ਨੂੰ ਵੀ ਮੰਨੋ । ਇਕ ਸ਼ਹਿਰ ਦੇ ਸਾਰੇ ਵਾਸੀਆਂ ਨਾਲ ਇੱਕੋ ਕਾਨੂੰਨ ਨਾਲ ਵਰਤੋਂ ਪਰ approved ਬੇਸਮੈਂਟਾਂ ਵਾਲੇ ਇਲਾਕਿਆ ਦੇ ਕੌਂਸਲਰਾਂ ਨੇ ਸਾਨੂੰ ਗੰਦੀਆਂ ਗਾਲਾ ਵਰਗੀ ਭਾਸ਼ਾ ਵਰਤਦਿਆਂ ਕਿਹਾ ਕਿ ਤੁਸੀ ਲੋਕਾਂ ਨੇ ਸਾਡੇ ਸ਼ਹਿਰ ਦੇ ਵੱਡੇ ਵੱਡੇ ਘਰ ਵੱਡੇ ਵੱਡੇ ਕਰਜ਼ੇ ਚੁੱਕ ਕੇ ਕਬਜ਼ੇ ’ਚ ਲੈ ਲਏ ।ਹੁਣ ਖਰਚੇ ਪੂਰੇ ਨਹੀਂ ਕਰ ਹੁੰਦੇ ਤਾਂ ਆ ਗਏ ਹੋ ਬੇਸਮੈਂਟਾਂ ਕਿਰਾਏ ਤੇ ਚਾੜ੍ਹਨ ਦੀ ਇਜਾਜ਼ਤ ਲੈਣ।ਅਸੀਂ ਤੁਹਾਨੂੰ ਸਾਡੇ ਸ਼ਹਿਰ ਨੂੰ ਜੰਗਲ਼ ਨਹੀਂ ਬਣਾਉਣ ਦੇਣਾ।ਅਜਿਹੀ ਭਾਸ਼ਾ ਲਿੰਡਾ ਜਾਫਰੀ ਨੇ ਜੋ ਉਦੋਂ ਵਾਰਡ 7-8 ਤੋਂ ਕੌਂਸਲਰ ਸੀ ਸਭ ਤੋਂ ਅੱਗੇ ਹੋ ਕੇ ਵਰਤੀ ਅਤੇ ਸਾਡੀ motion ਨੂੰ reject ਤਾਂ ਕੀਤਾ ਹੀ ਪਰ ਅਗਲੇ ਦੋ ਸਾਲਾ ਲ਼ਈ ਵਾਪਸ ਆਉਣ ਤੇ ਵੀ ਬੰਧਸ਼ ਲਾ ਦਿੱਤੀ ਜਦ ਕਿ municipal act ਅਨੁਸਾਰ ਛੇ ਮਹੀਨੇ ਬਾਅਦ ਉਸੇ rejected issue ਨੂੰ ਦੋਬਾਰਾ motion ਤੇ ਲਿਆਂਦਾ ਜਾ ਸਕਦਾ ਹੈ।

ਬਰੈਂਪਟਨ ਮਲਟੀਕਲਚਰਜ਼ ਸਿਟੀ ਹੈ। ਸਾਰਿਆਂ ਨੂੰ ਰਹਿਣ ਲ਼ਈ ਬਰਾਬਰ ਦੇ ਅਧਿਕਾਰ ਹਨ ਪਰ ਸਾਡੀ ਰਜੈਕਟ ਕੀਤੀ ਮੋਸ਼ਨ ਨੂੰ ਇੰਡੀਅਨ ਨੂੰ ਸ਼ਹਿਰ ਨੂੰ ਗੰਦਾ ਨਹੀਂ ਬਣਾਉਣ ਦੇਣਾ ਕਹਿ ਕੇ reject ਕੀਤਾ ਗਿਆ ਸੀ ਪਰ ਉਹੋ ਰੇਸਿਸਟ ਲੀਡਰ ਮੇਅਰ ਦੀ ਇਲੈਕਸ਼ਨ ਵੇਲੇ ਸੂਜਨ ਫਨਲ – ਲਿੰਡਾ ਜਾਫਰੀ illegal basements ’ਚ ਬੈਠ ਕੇ ਵੋਟਾਂ ਵੀ ਮੰਗਦੇ ਦੇਖੇ ਗਏ।ਸਿਆਸਤਦਾਨਾ ਦੀ ਸਾਰੀ ਅਣਖ ਵੋਟਾਂ ਦੁਆਲੇ ਘੁੰਮਦੀ ਹੈ। ਸਿਆਸਤਦਾਨ ਦੇਖਦੇ ਹਨ ਕਿ ਉਹਨਾਂ ਦੇ ਵੋਟ ਬੈਂਕ ਦਾ ਨਜਰੀਆ ਕੀ ਹੈ। ਲੋੜ ਹੈ ਮਲਟੀਕਲਚਰ ਸੁਸਾਇਟੀ ਦਾ ਨਜਰੀਆ ਇਕ ਦੂਸਰੇ ਵਾਲੀ ਰਸਪੈਕਟ ਵਾਲਾ ਹੋਵੇ, ਬਣੇ ਜਾ ਬਣਾਇਆ ਜਾਵੇ।ਪਰ ਇੱਥੇ ਧਰਮਾਂ ਦੇ ਨਾਂ ਤੇ ਸਿਆਸੀ ਰੋਟੀਆਂ ਖਾਣ ਦੇ ਲਾਲਚੀਆ ਨੇ ਨਗਰ-ਕੀਰਤਨਾਂ, ਈਦਾਂ ਜਾਂ ਈਦਾਂ ਦੇ ਡਰਾਮਿਆਂ ਨੇ ਕਦੇ ਕਿਸੇ ਸੜਕ ਨੂੰ block ਕੀਤਾ ਹੋਇਆ ਹੁੰਦਾ ਹੈ ਅਤੇ ਕਿਸੇ ਸੜਕ ਦੇ ਵਿਚਾਲੇ ਤੰਬੂ ਲਾ ਕੇ ਖੇਹ ਖ਼ਰਾਬ ਕੀਤਾ ਹੁੰਦਾ ਹੈ। ਸ਼ੜਕਾ ਦੇ ਨਾਵਾਂ ਨੂੰ ਵੱਡੇ ਵੱਡੇ ਵਿਖਾਵਿਆਂ ਨਾਲ ਬਦਲਿਆ ਜਾਂਦਾ ਹੈ। ਮੋਟਰਸਾਈਕਲ ਬਿਨਾ ਟੋਪ ਦੇ ਪੁਲਸ ਦੀ ਰਾਖੀ ’ਚ ਚਲਾਉਣ ਦੇ ਡਰਾਮੇ ਕੀਤੇ ਜਾਂਦੇ ਹਨ, ਲ਼ਈ ਕੌਂਸਲਰ ਸ਼ਰੇਆਮ ਮੀਡੀਏ ’ਚ ਰੌਲਾ ਪਾਉਦੇ ਦੇਖੇ ਜਾਂਦੇ ਹਨ ਕਿ ਇਹ ਕੀ ਹੋ ਰਿਹਾ ਹੈ।ਮਿਉਸਪਲ ਚੋਣਾਂ ’ਚ ਪੁਲੀਟੀਕਲ ਹਵਾ ਨਹੀਂ ਚਲਦੀ।ਜਿੱਥੇ ਜਿਹੜੀ ਕਮਿਊਨਟੀ ਦੇ ਲੋਕ ਜ਼ਿਆਦਾ ਹਨ ਕੌਂਸਲਰ ਵੀ ਉਹਨਾਂ ਦਾ ਹੀ ਬੋਲੀ ਬੋਲਦੇ ਹਨ।ਐਨ ਡੀ ਪੀ ਐਮ ਪੀ ਪੀ ਸਾਰਾ ਸਿੰਘ ਭਾਵੇਂ ਪਾਰਟੀ ਦੀ affordable housing critics ਹੈ ਪਰ ਬੇਸਮੈਂਟਾ ਤੇ ਉਸਦੀ ਬੋਲਤੀ ਉਸਦੇ ਬਹੁਗਿਣਤੀ ਵੋਟਰਾਂ ਨੇ ਹੋਰ ਬਣਾਈ ਹੋਈ ਹੈaffordable housing and basement ਨੂੰ ਸੰਬੋਧਤ provincial act 140 ਦੇ ਬਰੈਂਪਟਨ ’ਚ ਲਾਗੂ ਹੋਣ ਨੂੰ ਉਹ ਆਪਦੀਆਂ ਵੋਟਾਂ ਨੂੰ ਦੇਖ ਕੇ ਰੱਖ ਰਹੀ ਹੈ ।ਪਰ ਕੌਂਸਲਰ ਢਿੱਲੋਂ ਦੀ ਸਿਆਸੀ ਖੇਡ ’ਚ ਕੁੱਝ ਹੋਰ ਹੈ।ਉਹ ਪੰਜਾਬੀ ਵੋਟਾਂ ਨੂੰ ਆਪਦੀਆਂ ਰਾਖਵੀਂ ਵੋਟ ਗਿਣਦੇ ਹਨ। ਉਹ ਇਹ ਵੀ ਮਹਿਸੂਸ ਕਰਦੇ ਹਨ ਪੰਜਾਬੀ ਤਾਂ ਸਿਆਸੀ ਤੌਰ ’ਤੇ ਬੇਵਕੂਫ਼ ਹਨ। ਵੱਡੇ ਵੱਡੇ ਨਾਹਰਿਆਂ -ਜੈਕਾਰਿਆਂ ਨਾਲ ਨਾਲ ਵੋਟ ਘੁੰਮਦੀ ਹੈ ਪੰਜਾਬੀਆਂ ਦੀ ।ਤਾਹੀਓਂ ਸਾਡੇ ਵੱਲੋਂ ਕਈ ਵਾਰ ਕਹਿਣ ਦੇ ਬਾਵਜੂਦ ਵੀ ਗੱਲ ਕਰਨ ਨੂੰ ਅਹਿਮੀਅਤ ਨਹੀਂ ਦਿੱਤੀ ਹੁਣ ਤੱਕ।ਦੂਸਰੇ ਕੌਂਸਲਰਾਂ ਨੂੰ ਖੁਸ਼ ਰੱਖਣ ਲ਼ਈ ਬੇਸਮੈਂਟਾਂ ਬਾਈ ਲਾ ਤੋ ਬੇਲੋੜੀਆਂ ਸ਼ਰਤਾਂ ਹਟਾਉਣ ਦੀ ਬਜਾਏ ਲੋਕਾਂ ਨੂੰ ਉੱਲੂ ਬਣਾਉਣ ਲ਼ਈ ਦਸਾਂ ਸਾਲਾ ਤੱਕ ਬਿਨਾ ਵਿਆਜ ਕਰਜ਼ੇ ਦੇਣ ਦੇ ਡਰਾਮੇ ਕਰ ਰਹੇ ਹਨ।ਕਿੰਨਾ ਚੰਗਾ ਹੋਵੇ ਕਿ ਢਿੱਲੋਂ ਹੋਰੀ ਦੂਸਰੇ ਕੌਂਸਲਰਾਂ ਨੂੰ ਕਹਿਣ ਕਿ ਇਕ ਸ਼ਹਿਰ ’ਚ ਦੋ ਕਨੂੰਨ ਚੰਗੇ ਨਹੀ ਲੱਗਦੇ।ਜਿਹੜੇ ਕਾਨੂੰਨ 1995 ਤੋਂ ਪਹਿਲੀਆਂ ਬਣੀਆਂ ਬੇਸਮੈਂਟਾਂ ਲ਼ਈ ਕੰਮ ਕਰ ਰਹੇ ਹਨ ਉਹੋ ਹੀ ਬਾਆਦ ਵਾਲਿਆਂ ਲ਼ਈ ਹੋਣ ।ਨਹੀਂ ਤਾਂ ਹੁਣ ਵਾਲੇ ਕਾਨੂੰਨ ਪਹਿਲਿਆਂ ਤੇ ਵੀ ਲਾਗੂ ਕਰੋ।ਢਾਹਵੋ ਉਹਨਾਂ ਦੀਆਂ ਵੀ ਬੇਸਮੈਂਟਾਂ ਅਤੇ ਵੇਰ ਤੋਂ ਸਰਟੀਫਾਈਡ ਕਰੋ।ਉਹਨਾਂ ਨੂੰ ਵੀ ਦੋਬਾਰਾ ਰਿਪੇਅਰ ਕਰਨ ਲ਼ਈ ਬਿਨਾ ਵਿਆਜ ਕਰਜ਼ੇ ਕਹਿ ਦਿਉ ਲੈ ਲੈਣ ਤੁਹਾਡੇ ਤੋਂ ।ਇਸ ਤੋਂ ਬਿਨਾ ਸਰਨਾ ਮੁਸ਼ਕਲ ਹੋਏਗਾ।ਆਸ ਹੈ ਕਿ ਤੁਸੀ ਸਾਨੂੰ ਜ਼ਰੂਰ ਸੁਣੋਗੇ।


## ਮੈਟਰੋ ਇਮੀਗ੍ਰੇਸ਼ਨ




1. ਅਸੀਂ ਕੈਨੇਡਾ ਦੇ ਜਾਂ ਕੈਨੇਡਾ ਦੇ ਬਾਹਰਲੇ ਸਪਾਊਸ ਕੇਸ ਐਪਲਕੇਸ਼ਨਾਂ ਵੀ ਪ੍ਰੋਸੈਸ ਕਰਦੇ ਹਾਂ ।ਸਾਡੇ ਨਾਲ ਸਬੰਧਤ ਦਫ਼ਤਰ ਲੁਧਿਆਣੇ ਅਤੇ ਜਲੰਧਰ ਵੀ ਹੈ ।
2. ਪੇਰੈਂਟਸ ਜਾਂ ਗ੍ਰੈਂਡ-ਪੇਰੈਂਟਸ ਦੇ ਸੁਪਰਵੀਜਾ ਕੇਸ
3. ਵਿਜਟਰ ਟੂ ਕੈਨੇਡਾ (ਐਫਡੇਵਿਟ)
4. ਇਨਵੀਟੇਸ਼ਨ ਤੇ ਐਕਸਪ੍ਰੈਸ ਐਂਟਰੀ ਵੀਜਾ
5. ਪੀ ਆਰ ਲਈ ਐਲ.ਆਈ.ਐਮ.ਏ.
6. ਹਰ ਕਿਸਮ ਦੇ ਰਫੀਊਜਲ ਦੇ ਕੇਸ ਜਿਵੇਂ ਸਪਾਊਸਲ, ਇਨਸਫੀਸ਼ਐਂਟ ਇਨਕਮ, ਕ੍ਰਿਮਨਿਲ, ਮੈਡੀਕਲ ਰਫੀਊਜਲ ਆਦਿ ਦੇ ਕੇਸਾਂ ਲਈ ਆਈ.ਏ.ਡੀ. ਨੂੰ ਅਪੀਲ ਕੇਸ
7. ਸੈਲਫ ਇੰਮਪਲਾਇਮੈਂਟ ਕੇਸ ਜਿਵੇਂ ਫਾਰਮਰ, ਆਰਟਿਸਟ ਆਦਿ
8. ਪੀ.ਐਨ.ਪੀ ਮੈਨਟਿਬਾ, ਐਲਬਰਟਾ, ਸਸਕੈਚ, ਪੀ ਈ ਆਈ, ਇਨਵੈਸਟਰ, ਪੀ ਐਨ ਪੀ ਬਿਜਨਸ।
9. ਕਮਸ਼ਿਨਰ ਫਾਰ ਓਥ
10. ਫੈਮਲੀ ਸਪਾਂਸਰਸ਼ਿਪ (ਪੇਰੈਂਟਸ ਜਾਂ ਗਰੈਂਡ ਪੇਰੈਂਟਸ)
11. ਪੀ.ਆਰ. ਕਾਰਡ ਰਿਨੀਊਅਲ
12. ਪਾਰਡਨ ਜਾਂ ਯੂ ਐਸ ਵੇਵਰ ਐਪਲਕਿਸ਼ਨ
13. ਸਿਟੀਜ਼ਨਸ਼ਿਪ ਐਪਲੀਕੇਸ਼ਨ
14. ਯੂ.ਐਸ. ਵਿਜਿਟਰ ਵੀਜਾ
15. ਵਿਜਿਟਰ, ਵਰਕ, ਸਟੂਡੈਂਟ ਵੀਜਾ ਐਕਟੈਂਸ਼ਨ
16. ਪੀ ਆਰ ਐਪਲੀਕੇਸ਼ਨ, ਸਕੀਲਡ,ਵਰਕਰ, ਕੈਨੇਡਿਅਨ ਐਕਸਪੀਰੀਅਸ ਕਲਾਸ, ਲਿਵ-ਇਨ ਕੇਅਰ ਗਿਵਰ
17. ਐਚ.ਆਰ.ਧੀ.ਐਸ ਤੋਂ ਐਲ.ਐਮ.ਆਈ.ਏ. ਫਾਰ ਵਰਕ ਪਰਿਮਟ
18. ਸੀ.ਏ.ਆਈ.ਪੀ.ਸੀ..ਸੀਆਰ ਸੀ ਤੋਂ ਸਾਰੀ ਫਾਇਲ ਦੀ ਕਾਪੀ ਲਈ
19. ਨਾਮ ਬਦਲੀ
20. ਨਿਊਜ਼ੀਲੈਂਡ ਜਾਂ ਕੇਨੇਡਾ ਲਈ ਸਟੂਡੈਂਟ ਵੀਜਾ
21. ਬਿਜਿਨਸ/ਐਂਟਰਪਰਿਨਰ ਐਪਲੀਕੇਸ਼ਨਨ

**Suresh Gupta** 905-913-7700
Certified Immigration Practitioner (RCIC) Member ICCRC
info@metroimmigration.com www.metroimmigration.com
12-2355 Derry Road East, Mississauga, Ont. L5S 1V6



HOMELIFE SILVERCITY REALTY INC., BROKERAGE
HIGHER STANDARDS

**Homelife SilverCity Realty Inc.**
BROKERAGE Independently Owned & Operated



## Mandeep Dhaliwal
Sales Representative

416-648-9053
905-913-8500
mkdsm0713@gmail.com

11775 Bramalea Rd., Unit #201, Brampton ON L6R3S9



## Home Life/Superstars
Real Estate Ltd., Brokerage
Each office is independently owned & operated



*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092
Sukdev Singh Liddar
*2555 Steeles Ave E. Unit 11 *Brampton *ON*L6T4L6

# ਪੰਜਾਬੀ ਲੈਂਗੂਏਜ਼ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਵਲੋਂ ਸਤਾਰ੍ਹਵਾਂ ਸਲਾਨਾ ਅੰਤਰਰਾਸ਼ਟਰੀ ਮਾਂ ਬੋਲੀ ਦਿਵਸ ਮਨਾਇਆ












ਸਰ੍ਹੀ (ਪਰਮਿੰਦਰ ਸਵੈਚ) : 23 ਫਰਵਰੀ ਦਿਨ ਐਤਵਾਰ ਨੂੰ ਪੰਜਾਬੀ ਲੈਂਗੂਏਜ਼ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਵਲੋਂ ਕਵਾਂਟਲਿਨ ਪੌਲੀਟੈਕਨਿਕ ਯੂਨੀਵਰਸਿਟੀ ਅਤੇ ਦੀਪਕ ਬਿਨਿੰਗ ਫਾਊਂਡੇਸ਼ਨ ਦੇ ਸਾਂਝੇ ਉੱਦਮ ਨਾਲ ਸਤਾਰ੍ਹਵਾਂ ਸਲਾਨਾ ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ ਕਵਾਂਟਲਿਨ ਪੌਲੀਟੈਕਨਿਕ ਯੂਨੀਵਰਸਿਟੀ ਵਿੱਚ ਮਨਾਇਆ ਗਿਆ। ਪੰਜਾਬੀ ਨੂੰ ਪਿਆਰ ਕਰਨ ਵਾਲੇ ਅਤੇ ਬ੍ਰਿਟਿਸ਼ ਕੋਲੰਬੀਆ ਦੇ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਕੇ ਪ੍ਰੋਗਰਾਮ ਨੂੰ ਮਿਆਰੀ ਬਣਾ ਦਿੱਤਾ। ਇਸ ਸਮਾਗਮ ਦਾ ਸੰਚਾਲਨ ਕੈਨੇਡੀਅਨ ਜੰਮਪਲ ਪੰਜਾਬੀ ਅਧਿਆਪਕਾ ਪ੍ਰਭਜੋਤ ਕੌਰ ਨੇ ਬਹੁਤ ਹੀ ਵਧੀਆ ਪੰਜਾਬੀ ਬੋਲੀ ਵਿੱਚ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਯੂਨੀਵਰਸਿਟੀ ਦੇ ਅਗਜੈਕਟਿਵ ਡਾਇਰੈਕਟਰ ਸਟੀਵ ਲਾਰੇਨ ਨੇ ਸਵਾਗਤੀ ਭਾਸ਼ਨ ਨਾਲ ਕੀਤੀ। ਪ੍ਰਿੰਸ ਮਾਰਗਰੇਟ ਸੰਕੈਡਰੀ ਸਕੂਲ ਦੇ ਸਾਬਕਾ ਵਿਦਿਆਰਥੀ ਰਾਜਵੀਰ ਕਲੇਰ ਨੇ ਆਪਣੇ ਹੀ ਲਿਖੇ ਹੋਏ ਦੋ ਗੀਤਾਂ ਨਾਲ ਸਰੋਤਿਆਂ ਦੀ ਸਾਂਝ ਬਹੁਤ ਹੀ ਸੁਰੀਲੀ ਅਵਾਜ਼ ਵਿੱਚ ਗਾ ਕੇ ਪਾਈ। ਪਲੀ ਦੇ ਪ੍ਰਧਾਨ ਬਲਵੰਤ ਸੰਘੇੜਾ ਨੇ ਇਸ ਸੰਸਥਾ ਦੇ ਬੋਰਡ ਮੈਂਬਰਾਂ ਡਾ. ਸਾਧੂ ਬਿਨਿੰਗ, ਪਾਲ ਬਿਨਿੰਗ, ਜੈਸ ਬਿਨਿੰਗ, ਪ੍ਰਭਜੋਤ ਕੌਰ, ਰਾਜਿੰਦਰ ਪੰਧੇਰ, ਹਰਮਨ ਪੰਧੇਰ, ਦਿਆ ਜੋਹਲ, ਰਣਬੀਰ ਜੋਹਲ, ਪਰਵਿੰਦਰ ਧਾਰੀਵਾਲ ਅਤੇ ਡਾ. ਕਮਲਜੀਤ ਕੌਰ ਕੰਬੋਅ ਦੀ ਜਾਣ ਪਛਾਣ ਕਰਵਾਈ ਅਤੇ ਸਮਾਗਮ ਦੀਆ ਤਿਆਰੀਆਂ ਲਈ ਉਹਨਾਂ ਦਾ ਧੰਨਵਾਦ ਵੀ ਕੀਤਾ। ਉਹਨਾਂ ਨੇ ਕਿਹਾ ਕਿ ਕੈਨੇਡਾ ਵਿੱਚ ਪੰਜਾਬੀ ਭਾਸ਼ਾ ਰੁਜ਼ਗਾਰ ਦੀ ਭਾਸ਼ਾ ਬਣ ਚੁੱਕੀ ਹੈ ਇਸ ਕਰਕੇ ਇਸਦਾ ਭਵਿੱਖ ਬਹੁਤ ਵਧੀਆ ਹੈ। ਉਹਨਾਂ ਨੇ ਮਾਪਿਆਂ ਨੂੰ ਅਪੀਲ ਵੀ ਕੀਤੀ ਕਿ ਉਹ ਬੱਚਿਆਂ ਨੂੰ ਪੰਜਾਬੀ ਪੜ੍ਹਨ ਲਈ ਉਤਸ਼ਾਹਤ ਕਰਨ ਤੇ ਪੰਜਾਬੀ ਕਲਾਸਾਂ ਵਿੱਚ ਦਾਖਲਾ ਜ਼ਰੂਰ ਕਰਵਾਉਣ ਤਾਂ ਕਿ ਸਾਰੇ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਪੜ੍ਹਾਈ ਜਾ ਸਕੇ। ਇਸ ਸਮੇਂ ਪ੍ਰਧਾਨ ਜੀ ਨੇ ਪੰਜਾਬੀ ਦੇ ਉੱਘੇ ਸਾਹਿਤਕਾਰ ਜੋ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਹਨ ਜਿਵੇਂ ਸ੍ਰੀ ਜਸਵੰਤ ਸਿੰਘ ਕੰਵਲ, ਡਾ. ਦਲੀਪ ਕੌਰ ਟਿਵਾਣਾ, ਸ੍ਰੀ ਇੰਦਰ ਸਿੰਘ ਖਾਮੋਸ਼ ਅਤੇ ਡਾ. ਸੁਰਜੀਤ ਹਾਂਸ ਨੂੰ ਯਾਦ ਕੀਤਾ ਗਿਆ ਤੇ ਸ਼ਰਧਾਂਜ਼ਲੀ ਦਿੱਤੀ ਗਈ।




ਇਸ ਤੋਂ ਬਾਅਦ ਬੱਚਿਆਂ ਦੀਆਂ ਕਵਿਤਾਵਾਂ ਦਾ ਦੌਰ ਸ਼ੁਰੂ ਕੀਤਾ ਗਿਆ ਜਿਸ ਵਿੱਚ ਮਹਿਕਪ੍ਰੀਤ ਕੌਰ ਨੇ 'ਪ੍ਰਦੇਸੀ ਵਸਦੇ ਪੰਜਾਬੀਓ', ਸਹਿਜਪ੍ਰੀਤ ਕੌਰ ਧਾਲੀਵਾਲ ਨੇ 'ਮਾਂ ਬੋਲੀ ਮੈਨੂੰ ਸਿਖਾ ਦੇ ਮਾਏ ਮੇਰੀਏ' ਕ੍ਰਮਵਾਰ ਬਹੁਤ ਹੀ ਪ੍ਰਭਾਵਸ਼ਾਲੀ ਰੂਪ ਵਿੱਚ ਕਵਿਤਾਵਾਂ ਸਾਂਝੀਆਂ ਕੀਤੀਆਂ। ਕਹਾਣੀ ਮੁਕਾਬਲੇ ਵਿੱਚ ਹਿੱਸਾ ਲੈਣ ਵਾਲੇ ਬੱਚਿਆਂ ਵਿੱਚੋਂ ਗੁਰਨੂਰ ਕੌਰ ਦੀ ਕਹਾਣੀ 'ਲੋਕ ਕੀ ਕਹਿਣਗੇ' ਪਹਿਲੇ ਸਥਾਨ ਤੇ ਰਹੀ, ਦੂਜੇ ਸਥਾਨ ਤੇ ਅਵਨੀਤ ਕੌਰ ਸਮਰਾ ਦੀ ਕਹਾਣੀ 'ਪਹਿਚਾਣ' ਤੇ ਤੀਸਰੇ ਨੰਬਰ ਤੇ ਰਹੀ ਕਹਾਣੀ ਗੁਰਨੂਰ ਕੌਰ ਦੀ ਕਹਾਣੀ 'ਸਿਆਣੀ ਧੀ' ਨੇ ਸਥਾਨ ਹਾਸਲ ਕੀਤਾ। ਕਵਿਤਾ ਮੁਕਾਬਲੇ ਵਿੱਚ ਅਮਰੀਨ ਕੌਰ ਔਲਖ ਦੀ ਕਵਿਤਾ 'ਜੇ ਮੈਂ ਪੰਛੀ ਹੋਵਾਂ' ਨੂੰ ਪਹਿਲਾ ਸਥਾਨ, ਗੁਰਨੂਰ ਕੌਰ ਔਲਖ ਦੀ ਕਵਿਤਾ 'ਪ੍ਰਮਾਤਮਾ ਦੀ ਰਚਨਾ' ਨੂੰ ਦੂਸਰਾ ਤੇ ਹਰਲਾਜ ਕੌਰ ਦੀ ਕਵਿਤਾ 'ਸਨੋਅ ਪੈਂਦੀ ਦੇਖ' ਨੂੰ ਤੀਸਰਾ ਸਥਾਨ ਪ੍ਰਾਪਤ ਹੋਇਆ। ਇਸ ਮੁਕਾਬਲੇ ਦੀ ਜਜਮੈਂਟ ਪੰਜਾਬੀ ਲੇਖਕ ਪ੍ਰਿੰਸੀਪਲ ਸੁਰਿੰਦਰ ਕੌਰ ਬਰਾੜ, ਸ੍ਰੀ ਅਮਰੀਕ ਪਲਾਹੀ ਤੇ ਸ੍ਰੀ ਕਵਿੰਦਰ ਚਾਂਦ ਨੇ ਕੀਤੀ। ਉੱਘੇ ਪੰਜਾਬੀ ਚਿੰਤਕ ਡਾ. ਸਾਧੂ ਸਿੰਘ ਨੇ ਪੰਜਾਬੀ ਬੋਲੀ ਨੂੰ ਸਲਾਮ ਕਰਦਿਆਂ ਕਿਹਾ ਕਿ ਇਸਦਾ ਸ਼ਬਦ ਭੰਡਾਰ ਬਹੁਤ ਵਿਸ਼ਾਲ ਹੈ, ਉਹਨਾਂ ਨੂੰ ਬਹੁਤ ਸਾਰੀਆਂ ਕਿਤਾਬਾਂ ਦਾ ਤਰਜੁਮਾ ਕਰਦਿਆਂ ਕਦੇ ਵੀ ਕਿਸੇ ਸ਼ਬਦ ਦੀ ਘਾਟ ਮਹਿਸੂਸ ਨਹੀਂ ਹੋਈ ਉਹਨਾਂ ਨੇ ਕਿਹਾ ਕਿ ਬੋਲੀ ਨੂੰ ਜੇ ਧਰਮ ਨਾਲ ਜੋੜਨਾ ਬਿਲਕੁੱਲ ਗਲਤ ਹੈ ਸਗੋਂ ਇਸ ਨਾਲ ਇਸਦਾ ਘੇਰਾ ਘੱਟ ਜਾਂਦਾ ਹੈ। ਛੋਟੀ ਜਿਹੀ ਕਿੰਡਰਗਾਰਟਨ ਵਿੱਚ ਪੜ੍ਹਦੀ ਬੱਚੀ ਬਬਲੀਨ ਕੌਰ ਗਿੱਲ ਨੇ 'ਕਿੱਥੇ ਮਾਤਾ ਤੋਰਿਆ ਅਜੀਤ ਤੇ ਜੁਝਾਰ ਨੂੰ' ਖੂਬਸੂਰਤ ਅੰਦਾਜ਼ ਵਿੱਚ ਕਵਿਤਾ ਸੁਣਾਈ। ਅੱਠਵੀਂ ਜਮਾਤ ਦੀ ਵਿਦਿਆਰਥਣ ਸੁਖਮਨ ਕੌਰ ਕੰਬੋਅ ਨੇ ਸੁਖਵਿੰਦਰ ਅਮ੍ਰਿਤ ਦੀ ਕਵਿਤਾ 'ਫੁੱਲਾਂ ਵਰਗੀਓ ਕੁੜੀਓ' ਅਤੇ ਸਾਹਿਬ ਸਿੰਘ ਕੰਬੋਅ ਨੇ 'ਜੇ ਵੱਡਿਆਂ ਦਾ ਕਹਿਣਾ ਮੰਨੀਏ' ਬਹੁਤ ਹੀ ਸੋਹਣੇ ਸਲੀਕੇ ਨਾਲ ਕਵਿਤਾਵਾਂ ਪੇਸ਼ ਕੀਤੀਆਂ।

ਸਰ੍ਹੀ ਸਕੂਲ ਬੋਰਡ ਦੀ ਡਾਇਰੈਕਟਰ ਸ਼ਾਨਾ ਰਾਸ ਨੇ ਕਿਹਾ ਕਿ ਮਾਂ ਬੋਲੀ ਬੱਚੇ ਦੇ ਵਿਅਕਤੀਤਵ ਦੇ ਵਿਕਾਸ ਲਈ ਵੱਡਾ ਰੋਲ ਅਦਾ ਕਰਦੀ ਹੈ। ਉਹਨਾਂ ਨੇ ਦੱਸਿਆ ਕਿ ਸਰ੍ਹੀ ਦੇ ਸਕੂਲਾਂ ਵਿੱਚ 75000 ਹਜ਼ਾਰ ਬੱਚੇ ਪੜ੍ਹਦੇ ਹਨ ਜਿਨ੍ਹਾਂ ਦਾ 23 ਪ੍ਰਤੀਸ਼ਤ ਬੱਚੇ ਪੰਜਾਬੀ ਮੂਲ ਦੇ ਹਨ ਅਰਥਾਤ 16000 ਬੱਚੇ ਪੰਜਾਬੀਆਂ ਦੇ ਹਨ ਪਰ ਜਿਨ੍ਹਾਂ ਵਿੱਚੋਂ ਸਿਰਫ਼ 1477 ਬੱਚੇ 6 ਐਲੀਮੈਂਟਰੀ ਤੇ 8 ਸੰਕੈਡਰੀ ਸਕੂਲ਼ਾਂ ਵਿੱਚ ਪੜ੍ਹ ਰਹੇ ਹਨ। ਸਰ੍ਹੀ ਦੇ ਸਕੂਲ ਟਰੱਸਟੀ ਗੈਰੀ ਥਿੰਦ ਨੇ ਵੀ ਇਸ ਨੂੰ ਮੰਦਭਾਗਾ ਕਿਹਾ ਕਿ ਐਨੀਆਂ ਕੋਸ਼ਿਸ਼ਾਂ ਦੇ ਬਾਵਜੂਦ ਮਾਪੇ ਬੱਚਿਆਂ ਨੂੰ ਪੰਜਾਬੀ ਪੜ੍ਹਨ ਲਈ ਪ੍ਰੇਰ ਨਹੀਂ ਰਹੇ। ਜਿਸ ਕਰਕੇ ਕਈ ਸਕੂਲਾਂ ਵਿੱਚ ਕਲਾਸਾਂ ਬੰਦ ਕਰਨੀਆਂ ਪਈਆਂ ਹਨ। ਸਮਾਗਮ ਦੇ ਅਖੀਰ ਵਿੱਚ ਪਲੀ ਦੇ ਵਾਈਸ ਪ੍ਰਧਾਨ ਸਾਧੂ ਬਿਨਿੰਗ ਨੇ ਸਹਿਯੋਗੀ ਅਦਾਰੇ, ਮੀਡੀਆ ਤੇ ਆਏ ਹੋਏ ਲੋਕਾਂ ਦਾ ਧੰਨਵਾਦ ਕੀਤਾ ਅਤੇ ਮਨਿਸਟਰੀ ਵਿੱਚ ਬੈਠੇ ਪੰਜਾਬੀਆਂ ਨੂੰ ਕਿਹਾ ਕਿ ਉਹ ਧਰਮ ਦੇ ਨਾਂ ਤੇ ਵੋਟਾਂ ਲੈਣ ਦੀ ਬਜਾਇ ਆਪਣੀ ਪੰਜਾਬੀ ਬੋਲੀ ਨੂੰ ਉਤਾਂਹ ਚੁੱਕਣ ਅਤੇ ਇਸਦਾ ਬਣਦਾ ਹੱਕ ਕੈਨੇਡਾ ਵਿੱਚ ਤੀਜੀ ਭਾਸ਼ਾ ਦੇ ਰੂਪ ਵਿੱਚ ਲੈਣ ਲਈ ਜੱਦੋਜਹਿਦ ਕਰਨ ਕਿਉਂਕਿ ਪੰਜਾਬੀਆਂ ਦਾ ਇਤਿਹਾਸ ਇਸ ਦੇਸ਼ ਵਿੱਚ 120 ਸਾਲ ਤੋਂ ਵੀ ਪੁਰਾਣਾ ਹੋ ਚੁੱਕਿਆ ਹੈ। ਇਸ ਸਮਾਗਮ ਦੇ ਦੌਰਾਨ ਰਾਜਿੰਦਰ ਪੰਧੇਰ ਵਲੋਂ ਮੁਫਤ ਵਿੱਚ ਚਾਹਵਾਨਾਂ ਨੂੰ ਕਿਤਾਬਾਂ ਦਾ ਪ੍ਰਸ਼ਾਦ ਵੀ ਦਿੱਤਾ ਗਿਆ।















# "ਇੱਕ ਸ਼ਾਮ ਅਨਾਥ ਬੱਚੀਆਂ ਦੇ ਨਾਮ" ਨਾਮੀ 11ਵਾਂ ਸਲਾਨਾ ਪ੍ਰੋਗਰਾਮ ਸਫਲਤਾ ਨਾਲ ਸੰਪੂਰਨ







ਸਰ੍ਹੀ (ਪਰਮਿੰਦਰ ਸਵੈਚ) : 22 ਫਰਵਰੀ, 2020 ਨੂੰ ਧਾਲੀਵਾਲ ਬੈਂਕੁਇਟ ਹਾਲ ਵਿੱਚ ਮਮਤਾ ਫਾਊਂਡੇਸ਼ਨ ਆਫ ਕੈਨੇਡਾ ਤੇ ਧਾਲੀਵਾਲ ਬੈਂਕੁਇਟ ਹਾਲ ਦੇ ਸਾਂਝੇ ਯਤਨਾਂ ਨਾਲ ਉ ਇੱਕ ਸ਼ਾਮ ਅਨਾਥ ਬੱਚੀਆਂ ਦੇ ਨਾਮ" 11ਵਾਂ ਫੰਡਰੇਜ਼ਰ ਡਿਨਰ ਕੀਤਾ ਗਿਆ ਜਿਸ ਵਿੱਚ ਤਕਰੀਬਨ ਚਾਰ ਸੌ ਤੋਂ ਵੀ ਵੱਧ ਲੋਕਾਂ ਨੇ ਹਿੱਸਾ ਲੈ ਕੇ ਗਰੀਬ ਤੇ ਅਨਾਥ ਬੱਚੀਆਂ ਨੂੰ ਵਧੀਆ ਜ਼ਿੰਦਗੀ ਦੇਣ ਲਈ ਉਦਾਰਤਾ ਦਾ ਮਾਹੌਲ ਪੈਦਾ ਕੀਤਾ। ਮਮਤਾ ਫਾਊਂਡੇਸ਼ਨ ਨੇ ਪਿਛਲੇ ਦਸਾਂ ਸਾਲਾਂ ਤੋਂ 6ਕਰੋੜ 80 ਲੱਖ ਰੁਪਿਆ ਯੂਨੀਕ ਹੋਮ ਜਲੰਧਰ, ਜੋਤੀ ਸਰੂਪ ਕੰਨਿਆ ਆਸ਼ਰਮ ਤੇ ਪ੍ਰਭ ਆਸਰਾ ਫਾਊਂਡੇਸ਼ਨ ਲਈ ਦੇ ਚੁੱਕੇ ਹਨ। ਪ੍ਰੋਗਰਾਮ ਦਾ ਅਗ਼ਾਜ਼ ਚੈਨਲ ਪੰਜਾਬੀ ਦੀ ਹੋਸਟ ਸੁੱਖੀ ਨੇ ਕੀਤਾ ਤੇ ਮਮਤਾ ਫਾਊਂਡੇਸ਼ਨ ਦੇ ਦਸਾਂ ਸਾਲਾਂ ਦੇ ਸਫਰ ਬਾਰੇ ਅਤੇ ਆਪਦੀ ਇਹਨਾਂ ਅਦਾਰਿਆਂ ਵਿੱਚ ਫੇਰੀ ਪਾ ਕੇ ਲਈ ਜਾਣਕਾਰੀ ਨੂੰ ਸਾਰਿਆਂ ਨਾਲ ਸਾਂਝਾ ਕੀਤਾ। ਜੱਸੇ ਨੇ ਆਪਣੇ ਖੁਸ਼ਨੁਮਾ ਸੁਭਾਅ ਸਦਕਾ ਸਟੇਜ ਦੀ ਕਾਰਵਾਈ ਸੰਭਾਲੀ ਤੇ ਮਾਹੌਲ ਵਿੱਚ ਵੱਖਰਾ ਰੰਗ ਭਰ ਗਿਆ। ਸਰ੍ਹੀ ਦੀ ਹੋਣਹਾਰ ਬੱਚੀ ਕਿਰਤੀ ਨੇ ਆਪਣੀ ਬੁਲੰਦ ਅਵਾਜ਼ ਰਾਹੀਂ ਗੀਤ ਗਾ ਕੇ ਆਪਣੀ ਹਾਜ਼ਰੀ ਲੁਵਾਈ। ਕੈਨੇਡੀਅਨ ਕਮਿਊਨਿਟੀ ਦੇ ਸਿੰਘ ਸਰਦਾਰ ਸਜੇ ਹਰਨਾਮ ਸਿੰਘ ਜੋ ਇਹਨਾਂ ਥਾਂਵਾਂ ਤੇ ਜਾ ਕੇ ਆਏ ਹਨ ਉਹਨਾਂ ਨੇ ਵੀ ਇਸ ਚੰਗੇ ਚਲਦੇ ਕਾਰਜ ਬਾਰੇ ਚਾਨਣਾ ਪਾਇਆ। ਇਸ ਤੋਂ ਬਾਅਦ ਮਮਤਾ ਫਾਊਂਡੇਸ਼ਨ ਦੇ ਕਰਤਾ ਧਰਤਾ ਮੱਖਣ ਸਿੰਘ ਟੁੱਟ ਨੇ ਪ੍ਰੋਗਰਾਮ ਬਾਰੇ ਤੇ ਇਸ ਵਿੱਚ ਆਉਂਦੀਆਂ ਕਠਨਾਈਆਂ ਤੇ ਬੱਚੀਆਂ ਦੀ ਪ੍ਰਵਰਿਸ਼ ਬਾਰੇ ਦੱਸਿਆ ਤੇ ਦਸਾਂ ਸਾਲਾਂ ਤੋਂ ਬਣਾਈ ਡਾਕੂਮੈਂਟਰੀ ਵਿੱਚ ਪਹਿਲੇ ਦਿਨ ਤੋਂ ਲੈ ਕੇ ਅੱਜ ਤੱਕ ਦੇ ਕੰਮਾਂ ਨੂੰ ਕੈਮਰੇ ਦੀ ਅੱਖ ਨਾਲ ਦਿਖਾਇਆ। ਇਸ ਡਾਕੂਮੈਂਟਰੀ ਵਿੱਚ ਯੂਨੀਕ ਹੋਮ ਜਿਸ ਵਿੱਚ ਲੋਕ ਨਵੀਆਂ ਜੰਮੀਆਂ ਬੱਚੀਆਂ ਨੂੰ ਕਰੈਡਲ ਵਿੱਚ ਪਾ ਜਾਂਦੇ ਹਨ ਤੇ ਉਹਨਾਂ ਦੀ ਸ਼ੁਰੂ ਤੋਂ ਲੈ ਕੇ ਵਿਆਹੁਣ ਤੱਕ ਦੀ ਜ਼ਿੰਮੇਵਾਰੀ ਇਹ ਸੰਸਥਾ ਨਿਭਾਉਦੀਂ ਹੈ। ਪ੍ਰਭ ਆਸਰਾ ਫਾਊਂਡੇਸ਼ਨ ਜੋ ਅਪਾਹਜ ਬੱਚੀਆਂ ਲਈ ਮਮਤਾ ਦੀ ਫੁਲਵਾੜੀ ਹੈ ਤੇ ਨਿਆਸਰਿਆਂ ਲਈ ਆਸਰਾ ਬਣਦੀ ਹੈ ਤੇ ਤੀਸਰੀ ਜੋਤੀ ਸਰੂਪ ਕੰਨਿਆ ਸੁਸਾਇਟੀ ਜੋ ਗਰੀਬ ਪਰਿਵਾਰਾਂ ਦੀਆਂ ਬੱਚੀਆਂ ਲਈ ਮੱਦਦ ਕਰਦੀ ਹੈ, ਇਹਨਾਂ ਸਾਰੀਆਂ ਦੀ ਮੱਦਦ ਮਮਤਾ ਫਾਊਂਡੇਸ਼ਨ ਵਲੋਂ ਬਿਲਡਿੰਗਾਂ ਤੋਂ ਲੈ ਕੇ ਛੋਟੀ ਤੋਂ ਛੋਟੀ ਚੀਜ਼ ਲਈ ਹਰ ਸਾਲ ਲੱਖਾਂ ਰੁਪਏ ਨਾਲ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਮਾਹੌਲ ਨੂੰ ਮਨੋਰੰਜਕ ਬਣਾਉਣ ਲਈ ਪੰਜਾਬ ਪੁਲੀਸ ਨਾਂ ਦੀ ਸਕਿੱਟ ਪੇਸ਼ ਕੀਤੀ ਗਈ। ਇਸ ਸ਼ਾਮ ਨੂੰ ਲੋਕਾਂ ਦੀ ਅਨਾਥ ਬੱਚੀਆਂ ਪ੍ਰਤੀ ਦਿਆ ਭਾਵਨਾ ਨਾਲ ਹਜ਼ਾਰਾਂ ਡਾਲਰ ਇਕੱਠੇ ਕੀਤੇ ਗਏ ਜੋ ਇਸ ਯੋਗ ਕਾਰਜ ਦੇ ਭਵਿੱਖ ਦੇ ਕੰਮ ਆਉਣਗੇ। ਇਸ ਸਮੇਂ ਲੋਕਾਂ ਨੇ ਵਧੀਆ ਖਾਣੇ ਦਾ ਅਨੰਦ ਵੀ ਮਾਣਿਆ। ਕਮਿਊਨਿਟੀ ਦੀ ਮੱਦਦ ਸਦਕਾ ਕੁੱਝ ਇਨਾਮ ਵੀ ਕੱਢੇ ਗਏ। ਅੰਤ ਵਿੱਚ ਆਏ ਸਾਰੇ ਲੋਕਾਂ ਦਾ, ਮੀਡੀਏ ਤੇ ਸੰਪੌਂਸਰਾਂ ਦਾ ਧੰਨਵਾਦ ਕੀਤਾ ਗਿਆ।













# ਕੀ ਬਾਰੂਦ ਦੇ ਢੇਰ 'ਤੇ ਬੈਠੀ ਦਿੱਖ ਰਹੀ ਹੈ ਰਾਜਧਾਨੀ ?- ਗਰਾਊਂਡ ਰਿਪੋਰਟ







**ਫੈਸਲ ਮੁਹੰਮਦ ਅਲੀ**

ਮੰਗਲਵਾਰ ਸ਼ਾਮ ਨੂੰ ਜਦੋਂ ਅਸੀਂ ਉੱਤਰੀ ਦਿੱਲੀ ਦੇ ਹਿੰਸਾ ਪ੍ਰਭਾਵਿਤ ਇਲਾਕੇ ਵਿੱਚ ਭੀੜ ਨਾਲ ਘਿਰੇ ਹੋਏ ਸੀ ਤਾਂ ਕੁੱਝ ਲੋਕ ਸਾਡੇ ਹੱਥਾਂ 'ਚੋਂ ਮੋਬਾਈਲ ਫੋਨ ਖੋਹਣ ਦੀ ਕੋਸ਼ਿਸ਼ ਕਰ ਰਹੇ ਸਨ।

ਸਾਡੇ ਫੋਨ ਵਿੱਚ ਮੰਗਲਵਾਰ ਨੂੰ ਉੱਤਰੀ ਦਿੱਲੀ ਵਿੱਚ ਵਾਪਰੀਆਂ ਹਿੰਸਕ ਘਟਨਾਵਾਂ ਦੀ ਰਿਕਾਰਡਿੰਗ ਸੀ।

ਅਸੀਂ ਆਪਣੇ ਮੋਬਾਈਲ ਫੋਨ ਬਚਾਉਣ ਦੀ ਕੋਸ਼ਿਸ਼ ਹੀ ਕਰ ਰਹੇ ਸੀ ਕਿ ਉਦੋਂ ਹੀ ਸਾਡੇ ਨੇੜੇ ਕੁੱਝ ਪੱਥਰ ਆ ਕੇ ਡਿਗੇ। ਇਸ ਤੋਂ ਤੁਰੰਤ ਬਾਅਦ ਅਸੀਂ ਗਲੀ 'ਚੋਂ ਇੱਕ ਵਿਅਕਤੀ ਨੂੰ ਨਿਕਲਦੇ ਦੇਖਿਆ ਜਿਸ ਦੇ ਹੱਥਾਂ ਵਿੱਚ ਇੱਕ ਕੱਪੜਾ ਬੰਨ੍ਹਿਆ ਹੋਇਆ ਸੀ। ਪ੍ਰਤੱਖਦਰਸ਼ੀਆਂ ਮੁਤਾਬਕ ਇਸ ਵਿਅਕਤੀ ਦੇ ਹੱਥ ਵਿੱਚ ਗੋਲੀ ਲੱਗੀ ਹੋਈ ਸੀ ਅਤੇ ਸੜਕ ਦੇ ਦੂਜੇ ਪਾਸੇ ਇੱਕ ਛੱਤ ਤੋਂ ਕਿਸੇ ਵਿਅਕਤੀ ਨੇ ਇਸ 'ਤੇ ਗੋਲੀ ਚਲਾਈ ਸੀ।

ਇਸ ਪੂਰੇ ਹੰਗਾਮੇ ਤੋਂ ਬਾਅਦ ਉਸ ਗਲੀ ਦਾ ਰਾਹ ਬੰਦ ਕਰ ਦਿੱਤਾ ਗਿਆ ਜਿਸ ਤੋਂ ਹੋ ਕੇ ਅਸੀਂ ਮੁੱਖ ਰਾਹ 'ਤੇ ਆਉਣ ਦੀ ਕੋਸ਼ਿਸ਼ ਕਰ ਰਹੇ ਸੀ।

ਇਸ ਗਲੀ ਦੇ ਬੰਦ ਹੋਣ ਕਾਰਨ ਸਾਨੂੰ ਇਲਾਕੇ ਦੀਆਂ ਛੋਟੀਆਂ-ਛੋਟੀਆਂ ਤੰਗ ਗਲੀਆਂ 'ਚੋਂ ਹੋ ਕੇ ਨਿਕਲਣਾ ਪੈਂਦਾ ਸੀ ਤਾਂ ਕਿ ਅਸੀਂ ਉਸ ਥਾਂ 'ਤੇ ਪਹੁੰਚ ਸਕੀਏ ਜਿੱਥੋਂ ਭੀੜ ਥੋੜ੍ਹੀ ਘੱਟ ਹਮਲਾਵਰ ਅਤੇ ਘੱਟ ਗੁੱਸੇ ਵਿੱਚ ਹੋਵੇ।

ਇਹ ਪਹਿਲਾ ਮੌਕਾ ਨਹੀਂ ਸੀ ਜਦੋਂ ਉੱਤਰੀ ਦਿੱਲੀ ਵਿੱਚ ਫੈਲੀ ਹਿੰਸਾ ਦੀ ਰਿਪੋਰਟਿੰਗ ਕਰਦੇ ਹੋਏ ਸਾਨੂੰ ਅਜਿਹੇ ਹਲਾਤਾਂ ਦਾ ਸਾਹਮਣਾ ਕਰਨਾ ਪਿਆ ਹੋਵੇ।

ਦਿੱਲੀ ਨੂੰ ਦੇਖਦੇ ਹੋਏ ਲੱਗਦਾ ਹੈ ਕਿ ਜਿਵੇਂ ਇਹ ਸ਼ਹਿਰ ਬਾਰੂਦ ਦੇ ਇੱਕ ਢੇਰ 'ਤੇ ਬੈਠਾ ਹੋਵੇ।

**ਅੱਗ ਦੇ ਹਵਾਲੇ ਕੀਤਾ ਗਿਆ ਬਜ਼ਾਰ**

ਮੰਗਲਵਾਰ ਸਵੇਰੇ ਅਸੀਂ ਦਿੱਲੀ ਦੇ ਉਨ੍ਹਾਂ ਇਲਾਕਿਆਂ ਵਿੱਚ ਗਏ ਜਿੱਥੇ ਧਾਰਾ 144 ਲੱਗੀ ਹੋਈ ਸੀ। ਇਸ ਦਾ ਮਤਲਬ ਹੈ ਕਿ ਦੋ ਜਾਂ ਤਿੰਨ ਤੋਂ ਵੱਧ ਲੋਕ ਇੱਕ ਥਾਂ 'ਤੇ ਮੌਜੂਦ ਨਹੀਂ ਰਹਿ ਸਕਦੇ।

ਇਸੇ ਇਲਾਕੇ ਵਿੱਚ ਲੋਕਾਂ ਦੇ ਹੁਜੂਮ ਨੇ ਇੱਕ ਪੂਰੇ ਬਜ਼ਾਰ ਨੂੰ ਅੱਗ ਦੇ ਹਾਵਲੇ ਕਰ ਦਿੱਤਾ।

ਇੱਕ ਸਥਾਨਕ ਵਿਅਕਤੀ ਨੇ ਸਾਨੂੰ ਦੱਸਿਆ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਦੁਕਾਨਾਂ ਮੁਸਲਮਾਨ ਭਾਈਚਾਰੇ ਦੇ ਲੋਕਾਂ ਦੀਆਂ ਹਨ।

ਸੜਦੇ ਹੋਏ ਟਾਇਰਾਂ ਦੀ ਬਦਬੂ ਅਤੇ ਸੜਦੇ ਹੋਏ ਬਜ਼ਾਰ 'ਚੋਂ ਨਿਕਲਦਾ ਧੂਆਂ ਕਾਫ਼ੀ ਦੂਰ ਤੋਂ ਹੀ ਦੇਖਿਆ ਜਾ ਸਕਦਾ ਸੀ। ਪਰ ਇਸ ਪੂਰੀ ਘਟਨਾ ਨੂੰ ਕੈਮਰੇ 'ਤੇ ਰਿਕਾਰਡ ਕਰਨ ਲਈ ਸਾਨੂੰ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ।

ਇਸ ਖੇਤਰ ਤੋਂ ਤਕਰਬੀਨ 500 ਮੀਟਰ ਦੂਰ ਕੁਝ ਨੌਜਵਾਨਾਂ 'ਤੇ ਪੱਥਰ ਸੁੱਟੇ ਜਾ ਰਹੇ ਸਨ।

ਜਦੋਂ ਉਨ੍ਹਾਂ ਨੇ ਦੇਖਿਆ ਕਿ ਅਸੀਂ ਉਨ੍ਹਾਂ ਦੀਆਂ ਹਰਕਤਾਂ ਨੂੰ ਕੈਮਰੇ 'ਤੇ ਰਿਕਾਰਡ ਕਰ ਰਹੇ ਹਾਂ ਤਾਂ ਉਨ੍ਹਾਂ ਨੇ ਸਾਡੇ 'ਤੇ ਪੱਥਰ ਸੁੱਟਣੇ ਸ਼ੁਰੂ ਕਰ ਦਿੱਤੇ। ਹਾਲਾਂਕਿ ਅਸੀਂ ਇੱਕ ਓਵਰ ਬ੍ਰਿਜ 'ਤੇ ਮੌਜੂਦ ਸੀ ਪਰ ਅਸੀਂ ਇਨ੍ਹਾਂ ਪੱਥਰਾਂ ਤੋਂ ਵਾਲ-ਵਾਲ ਬਚੇ ਅਤੇ ਸਾਨੂੰ ਇਸ ਇਲਾਕੇ 'ਚੋਂ ਆਪਣੀ ਜਾਨ ਬਚਾ ਕੇ ਭੱਜਣਾ ਪਿਆ।

**ਧਾਰਮਿਕ ਨਾਅਰੇ**

ਇਸ ਦੌਰਾਨ ਸਾਨੂੰ ਵਿੱਚ-ਵਿੱਚ ਜੈ ਸ਼੍ਰੀ ਰਾਮ ਦੇ ਨਾਅਰੇ ਵੀ ਸੁਣਾਈ ਦਿੱਤੇ।

ਕਈ ਥਾਵਾਂ 'ਤੇ ਸਾਨੂੰ 100 ਤੋਂ 200 ਲੋਕਾਂ ਦੀ ਭੀੜ ਨਜ਼ਰ ਆਈ। ਇਨ੍ਹਾਂ ਵਿੱਚੋਂ ਕੁੱਝ ਲੋਕਾਂ ਦੇ ਹੱਥਾਂ ਵਿੱਚ ਤਿਰੰਗਾ ਸੀ, ਇੱਕ-ਦੋ ਲੋਕ ਭਗਵਾ ਝੰਡੇ ਲੈ ਕੇ ਜੈ ਸ਼੍ਰੀ ਰਾਮ, ਭਾਰਤ ਮਾਤਾ ਕੀ ਜੈ, ਵੰਦੇ ਮਾਤਰਮ ਵਰਗੇ ਨਾਅਰੇ ਲਾ ਰਹੇ ਸੀ। ਇਸ ਭੀੜ ਵਿੱਚ ਕੁੱਝ ਲੋਕ 'ਦੇਸ ਕੇ ਗੱਦਾਰੋਂ ਕੋ ਗੋਲੀ ਮਾਰੋ ਕੋ' ਵਰਗੇ ਨਾਅਰੇ ਲਾ ਰਹੇ ਸੀ।

ਉੱਥੇ ਹੀ ਮੁਸਲਮਾਨ ਮੁਹੱਲਿਆਂ ਦੀਆਂ ਕੁੱਝ ਗਲੀਆਂ ਵਿੱਚ ਕੁੱਝ ਮੁੰਡੇ ਖੜ੍ਹੇ ਸੀ ਜੋ ਹੱਥਾਂ ਵਿੱਚ ਲੋਹੇ ਦੇ ਸਰੀਏ, ਡੰਡੇ ਅਤੇ ਅਜਿਹੀਆਂ ਹੀ ਦੂਜੀਆਂ ਚੀਜ਼ਾਂ ਆਪਣੇ ਹੱਥਾਂ ਵਿੱਚ ਲੈ ਕੇ ਨਜ਼ਰ ਆ ਰਹੇ ਸੀ।

ਦੋਨੋਂ ਹੀ ਧਿਰਾਂ ਦੇ ਲੋਕਾਂ ਨੇ ਦੱਸਿਆ ਕਿ ਉਹ ਆਪਣੇ ਇਲਾਕੇ ਦੇ ਬਾਹਰ ਮੁੰਡਿਆਂ ਨੂੰ ਤਾਇਨਾਤ ਕਰ ਰਹੇ ਹਨ ਤਾਂ ਕਿ ਦੂਜੇ ਪਾਸੇ ਤੋਂ ਹਮਲਾ ਹੋਣ 'ਤੇ ਉਸ ਤੋਂ ਨਿਪਟਿਆ ਜਾ ਸਕੇ। ਇਨ੍ਹਾਂ ਹਿੰਸਕ ਘਟਨਾਵਾਂ ਵਿੱਚ ਕਈ ਮੁਸਲਮਾਨਾਂ ਦੇ ਮਾਰੇ ਜਾਣ ਦੀਆਂ ਅਫ਼ਵਾਹਾਂ ਚੱਲ ਰਹੀਆਂ ਹਨ। ਕਈ ਹਿੰਦੂਆਂ ਦੇ ਜ਼ਖਮੀ ਹੋਣ ਅਤੇ ਉਨ੍ਹਾਂ ਦੇ ਘਰ ਸਾੜੇ ਜਾਣ ਦੀਆਂ ਗੱਲਾਂ ਵੀ ਜਾਰੀ ਹਨ। ਇੱਕ ਸਥਾਨਕ ਵਿਅਕਤੀ ਨੇ ਸਾਨੂੰ ਦੱਸਿਆ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਦੁਕਾਨਾਂ ਮੁਸਲਮਾਨ ਭਾਈਚਾਰੇ ਦੇ ਲੋਕਾਂ ਦੀਆਂ ਹਨ। ਸੜਦੇ ਹੋਏ ਟਾਇਰਾਂ ਦੀ ਬਦਬੂ ਅਤੇ ਸੜਦੇ ਹੋਏ ਬਜ਼ਾਰ 'ਚੋਂ ਨਿਕਲਦਾ ਧੂਆਂ ਕਾਫ਼ੀ ਦੂਰ ਤੋਂ ਹੀ ਦੇਖਿਆ ਜਾ ਸਕਦਾ ਸੀ। ਪਰ ਇਸ ਪੂਰੀ ਘਟਨਾ ਨੂੰ ਕੈਮਰੇ 'ਤੇ ਰਿਕਾਰਡ ਕਰਨ ਲਈ ਸਾਨੂੰ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ।

ਇਸ ਖੇਤਰ ਤੋਂ ਤਕਰਬੀਨ 500 ਮੀਟਰ ਦੂਰ ਕੁਝ ਨੌਜਵਾਨਾਂ 'ਤੇ ਪੱਥਰ ਸੁੱਟੇ ਜਾ ਰਹੇ ਸਨ।

ਜਦੋਂ ਉਨ੍ਹਾਂ ਨੇ ਦੇਖਿਆ ਕਿ ਅਸੀਂ ਉਨ੍ਹਾਂ ਦੀਆਂ ਹਰਕਤਾਂ ਨੂੰ ਕੈਮਰੇ 'ਤੇ ਰਿਕਾਰਡ ਕਰ ਰਹੇ ਹਾਂ ਤਾਂ ਉਨ੍ਹਾਂ ਨੇ ਸਾਡੇ 'ਤੇ ਪੱਥਰ ਸੁੱਟਣੇ ਸ਼ੁਰੂ ਕਰ ਦਿੱਤੇ। ਹਾਲਾਂਕਿ ਅਸੀਂ ਇੱਕ ਓਵਰ ਬ੍ਰਿਜ 'ਤੇ ਮੌਜੂਦ ਸੀ ਪਰ ਅਸੀਂ ਇਨ੍ਹਾਂ ਪੱਥਰਾਂ ਤੋਂ ਵਾਲ-ਵਾਲ ਬਚੇ ਅਤੇ ਸਾਨੂੰ ਇਸ ਇਲਾਕੇ 'ਚੋਂ ਆਪਣੀ ਜਾਨ ਬਚਾ ਕੇ ਭੱਜਣਾ ਪਿਆ।

# ਪੰਜਾਬੀ ਗੀਤਾਂ ਦਾ ਦਿਸ਼ਾਹੀਣ ਫਿਲਮਾਂਕਣ ਅਤੇ ਬਚਪਨ ?



**ਰਮਨਦੀਪ ਕੌਰ**

ਬਚਪਨ ਸ਼ਬਦ ਸੁਣਦਿਆਂ ਹੀ ਵਿਅਕਤੀ ਦੇ ਮਨ ਵਿੱਚ ਇੱਕ ਚੰਚਲਤਾ ਤੇ ਖ਼ੁਸ਼ੀਆਂ ਦੀ ਬਹਾਰ ਜਿਹੀ ਖਿੜ ਪੈਂਦੀ ਹੈ ਕਿਉਂਕਿ ਇਹ ਅਜਿਹੀ ਅਵਸਥਾ ਹੈ ਜਿਸ ਵਿੱਚ ਹਰ ਮਨੁੱਖ ਨੇ ਬਿਨ੍ਹਾਂ ਕਿਸੇ ਫਿਕਰ,ਭੈਅ ਅਤੇ ਰੁਝੇਵਿਆਂ ਦੇ ਬੋਝ ਤੋਂ ਬਿਨ੍ਹਾਂ ਜ਼ਿੰਦਗੀ ਬਤੀਤ ਕੀਤੀ ਹੁੰਦੀ ਹੈ। ਇਸ ਅਵਸਥਾ ਵਿੱਚ ਬੱਚੇ ਨੂੰ ਚਾਰੇ ਪਾਸਿਆਂ ਤੋਂ ਜੇਕਰ ਕੁਝ ਮਿਲਦਾ ਹੈ ਤਾਂ ਉਹ ਹੈ ਪਿਆਰ, ਬੱਚਿਆਂ ਨੂੰ ਘਰ ਦਾ, ਪਰਿਵਾਰ ਦਾ, ਮਾਂ ਦਾ, ਭੈਣ-ਭਾਈ ਦਾ ਤੇ ਆਂਢ ਗੁਆਂਢ ਦੇ ਲੋਕਾਂ ਦਾ ਪਿਆਰ। ਇਹ ਅਵਸਥਾ ਜ਼ਿੰਦਗੀ ਦੀ ਸਭ ਤੋਂ ਆਨੰਦਮਈ ਅਵਸਥਾ ਹੁੰਦੀ ਹੈ ਜਿਸ ਵਿੱਚ ਵੈਰ ਵਿਰੋਧ ਨਾ ਦਾ ਸ਼ਬਦ ਦੂਰ-ਦੂਰ ਤੱਕ ਵੀ ਸੁਣਾਈ ਨਹੀਂ ਦਿੰਦਾ। ਮੰਨ੍ਹਿਆਂ ਜਾਂਦਾ ਹੈ ਕਿ ਬੱਚੇ ਦਾ ਮਨ ਇੱਕ ਕੋਰੇ ਕਾਗਜ਼ ਦੀ ਤਰ੍ਹਾਂ ਹੁੰਦਾ ਹੈ ਜਿਸ ਉਪਰ ਜੋ ਲਿਖੋਗੇ ਓਹੀ ਨਕਸ਼ ਬਣਕੇ ਉਭਰੇਗਾ, ਜਿਵੇਂ ਦਾ ਬੱਚੇ ਨੂੰ ਬਚਪਨ ਵਿੱਚ ਸਿਖਾਇਆ ਜਾਵੇਗਾ ਜਾਂ ਜਿਸਦੀ ਉਹ ਨਕਲ ਕਰੇਗਾ ਉਵੇਂ ਦਾ ਹੀ ਜਵਾਨੀ ਵਿੱਚ ਬਣੇਗਾ। ਪਰੰਤੂ ਅੱਜ ਕੱਲ੍ਹ ਟੀ.ਵੀ. ਚੈੱਨਲਾਂ ਉੱਪਰ ਚੱਲ ਰਹੇ ਪੰਜਾਬੀ ਗੀਤਾਂ ਦੀ ਪੇਸ਼ਕਾਰੀ ਨੇ ਬਚਪਨ ਦੀ ਕੋਮਲਤਾ ਨੂੰ ਕਾਫੀ ਹੱਦ ਤੱਕ ਝੰਜੋੜਿਆ ਹੈ। ਲੋੜ ਅਨੁਸਾਰ ਗੀਤਾਂ ਦੇ ਫਿਲਮਾਂਕਣ ਸਮੇਂ ਬਾਲ ਕਲਾਕਾਰਾਂ. ਬੱਚਿਆਂ ਦਾ ਸਹਾਰਾ ਲੈਣਾ ਕੋਈ ਮਾੜੀ ਗੱਲ ਨਹੀਂ ਪਰੰਤੂ ਉਹਨਾਂ ਦੇ ਮਾੜੇ ਦ੍ਰਿਸ਼ਾਂ ਦਾ ਫਿਲਮਾਂਕਣ ਕਰਨਾ ਜ਼ਰੂਰ ਚਿੰਤਾ ਦਾ ਵਿਸ਼ਾ ਹੈ। ਬੱਚੇ ਦੇ ਦਿਮਾਗ ਉੱਪਰ ਅਜੋਕੇ ਦਿਖਾਵੇ ਪੱਖੀ ਪਿਆਰ ਨੂੰ, ਹਿੰਸਾਤਮਕ ਦ੍ਰਿਸ਼ਾਂ ਨੂੰ ਪੇਸ਼ ਕਰਨਾ ਕਿਸੇ ਵੀ ਪੱਖ ਤੋਂ ਸਹੀ ਠਹਿਰਾਉਣਾ ਔਖਾ ਹੈ।

ਇੱਕ ਪੱਖ ਤੋਂ ਸਮਾਜ ਵਿਦਿਆਰਥੀਆਂ ਨੂੰ ਅੱਜ ਦੇ ਬੱਚੇ, ਕੱਲ੍ਹ ਦੇ ਨੇਤਾ ਕਹਿ ਕੇ ਉਹਨਾਂ ਉੱਪਰ ਸਮਾਜਿਕ ਅਤੇ ਰਾਜਨੀਤਿਕ ਜ਼ਿੰਮੇਵਾਰੀਆਂ ਦੀ ਪੰਡ ਰੱਖ ਕੇ ਇੱਕ ਸਮਰੱਥਾਵਾਨ ਵਿਅਕਤੀ ਬਣਾਉਣ ਦੀ ਕੋਸ਼ਿਸ਼ 'ਚ ਹੈ ਤੇ ਦੂਸਰੇ ਪਾਸੇ ਓਹੀ ਬੱਚੇ ਗੀਤਾਂ ਦੀ ਵੀਡੀਓਜ਼ ਕਿਸੇ ਮੁੰਡੇ-ਕੁੜੀ ਦੀ ਤਸਵੀਰ ਨੂੰ ਬਚਪਨ ਵਿੱਚ ਹੀ ਵਸਾ ਕੇ ਆਪਣੇ ਪਿਆਰ ਰੂਪੀ ਰੰਗ ਵਿੱਚ ਪੇਸ਼ ਕਰਦੇ ਹਾਂ। ਬਚਪਨ ਵੱਲ ਝਾਤ ਪਾਉਣ ਤੇ ਪਤਾ ਚੱਲਦਾ ਹੈ ਕਿ ਇਹ ਅਸਲੀਅਤ ਤੋ ਦੂਰ ਹੈ, ਬਚਪਨ ਦੀ ਮਾਸੂਮੀਅਤ, ਕੋਮਲਤਾ ਵਿੱਚ ਅਜਿਹੀ ਪ੍ਰਵਿਰਤੀ ਨਹੀਂ ਪਾਈ ਜਾਂਦੀ।

ਅੱਜ ਜੇਕਰ ਤੁਸੀਂ ਕਿਸੇ ਵੀ ਵਿਅਕਤੀ ਨਾਲ ਗੱਲ ਕਰੋਗੇ ਤਾਂ ਇੱਕ ਸਬਦ ਹਰੇਕ ਵਿਅਕਤੀ ਦੇ ਮੂੰਹੋਂ ਸੁਣਨ ਨੂੰ ਮਿਲੇਗਾ ਕਿ ਅੱਜ ਕੱਲ੍ਹ ਤਾਂ ਜ਼ਮਾਨਾਂ ਹੀ ਬਹੁਤ ਖਰਾਬ ਹੋ ਗਿਆ ਹੈ, ਆਪਣੇ ਸਮਾਜ ਦਾ ਬੇੜਾ ਗਰਕ ਹੋ ਗਿਆ ਹੈ। ਇਹ ਸ਼ਬਦ ਹਰ ਵਿਅਕਤੀ ਨੂੰ ਕਹਿਣ ਲਈ ਕਿਸੇ ਹੋਰ ਨੇ ਮਜ਼ਬੂਰ ਨਹੀਂ ਕੀਤਾ ਬਲਕਿ ਹਰ ਮਨੁੱਖ ਨੇ ਆਪਣੇ ਆਪ ਦਾ ਬੇੜਾ ਗਰਕ ਕਰਨ ਦੀ ਸਥਿਤੀ ਆਪ ਸਹੇੜੀ ਹੈ ਕਿਉਂਕਿ ਜਿਸ ਸਮਾਜ ਨੂੰ ਉਹ ਭੰਡ ਰਿਹਾ ਹੈ, ਉਹ ਖੁਦ ਵੀ ਓਸੇ ਸਮਾਜ ਦਾ ਹਿੱਸਾ ਹੈ ਤੇ ਕਿਤੇ ਨਾ ਕਿਤੇ ਉਹ ਵੀ ਦੋਸ਼ੀ ਹੈ, ਕਦੇ ਉਸ ਨੇ ਸਮਾਜ ਨੂੰ ਸੇਧ, ਸੁਧਾਰ ਲਈ ਕੋਈ ਯਤਨ ਕੀਤਾ ਹੈ?



ਤਕਨੀਕ ਨੇ ਅਜੋਕੇ ਮਨੁੱਖ ਤੇ ਮਾੜੂ ਪ੍ਰਭਾਵ ਵੀ ਪਾਇਆ ਹੈ ਜਿਸਦੀ ਵਲਗਣ ਵਿੱਚੋਂ ਨਿਕਲਣਾ ਔਖਾ ਜਾਪ ਰਿਹਾ ਹੈ। ਘਰਾਂ ਵਿੱਚ ਮੈਂਬਰਾਂ ਦਾ ਧਿਆਨ ਬੱਚਿਆਂ ਦੀ ਆਦਰਸ਼ ਪ੍ਰਵਰਿਸ਼ ਨਾਲੋਂ ਕੱਪੜਿਆਂ ਅਤੇ ਪਦਾਰਥਵਾਦੀ ਵਸਤਾਂ ਲੈ ਕੇ ਦੇਣ ਵਿੱਚ ਜ਼ਿਆਦਾ ਹੈ। ਅੱਜ ਹਰ ਘਰ ਵਿੱਚ ਕੇਬਲ, ਡਿਸ਼, ਇੰਟਰਨੈੱਟ ਦੀ ਭਰਮਾਰ ਹੈ ਜੋ ਸਾਡੇ ਬੱਚਿਆਂ ਦੇ ਬਚਪਨ ਨੂੰ ਅੰਦਰੋਂ ਅੰਦਰੀ ਖੋਖਲਾ ਕਰ ਰਿਹਾ ਹੈ। ਜਿਨ੍ਹਾਂ ਗੀਤਾਂ ਵਿੱਚ ਫਿਲਮਾਂਕਣ ਸਮੇਂ ਬਚਪਨ ਨੂੰ ਇਸ਼ਕੀਆਂ ਸੰਕਲਪ ਨਾਲ ਪੇਸ਼ ਕੀਤਾ ਹੈ ਉਹ ਅਜੋਕੇ ਬੱਚਿਆਂ ਦੇ ਬਚਪਨ ਲਈ ਘਾਤਕ ਸਿੱਧ ਹੋ ਰਿਹਾ ਹੈ। ਬੱਚੇ ਫਿਲਮਾਂਕਣ ਨੂੰ ਆਪਣੀ ਜਿੰਦਗੀ ਦਾ ਹਿੱਸਾ ਮੰਨ ਬੈਠਦੇ ਹਨ ਅਤੇ ਇਸਦੇ ਮਾੜੂ ਪ੍ਰਭਾਵ ਤੋਂ ਗ੍ਰਸਤ ਹੋ ਜਾਂਦੇ ਹਨ, ਜਿਸ ਨਾਲ ਜ਼ਮਾਨਾ ਖਰਾਬ ਹੈ, ਸਮਾਜ ਦਾ ਬੇੜਾ ਗਰਕ ਜਿਹੇ ਸ਼ਬਦਾਂ ਦੀ ਸਿਰਜਣਾ ਕਰਨੀ ਪੈਂਦੀ ਹੈ। ਲੋੜ ਹੈ ਅੱਜ ਦੇ ਸਮਾਜ ਨੂੰ ਜਾਗਰੂਕ ਹੋਣ ਦੀ ਤੇ ਇਹੋ ਜਿਹੇ ਫਿਲਮਾਂਕਣ ਬੰਦ ਕਰਨ ਦੀ ਤਾਂ ਜੋ ਸਮਾਜ ਵਿੱਚ ਵਧ ਰਹੇ ਜਿਸਮਾਨੀ ਸ਼ੋਸ਼ਣ ਨੂੰ ਠੱਲ ਪਾਈ ਜਾ ਸਕੇ। ਬੱਚਿਆਂ ਨੂੰ ਟੀ.ਵੀ. ਦਾ ਲਾਲਚ ਘੱਟ ਕਰਾਕੇ ਰੋਜ ਸੰਸਕਾਰਿਕ ਕਹਾਣੀਆਂ ਸੁਣਾਈਆਂ ਜਾਣ, ਉਹਨਾਂ ਨੂੰ ਨੈਤਕਿਤਾ ਦੇ ਗੁਣਆਂ ਬਾਰੇ ਬਚਪਨ ਤੋਂ ਹੀ ਜਾਗਰੂਕ ਕੀਤਾ ਜਾਵੇ ਤੇ ਨਾਲ ਹੀ ਪਰਿਵਾਰ ਦੇ ਹਰ ਮੈਂਬਰ ਦਾ ਫਰਜ਼ ਬਣਦਾ ਹੈ ਕਿ ਬੱਚਿਆਂ ਅੱਗੇ ਆਦਰਸ਼ ਵਿਅਕਤੀ ਦੇ ਗੁਣਾਂ ਨੂੰ ਅਪਣਾਇਆ ਜਾਵੇ ਤਾਂ ਜੋ ਬੱਚੇ ਨਕਲ ਕਰਕੇ ਉਹੀ ਸਿੱਖ ਸਕਣ।

ਅੱਜ ਕੱਲ੍ਹ ਦੇਖਿਆ ਜਾਵੇ ਮਾਵਾਂ ਆਪਣੇ ਕੰਮਾਂ ਨੂੰ ਨਿਪਟਾਉਣ ਲਈ ਬੱਚਿਆਂ ਨੂੰ ਟੀ.ਵੀ. ਚਾਲੂ ਕਰਕੇ ਦੇ ਦਿੰਦੀਆਂ ਹਨ ਤੇ ਆਪ ਆਪਣੇ ਕੰਮਾਂ ਵਿੱਚ ਰੁਝ ਕੇ, ਬੱਚੇ ਦੀ ਨਜ਼ਰਸਾਨੀ ਤੋਂ ਸੁਰਖਰੂ ਹੋ ਜਾਂਦੀਆਂ ਹਨ। ਉਹਨਾਂ ਨੂੰ ਇਹ ਨਹੀਂ ਪਤਾ ਕਿ ਅੱਜ ਜੇਕਰ ਅਸੀਂ ਆਪਣੇ ਬੱਚੇ ਦੀ ਸੰਭਾਲ ਨਾਲੋਂ ਜ਼ਿਆਦਾ ਮਹੱਤਤਾ ਆਪਣੇ ਕੰਮਾਂ ਨੂੰ ਦੇ ਰਹੇ ਹਾਂ ਤਾਂ ਇਹੀ ਬੱਚਾ ਆਉਣ ਵਾਲੇ ਸਮੇਂ ਵਿੱਚ ਸਾਡੀ ਜ਼ਿੰਦਗੀ ਦੇ ਕੰਮਾਂ ਲਈ ਮੁਸ਼ਕਿਲਾਂ ਪੈਦਾ ਕਰੇਗਾ ਤੇ ਉਹਨਾਂ ਕੋਲ ਫਿਰ ਪਛਤਾਵੇ ਜਾਂ ਝੁਰਣ ਤੋਂ ਸਿਵਾਏ ਕੋਈ ਹੋਰ ਹੱਲ ਨਹੀਂ ਹੋਵੇਗਾ।

ਬੱਚਿਆਂ ਨੂੰ ਵਿਅਸਤ ਰੱਖੋ ਪਰ ਕਿਸੇ ਖੇਡ ਜਾਂ ਸਿਰਜਨਾਤਮਿਕ ਕਿਰਿਆ ਵਿੱਚ ਤਾਂ ਜੋ ਉਹਨਾਂ ਦਾ ਬੌਧਿਕ ਤੇ ਸਰੀਰਕ ਵਿਕਾਸ ਚੰਗੀ ਤਰ੍ਹਾਂ ਹੋ ਸਕੇ, ਨਾ ਕਿ ਟੀ.ਵੀ., ਇੰਟਰਨੈੱਟ ਤੇ ਜਿਸ ਨਾਲ ਉਹਨਾਂ ਦੀ ਆਉਣ ਵਾਲੀ ਜ਼ਿੰਦਗੀ ਤਬਾਹ ਹੋ ਜਾਵੇ ਤੇ ਬੱਚੇ ਮਾਨਸਿਕ ਵਿਕਾਰਾਂ ਦਾ ਸ਼ਿਕਾਰ ਹੋ ਜਾਣ।

ਸਮੇਂ ਦੀ ਮੰਗ ਹੈ ਪਰਿਵਾਰਾਂ ਨੂੰ ਸੰਭਾਲਣ ਤੇ ਬੱਚਿਆਂ ਲਈ ਸਹੀ ਦਿਸ਼ਾ ਨਿਰਦੇਸ਼ ਕਰਨ ਤੇ ਮਾਣ ਮਹਿਸੂਸ ਕਰਨ ਤੇ ਇਹੀ ਬੱਚੇ ਅੱਗੇ ਭਵਿੱਖ ਵਿੱਚ ਮਹਾਨ ਯੋਧੇ, ਸੂਰਬੀਰ ਤੇ ਦੈਵੀ ਗੁਣਾਂ ਦੇ ਮਾਲਕ ਵਿਅਕਤੀ ਪੈਦਾ ਹੋਣ ਜੋ ਸਮਾਜ ਨੂੰ ਸਹੀ ਸੇਧ ਦੇ ਸਕਣ।

# ਭਾਰਤ ਵਿੱਚ ਖੇਡੀ ਜਾ ਰਹੀ ਨਫਰਤ ਤੇ ਹਿੰਸਾ ਦੀ ਰਾਜਨੀਤੀ ਦੀ ਸਖਤ ਨਿੰਦਾ ਤੇ ਦੋਸ਼ੀਆਂ ਖਿਲਾਫ ਕਾਰਵਾਈ ਦੀ ਮੰਗ !

ਕੈਲਗਰੀ (ਹਰਚਰਨ ਪਰਹਾਰ) : ਭਾਰਤ ਵਿੱਚ ਧਰਮ ਤੇ ਜਾਤ ਅਧਾਰਿਤ ਹਿੰਸਾ ਦੀ ਰਾਜਨੀਤੀ ਕੋਈ ਨਵੀਂ ਹੈ, 1984 ਦਾ ਦਿੱਲ਼ੀ ਵਿੱਚ ਸਿੱਖ ਕਤਲੇਆਮ ਤੇ 2003 ਦਾ ਗੁਜਰਾਤ ਵਿੱਚ ਕਤਲੇਆਮ ਇਸ ਦੀਆਂ ਪ੍ਰਮੁੱਖ ਉਦਾਹਰਣਾਂ ਹਨ। ਭਾਰਤ ਵਿੱਚ 2014 ਤੋਂ ਭਾਜਪਾ ਸਰਕਾਰ ਵਲੋਂ ਨਫਰਤ ਤੇ ਹਿੰਸਾ ਦੀ ਰਾਜਨੀਤੀ ਕਰਕੇ ਦੇਸ਼ ਨੂੰ ਧਰਮ ਦੇ ਆਧਾਰ ਤੇ ਵੰਡਣ ਦੀ ਕੋਸ਼ਿਸ਼ ਕੀਤੀ ਜਾ ਰਹੀ। ਪਿਛਲੇ 6 ਸਾਲਾਂ ਤੋਂ ਸਰਕਾਰੀ ਸ਼ਹਿ ਤੇ ਸਮਾਜ ਵਿਰੋਧੀ ਅਨਸਰਾਂ ਵਲੋਂ ਦੇਸ਼ ਵਿੱਚ ਮੁਸਲਮਾਨਾਂ, ਦਲਿਤਾਂ, ਆਦਿ ਵਾਸੀਆਂ, ਬੁੱਧੀਜੀਵੀਆਂ, ਘੱਟ ਗਿਣਤੀਆਂ, ਕਸ਼ਮੀਰੀਆਂ ਆਦਿ ਤੇ ਵੱਖ-ਵੱਖ ਢੰਗਾਂ ਨਾਲ ਹਮਲੇ ਜਾਰੀ ਹਨ।ਪਿਛਲ਼ੇ ਸਾਲ ਤੋਂ ਦੁਬਾਰਾ ਬਣੀ ਭਾਜਪਾ ਸਰਕਾਰ ਦੀ ਪਾਲਿਸੀਆਂ ਨਾਲ ਦੇਸ਼ ਦੀਆਂ ਘੱਟ ਗਿਣਤੀਆਂ ਸਹਿਮ ਦੇ ਮਾਹੌਲ ਵਿੱਚ ਜੀਅ ਰਹੀਆਂ ਹਨ।ਇਸੇ ਨੀਤੀ ਤਹਿਤ ਪਿਛਲ਼ੇ ਦਿਨੀਂ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ 72 ਘੰਟੇ ਲਈ ਗੁੰਡਾ ਅਨਸਰਾਂ ਨੂੰ ਇੱਕ ਘੱਟ ਗਿਣਤੀ ਭਾਈਚਾਰੇ ਖਿਲਾਫ ਹਿੰਸਾ, ਲੁੱਟ-ਮਾਰ ਕਰਨ ਦੀ ਖੁੱਲ੍ਹ ਦਿੱਤੀ ਗਈ।ਜਿਸ ਨਾਲ 2 ਦਰਜਨ ਤੋਂ ਵੱਧ ਬੇਗੁਨਾਹ ਲੋਕ ਮਾਰੇ ਗਏ ਅਤੇ ਕਰੋੜਾਂ ਰੁਪਇਆਂ ਦੀ ਜਾਇਦਾਦ ਸਾੜ੍ਹ ਕੇ ਸੁਆਹ ਕਰ ਦਿੱਤੀ ਗਈ। ਪੁਲਿਸ ਵਲੋਂ 72 ਘੰਟੇ ਕੋਈ ਕਾਰਵਾਈ ਨਾ ਕਰਨਾ, ਸਾਬਿਤ ਕਰਦਾ ਹੈ ਕਿ ਇਸ ਹਿੰਸਕ ਮਾਹੌਲ ਨੂੰ ਸਿਰਜਣ ਤੇ ਅੰਜ਼ਾਮ ਦੇਣ ਵਿੱਚ ਸਰਕਾਰ ਤੇ ਪ੍ਰਸ਼ਾਸਨ ਦੀ ਮਿਲੀ ਭੁਗਤ ਸੀ। ਅਸੀਂ ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ, ਸਿੱਖ ਵਿਰਸਾ ਇੰਟਰਨੈਸ਼ਨਲ ਅਤੇ ਅਦਾਰਾ ਸਰੋਕਾਰਾਂ ਦੀ ਆਵਾਜ ਵਲੋਂ ਹਿੰਸਾ ਤੇ ਨਫਰਤ ਦੀ ਰਾਜਨੀਤੀ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ ਤੇ ਅੰਤਰ ਰਾਸ਼ਟਰੀ ਭਾਈਚਾਰੇ ਨੂੰ ਅਪੀਲ ਕਰਦੇ ਹਾਂ ਕਿ ਭਾਰਤ ਸਰਕਾਰ ਵਲੋਂ ਘੱਟ ਗਿਣਤੀਆਂ ਨਾਲ ਕੀਤੇ ਜਾ ਰਹੇ ਧੱਕਿਆਂ ਲਈ ਖਿਲਾਫ ਕਾਰਵਾਈ ਕਰਨ ਅਤੇ ਹਿੰਸਾ ਫੈਲਾਉਣ ਦੇ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਕਰਨ ਲਈ ਭਾਰਤ ਸਰਕਾਰ ਵਿਰੁੱਧ ਤੇ ਦਬਾਅ ਪਾਉਣ ਤਾਂ ਕਿ ਭਵਿੱਖ ਵਿੱਚ ਮਨੁੱਖਤਾ ਵਿਰੋਧੀ ਅਜਿਹੇ ਜ਼ੁਰਮਾਂ ਨੂੰ ਰੋਕਿਆ ਜਾ ਸਕੇ। ਅਸੀਂ ਦੇਸ਼ ਤੇ ਵਿਦੇਸ਼ ਵਿੱਚ ਵਸਦੇ ਭਾਰਤੀਆਂ ਨੂੰ ਵੀ ਅਪੀਲ ਕਰਦੇ ਹਾਂ ਕਿ ਆਪਣੇ ਆਪਣੇ ਸ਼ਹਿਰਾਂ ਵਿੱਚ ਹਿੰਸਾ ਤੇ ਨਫਰਤ ਦੀ ਨਿਖੇਧੀ ਕਰਨ ਦੇ ਨਾਲ-ਨਾਲ ਆਪਸੀ ਭਾਈਚਾਰਾ ਬਣਾ ਕੇ ਰੱਖਣ ਤਾਂ ਕਿ ਰਾਜਨੀਤਕ ਲੋਕ ਸਾਨੂੰ ਧਰਮ ਜਾਂ ਜਾਤ ਅਧਾਰ ਤੇ ਵੰਡ ਨਾ ਸਕਣ।

# ਸੁਆਲ-ਜਵਾਬ




**ਪ੍ਰਸ਼ਨ- ਅੰਡਾ ਕਿਉਂ ਖਾਣਾ ਚਾਹੀਦਾ ਹੈ ?**

**ਉੱਤਰ**–ਕਿਉਂਕਿ ਇੱਕ ਤਾਂ ਇਸ ਵਿੱਚ 20 ਦੇ 20 ਅਮੀਨੋ ਐਸਿਡ ਵਾਲਾ ਸੰਪੂਰਨ ਅਤੇ ਸਭ ਤੋਂ ਵੱਧ ਪਚਣਯੋਗ ਪ੍ਰੋਟੀਨ ਹੁੰਦਾ ਹੈ, ਇਸੇ ਲਈ ਇਸਦੇ ਪ੍ਰੋਟੀਨ ਨੂੰ ਆਦਰਸ਼ (ਰੈਫਰੈਂਸ) ਪ੍ਰੋਟੀਨ ਮੰਨਿਆ ਜਾਂਦਾ ਹੈ ਅਤੇ ਦੂਸਰਾ ਇਸ ਵਿੱਚ ਲੱਗਭੱਗ ਸਾਰੇ ਵਿਟਾਮਿਨ ਅਤੇ ਕਈਂ ਹੋਰ ਬੇਹੱਦ ਜਰੂਰੀ ਤੱਤ ਜਿਵੇਂ ਆਇਓਡੀਨ, ਸੀਲੀਨੀਅਮ, ਕੋਲੀਨ ਆਦਿ ਹੁੰਦੇ ਹਨ। ਬਾਹਰੀ ਖੋਲ ਅਤੇ ਬਰੀਕ ਝਿੱਲੀ (shell membrane) ਨੂੰ ਛੱਡ ਕੇ ਇਸ ਦਾ 99.9 ਪ੍ਰਤੀਸ਼ਤ ਹਿੱਸਾ ਸਰੀਰ ਦੇ ਕੰਮ ਆਉਂਦਾ ਹੈ। ਭਾਵ ਇਸ ਵਿੱਚ ਫੋਕਟ ਕੁੱਝ ਵੀ ਨਹੀਂ ਹੁੰਦਾ।

**ਪ੍ਰਸ਼ਨ- ਮੁਰਗੀ ਦਾ ਅੰਡਾ ਮਾਸਾਹਾਰੀ ਭੋਜਨ ਹੈ ਜਾਂ ਸਾਕਾਹਾਰੀ ?**

**ਉੱਤਰ**–ਅੰਡੇ ਦੋ ਕਿਸਮ ਦੇ ਹੁੰਦੇ ਹਨ। ਫਾਰਮੀ ਅਤੇ ਦੇਸੀ। ਵਿਗਿਆਨਿਕ ਪ੍ਰੀਭਾਸ਼ਾ ਅਨੁਸਾਰ ਫਾਰਮੀ ਭਾਵ ਆਮ ਅੰਡੇ ਨੂੰ ਸਾਕਾਹਾਰੀ ਭੋਜਨ ਮੰਨਿਆ ਜਾਂਦਾ ਹੈ, ਕਿਉਂਕਿ ਦੇਸੀ ਅੰਡੇ ਤੋਂ ਉਲਟ ਇਸ ਵਿੱਚ ਚੂਚੇ ਦਾ ਕੋਈ ਭਰੂਣ ਨਹੀਂ ਹੁੰਦਾ। ਕਿਉਂਕਿ ਇਹ ਮੁਰਗਾ ਮੁਰਗੀ ਦੇ ਸਹਿਵਾਸ ਤੋਂ ਨਹੀਂ ਬਣਦਾ ਜਿਵੇਂ ਕਿ ਦੇਸੀ ਅੰਡਾ ਬਣਦਾ ਹੈ।

**ਪ੍ਰਸ਼ਨ- ਕੀ ਦੇਸੀ ਅੰਡੇ ਫਾਰਮੀ ਅੰਡਿਆਂ ਨਾਲੋਂ ਜਿਆਦਾ ਵਧੀਆ ਹੁੰਦੇ ਹਨ ?**

**ਉੱਤਰ**– ਬਿਲਕੁੱਲ ਨਹੀਂ, ਖੁਰਾਕੀ ਤੱਤਾਂ ਪੱਖੋਂ ਦੋਵੇਂ ਕਿਸਮ ਦੇ ਅੰਡਿਆਂ ਦੀ ਤਾਕਤ ਬਿਲਕੁੱਲ ਬਰਾਬਰ ਹੁੰਦੀ ਹੈ। ਇਸ ਲਈ ਇਹ ਵੀ ਇੱਕ ਖੁਰਾਕੀ ਮਿੱਥ ਹੀ ਹੈ। ਇਸ ਲਈ ਦੇਸੀ ਅੰਡਿਆਂ ’ਤੇ ਫਾਲਤੂ ਪੈਸੇ ਨਹੀਂ ਖਰਚਣੇ ਚਾਹੀਦੇ ਕਿਉਂਕਿ ਇਹ ਹਮੇਸ਼ਾ ਹੀ ਫਾਰਮੀ ਅੰਡਿਆਂ ਨਾਲੋਂ ਵੱਧ ਮਹਿੰਗੇ ਹੁੰਦੇ ਹਨ।

**ਪ੍ਰਸ਼ਨ- ਅੰਡੇ ਦੀ ਜਰਦੀ ਖਾਣ ਦੇ ਕੀ ਨੁਕਸਾਨ ਹਨ ?**

**ਉੱਤਰ**- ਕੋਈ ਨੁਕਸਾਨ ਨਹੀਂ ਹੁੰਦਾ, ਸਗੋਂ ਜਰਦੀ ਨਾ ਖਾਣ ਦੇ ਬਹੁਤ ਨੁਕਸਾਨ ਹਨ। ਕਿਉਂਕਿ ਅੰਡੇ ਦਾ ਅੱਧਾ ਭਾਵ ਲੱਗਭੱਗ 3.5 ਗ੍ਰਾਮ ਪ੍ਰੋਟੀਨ ਅਤੇ ਸਾਰੇ ਦਾ ਸਾਰਾ ਫੈਟ ਤਾਂ ਜਰਦੀ ਵਿੱਚ ਹੀ ਹੁੰਦਾ ਹੈ। ਫੈਟ ਵਿੱਚ ਘੁਲਣਸ਼ੀਲ ਵਿਟਾਮਿਨ ਏ, ਡੀ, ਕੇ ਆਦਿ ਵੀ ਸਿਰਫ ਜਰਦੀ ਵਿੱਚ ਹੀ ਹੁੰਦੇ ਹਨ। ਕਈਂ ਲਾਭਕਾਰੀ ਤੱਤ ਜਿਵੇਂ ਸੀਲੀਨੀਅਮ, ਆਇਓਡੀਨ ਅਤੇ ਕੋਲੀਨ ਆਦਿ ਵੀ ਜਰਦੀ ਵਿੱਚ ਹੀ ਪਾਏ ਜਾਂਦੇ ਹਨ।

**ਪ੍ਰਸ਼ਨ- ਇੱਕ ਵਿਅਕਤੀ ਹਰ ਰੋਜ਼ ਕਿੰਨੇ ਅੰਡੇ ਖਾ ਸਕਦਾ ਹੈ ?**

**ਉੱਤਰ**- ਇਹ ਉਸਦੇ ਸਰੀਰਕ ਭਾਰ, ਸਰੀਰਕ ਵਿਕਾਸ ਦੀ ਮੰਜ਼ਿਲ, ਉਸ ਵੱਲੋਂ ਕੀਤੇ ਜਾ ਰਹੇ ਕੰਮ ਦੀ ਕਿਸਮ ਅਤੇ ਕੰਮ ਦਿਹਾੜੀ ’ਤੇ ਨਿਰਭਰ ਕਰਦਾ ਹੈ। ਪ੍ਰੰਤੂ ਫਿਰ ਵੀ ਇੱਕ ਆਮ ਮੱਧਵਰਗੀ ਮਨੁੱਖ 3–4 ਅੰਡੇ ਜਰਦੀ ਸਮੇਤ ਰੋਜ ਖਾ ਸਕਦਾ ਹੈ। ਬਸ਼ਰਤੇ ਕਿ ਉਹ ਮਾੜੇ ਕਾਰਬੋਹਾਈਡਰੇਟ ਅਤੇ ਇਨ੍ਹਾਂ ਤੋਂ ਬਣੇ ਖਾਧ ਪਦਾਰਥਾਂ ਤੋਂ ਜਿਆਦਾ ਤੋਂ ਜਿਆਦਾ ਪ੍ਰਹੇਜ ਕਰੇ। ਸੰਪੂਰਨ ਪ੍ਰੋਟੀਨ ਦੇ ਦੂਜੇ ਸ੍ਰੋਤਾਂ ਦੇ ਮੁਕਾਬਲੇ ਇਹ ਬਹੁਤ ਹੀ ਵਧੀਆ, ਸਸਤਾ, ਸਿਹਤ ਵਰਧਕ ਅਤੇ ਸੌਖਾ ਵਿਕਲਪ ਹੈ।

**ਪ੍ਰਸ਼ਨ- ਮੋਟਾਪਾ ਘੱਟ ਕਰਨ ’ਚ ਅੰਡਿਆਂ ਦੀ ਕੀ ਭੂਮਿਕਾ ਹੈ ?**

**ਉੱਤਰ**- ਕਿਉਂਕਿ ਇੱਕ ਤਾਂ ਅੰਡਿਆਂ ਵਿੱਚ ਕਾਰਬੋਹਾਈਡਰੇਟ ਨਾਂਹ ਦੇ ਬਰਾਬਰ ਹੁੰਦਾ ਹੈ ਇਸ ਲਈ ਅੰਡੇ ਖਾਣ ਬਾਅਦ ਤੁਹਾਡੇ ਖੂਨ ਵਿਚਲੀ ਸ਼ੂਗਰ ਦਾ ਪੱਧਰ ਲੱਗਭੱਗ ਸਥਿਰ ਹੀ ਰਹਿੰਦਾ ਹੈ। ਇਸ ਲਈ ਪੈਨਕਰੀਆਜ ਤੋਂ ਇਨਸੂਲਿਨ ਹਾਰਮੋਨ ਵੀ ਬਹੁਤਾ ਨਹੀਂ ਰਿਸਦਾ। ਦੂਜਾ ਕਿਉਂਕਿ ਅੰਡਿਆਂ ਦੀ ਜਰਦੀ ਤੋਂ ਪ੍ਰਾਪਤ ਹੋਈ ਉੱਚ ਊਰਜਾ ਵਾਲੀ ਫੈਟ ਹੌਲੀ-ਹੌਲੀ ਹਜ਼ਮ ਹੁੰਦੀ ਹੋਈ ਕਈ ਘੰਟੇ ਤੱਕ ਤੁਹਾਡੇ ਸਰੀਰ ਨੂੰ ਲਗਾਤਾਰ ਊਰਜਾ ਪ੍ਰਦਾਨ ਕਰਦੀ ਰਹਿੰਦੀ ਹੈ ਅਤੇ ਤੁਹਾਨੂੰ ਵਾਰ-ਵਾਰ ਕੁੱਝ ਹੋਰ ਖਾਣ ਦੀ ਲੋੜ ਹੀ ਮਹਿਸੂਸ ਨਹੀਂ ਹੁੰਦੀ। ਇਸ ਲਈ ਅਸਿੱਧੇ ਰੂਪ ਵਿੱਚ ਅੰਡੇ ਸਾਨੂੰ ਕਾਰਬੋਹਾਈਡਰੇਟ ਖਾਣ ਤੋਂ ਬਚਾਉਂਦੇ ਹਨ। ਇਸ ਸਭ ਦੇ ਕੁੱਲ ਅਤੇ ਅੰਤਿਮ ਪ੍ਰਭਾਵ ਦੇ ਸਿੱਟੇ ਵਜੋਂ ਆਦਮੀ ਸਗੋਂ ਅੰਡੇ ਖਾਣ ਨਾਲ ਪਤਲਾ, ਸਿਹਤਮੰਦ ਅਤੇ ਸੁਡੌਲ ਹੋਣਾ ਸ਼ੁਰੂ ਹੋ ਜਾਂਦਾ ਹੈ। ਸੰਡੇ ਹੋ ਜਾ ਮੰਡੇ, ਰੋਜ ਖਾਓ ਅੰਡੇ- **ਪਰ ਜਰਦੀ ਸਮੇਤ**।

**ਪ੍ਰਸ਼ਨ : ਕੀ ਜਰਦੀ ਸਮੇਤ ਅੰਡਾ ਖਾਣਾ ਹਿਰਦੇ ਰੋਗਾਂ ਦੀ ਸੰਭਾਵਨਾ ਨੂੰ ਵਧਾਉਂਦਾ ਹੈ?**

**ਉੱਤਰ**- ਜਰਨਲ ਆਫ਼ ਅਮੈਰੀਕਨ ਮੈਡੀਕਲ ਐਸੋਸੀਏਸ਼ਨ (JAMA) ਦੇ ਮੈਡੀਕਲ ਰਸਾਲੇ ’ਚ ਛਪੇ ਇਕ ਅਧਿਐਨ ਮੁਤਾਬਕ ਅਧਖੜ੍ਹ ਉਮਰ ਦੇ 37851 ਆਦਮੀਆਂ ਅਤੇ 80082 ਔਰਤਾਂ ਉੱਪਰ ਹੋਏ ਅਧਿਐਨ ਮੁਤਾਬਕ ਦਿਲ ਦੇ ਦੌਰੇ ਦਾ ਅੰਡੇ ਖਾਣ ਨਾਲ ਕੋਈ ਸਬੰਧ ਨਹੀਂ ਲੱਭਿਆ। ਇਸ ਤੋਂ ਵੀ ਅੱਗੇ ਕਲੈਮਸ਼ਨ ਯੂਨੀਵਰਸਿਟੀ ਦੇ ਵਿਗਿਆਨੀਆਂ ਵਲੋਂ ਪਸ਼ੂਆਂ ਦੇ ਬਲੱਡ ਪ੍ਰੈਸ਼ਰ ਉਪਰ ਅੰਡਿਆਂ ਦੀ ਖੁਰਾਕ ਦਾ ਪ੍ਰਭਾਵ ਦੇਖਣ ਲਈ ਇਕ ਸਰਵੇ ਕੀਤਾ ਗਿਆ ਜਿਸ ਵਿੱਚ ਸਾਹਮਣੇ ਆਇਆ ਕਿ ਆਂਡੇ ਖਵਾਉਣ ਨਾਲ ਜਾਨਵਰਾਂ ਦੇ ਬਲੱਡ ਪ੍ਰੈਸ਼ਰ ਨੂੰ ਘਟਾਉਣ ਉਪਰ ਲਗਭਗ ਓਨਾ ਹੀ ਅਸਰ ਪਿਆ ਜਿੰਨਾਂ ਕਿ ਲੈਪੋਪਰਿਲ (ਬਲੱਡ ਪ੍ਰੈਸ਼ਰ ਨੂੰ ਘਟਾਉਣ ਵਾਲੀ ਇੱਕ ਦਵਾਈ) ਦੀ ਛੋਟੀ ਖੁਰਾਕ ਦੇਣ ਨਾਲ ਕਿਉਂਕਿ ਲੈਪੋਪਰਿਲ ਵਾਂਗ ਹੀ ਆਂਡੇ ਵਿਚਲੇ ਪ੍ਰੋਟੀਨ ਦਾ ਇੱਕ ਅੰਸ਼ (RVPSL) ਬਲੱਡ ਪ੍ਰੈਸਰ ਵਧਾਉਣ ਵਾਲੇ ਐਂਜੀਓ ਐਨਟਸਿਨ ਕਨਵਰਟਿੰਗ ਇਨਜਾਈਮ ਨੂੰ ਅਪਣਾ ਕੰਮ ਕਰਨ ਤੋਂ ਰੋਕਦਾ ਸੀ।

**ਪ੍ਰਸ਼ਨ- ਅੱਖਾਂ ਦੀ ਸਿਹਤ ਬਣਾਈ ਰੱਖਣ ਵਿੱਚ ਅੰਡਿਆਂ ਦੀ ਕੀ ਭੂਮਿਕਾ ਹੋ ਸਕਦੀ ਹੈ?**

**ਉੱਤਰ**- ਅੰਡਿਆਂ ਦੀ ਜਰਦੀ ਵਿੱਚ ਲੂਟੀਨ ਅਤੇ ਜੀਜੈਨਥਿਨ (Lutein and Zeax-anthin) ਨਾਮ ਦੇ ਦੋ ਐਂਟੀ ਆਕਸੀਡੈਂਟ ਪਾਏ ਜਾਂਦੇ ਹਨ ਜੋ ਬੁਢਾਪੇ ਵਿੱਚ ਹੋਣ ਵਾਲੀ ਬਿਮਾਰੀ ਮੈਕੂਲਰ ਖੋਰੇ (macular degeneration) ਨੂੰ ਰੋਕਦੇ ਹਨ। ਅੱਖਾਂ ਦੀ ਰੋਸ਼ਨੀ ਨੂੰ ਬਣਾਈ ਰੱਖਣ ਵਿੱਚ ਵਿਟਾਮਿਨ ਏ ਦਾ ਬਹੁਤ ਹੀ ਅਹਿਮ ਯੋਗਦਾਨ ਹੈ ਜੋ ਕਿ ਅੰਡੇ ਦੀ ਜਰਦੀ ਵਿੱਚ ਭਰੂਪਰ ਮਾਤਰਾ ਵਿੱਚ ਪਾਇਆ ਜਾਂਦਾ ਹੈ।

**ਪ੍ਰਸ਼ਨ- ਅਨਾਜੀ ਅੰਨਾਂ (ਕਣਕ, ਮੱਕੀ, ਬਾਜਰਾ, ਜੌਅ, ਜਵੀ, ਚਾਵਲ ਆਦਿ) ਅਤੇ ਦਾਲਾਂ ਵਿੱਚ ਖੁਰਾਕੀ ਤੱਤਾਂ ਪੱਖੋਂ ਕੀ ਫਰਕ ਹੈ?**

**ਉੱਤਰ**- ਅਨਾਜਾਂ ਵਿੱਚ ਕਾਰਬੋਹਾਈਡਰੇਟ ਦੀ ਮਾਤਰਾ 65–78 ਪ੍ਰਤੀਸ਼ਤ ਤੱਕ ਹੁੰਦੀ ਹੈ ਅਤੇ ਪ੍ਰੋਟੀਨ ਮਹਿਜ 5–15 ਪ੍ਰਤੀਸ਼ਤ। ਜਦੋਂ ਕਿ ਇਸ ਦੇ ਉਲਟ ਦਾਲਾਂ ਵਿੱਚ ਕਾਰਬੋਹਾਈਡਰੇਟ 55–65 ਪ੍ਰਤੀਸ਼ਤ ਅਤੇ ਪ੍ਰੋਟੀਨ 20–25 ਪ੍ਰਤੀਸ਼ਤ ਹੁੰਦਾ ਹੈ। ਇਸ ਲਈ ਦਾਲਾਂ, ਅਨਾਜੀ ਅੰਨਾਂ ਨਾਲੋਂ ਮੁਕਾਬਲਤਨ ਜਿਆਦਾ ਵਧੀਆ ਵਿਕਲਪ ਹੈ। ਸੋਇਆਬੀਨ ਵਿੱਚ ਤਾਂ 42 ਪ੍ਰਤੀਸ਼ਤ ਤੱਕ ਪ੍ਰੋਟੀਨ ਹੁੰਦਾ ਹੈ ਤੇ ਉਹ ਵੀ ਸੰਪੂਰਨ ਕਿਸਮ ਦਾ, ਭਾਵ ਸਾਰੇ ਅਮੀਨੋ ਐਸਿਡਾਂ ਵਾਲਾ। ਪ੍ਰੰਤੂ ਇਸ ਵਿੱਚ ਸਿਹਤ ਲਈ ਮਾੜੇ ਮੰਨੇ ਜਾਂਦੇ ਕੁੱਝ ਤੱਤ ਜਿਵੇਂ ਥਾਇਰਾਇਡ ਨਾਮ ਦੀ ਰਸ ਗ੍ਰੰਥੀ ਦੇ ਕੰਮ ਵਿੱਚ ਵਿਘਨ ਪਾਉਣ ਵਾਲੇ ਗੁਐਟਰੋਜਨਜ, ਔਰਤਾਂ ਦੇ ਪ੍ਰਜਣਨਕਾਰੀ ਉਤੇਜਕ ਰਸਾਂ ਨਾਲ ਛੇੜ-ਛਾੜ ਕਰਕੇ ਉਹਨਾਂ ਦੀ ਜਨਣ ਯੋਗਤਾ ਨੂੰ ਮਾਂਦ ਪਾਉਣ ਵਾਲੇ ਫਾਈਟੋਈਸਟਰੋਜਨਜ (ਸੋਆ ਆਈਸੋਫਲੇਵਨਜ) ਅਤੇ ਪ੍ਰੋਟੀਏਜ ਇਨਹਿਬਿਟਰਜ ਆਦਿ ਵੀ ਪਾਏ ਜਾਂਦੇ ਹਨ।

**ਪ੍ਰੋਟੀਏਜ ਇਨਹਿਬਿਟਰਜ** ਸਿਸਟੀਨ ਨਾਮ ਦੇ ਅਮੀਨੋ ਐਸਿਡ ਦੀ ਪਾਚਣ ਕਿਰਿਆ ਨੂੰ ਉਲਟੇ ਰੁਖ ਪ੍ਰਭਾਵਿਤ ਕਰਦੇ ਹਨ। ਜਿਸ ਨਾਲ ਸਰੀਰ ਵਿੱਚ ਸਿਸਟੀਨ ਨਾਮ ਦੇ ਅਮੀਨੋ ਐਸਿਡ ਦੀ ਕਮੀ ਹੋ ਜਾਂਦੀ ਹੈ। ਇਸ ਤਰ੍ਹਾਂ ਇੱਕ ਤਾਂ ਭਰਪੂਰ ਮਾਤਰਾ ਵਿੱਚ ਸੰਪਰੂਨ ਪ੍ਰੋਟੀਨ ਬਨਣ ਦੀ ਪ੍ਰਕਿਰਿਆ ਵਿੱਚ ਰੁਕਾਵਟ ਪੈਂਦੀ ਹੈ। ਅਤੇ ਦੂਸਰਾ ਸਿਸਟੀਨ ਤੋਂ ਬਨਣ ਵਾਲੇ ਟੌਰੀਨ ਨਾਮ ਦੇ ਤੱਤ ਜੋ ਕਿ ਫੈਟ ਹਜ਼ਮ ਕਰਨ ਵਾਲੇ ਪਿੱਤ ਰਸ ਦਾ ਮੁੱਖ ਅੰਸ਼ ਹੁੰਦਾ ਹੈ, ਦੀ ਵੀ ਕਮੀ ਹੋ ਜਾਂਦੀ ਹੈ। ਜਿਸ ਨਾਲ ਫੈਟ ਠੀਕ ਤਰ੍ਹਾਂ ਹਜ਼ਮ ਨਹੀਂ ਹੁੰਦੀ ਅਤੇ ਅਜਾਈਂ ਚਲੀ ਜਾਂਦੀ ਹੈ।

ਪ੍ਰੰਤੂ ਇਸ ਦਾ ਮਤਲਬ ਇਹ ਵੀ ਨਹੀਂ ਲੈਣਾ ਚਾਹੀਦਾ ਕਿ ਸੋਇਆਬੀਨ ਬਿਲਕੁੱਲ ਨਹੀਂ ਖਾਣਾ ਚਾਹੀਦਾ। ਪਰ ਹਰ ਰੋਜ ਤੇ ਉਹ ਵੀ ਜਿਆਦਾ ਮਾਤਰਾ ਵਿੱਚ ਖਾਣ ਤੋਂ ਪ੍ਰਹੇਜ ਕਰਨਾ ਚਾਹੀਦਾ ਹੈ।

**ਪ੍ਰਸ਼ਨ- ਜਿਗਰ ਅਤੇ ਮਾਸਪੇਸ਼ੀਆਂ ਵਿੱਚ ਜਮ੍ਹਾਂ ਹੋਏ ਗਲਾਈਕੋਜਨ ਦੇ ਭੰਡਾਰ ਭੁੱਖੇ ਮਨੁੱਖ ਨੂੰ ਕਿੰਨੇ ਦਿਨ ਊਰਜਾ ਪ੍ਰਦਾਨ ਕਰਦੇ ਰਹਿ ਸਕਦੇ ਹਨ ?**

**ਉੱਤਰ**- ਲੱਗਭੱਗ ਇੱਕ ਦਿਨ, ਭਾਵ 24 ਘੰਟੇ ਤੱਕ। ਕਿਉਂਕਿ ਸਾਡਾ ਜਿਗਰ ਅੰਦਾਜਨ 100 ਗ੍ਰਾਮ ਅਤੇ ਸਮੁੱਚੀਆਂ ਮਾਸਪੇਸ਼ੀਆਂ ਬਸ 500 ਗ੍ਰਾਮ ਗਲਾਈਕੋਜਨ ਨੂੰ ਹੀ ਅਪਣੇ ਵਿੱਚ ਜਮ੍ਹਾਂ ਕਰ ਸਕਦੇ ਹਨ। ਇਸ ਤੋਂ ਵੱਧ ਨਹੀਂ। ਗਲਾਈਕੋਜਨ ਵੀ ਕਾਰਬੋਹਾਈਡਰੇਟ ਦਾ ਹੀ ਇੱਕ ਰੂਪ ਹੈ। ਕਿਉਂਕਿ ਇਕ ਗ੍ਰਾਮ ਕਾਰਬੋਹਾਈਡਰੇਟ ਤੋਂ 4 ਕੈਲੋਰੀਆਂ ਊਰਜਾ ਮਿਲਦੀ ਹੈ ਇਸ ਲਈ 100+500=600 ਗ੍ਰਾਮ ਗਲਾਈਕੋਜਨ ਤੋਂ ਮਿਲ ਸਕਣ ਵਾਲੀਆਂ 2400 ਕੈਲੋਰੀਆਂ ਬਿਲਕੁਲ ਭੁੱਖੇ ਭਾਣੇ ਮਨੁੱਖ ਲਈ ਵੱਧ ਤੋਂ ਵੱਧ ਇੱਕ ਦਿਨ ਲਈ ਹੀ ਊਰਜਾ ਮੁਹੱਈਆ ਕਰਵਾ ਸਕਦੀਆਂ ਹਨ, ਇਸ ਤੋਂ ਵੱਧ ਨਹੀਂ। 24 ਘੰਟੇ ਦੀ ਭੁੱਖ ਹੜਤਾਲ ਤੋਂ ਬਾਅਦ ਸਾਡੇ ਸਰੀਰ ਅੰਦਰ ਜਮ੍ਹਾਂ ਹੋਈ ਚਰਬੀ ਤੋਂ ਸਾਡਾ ਸਰੀਰ ਊਰਜਾ ਲੈਣੀ ਸ਼ੁਰੂ ਕਰ ਦਿੰਦਾ ਹੈ। ਚਰਬੀ ਦੇ ਖਤਮ ਹੋਣ ਉਪਰੰਤ ਫਿਰ ਉਸਦੀਆਂ ਮਾਸਪੇਸ਼ੀਆਂ ਨੂੰ ਖੋਰ ਕੇ। ਅਤੇ ਅੰਤ ਨੂੰ ਅੰਦਰੂਨੀ ਅੰਗਾਂ ਨੂੰ ਖੋਰ-ਖੋਰ ਕੇ।

**ਪ੍ਰਸ਼ਨ- ਕੀ ਸਿਰਫ ਮਿਠਾਸ ਵਾਲੇ ਭੋਜਨ ਪਦਾਰਥਾਂ ਨਾਲ ਹੀ ਸਾਡੇ ਖੂਨ ਵਿਚਲੀ ਸ਼ੂਗਰ ਦਾ ਪੱਧਰ ਉੱਪਰ ਉੱਠਦਾ ਹੈ ?**

**ਉੱਤਰ**- ਨਹੀਂ, ਕਿਉਂਕਿ ਸ਼ੂਗਰ ਭਾਵ ਕਾਰਬੋਹਾਈਡਰੇਟ ਦੀ ਵਿਗਿਆਨਿਕ ਪ੍ਰੀਭਾਸ਼ਾ ਇਹ ਨਹੀਂ। ਵਿਗਿਆਨਕ ਪ੍ਰੀਭਾਸ਼ਾ ਅਨੁਸਾਰ ਸਾਰੇ ਕਾਰਬੋਹਾਈਡਰੇਟ ਹੀ ਸ਼ੂਗਰ ਹਨ ਕਿਉਂਕਿ ਹਰ ਤਰ੍ਹਾਂ ਦੇ ਕਾਰਬੋਹਾਈਡਰੇਟ ਮਨੁੱਖ ਦੀ ਪਾਚਣ ਪ੍ਰਣਾਲੀ ਵਿੱਚ ਪਹੁੰਚ ਕੇ ਜੀਵ ਰਸਾਇਣਕ ਕ੍ਰਿਆਵਾਂ ਰਾਹੀਂ ਅਪਣੇ ਅੰਤਮ ਸਿੱਟੇ ਵਜੋਂ ਹਰ ਹਾਲ ਗੁਲੂਕੋਜ ਭਾਵ ਸ਼ੂਗਰ ਵਿੱਚ ਹੀ ਵਿਖੰਡਤ ਹੋਣੇ ਹੁੰਦੇ ਹਨ। ਇਹ ਇਸ ਲਈ ਕਿਉਂਕਿ ਮਨੁੱਖੀ ਸਰੀਰ ਕਾਰਬੋਹਾਈਡਰੇਟ ਨੂੰ ਸਿਰਫ ਤੇ ਸਿਰਫ ਗੁਲੂਕੋਜ ਦੇ ਰੂਪ ਵਿੱਚ ਹੀ ਵਰਤ ਸਕਦਾ ਹੈ।

ਇਸਦਾ ਭਾਵ ਇਹ ਹੋਇਆ ਕਿ ਹਰ ਉਹ ਭੋਜਨ ਪਦਾਰਥ, ਜਿਸ ਵਿੱਚ ਕਾਰਬੋਹਾਈਡਰੇਟ ਹਨ- **ਸ਼ੂਗਰ ਯੁਕਤ ਹੈ।** ਇਸ ਲਈ ਉਹ ਹਜ਼ਮ ਹੋਣ ਤੋਂ ਬਾਅਦ ਅਪਣੀ ਕਿਸਮ ਦੇ ਅਨੁਸਾਰੀ ਛੇਤੀ ਜਾਂ ਹੌਲੀ-ਹੌਲੀ, ਖੂਨ ਵਿਚਲੀ ਸ਼ੂਗਰ ਦਾ ਪੱਧਰ ਵਧਾਉਣ ਲਈ ਪਾਬੰਦ ਹੈ। ਇੱਥੇ ਇਹ ਦੱਸਣਾ ਕੁਥਾਂ ਨਹੀਂ ਹੋਵੇਗਾ ਕਿ ਦਾਲ੍ਹਾਂ, ਸਬਜੀਆਂ, ਸ਼ਕਰਕੰਦੀਆਂ, ਸਲਾਦ ਵਿਚਲੇ ਕਾਰਬੋਹਾਈਡਰੇਟ ਸਾਡੀ ਬਲੱਡ ਸ਼ੂਗਰ ਦਾ ਪੱਧਰ ਇੱਕ ਦਮ ਅਤੇ ਇੰਨਾ ਨਹੀਂ ਵਧਾਉਂਦੇ ਜਿੰਨਾ ਸਿੱਧਾ ਖਾਧਾ ਗਿਆ ਮਿੱਠਾ, ਮਠਿਆਈ, ਆਈਸ ਕਰੀਮ, ਮਿੱਠੇ ਫਲ, ਆਲੂ, ਆਟੇ, ਚੌਲਾਂ, ਸੂਜੀ ਅਤੇ ਮੈਦੇ ਤੋਂ ਬਣੇ ਪਕਵਾਨ, ਚਾਕਲੇਟ ਅਤੇ ਬਿਸਕੁਟ, ਟਿੱਕੀਆਂ, ਭਠੂਰੇ, ਨਮਕੀਨ, ਭੁਜੀਆ, ਪਾਪੜ, ਮੱਠੀਆਂ, ਮੱਕੀ ਦੀਆਂ ਖਿੱਲਾਂ, ਸਮੋਸੇ, ਕਚੌਰੀਆਂ, ਪਾਸਤਾ, ਪੀਜਾ, ਬਰਗਰ, ਨੂਡਲਜ, ਡੋਸਾ ਅਤੇ ਪੂੜੀਆਂ ਆਦਿ। ਅਜਿਹੇ ਖਾਧ ਪਦਾਰਥ ਸੁਆਦ ਵਿੱਚ ਨਮਕੀਨ ਹੋਣ ਦੇ ਬਾਵਜੂਦ ਤੁਹਾਡੀ ਬਲੱਡ ਸ਼ੂਗਰ ਨੂੰ ਖਤਰਨਾਕ ਪੱਧਰ ਤੱਕ ਵਧਾ ਸਕਦੇ ਹਨ।



ਇਸ ਲਈ ਬਲੱਡ ਸ਼ੂਗਰ ਦਾ ਸਬੰਧ ਖਾਧੇ ਜਾ ਰਹੇ ਭੋਜਨ ਪਦਾਰਥ ਦੇ ਨਮਕੀਨ ਜਾਂ ਮਿੱਠੇ ਹੋਣ ਨਾਲ ਓਨਾ ਨਹੀਂ ਜਿੰਨਾ ਉਸ ਵਿਚਲੇ ਕਾਰਬੋਹਾਈਡਰੇਟ ਦੀ ਕਿਸਮ ਅਤੇ ਉਸਦੀ ਮਾਤਰਾ ਨਾਲ ਹੈ।

**ਪ੍ਰਸ਼ਨ- ਕੀ ਕਸਰਤ ਕਰਨ ਨਾਲ ਮੋਟਾਪੇ ਨੂੰ ਪੱਕੇ ਤੌਰ ’ਤੇ ਰੋਕਿਆ ਜਾ ਸਕਦਾ ਹੈ ?**

**ਉੱਤਰ**- ਬਿਲਕੁੱਲ ਨਹੀਂ। ਕਿਉਂਕਿ ਮੋਟਾਪਾ ਸਰੀਰ ਵਿੱਚ ਇਨਸੂਲਿਨ ਦੀ ਗੜਬੜੀ ਨਾਲ ਸ਼ੁਰੂ ਹੋਇਆ ਇੱਕ ਰੋਗ ਹੈ। ਜੋ ਤੁਹਾਡੀ ਖੁਰਾਕੀ ਊਰਜਾ (ਗੁਲੂਕੋਜ) ਨੂੰ ਫੈਟ ਵਿੱਚ ਤਬਦੀਲ ਕਰਕੇ ਇਸਦੀ ਜਮ੍ਹਾਂਖੋਰੀ ਕਰਨ ਰਾਹੀਂ ਸਿਹਤ ਵਿਰੋਧੀ ਭੂਮਿਕਾ ਨਿਭਾਉਂਦਾ ਹੈ। ਹੁਣ ਜੇ ਅਸੀਂ ਫੈਟ ਦੀ ਜਮ੍ਹਾਂਖੋਰੀ ਤੋਂ ਛੁਟਕਾਰਾ ਪਾਉਣਾ ਹੈ ਤਾਂ ਨਿਸ਼ਚੇ ਹੀ ਇਨਸੂਲਿਨ ਨੂੰ ਅਪਣੇ ਵਸ ਵਿੱਚ ਕਰਨਾ ਪਏਗਾ ਜੋ ਕਿ ਕਾਰਬਹਾਰੀ ਹੋ ਕੇ ਨਹੀ ਸਗੋਂ ਪ੍ਰੋਫੈਟਹਾਰੀ ਬਣਕੇ ਹੀ ਕੀਤਾ ਜਾ ਸਕਦਾ ਹੈ। ਕਿਉਂਕਿ ਪ੍ਰੋਟੀਨ ਅਤੇ ਫੈਟ ਯੁਕਤ ਖਾਣਾ ਖਾਣ ਨਾਲ ਇਨਸੂਲਿਨ ਜਿਆਦਾ ਅਤੇ ਇੱਕਦਮ ਨਹੀਂ ਰਿਸਦਾ। ਕਹਿਣ ਦਾ ਭਾਵ ਸਰੀਰ ਵਿੱਚ ਇਨਸੂਲਿਨ ਦੇ ਰਿਸਾਅ ਨੂੰ ਸੰਭਵ ਹੱਦ ਤੱਕ ਘੱਟ ਰੱਖ ਕੇ ਹੀ ਮੋਟਾਪੇ ਤੋਂ ਪੱਕੇ ਤੌਰ ’ਤੇ ਬਚਿਆ ਜਾ ਸਕਦਾ ਹੈ।

ਵਰਜਿਸ਼ ਜਾਂ ਸੈਰ, ਸਾਈਕਲਿੰਗ ਆਦਿ ਕਰਕੇ ਸਰੀਰ ਦੀ ਵਾਧੂ ਫੈਟ ਨੂੰ ਖਤਮ ਕਰਨਾ ਲੱਗਭੱਗ ਇਹੋ ਜਿਹੀ ਹੀ ਗੱਲ ਹੈ ਜਿਵੇਂ ਸਰਕਾਰ ਜਮ੍ਹਾਂਖੋਰੀ ਕਰਨ ਵਾਲਿਆਂ ਨੂੰ ਤਾਂ ਕੁੱਝ ਨਾ ਕਹੇ ਪਰ ਵਿੱਚ ਵਿੱਚ ਉਹਨਾਂ ਵੱਲੋਂ ਜਮ੍ਹਾਂ ਕੀਤੇ ਮਾਲ ਨੂੰ ਜਬਤ ਕਰਦੀ ਰਹੇ। ਬਿਨ੍ਹਾਂ ਸ਼ੱਕ ਕਸਰਤ ਕਰਨ ਦੇ ਹੋਰ ਬਹੁਤ ਜਿਆਦਾ ਲਾਭ ਹਨ ਅਤੇ ਕਈ ਸਰੀਰਕ ਅਤੇ ਮਾਨਸਿਕ ਬਿਮਾਰੀਆਂ ਨੂੰ ਕਾਬੂ ਕਰਨ ਵਿੱਚ ਇਸਦਾ ਕੋਈ ਤੋੜ ਨਹੀਂ। ਪਰੰਤੂ ਮੋਟਾਪਾ ਘਟਾਉਣ ਦੇ ਮਾਮਲੇ ’ਚ ਕਸਰਤ ਦਾ ਪ੍ਰਭਾਵ ਬਹੁਤ ਹੀ ਅਸਥਾਈ ਕਿਸਮ ਦਾ ਹੁੰਦਾ ਹੈ। ਇਸ ਲਈ ਪੱਕੇ ਤੌਰ ’ਤੇ ਮੋਟਾਪੇ ਦੀ ਜੜ੍ਹ ਇਨਸੂਲਿਨ ਨੂੰ ਕਾਬੂ ਹੇਠ ਰੱਖ ਕੇ ਹੀ ਪੱਟੀ ਜਾ ਸਕਦੀ ਹੈ।

**ਪ੍ਰਸ਼ਨ- ਅਕਸਰ ਲੋਕ ਨਿਰੋਲ ਮਾਸਪੇਸ਼ੀਆਂ ਵਾਲਾ (lean meat) ਫੈਟ ਮੁਕਤ ਮੀਟ ਖਾਣਾ ਪਸੰਦ ਕਰਦੇ ਹਨ, ਕੀ ਇਸਦਾ ਵੀ ਕੋਈ ਵਿਗਿਆਨਿਕ ਅਧਾਰ ਹੈ ?**

**ਉੱਤਰ**- ਨਹੀਂ, ਸਗੋਂ ਚਰਬੀ ਵਾਲੇ ਅਤੇ ਅੰਦਰੂਨੀ ਅੰਗਾਂ ਦੇ ਮੀਟ ਵਿੱਚ ਨਿਰੋਲ ਮਾਸਪੇਸ਼ੀਆਂ ਵਾਲੇ ਮੀਟ ਨਾਲੋਂ ਕੁੱਝ ਕੁ ਵਾਧੂ ਊਰਜਾ ਅਤੇ ਖੁਰਾਕੀ ਤੱਤ ਹੁੰਦੇ ਹਨ। ਪਰ ਲੋਕਾਂ ਵੱਲੋਂ ਇਸ ਨੂੰ ਨਾਪਸੰਦ ਕੀਤੇ ਜਾਣ ਪਿੱਛੇ ਵੀ ਫੈਟ ਬਾਰੇ ਉਹਨਾਂ ਦੀ ਉਹੀ ਪੁਰਾਣੀ ਅਤੇ ਰਵਾਇਤੀ ਸੋਚ ਕੰਮ ਕਰਦੀ ਹੈ। ਇਸ ਲਈ ਮੀਟ ਵਿੱਚ ਜੋ ਕੁੱਝ ਵੀ ਖਾਣਯੋਗ ਹੈ ਖਾਧਾ ਜਾਣਾ ਚਾਹੀਦਾ ਹੈ।

**ਪ੍ਰਸ਼ਨ- ਜਿਵੇਂ ਅਮੀਨੋ ਐਸਿਡ 20 (11+9) ਹੁੰਦੇ ਹਨ ਉਵੇਂ ਫੈਟੀ ਐਸਿਡ ਗਿਣਤੀ ਵਿੱਚ ਕੁੱਲ ਕਿੰਨੇ ਹੁੰਦੇ ਹਨ ?**

**ਉੱਤਰ**- 23, ਜਿਨ੍ਹਾਂ ਵਿੱਚੋਂ 13 ਅਸੰਤ੍ਰਿਪਤ ਅਤੇ 10 ਸੰਤ੍ਰਿਪਤ ਕਿਸਮ ਦੇ ਹੁੰਦੇ ਹਨ।

**ਪ੍ਰਸ਼ਨ- ਕੀ ਅਮੀਨੋ ਐਸਿਡਾਂ ਦੀ ਤਰ੍ਹਾਂ ਹੀ ਕੁੱਝ ਫੈਟੀ ਐਸਿਡ ਵੀ ਬਾਹਰੋਂ ਲੈਣੇ ਜਰੂਰੀ ਹੁੰਦੇ ਹਨ ?**

**ਉੱਤਰ**- ਹਾਂ, 3 ਫੈਟੀ ਐਸਿਡਾਂ ਨੂੰ ਸਾਡਾ ਸਰੀਰ ਅਪਣੇ ਅੰਦਰ ਦੂਸਰੇ ਖੁਰਾਕੀ ਫੈਟੀ ਐਸਿਡਾਂ ਤੋਂ ਨਹੀਂ ਬਣਾ ਸਕਦਾ। ਇਸ ਲਈ ਇਨ੍ਹਾਂ ਦਾ ਸਾਡੀ ਖੁਰਾਕ ਵਿੱਚ ਹੋਣਾ ਬਹੁਤ ਜਰੂਰੀ ਹੋ ਜਾਂਦਾ ਹੈ। ਇਹ ਹਨ- ਲਿਨੋਲੀਕ ਐਸਿਡ, ਅਲਫਾ ਲਿਨੋਲੀਨਕ ਐਸਿਡ, ਅਤੇ ਅਰੈਕੀਡੋਨਿਕ ਐਸਿਡ। ਇਹ ਤਿੰਨੇ ਹੀ ਅਸੰਤ੍ਰਿਪਤ ਫੈਟੀ ਐਸਿਡ ਹੁੰਦੇ ਹਨ।

## ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਵਸ ਅਤੇ ਅੰਤਰਰਾਸ਼ਟਰੀ ਔਰਤ ਦਿਵਸ, ਐਤਵਾਰ 1 ਮਾਰਚ ਨੂੰ ਮਨਾਇਆ ਜਾਵੇਗਾ !

‘ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ’, ‘ਸਿੱਖ ਵਿਰਸਾ ਇੰਟਰਨੈਸ਼ਨਲ’ ਅਤੇ ਅਦਾਰਾ ‘ਸਰੋਕਾਰਾਂ ਦੀ ਆਵਾਜ਼’ ਵਲੋਂ ਸਾਂਝੇ ਤੌਰ ’ਤੇ ਦਿਨ ਐਤਵਾਰ ਮਾਰਚ 1, 2020 ਨੂੰ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਵਸ ਅਤੇ ਅੰਤਰ ਰਾਸ਼ਟਰੀ ਔਰਤ ਦਿਵਸ ਮਨਾਇਆ ਜਾਵੇਗਾ। ਇਸ ਮੌਕੇ ’ਤੇ ਵੱਖ-ਵੱਖ ਬੁਲਾਰੇ ਸ਼ਹੀਦ ਭਗਤ ਸਿੰਘ ਦੇ ਜੀਵਨ, ਸੰਘਰਸ਼ ਅਤੇ ਵਿਚਾਰਧਾਰਾ ਤੇ ਆਪਣੇ ਵਿਚਾਰ ਪੇਸ਼ ਕਰਨਗੇ। ਯੂਨਾਈਟਿਡ ਨੇਸ਼ਨ ਵਲੋਂ ਹਰ ਸਾਲ 8 ਮਾਰਚ ਨੂੰ ਔਰਤਾਂ ਦੇ ਹੱਕਾਂ ਪ੍ਰਤੀ ਜਾਗਰੂਕਤਾ ਲਈ ‘ਅੰਤਰਰਾਸ਼ਟਰੀ ਔਰਤ ਦਿਵਸ’ ਮਨਾਇਆ ਜਾਂਦਾ ਹੈ। ਇਸ ਪ੍ਰੋਗਰਾਮ ਵਿੱਚ ਔਰਤਾਂ ਦੇ ਹੱਕਾਂ, ਔਰਤਾਂ ਖਿਲਾਫ ਹਿੰਸਾ, ਔਰਤਾਂ ਨਾਲ ਵਿਤਕਰੇ ਆਦਿ ਬਾਰੇ ਬੁਲਾਰੇ ਆਪਣੇ ਵਿਚਾਰ ਪੇਸ਼ ਕਰਨਗੇ। ਇਨ੍ਹਾਂ ਵਿਸ਼ਿਆਂ ਨਾਲ ਸਬੰਧਤ ਕਵੀ ਆਪਣੀਆਂ ਕਵਿਤਾਵਾਂ ਜਾਂ ਗੀਤ ਵੀ ਪੇਸ਼ ਕਰਨਗੇ। ਇਸ ਵਾਰ ਯੂਨਾਈਟਿਡ ਨੇਸ਼ਨ ਵਲੋਂ ਔਰਤ ਦਿਵਸ ਦਾ ਥੀਮ ‘ਸਭ ਲਈ ਬਰਾਬਰਤਾ’ ਰੱਖਿਆ ਹੈ। ਇਸ ਸਾਲ ਜਿਥੇ ਸਮਾਜ ਵਿੱਚ ਔਰਤਾਂ ਦੀਆਂ ਪ੍ਰਾਪਤੀਆਂ ਨੂੰ ਸਨਮਾਨਿਆ ਜਾਵੇਗਾ, ਉਥੇ ਔਰਤਾਂ ਖਿਲਾਫ ਹਿੰਸਾ ਪ੍ਰਤੀ ਜਾਗਰੂਕਤਾ ਪੈਦਾ ਕੀਤੀ ਜਾਵੇਗੀ। ਸੋਚੋ ! ਤੁਸੀਂ ਕਿਵੇਂ ਇਸ ਮੁਹਿੰਮ ਵਿੱਚ ਯੋਗਦਾਨ ਪਾ ਸਕਦੇ ਹੋ ? ਸਭ ਨੂੰ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਇਸ ਮੌਕੇ ‘ਜ਼ਲਿਆਂਵਾਲਾ ਬਾਗ ਤੋਂ ਸ਼ਹੀਨ ਬਾਗ ਤੱਕ’ ਕਿਤਾਬ ਵੀ ਰਿਲੀਜ਼ ਕੀਤੀ ਜਾਵੇਗੀ। ਇਸ ਮੌਕੇ ਸ਼ਹੀਦ ਭਗਤ ਸਿੰਘ ਅਤੇ ਔਰਤ ਦਿਵਸ ਨਾਲ ਸਬੰਧਤ ਪੁਸਤਕਾਂ ਦਾ ਸਟਾਲ ਵੀ ਲਾਇਆ ਜਾਵੇਗਾ। ਪ੍ਰੋਗਰਾਮ ਦਾ ਵੇਰਵਾ ਇਸ ਪ੍ਰਕਾਰ ਹੈ:

**Sunday March 1st, 2020 Time: 2 pm – 5 pm**
**COSO Hall 3208 8 Ave NE, Calgary, AB T2A 7V8**
**Tel.: 403-455-4220 or 403-681-8689**

# ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਪਾਸਲਾ ਗਰੁੱਪ) ਵਲੋਂ ਭਾਰਤੀ ਹਲਾਤਾਂ 'ਤੇ ਵਿਚਾਰ ਚਰਚਾ







ਸਰ੍ਹੀ (ਪਰਮਿੰਦਰ ਸਵੈਚ) : 2 ਫਰਵਰੀ, 2020 ਨੂੰ ਸਰ੍ਹੀ ਦੇ ਗਰੈਂਡ ਤਾਜ ਬੈਂਕੁਇਟ ਹਾਲ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਮਾਰਕਸਵਾਦੀ-ਪਾਸਲਾ ਵਲੋਂ ਪਾਰਟੀ ਦੇ ਸੈਕਟਰੀ ਮੰਗਤ ਰਾਮ ਪਾਸਲਾ ਦੀ ਹਾਜ਼ਰੀ ਵਿੱਚ ਭਾਰਤ ਦੇ ਤਰੋ ਤਾਜ਼ਾ ਹਲਾਤਾਂ "ਫਿਰਕੂ ਫਾਸ਼ੀਵਾਦ ਬਨਾਮ ਧਰਮ ਨਿਰਪੱਖਤਾ ਤੇ ਲੋਕ ਰਾਜ" ਦੇ ਬੈਨਰ ਹੇਠ ਭਰਵੇਂ ਇਕੱਠ ਵਿੱਚ ਵਿਚਾਰ ਚਰਚਾ ਕੀਤੀ ਗਈ। ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਸਮੇਂ ਜਸਵੀਰ ਦੁਸਾਂਝ ਨੇ ਸਾਰਿਆਂ ਨੂੰ ਜੀ ਆਇਆਂ ਕਿਹਾ ਤੇ ਦੱਸਿਆ ਕਿ ਜਲਦੀ ਵਿੱਚ ਅਯੋਜਤ ਕੀਤੀ ਗਈ ਮੀਟਿੰਗ ਕਾਮਰੇਡ ਪਾਸਲਾ ਦੇ ਵਿਚਾਰਾਂ ਨੂੰ ਸੁਣਨਾ ਤੇ ਆਪਸੀ ਅਦਾਨ ਪ੍ਰਦਾਨ ਕਰਕੇ ਭਾਰਤ ਦੀ ਫਿਰਕੂ ਸਿਆਸਤ ਬਾਰੇ ਵਿਚਾਰ ਵਟਾਂਦਰਾਂ ਕਰਨਾ ਸੀ ਸ਼ੁਰੂ ਵਿੱਚ ਹੀ ਪੰਜਾਬੀ ਗ਼ਜ਼ਲ ਦੇ ਮਹਾਂਰਥੀ ਹਰਦਮ ਸਿੰਘ ਮਾਨ ਨੇ ਭਾਰਤ ਦੇ ਹਲਾਤਾਂ ਬਾਰੇ ਲਿਖੀ ਆਪਣੀ ਗ਼ਜ਼ਲ ਸਾਂਝੀ ਕੀਤੀ। ਉਸਤੋਂ ਬਾਅਦ ਸਰ੍ਹੀ ਦੀ ਐਮ. ਐੱਲ. ਏ. ਰਚਨਾ ਸਿੰਘ ਨੇ ਆਪਣੇ ਵਿਚਾਰ ਪ੍ਰਗਟਾਉਂਦੇ ਹੋਏ ਕਿਹਾ ਕਿ ਸਾਨੂੰ ਸਮਾਜ ਦੀ ਦਿੱਖ ਨੂੰ ਵਧੀਆ ਬਣਾਉਣ ਲਈ ਸਾਂਝੇ ਯਤਨਾਂ ਦੀ ਲੋੜ ਹੈ ਤੇ ਜੋ ਸਮਾਜ ਨਿਵਾਣ ਵੱਲ ਜਾਂਦਾ ਹੈ ਉਸਤੇ ਕਿੰਤੂ ਪ੍ਰਤੂੰ ਵੀ ਹੋਣੇ ਚਾਹੀਦੇ ਹਨ ਤਾਂ ਕਿ ਅਸੀਂ ਅੱਗੇ ਵੱਲ ਵਧ ਸਕੀਏ। ਇਸਤੋਂ ਬਾਅਦ ਹੋਣਹਾਰ ਸਾਬਕਾ ਰੇਡਿਓ ਹੋਸਟ ਨਵਜੋਤ ਢਿੱਲੋਂ ਨੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਪਾਸ਼ ਦੀਆਂ ਕਵਿਤਾਵਾਂ ਦਾ ਹਵਾਲਾ ਦੇ ਕੇ ਜਿੱਥੇ ਆਪਣੀਆਂ ਜੜ੍ਹਾਂ ਨਾਲ ਜੁੜੇ ਹੋਣ ਕਰਕੇ ਭਾਰਤੀ ਲੋਕਾਂ ਬਾਰੇ ਚਿੰਤਾ ਪ੍ਰਗਟ ਕੀਤੀ, ਉੱਥੇ ਲੋਕਾਂ ਵਲੋਂ ਸੰਘਰਸ਼ਾਂ ਦੇ ਰਾਹ ਅਪਣਾਏ ਜਾਣ ਤੇ ਆਸ ਵੀ ਪ੍ਰਗਟ ਕੀਤੀ ਕਿ ਲੋਕ ਜਾਗ੍ਰਤੀ ਦੇ ਰਾਹ ਪੈ ਰਹੇ ਹਨ। ਅੰਤ ਵਿੱਚ ਇਸ ਵਿਚਾਰ ਚਰਚਾ ਦੇ ਮੁੱਖ ਬੁਲਾਰੇ ਕਾਮਰੇਡ ਮੰਗਤ ਰਾਮ ਪਾਸਲਾ ਨੂੰ ਸਟੇਜ ਤੇ ਸੱਦਾ ਦਿੱਤਾ ਗਿਆ। ਉਹਨਾਂ ਨੇ ਆਪਣੇ ਭਾਸ਼ਨ ਵਿੱਚ ਦੱਸਿਆ ਕਿ ਭਾਰਤ ਦੀ ਮੋਦੀ ਸਰਕਾਰ ਲੋਕ ਰਾਜੀ ਢਾਂਚੇ ਨੂੰ ਤੋੜ ਕੇ ਧਰਮ ਦੇ ਅਧਾਰ ਤੇ ਹਿੰਦੂ ਰਾਸ਼ਟਰ ਸਥਾਪਤ ਕਰਨਾ ਚਾਹੁੰਦੀ ਹੈ, ਇਹ ਸਾਰਾ ਕੁੱਝ ਆਰ. ਆਰ. ਐੱਸ. ਦੇ ਵਲੋਂ ਯੋਜਨਾ ਵੱਧ ਢੰਗ ਨਾਲ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਪੂੰਜੀਵਾਦ ਦੇ ਸੰਕਟ ਨੂੰ ਟਾਲਣ ਲਈ ਧਰਮ ਖਤਰੇ ਵਿੱਚ ਦੱਸ ਕੇ ਲੋਕਾਂ ਨੂੰ ਵਰਗਲਾਇਆ ਜਾ ਰਿਹਾ ਹੈ ਪਰ ਇਸ ਨਾਲ ਹਿੰਦੂਆਂ ਨੂੰ ਵੀ ਕੋਈ ਫਾਇਦਾ ਨਹੀਂ ਹੋਵੇਗਾ। ਉਹਨਾਂ ਅੰਤ ਵਿੱਚ ਇਹੀ ਕਿਹਾ ਕਿ ਲੋਕਾਂ ਦੇ ਆਰਥਿਕ ਢਾਂਚੇ ਨੂੰ ਬਦਲਣ ਲਈ ਲੋਕਾਂ ਨੂੰ ਫਿਰਕੂ ਫਾਸ਼ੀਵਾਦ ਦੇ ਖਿਲਾਫ਼ ਸਾਂਝੀ ਲੜਾਈ ਲੜਨੀ ਪੈਣੀ ਹੈ ਜਿਸ ਲਈ ਹਰ ਪ੍ਰਗਤੀਸ਼ੀਲ ਮਨੁੱਖ ਨੂੰ ਜੱਦੋਜਹਿਦ ਕਰਨੀ ਪਵੇਗੀ। ਅੰਤ ਵਿੱਚ ਜਸਵੀਰ ਦੁਸਾਂਝ ਨੇ ਕਾਮਰੇਡ ਪਾਸਲਾ ਤੇ ਸਾਰੇ ਆਏ ਲੋਕਾਂ ਦਾ ਧੰਨਵਾਦ ਕੀਤਾ ਤੇ ਪ੍ਰੋਗਰਾਮਾਂ ਵਿੱਚ ਲਗਾਤਾਰਤਾ ਬਣਾਉਣ ਬਾਰੇ ਵੀ ਗੱਲ ਕੀਤੀ।

# ਵੈਨਕੂਵਰ 'ਚ ਨਾਗਰਿਕਤਾ ਸੋਧ ਬਿੱਲ ਦੇ ਖਿਲਾਫ਼ ਕੌਂਸਲੇਟ ਦਫ਼ਤਰ ਦੇ ਬਾਹਰ ਮੁਜ਼ਾਹਰਾ




ਸਰ੍ਹੀ (ਪਰਮਿੰਦਰ ਸਵੈਚ) : ਪਿਛਲੇ ਕੁੱਝ ਸਮੇਂ ਤੋਂ ਜਦੋਂ ਤੋਂ ਭਾਰਤ ਦੀ ਭਾਰਤੀ ਜਨਤਾ ਪਾਰਟੀ ਅਰਥਾਤ ਮੋਦੀ ਸਰਕਾਰ ਨੇ ਸੀ. ਏ. ਏ., ਐੱਨ. ਆਰ. ਪੀ. ਅਤੇ ਐੱਨ. ਆਰ. ਸੀ. ਵਰਗੇ ਲੋਕ ਵਿਰੋਧੀ ਕਾਲੇ ਕਾਨੂੰਨ ਲੋਕਾਂ ਤੇ ਥੋਪੇ ਹਨ ਉਦੋਂ ਤੋਂ ਲੋਕਾਂ ਨੂੰ ਆਪਣੇ ਹੱਕਾਂ ਲਈ ਲਾਮਬੰਦ ਹੋਣਾ ਲਾਜ਼ਮੀ ਹੋ ਰਿਹਾ ਹੈ। ਭਾਰਤ ਦੀਆਂ ਯੂਨੀਵਰਸਿਟੀਆਂ ਵਿੱਚੋਂ ਇਹ ਸੰਘਰਸ਼ ਪੈਦਾ ਹੋ ਕੇ ਹੁਣ ਗਲ਼ੀਆਂ ਬਜ਼ਾਰਾਂ ਵਿਚੋਂ ਦੀ ਹੁੰਦਾ ਹੋਇਆ ਭਾਰਤ ਤੋਂ ਬਾਹਰ ਰਹਿ ਰਹੇ ਲੋਕਾਂ ਤੇ ਵੀ ਦੇਖਣ ਨੂੰ ਮਿਲ ਰਿਹਾ ਹੈ। ਯਾਦ ਰਹੇ ਕਿ ਇਹ ਕਾਨੂੰਨ ਮਨੁੱਖੀ ਹੱਕਾਂ ਨੂੰ ਖੋਹ ਕੇ ਫਿਰਕੂ ਫਾਸ਼ੀਵਾਦੀ ਨੀਤੀਆਂ ਦੇ ਅੰਤਰਗਤ ਮਨੂੰਵਾਦੀ ਸੋਚ ਨੂੰ ਲੋਕਾਂ ਤੇ ਜਬਰੀ ਠੋਸਣਾ ਹੈ। ਨਾਗਰਿਕਤਾ ਸੋਧ ਐਕਟ ਦਾ ਅਸਰ ਇਕੱਲੇ ਮੁਸਲਮਾਨਾਂ ਤੇ ਹੀ ਨਹੀਂ ਪਵੇਗਾ ਸਗੋਂ ਹਰ ਕਿਸੇ ਲਈ ਹੀ ਇਹ ਘਾਤਕ ਹੈ। ਹੇਠਲੀਆਂ ਸ਼੍ਰੇਣੀਆਂ ਦੇ ਲੋਕ ਜਿਵੇਂ ਦਲਿਤ, ਆਦਿਵਾਸੀ, ਗਰੀਬ ਲੋਕ ਤੇ ਹਾਸ਼ੀਆਗਤ ਲੋਕਾਂ ਨੂੰ ਘਰੋਂ ਬੇਘਰ ਕਰਨ ਦੀ ਸਰਕਾਰੀ ਮੁਹਿੰਮ ਹੈ। ਅਜੇ ਤੱਕ ਸਰਕਾਰ ਲੋਕਾਂ ਦੇ ਵਿਦਰੋਹ ਨੂੰ ਅੱਖੋਂ ਪਰੋਖੇ ਕਰਕੇ ਆਪਣੀ ਜ਼ਿੱਦ ਤੇ ਅੜੀ ਨਜ਼ਰ ਆਉਂਦੀ ਹੈ।ਇਸ ਕਾਨੂੰਨ ਦੀ ਹੇਠਲੀ ਤਹਿ ਤੱਕ ਜਾ ਕੇ ਬਾਹਰ ਬੈਠੇ ਲੋਕ ਵੀ ਇਸ ਦਾ ਵਿਰੋਧ ਕਰ ਰਹੇ ਹਨ ਪਿਛਲੇ ਮਹੀਨੇ ਵੈਨਕੂਵਰ ਵਿੱਚ ਭਾਰਤੀ ਸ਼ਫ਼ਾਰਤਖ਼ਾਨੇ ਦੇ ਬਾਹਰ ਨਾਗਰਿਕਤਾ ਸੋਧ ਬਿੱਲ ਦੇ ਖਿਲਾਫ਼ ਕੁੱਝ ਜਥੇਬੰਦੀਆਂ ਆਈ. ਐੱਲ. ਪੀ. ਐੱਸ, ਗੈਬਰੀਐਲਾ ਬੀ.ਸੀ., ਸੈਮੀਡੂਅਨ ਫਲਸਤੀਨ ਪਰਿਜ਼ਨਰ ਸੋਲੀਡੈਰੀਟੀ ਨੈੱਟਵਰਕ ਤੇ ਈਸਟ ਇੰਡੀਅਨ ਡੀਫੈਂਸ ਕਮੇਟੀ ਵਲੋਂ ਰੈਲੀ ਕੀਤੀ ਗਈ ਜਿਸ ਵਿੱਚ ਬੁਲਾਰਿਆਂ ਨੇ ਬਹੁਤ ਡੀਟੇਲ ਵਿੱਚ ਇਸ ਬਿੱਲ ਬਾਰੇ ਤੇ ਭਾਰਤ ਦੀ ਫਾਸ਼ੀਵਾਦੀ ਸਰਕਾਰ ਜੋ ਲੋਕਾਂ ਤੇ ਦਿਨੋਂ ਦਿਨ ਤਸ਼ੱਸ਼ਦ ਕਰ ਰਹੀ ਹੈ, ਉਸ ਬਾਰੇ ਚਾਨਣਾ ਪਾਇਆ ਅਤੇ ਪੜ੍ਹੇ ਲਿਖੇ ਬੁੱਧੀ ਜੀਵੀ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਤੇ ਜੋ ਜ਼ੁਲਮ ਢਾਹਿਆ ਜਾ ਰਿਹਾ ਹੈ ਉਸ ਬਾਰੇ ਵੀ ਗੱਲ ਕੀਤੀ ਗਈ।ਕਸ਼ਮੀਰ ਦੇ ਲੋਕਾਂ ਨਾਲ ਹੋ ਰਹੀ ਬੇਗਾਨਗੀ ਬਾਰੇ ਵੀ ਬੁਲਾਰਿਆਂ ਨੇ ਖੁਲ੍ਹ ਕੇ ਵਿਚਾਰ ਸਾਂਝੇ ਕੀਤੇ।ਤਕਰੀਬਨ ਸਾਰੇ ਬੁਲਾਰਿਆਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਹੁਣ ਸਭ ਨੂੰ ਆਪਸੀ ਗਿਲ੍ਹੇ ਸ਼ਿਕਵੇ ਪਾਸੇ ਕਰਕੇ ਸਾਂਝੀ ਲੜਾਈ ਲੜਨ ਦੀ ਲੋੜ ਹੈ ਕਿਉਂਕਿ ਦੁਨੀਆਂ ਹੁਣ ਇੱਕ ਗਲੋਬਲ ਪਿੰਡ ਬਣ ਚੁੱਕੀ ਹੈ ਅਤੇ ਹਰ ਗੱਲ ਦਾ ਅਸਰ ਇੱਕ ਦੂਜੇ ਤੇ ਪੈਣਾ ਸੁਭਾਵਕ ਹੈ। ਇਹ ਫਿਰਕੂ ਫਾਸ਼ੀਵਾਦ ਦੇ ਵਿਰੁੱਧ ਲੜਾਈ ਨੌਜਵਾਨ ਪੀੜ੍ਹੀ ਲੜ ਰਹੀ ਹੈ, ਇਹ ਸਭ ਤੋਂ ਵੱਡਾ ਸ਼ੁਭ ਸ਼ਗਨ ਹੈ। ਇਸ ਰੈਲੀ ਵਿੱਚ ਵੈਨਕੂਵਰ ਦੀਆਂ ਯੂਨੀਵਰਸਿਟੀਆਂ ਯੂ. ਬੀ. ਸੀ. ਤੇ ਐੱਸ. ਐੱਫ. ਯੂ. ਤੇ ਹੋਰ ਯੂਨੀਵਰਸਿਟੀਆਂ ਤੋਂ ਬਹੁਤ ਸਾਰੇ ਵਿਦਿਆਰਥੀਆਂ ਨੇ ਹਾਜ਼ਰੀ ਦੇ ਕੇ ਇੱਕਮੁੱਠਤਾ ਦਿਖਾਈ। ਉਸੇ ਸਮੇਂ ਹੀ ਸਿੱਖ ਜਥੇਬੰਦੀਆਂ ਨੇ ਵੀ ਵੱਡੀ ਗਿਣਤੀ ਵਿੱਚ ਆਪਣੀ ਤੌਰ ਤੇ ਰੈਲੀ ਕਰਕੇ ਭਾਰਤੀ ਲੋਕਾਂ ਦੇ ਹੱਕ ਵਿੱਚ ਹਾਅਦਾ ਨਾਹਰਾ ਮਾਰਿਆ।


On behalf of Progressive Cultural Association Calgary, Sikh Virsa International, Calgary & Sarokaran Di Aawaz Toronto, we strongly condemn Govt & Police administration sponsored hatred & violence in New Delhi (India) against a religious minority community. From last 6 years, politics of divisiveness, hate and violence, against minorities, Dalits, Aadvasis, Women, Scholars etc is on rise under Modi-Shah regime. We urge International Community and World powers to come forward to stop this hatred & violence to save minorities in India. We also appeal to all Indians living abroad to stay united and don't divide on the name of religion and also condemn this act of violence.











HOMELIFE SILVERCITY
REALTY INC.,BROKERAGE
(Independently Owned and Operated)

#7 CANADA WIDE
BROKERAGE WITH HOMELIFE BRAND
2017 GROSS COMMISSION WISE

New Head Office
905-913-8500
50 COTTRELLE BLVD., UNIT 29, BRAMPTON

TEAM OF OVER 550 REALTORS
HOMELIFE SILVERCITY
REALTY INC.,BROKERAGE (INDEPENDENTLY OWNED & OPERATED)

NOW HIRING NEW / EXPERIENCED REAL ESTATE PROFESSIONALS
*Not intended to solicit anyone under contract

JOIN ONE OF FASTEST GROWING BROKERAGE



CALL HEAD OFFICE TODAY
905.913.8500
www.HomelifeSilvercityTeam.com

BALJIT GARCHA
BROKER OF RECORD
647.500.6500

AJIT GARCHA
BROKER / PRESIDENT
647.204.9500

Address:
11775 Bramalea Rd. Brampton






AMAR
Developments
CAMBRIDGE
Cambridge Park - Phase 3
Map & Lot Pricing
Manjit Dubra : 403-690-2885
Rani Dubra : 403-612-7881
Amar Dubra : 403-470-2627
Cambridge
PARK
#2 park Drive
T. 403-272-7665 |
F. 403-235-1977
www.amarltd.com
Box 36, Site 6, RR6 | Calgary, Alberta. T2M 4L5


KOH-I-NOOR JEWELLERS & Diamond Center
1005 5075 Falconridge Blvd. N.E. Calgary AB
Ph. : 403-280-1111
Bridal Jewellery Specialists
GOLD
BUY • SELL • TRADE
Since 1975
Western Canad's Most Comprehensive
X-ray Machine


Calgary Carpet Empire
PROVIDING BEST AND AFFORDABLE FLOORING
2935 19 St NE, Calgary, AB T2E 7A2 | sales@carpetempire.ca | www.carpetempire.ca
CALL FOR FREE ESTIMATES
(403) 510 1515
CARPET • HARDWOOD • LAMINATE • TILES
VINYL PLANKS • CARPET TILES • LINO • ETC.